4-Dec-Sunday.qxd 12/3/2022 9:21 PM Page 1



ਤ੍ਰਿਪਤਾ ਕੇ ਸਿੰਘ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


ਮੈਨੂੰ ਪਿਆਰ ਕਰਦੀਏ
ਪਰ ਜਾਤ ਕੁੜੀਏ
ਸਾਡੇ ਸਕੇ ਮੁਰਦੇ ਵੀ
ਇੱਕ ਥਾਂ ਨਹੀਂ ਜਲਾਉਂਦੇ।

- ਲਾਲ ਸਿੰਘ ਦਿਲ

Regd. No : Pb/JL-123/2021-2023, (R.N.I.)-00068/57 ਜਲੰਧਰ : ਐਤਵਾਰ, 4 ਦਸੰਬਰ 2022 www.nawanzamana.in ਕੀਮਤ 5.00 ਰੁਪਏ

# ਗੁਜਰਾਤ ਹਿੰਸਾ ਤੇ 'ਸਿੱਟ' ਦੀ ਕਲੀਨ ਚਿੱਟ

ਹਰਤੋਸ਼ ਸਿੰਘ ਬੱਲ

ਅਨੁ. : ਬੂਟਾ ਸਿੰਘ ਮਹਿਮੂਦਪੁਰ

ਇਸ ਸਾਲ ਜੂਨ ਵਿਚ ਸੁਪਰੀਮ ਕੋਰਟ ਵੱਲੋਂ 2002 ਦੀ ਗੁਜਰਾਤ ਹਿੰਸਾ ਸੰਬੰਧੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹੋਰਾਂ ਵਿਰੁੱਧ ਅਪਰਾਧਿਕ ਸਾਜ਼ਿਸ਼ ਰਚਣ ਦੇ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਗਿਆ। ਫ਼ੈਸਲੇ ਤੋਂ ਤੁਰੰਤ ਬਾਅਦ ਗੁਜਰਾਤ ਪੁਲਸ ਨੇ ਸਮਾਜੀ ਕਾਰਕੁਨ ਤੀਸਤਾ ਸੀਤਲਵਾੜ ਅਤੇ ਗੁਜਰਾਤ ਪੁਲਸ ਦੇ ਸਾਬਕਾ ਡਾਇਰੈਕਟਰ ਜਨਰਲ ਆਰ.ਬੀ. ਸ੍ਰੀਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ। ਸਾਬਕਾ ਪੁਲਸ ਅਧਿਕਾਰੀ ਸੰਜੀਵ ਭੱਟ ਦੇ ਨਾਲ, ਜੋ ਪਹਿਲਾਂ ਹੀ ਜੇਲ੍ਹ ਵਿਚ ਹਨ, ਸੀਤਲਵਾੜ ਅਤੇ ਸ੍ਰੀਕੁਮਾਰ ਨੂੰ ਇਕ ਪੁਲਸ ਅਧਿਕਾਰੀ ਦੁਆਰਾ ਦਾਇਰ ਕੀਤੀ ਗਈ ਇਕ ਐੱਫ ਆਈ ਆਰ ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਉੱਪਰ "ਬੇਕਸੂਰ" ਲੋਕਾਂ ਨੂੰ ਫਸਾਉਣ ਲਈ ਜਾਲ੍ਹਸਾਜ਼ੀ ਅਤੇ ਸਬੂਤ ਘੜਨ ਦਾ ਦੋਸ਼ ਲਗਾਇਆ ਗਿਆ ਹੈ।



27 ਫਰਵਰੀ 2002 ਨੂੰ ਅਯੁੱਧਿਆ ਤੋਂ ਪਰਤ ਰਹੇ ਹਿੰਦੂ ਕਾਰ ਸੇਵਕਾਂ ਨੂੰ ਲੈ ਕੇ ਜਾ ਰਹੀ ਸਾਬਰਮਤੀ ਐਕਸਪ੍ਰੈੱਸ ਦੇ ਇਕ ਡੱਬੇ ਨੂੰ ਗੋਧਰਾ ਰੇਲਵੇ ਸਟੇਸ਼ਨ ਨੇੜੇ ਅੱਗ ਲੱਗ ਗਈ ਸੀ। ਇਸ ਤੋਂ ਬਾਅਦ ਗੁਜਰਾਤ ਵਿਚ ਤਿੰਨ ਦਿਨਾਂ ਤੱਕ ਭਿਆਨਕ ਫਿਰਕੂ ਹਿੰਸਾ ਹੋਈ, ਜੋ ਬਾਅਦ ਵਿੱਚ ਕਈ ਮਹੀਨੇ ਜਾਰੀ ਰਹੀ। ਭੀੜ ਨੇ ਇਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਮਾਨ ਸਨ। ਦਰਜਨਾਂ ਹੋਰ ਜ਼ਖ਼ਮੀ ਹੋਏ ਅਤੇ ਇਕ ਲੱਖ ਪੰਜਾਹ ਹਜ਼ਾਰ ਤੋਂ ਵੱਧ ਲੋਕ ਉੱਜੜ ਕੇ ਬੇਘਰ ਹੋ ਗਏ। ਰਾਜ ਦੇ ਤੱਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਹਿੰਸਾ ਨੂੰ ਰੋਕਣ ਲਈ ਹਰਕਤ 'ਚ ਨਾ ਆਉਣ ਲਈ ਮੁਲਕ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸਖ਼ਤ ਨਿੰਦਾ ਦਾ ਸਾਹਮਣਾ ਕਰਨਾ ਪਿਆ। ਇਸ ਦੇ ਬਾਵਜੂਦ ਕਿ ਉਹ ਰਾਜਨੀਤਕ ਸੱਤਾ ਵਿਚ ਤੇਜ਼ੀ ਨਾਲ ਅੱਗੇ ਵਧਦਾ ਜਾ ਰਿਹਾ ਸੀ, 2002 ਦਾ ਮੁਸਲਿਮ ਵਿਰੋਧੀ ਕਤਲੇਆਮ ਮੋਦੀ ਦੇ ਕਰੀਅਰ 'ਤੇ ਇਕ ਖ਼ੂਨੀ ਦਾਗ਼ ਬਣਿਆ ਹੋਇਆ ਹੈ।

ਹਿੰਸਾ ਦੇ ਦਿਨਾਂ 'ਚ ਭੀੜ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਸੀ। ਉਸ ਦੀ ਪਤਨੀ ਜ਼ਕੀਆ ਜਾਫਰੀ ਨੇ 2006 'ਚ ਸੁਪਰੀਮ ਕੋਰਟ 'ਚ ਮੋਦੀ ਅਤੇ 63 ਹੋਰਾਂ ਖ਼ਿਲਾਫ਼ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ 2008 ਵਿਚ ਇਕ ਸਿੱਟ (ਵਿਸ਼ੇਸ਼ ਜਾਂਚ ਟੀਮ) ਦਾ ਗਠਨ ਕੀਤਾ। ਉਸ ਸਿੱਟ ਨੇ 2012 ਵਿਚ ਆਪਣੀ ਕਲੋਜ਼ਰ ਰਿਪੋਰਟ ਪੇਸ਼ ਕੀਤੀ, ਜਿਸ ਵਿਚ ਮੋਦੀ ਅਤੇ ਹੋਰਾਂ ਵਿਰੁੱਧ "ਮੁਕੱਦਮਾ ਚਲਾਏ ਜਾਣ ਯੋਗ ਸਬੂਤਾਂ" ਦੀ ਘਾਟ ਕਾਰਨ ਅਪਰਾਧਿਕ ਦੋਸ਼ਾਂ ਨੂੰ ਖਾਰਜ ਕਰ ਦਿੱਤਾ ਗਿਆ। ਸਿੱਟ ਦੀ ਕਲੋਜ਼ਰ ਰਿਪੋਰਟ ਵਿਰੁੱਧ 2013 ਵਿਚ ਦਾਇਰ 500 ਤੋਂ ਵਧੇਰੇ ਪੰਨਿਆਂ ਦੀ ਵਿਰੋਧ ਪਟੀਸ਼ਨ ਜਾਂ ਅਸੰਤੁਸ਼ਟੀ ਪਟੀਸ਼ਨ ਤੋਂ ਇਲਾਵਾ ਜਾਫਰੀ ਨੇ ਸਿੱਟ ਦੀ ਰਿਪੋਰਟ ਨੂੰ ਸਵੀਕਾਰ ਕੀਤੇ ਜਾਣ ਦੇ ਵਿਰੁੱਧ 2018 ਵਿਚ ਸੁਪਰੀਮ ਕੋਰਟ ਵਿਚ ਇਕ ਹੋਰ ਪਟੀਸ਼ਨ ਵੀ ਦਾਇਰ ਕੀਤੀ।

ਜਾਫਰੀ ਦੀ 2018 ਦੀ ਪਟੀਸ਼ਨ ਨੂੰ ਖਾਰਜ ਕਰਨ ਵਾਲੇ ਸੁਪਰੀਮ ਕੋਰਟ ਦੇ ਜੂਨ ਦੇ ਫ਼ੈਸਲੇ ਨੇ ਸਿੱਟ ਦੁਆਰਾ ਕੀਤੀ ਗਈ ਜਾਂਚ 'ਤੇ ਬਹੁਤ ਜ਼ਿਆਦਾ ਭਰੋਸਾ ਕੀਤਾ ਹੈ। ਅਦਾਲਤ ਨੇ ਸਿੱਟ ਦੀ ਇਸ ਦੇ "ਅਣਥੱਕ ਕੰਮ" ਲਈ ਸ਼ਲਾਘਾ ਕੀਤੀ ਅਤੇ ਐਲਾਨ ਕੀਤਾ ਕਿ "ਸਿੱਟ ਦੀ ਪਹੁੰਚ 'ਚ ਕੋਈ ਨੁਕਸ ਨਹੀਂ ਲੱਭਿਆ ਜਾ ਸਕਦਾ ਹੈ।" ਇਸ ਵਿਚ ਕਿਹਾ ਗਿਆ ਹੈ ਕਿ ਅੰਤਿਮ ਸਿੱਟ ਰਿਪੋਰਟ "ਇਸ ਮਜ਼ਬੂਤ ਤਰਕ ਦੇ ਜ਼ਰੀਏ ਵੱਡੀ ਅਪਰਾਧਿਕ ਸਾਜ਼ਿਸ਼ (ਸਿਖ਼ਰਲੇ ਪੱਧਰ 'ਤੇ) ਦੇ ਦੋਸ਼ਾਂ ਨੂੰ ਰੱਦ ਕਰਦੀ ਹੈ, ਕਿਉਂਕਿ ਸਿੱਟ ਵਿਸ਼ਲੇਸ਼ਣਾਤਮਕ ਵਿਚਾਰ ਨੂੰ ਉਜਾਗਰ ਕਰਨ ਅਤੇ ਸਾਰੇ ਪਹਿਲੂਆਂ ਦੀ ਨਿਰਪੱਖਤਾ ਨਾਲ ਜਾਂਚ ਕਰਨ ਦੇ ਯੋਗ ਸੀ।"

ਹਾਲਾਂਕਿ ਇਹ ਜੱਜਾਂ ਦਾ ਵਿਸ਼ੇਸ਼ ਅਧਿਕਾਰ ਹੈ ਕਿ ਉਹ ਆਪਣੇ ਸਿੱਟੇ 'ਤੇ ਪਹੁੰਚਣ ਲਈ ਸਿੱਟ ਦੀ ਰਿਪੋਰਟ 'ਤੇ ਭਰੋਸਾ ਕਰਨ ਜਾਂ ਨਾ, ਪਰ ਕੋਈ ਵੀ ਅਦਾਲਤੀ ਫ਼ੈਸਲਾ ਸਿੱਟ ਦੀ ਰਿਪੋਰਟ ਨੂੰ ਜਨਤਕ ਜਾਂਚ ਤੋਂ ਉੱਪਰ ਨਹੀਂ ਰੱਖ ਸਕਦਾ। ਰਿਪੋਰਟ ਦੇ ਵਿਸਤਾਰਤ ਅਧਿਐਨ ਤੋਂ ਬਾਅਦ ਇਸ ਦਾਅਵੇ ਨਾਲ ਸਹਿਮਤ ਹੋਣਾ ਮੁਸ਼ਕਲ ਹੈ ਕਿ ਸਿੱਟ ਦੇ ਨਜ਼ਰੀਏ 'ਚ ਕੋਈ ਗੜਬੜ ਨਹੀਂ ਸੀ ਜਾਂ ਰਿਪੋਰਟ ਦਰਅਸਲ ਨਿਰਪੱਖਤਾ ਜਾਂ "ਮਜ਼ਬੂਤ ਤਰਕ" 'ਤੇ ਅਧਾਰਤ ਸੀ।

ਇੱਥੋਂ ਸ਼ੁਰੂ ਕਰਦੇ ਹਾਂ ਕਿ ਭਾਵੇਂ ਅਦਾਲਤ ਸਿੱਟ ਦੀ ਰਿਪੋਰਟ 'ਤੇ ਭਰੋਸਾ ਕਰਦੇ ਹੋਏ, "ਵੱਡੀ ਅਪਰਾਧਿਕ ਸਾਜ਼ਿਸ਼" ਦਾ ਕੋਈ ਸਬੂਤ ਨਹੀਂ ਲੱਭਦੀ, ਲੇਕਿਨ ਇਹ ਕਤਲੇਆਮ ਦੌਰਾਨ ਮੋਦੀ ਸਰਕਾਰ ਦੇ ਰਵੱਈਏ ਲਈ ਉਸ ਨੂੰ ਦੋਸ਼ਾਂ ਤੋਂ ਬਰੀ ਕਰਨ ਦੇ ਬਰਾਬਰ ਨਹੀਂ ਹੈ। ਲੰਬੇ ਸਮੇਂ ਤੱਕ ਫਿਰਕੂ ਹਿੰਸਾ ਜਾਰੀ ਰਹਿਣ ਦਾ ਤੱਥ ਸਿਖ਼ਰਲੇ ਪੱਧਰਾਂ 'ਤੇ ਪ੍ਰਸ਼ਾਸਨ ਦੀ ਅਸਫ਼ਲਤਾ ਦਾ ਸੰਕੇਤ ਹੈ। ਇਸ ਨਤੀਜੇ ਨੂੰ ਸਿੱਟ ਦੀ ਰਿਪੋਰਟ ਵਿਚ ਜੁਟਾਏ ਸਬੂਤਾਂ ਤੋਂ ਹੋਰ ਮਜ਼ਬੂਤੀ ਮਿਲਦੀ ਹੈ। ਇਹ ਸਬੂਤ ਹਿੰਸਾ ਦੌਰਾਨ ਗੁਜਰਾਤ ਸਰਕਾਰ ਦੀ ਕਾਰਵਾਈ ਅਤੇ ਨੀਅਤ ਉੱਪਰ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਮਿਸਾਲ ਦੇ ਤੌਰ 'ਤੇ ਹਿੰਸਾ ਦੌਰਾਨ ਆਪਣੀ ਡਿਊਟੀ ਨਿਭਾਉਣ ਵਾਲੇ ਕਈ ਅਧਿਕਾਰੀਆਂ ਦੇ ਤਬਾਦਲੇ 'ਤੇ ਨਜ਼ਰ ਮਾਰੀਏ ਤਾਂ ਇਕ ਨਮੂਨਾ ਨਜ਼ਰ ਆਉਂਦਾ ਹੈ। ਦੰਗਿਆਂ ਨੂੰ ਰੋਕਣ ਵਾਲੇ ਚੰਗੇ ਅਫ਼ਸਰਾਂ ਨੂੰ ਬਾਹਰ ਕਰ ਦਿੱਤਾ ਗਿਆ, ਜਦੋਂਕਿ ਬੇਅਸਰ ਅਫ਼ਸਰ ਆਪਣੇ ਅਹੁਦਿਆਂ 'ਤੇ ਬੈਠੇ ਰਹੇ, ਪਰ ਸਿੱਟ ਨੇ ਇਹ ਦਾਅਵਾ ਕਰਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਕਿ ਤਬਾਦਲਾ ਕਰਨਾ ਸਰਕਾਰ ਦਾ ਵਿਸ਼ੇਸ਼ ਅਧਿਕਾਰ ਹੈ। ਉਸ ਕੇਸ ਵਿਚ ਇਸ ਦਲੀਲ ਦੀ ਕੋਈ ਤੁਕ ਨਹੀਂ ਬਣਦੀ ਜਿੱਥੇ ਸਰਕਾਰ ਖ਼ੁਦ ਦੋਸ਼ੀ ਹੈ।



ਆਰ ਬੀ ਸ੍ਰੀਕੁਮਾਰ

ਰਿਪੋਰਟ ਨੂੰ ਬਾਰੀਕੀ ਨਾਲ ਪੜ੍ਹਨਾ ਵੀ ਇਸ ਗੱਲ ਦੀ ਹਮਾਇਤ ਨਹੀਂ ਕਰਦਾ ਕਿ ਪੁਲਸ ਸਿਰਫ਼ ਇਸ ਲਈ ਫੇਲ੍ਹ ਹੋਈ, ਕਿਉਂਕਿ ਗੁਜਰਾਤ ਸਰਕਾਰ ਦੇ ਸਾਹਮਣੇ ਅਚਾਨਕ ਅਤੇ ਇਸ ਹੱਦ ਤੱਕ ਹਿੰਸਾ ਭੜਕ ਗਈ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਪਹਿਲੇ ਦੋ ਮਹੀਨਿਆਂ ਦੌਰਾਨ ਪੁਲਸ ਗੋਲੀਬਾਰੀ ਵਿਚ ਮੁਸਲਮਾਨਾਂ ਨੂੰ ਬਹੁਤ ਜ਼ਿਆਦਾ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਸ ਨੂੰ ਮਹਿਜ਼ ਇਤਫ਼ਾਕ ਨਹੀਂ ਕਿਹਾ ਜਾ ਸਕਦਾ।

ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੀ ਸਹਿਯੋਗੀ ਜਥੇਬੰਦੀ, ਵੀ.ਐੱਚ.ਪੀ. (ਵਿਸ਼ਵ ਹਿੰਦੂ ਪ੍ਰੀਸ਼ਦ) ਤੋਂ ਲੈ ਕੇ ਚੋਣਵੇਂ ਤੌਰ 'ਤੇ ਸਰਕਾਰੀ ਵਕੀਲ ਨਿਯੁਕਤ ਕੀਤੇ, ਇੱਥੋਂ ਤੱਕ ਕਿ ਉਨ੍ਹਾਂ ਕੇਸਾਂ 'ਚ ਵੀ ਜਿੱਥੇ ਹਿੰਸਾ ਦੇ ਦੋਸ਼ੀ ਸੰਘ ਪਰਵਾਰ ਦੇ ਸਨ। ਇਸ ਸਮੇਂ ਦੌਰਾਨ ਮੋਦੀ ਨੇ ਘੱਟੋ-ਘੱਟ ਇਕ ਇੰਟਰਵਿਊ ਦਿੱਤੀ, ਜਿਸ ਵਿਚ ਹਿੰਸਾ ਨੂੰ ਪ੍ਰਤੀਕਰਮ ਵਜੋਂ ਦਰਸਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਆਪਣੇ ਜਨਤਕ ਭਾਸ਼ਣਾਂ 'ਚ ਉਸ ਵੱਲੋਂ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸਿੱਟ ਨੇ ਮੋਦੀ ਦੇ ਅਰਥਹੀਣ ਸਪੱਸ਼ਟੀਕਰਨ ਨੂੰ ਉਂਞ ਹੀ ਸਵੀਕਾਰ ਕਰ ਲਿਆ।

ਗੋਧਰਾ ਅਗਜ਼ਨੀ ਕਾਂਡ ਤੋਂ ਤੁਰੰਤ ਬਾਅਦ ਲਾਸ਼ਾਂ ਨੂੰ ਸੰਭਾਲਣ ਬਾਰੇ ਸਿੱਟ ਦੁਆਰਾ ਜੁਟਾਏ ਗਏ ਸਬੂਤ ਇਹ ਦਰਸਾਉਂਦੇ ਹਨ ਕਿ ਵੀ.ਐੱਚ.ਪੀ. ਦੁਆਰਾ ਸਾਰੇ ਨਿਯਮਾਂ ਦੀ ਉਲੰਘਣਾ ਕਰਦਿਆਂ ਬੇਲੋੜੀ ਦਖ਼ਲਅੰਦਾਜ਼ੀ ਕੀਤੀ ਗਈ ਸੀ ਅਤੇ ਇੱਥੋਂ ਤੱਕ ਕਿ ਉਹ ਅਹਿਮਦਾਬਾਦ ਵਿਚ 12 ਲਾਸ਼ਾਂ ਦੇ ਅੰਤਿਮ ਸੰਸਕਾਰ ਦਾ ਜਲੂਸ ਕੱਢੇ ਜਾਣ ਦੇ ਸਬੂਤ ਵੀ ਦਿੰਦੇ ਹਨ, ਪਰ ਸਿੱਟ ਇਕ ਜੂਨੀਅਰ ਅਧਿਕਾਰੀ ਉੱਪਰ ਲਾਸ਼ਾਂ ਵੀ.ਐੱਚ.ਪੀ. ਨੂੰ ਸੌਂਪਣ ਦਾ ਦੋਸ਼ ਲਗਾਉਂਦੀ ਹੈ ਅਤੇ ਜਲੂਸ ਦੀ ਚਰਚਾ ਹੀ ਨਹੀਂ ਕਰਦੀ।

ਅੰਤ ਵਿਚ ਸਿੱਟ ਰਿਪੋਰਟ ਹੀ ਖ਼ੁਦ ਅਜਿਹੀਆਂ ਕਈ ਮਿਸਾਲਾਂ ਦਿੰਦੀ ਹੈ, ਜਿੱਥੇ ਸ੍ਰੀਕੁਮਾਰ ਦੁਆਰਾ ਕੀਤੀਆਂ ਗਈਆਂ ਟਿੱਪਣੀਆਂ ਅਤੇ ਦੋਸ਼ ਸਹੀ ਸਾਬਤ ਹੁੰਦੇ ਹਨ। ਸਿੱਟ ਉਨ੍ਹਾਂ ਦੀ ਸਾਖ਼ ਉੱਪਰ ਸ਼ੱਕ ਜ਼ਾਹਿਰ ਕਰਨ ਲਈ ਇਸ ਤੱਥ ਦੀ ਵਰਤੋਂ ਤਾਂ ਕਰਦੀ ਹੈ ਕਿ ਉਹ ਤਰੱਕੀ ਚਾਹੁੰਦਾ ਸੀ, ਪਰ ਇਸ ਗੱਲ ਵੱਲ ਧਿਆਨ ਨਹੀਂ ਦਿੰਦੀ ਕਿ ਉਸ ਨੂੰ ਨਜ਼ਰਅੰਦਾਜ਼ ਉਦੋਂ ਕੀਤਾ ਗਿਆ, ਜਦੋਂ ਇਹ ਸਪੱਸ਼ਟ ਹੋ ਗਿਆ ਕਿ ਉਹ 2002 ਦੀ ਹਿੰਸਾ ਸਮੇਂ ਸਰਕਾਰ ਦੀ ਲੀਹ 'ਤੇ ਚੱਲਣ ਲਈ ਤਿਆਰ ਨਹੀਂ ਹੈ।

ਤਦ ਪਟੀਸ਼ਨਰ ਕੋਲ ਅਦਾਲਤ ਵਿਚ ਆਉਣ ਅਤੇ ਨਿਆਂ ਪ੍ਰਣਾਲੀ ਨੂੰ ਆਪਣੇ ਦੋਸ਼ਾਂ ਉੱਪਰ ਗ਼ੌਰ ਕਰਨ ਲਈ ਕਹਿਣ ਦਾ ਚੰਗਾ ਕਾਰਨ ਸੀ, ਪਰ ਸੁਪਰੀਮ ਕੋਰਟ ਦੇ ਫ਼ੈਸਲੇ ਨੇ ਇਸ ਦੀ ਬਜਾਏ 'ਇਸ ਵਿੱਚ ਸ਼ਾਮਲ ਹਰ ਅਦਾਰੇ ਦੀ ਇਮਾਨਦਾਰੀ 'ਤੇ ਸਵਾਲ ਉਠਾਉਣ ਦੀ ਜੁਰਅਤ' ਨੂੰ ਦੇਖਦੇ ਹੋਏ 'ਗੁਜਰਾਤ ਰਾਜ ਦੇ ਅਸੰਤੁਸ਼ਟ ਅਧਿਕਾਰੀਆਂ ਦੇ ਨਾਲ-ਨਾਲ ਹੋਰ ਲੋਕਾਂ' ਉੱਪਰ ਸਖ਼ਤ ਕਾਰਵਾਈ ਕਰਨ ਦਾ ਫ਼ੈਸਲਾ ਸੁਣਾਇਆ ਅਤੇ ਉਨ੍ਹਾਂ ਉੱਪਰ 'ਬਦਨੀਅਤ ਨਾਲ ਮਾਹੌਲ ਗਰਮਾਈ ਰੱਖਣ' ਦਾ ਦੋਸ਼ ਲਗਾਇਆ। ਇਹ ਫ਼ੈਸਲਾ ਇਸ ਗੱਲ ਦੀ ਜ਼ੋਰਦਾਰ ਪੈਰਵੀ ਕਰਦਾ ਹੈ : "ਦਰਅਸਲ, ਪ੍ਰਕਿਰਿਆ ਦੀ ਅਜਿਹੀ ਉਲੰਘਣਾ ਵਿਚ ਸ਼ਾਮਲ ਸਾਰੇ ਲੋਕਾਂ ਨੂੰ ਸਾਹਮਣੇ ਲਿਆਂਦਾ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਦੇ ਅਨੁਸਾਰ ਉਨ੍ਹਾਂ ਉੱਪਰ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।"

ਇਹ ਟਿੱਪਣੀ ਗੁਜਰਾਤ ਪੁਲਸ ਦੁਆਰਾ ਦਰਜ ਕੀਤੀ ਗਈ ਐੱਫ.ਆਈ.ਆਰ. ਦੇ ਆਧਾਰ ਵਜੋਂ ਕੰਮ ਕਰਦੀ ਹੈ, ਜਿਸ ਤੋਂ ਬਾਅਦ ਸ੍ਰੀਕੁਮਾਰ ਅਤੇ ਸੀਤਲਵਾੜ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਜੇਕਰ ਪਟੀਸ਼ਨ-ਕਰਤਾਵਾਂ ਕੋਲ 2002 ਦੀ ਹਿੰਸਾ ਦੌਰਾਨ ਸਰਕਾਰ ਦੇ ਰਵੱਈਏ ਨੂੰ ਚੁਣੌਤੀ ਦੇਣ ਅਤੇ ਉਸ ਉੱਪਰ ਸਵਾਲ ਕਰਨ ਦੇ ਵਾਜਬ ਕਾਰਨ ਹਨ, ਤਾਂ ਅਦਾਲਤ ਦੇ ਇਸ ਨਤੀਜੇ ਨਾਲ ਸਹਿਮਤ ਹੋਣਾ ਮੁਸ਼ਕਲ ਹੈ ਕਿ 'ਇਰਾਦਾ ਬੁਰਾ ਹੈ'।

ਜੇ ਅਸੀਂ ਉਨ੍ਹਾਂ ਦਸਤਾਵੇਜ਼ਾਂ ਨੂੰ ਪਾਸੇ ਵੀ ਰੱਖ ਦੇਈਏ, ਜਿਨ੍ਹਾਂ ਦੇ ਜਾਲ੍ਹੀ ਹੋਣ ਦਾ ਦਾਅਵਾ ਸਿੱਟ ਕਰ ਰਹੀ ਹੈ ਅਤੇ ਸਿਰਫ਼ ਉਨ੍ਹਾਂ ਸਬੂਤਾਂ 'ਤੇ ਭਰੋਸਾ ਕਰੀਏ, ਜੋ ਖ਼ੁਦ ਸਿੱਟ ਨੇ ਜੁਟਾਏ ਸਨ, ਤਾਂ ਵੀ 2002 'ਚ ਮੋਦੀ ਸਰਕਾਰ ਦੇ ਰਵੱਈਏ 'ਤੇ ਗੰਭੀਰ ਸਵਾਲ ਖੜ੍ਹੇ ਕਰਨ ਲਈ ਕਾਫ਼ੀ ਕਾਰਨ ਹਨ। ਇਸ ਨਾਲ ਜਾਂਚ ਦੀ ਕਾਰਜਪ੍ਰਣਾਲੀ ਬਾਰੇ ਵੀ ਸਵਾਲ ਉੱਠਦੇ ਹਨ, ਜੋ ਸਿੱਟ ਦੁਆਰਾ ਇਕੱਠੇ ਕੀਤੇ ਸਬੂਤਾਂ ਦਾ ਵਜ਼ਨ ਘਟਾਉਂਦਾ ਹੈ ਅਤੇ ਅਕਸਰ ਅਜਿਹੇ ਨਤੀਜਿਆਂ 'ਤੇ ਪਹੁੰਚਦਾ ਹੈ, ਜੋ ਤਰਕ ਦੀ ਗੱਲ ਨਹੀਂ ਸੁਣਦੇ। ਸਿੱਟ ਨੂੰ ਜਿਨ੍ਹਾਂ 32 ਦੋਸ਼ਾਂ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ ਸੀ, ਉਨ੍ਹਾਂ ਵਿੱਚੋਂ ਛੇ ਸਭ ਤੋਂ ਗੰਭੀਰ ਦੋਸ਼ਾਂ ਦੀ ਜਾਂਚ ਇਸ ਨੇ ਕਿਵੇਂ ਕੀਤੀ, ਉਸ ਦੀ ਪੜਤਾਲ ਮੈਂ ਕੀਤੀ ਹੈ।

——

ਘੱਟੋ-ਘੱਟ ਦੋ ਮਾਮਲੇ ਅਜਿਹੇ ਹਨ, ਜਿਨ੍ਹਾਂ ਵਿਚ ਸਿੱਟ ਨੇ 2002 ਦੀ ਹਿੰਸਾ ਬਾਰੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਬਿਆਨਾਂ ਦੀ ਜਾਂਚ ਕੀਤੀ ਸੀ। ਦੋਵਾਂ ਮਾਮਲਿਆਂ ਵਿਚ ਇਸ ਨੇ ਮੋਦੀ ਦੇ ਜਵਾਬ ਨੂੰ ਫੇਸ ਵੈਲਯੂ 'ਤੇ ਲਿਆ ਹੈ। ਇਸ ਮਾਮਲੇ ਵਿਚ ਸਿੱਟ ਵੱਲੋਂ ਅਪਣਾਈ ਗਈ ਪ੍ਰਕਿਰਿਆ ਸੁਪਰੀਮ ਕੋਰਟ ਦੇ ਉਸ ਕਥਨ ਦੇ ਉਲਟ ਹੈ, ਜਿਸ ਵਿਚ ਕਿਹਾ ਗਿਆ ਸੀ ਕਿ ਸਿੱਟ ਨੇ ਸਾਰੀਆਂ ਧਿਰਾਂ ਨਾਲ ਨਿਰਪੱਖਤਾ ਨਾਲ ਨਜਿੱਠਿਆ ਸੀ।

ਜ਼ੀ ਨਿਊਜ਼ ਦੇ ਸੁਧੀਰ ਚੌਧਰੀ ਨੂੰ 1 ਮਾਰਚ 2002 ਨੂੰ ਮੋਦੀ ਵੱਲੋਂ ਦਿੱਤੀ ਇੰਟਰਵਿਊ ਇਨ੍ਹਾਂ ਵਿੱਚੋਂ ਇਕ ਹੈ। ਸਿੱਟ ਅਨੁਸਾਰ, "ਜਿੱਥੋਂ ਤੱਕ ਚੌਧਰੀ ਨੂੰ ਚੇਤੇ ਹੈ", ਚੌਧਰੀ ਨੇ ਮੋਦੀ ਨੂੰ ਗੁਲਬਰਗ ਸੁਸਾਇਟੀ ਕਤਲੇਆਮ ਬਾਰੇ ਸਵਾਲ ਕੀਤਾ ਸੀ, ਜਿਸ ਵਿਚ ਅਹਿਸਾਨ ਜਾਫ਼ਰੀ ਸਮੇਤ ਕਈ ਲੋਕ ਮਾਰੇ ਗਏ ਸਨ। ਚੌਧਰੀ ਨੇ ਸਿੱਟ ਨੂੰ ਦੱਸਿਆ ਕਿ ਮੋਦੀ ਨੇ "ਜਵਾਬ ਦਿੱਤਾ ਕਿ ਭੀੜ ਨੇ 'ਜਾਫ਼ਰੀ ਦੁਆਰਾ ਕੀਤੀ ਗਈ ਗੋਲੀਬਾਰੀ ਦੇ ਜਵਾਬ ਵਿਚ' ਇਸ ਘਟਨਾ ਨੂੰ ਅੰਜਾਮ ਦਿੱਤਾ ਸੀ।" "ਐਡੀਟਰਜ਼ ਗਿਲਡ ਦੀ ਰਿਪੋਰਟ ਨਾਲ ਆਪਣੀ ਯਾਦ ਨੂੰ ਤਾਜ਼ਾ ਕਰਨ ਤੋਂ ਬਾਅਦ ਸ੍ਰੀ ਸੁਧੀਰ ਚੌਧਰੀ ਨੇ ਕਿਹਾ ਕਿ ਮੁੱਖ ਮੰਤਰੀ ਦਾ ਵਿਚਾਰ ਸੀ ਕਿ ਉਹ ਨਾ ਤਾਂ ਕਾਰਵਾਈ ਚਾਹੁੰਦਾ ਸੀ ਅਤੇ ਨਾ ਹੀ ਪ੍ਰਤੀਕਿਰਿਆ।" ਇਸ ਦਸਤਾਵੇਜ਼ 'ਚ ਚੌਧਰੀ ਦੁਆਰਾ ਗੋਧਰਾ ਤੋਂ ਬਾਅਦ ਵਿਆਪਕ ਹਿੰਸਾ ਬਾਰੇ ਮੋਦੀ ਦੇ ਜਵਾਬ ਨੂੰ ਚੇਤੇ ਕੀਤਾ ਗਿਆ ਹੈ :



"ਗੋਧਰਾ ਵਿਚ ਪਰਸੋਂ ਜੋ ਕੁਝ ਹੋਇਆ, ਜਿੱਥੇ ਚਾਲੀ ਔਰਤਾਂ ਅਤੇ ਬੱਚਿਆਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ, ਇਸ ਨਾਲ ਦੇਸ਼ ਅਤੇ ਵਿਦੇਸ਼ ਵਿਚ ਸਦਮਾ ਪਹੁੰਚਣਾ ਸੁਭਾਵਿਕ ਸੀ। ਗੋਧਰਾ ਦੇ ਇਸ ਇਲਾਕੇ ਦੀ ਜਰਾਇਮ ਪੇਸ਼ਾ ਪ੍ਰਵਿਰਤੀ ਹੈ। ਲੋਕਾਂ ਨੇ ਪਹਿਲਾਂ ਵੀ ਇਕ ਮਹਿਲਾ ਅਧਿਆਪਕਾ ਦਾ ਖ਼ੂਨ ਕੀਤਾ ਸੀ ਅਤੇ ਹੁਣ ਇਹ ਘਿਣਾਉਣਾ ਅਪਰਾਧ ਕੀਤਾ ਗਿਆ ਹੈ ਅਤੇ ਜਿਸ ਦਾ ਪ੍ਰਤੀਕਰਮ ਹੋ ਰਿਹਾ ਹੈ।"

ਮੋਦੀ ਤੋਂ ਉਸ ਬਿਆਨ ਬਾਰੇ ਵੀ ਪੁੱਛਗਿੱਛ ਕੀਤੀ ਗਈ ਸੀ, ਜੋ ਉਸ ਨੇ ਟਾਈਮਜ਼ ਆਫ ਇੰਡੀਆ ਨੂੰ ਦਿੱਤਾ ਸੀ, ਜਿਸ ਵਿਚ ਗੁਜਰਾਤ ਵਿਚ ਜੋ ਕੁਝ ਵਾਪਰਿਆ ਸੀ, ਉਸ ਨੂੰ "ਕਿਰਿਆ ਦੀ ਪ੍ਰਤੀਕਿਰਿਆ" ਵਜੋਂ ਬਿਆਨ ਕੀਤਾ ਗਿਆ ਸੀ। ਮੋਦੀ ਨੇ ਅਜਿਹਾ ਬਿਆਨ ਦੇਣ ਤੋਂ ਇਨਕਾਰ ਕੀਤਾ, ਪਰ ਉਸ ਨੇ ਜ਼ੀ ਨਿਊਜ਼ ਨੂੰ ਜੋ ਇੰਟਰਵਿਊ ਦਿੱਤਾ ਸੀ, ਉਹ ਓਨਾ ਹੀ ਅਤੇ ਉਸ ਤੋਂ ਵੀ ਮਾੜਾ ਸੀ। ਉਸ ਨੇ ਨਾ ਸਿਰਫ਼ ਗੁਜਰਾਤ ਵਿਚ ਕਰੂਰ ਹਿੰਸਾ ਨੂੰ "ਪ੍ਰਤੀਕਿਰਿਆ" ਕਰਾਰ ਦਿੱਤਾ, ਸਗੋਂ ਉਸ ਨੇ ਲੋਕਾਂ ਦੇ ਇਕ ਸਮੂਹ ਨੂੰ "ਜਰਾਇਮ ਪੇਸ਼ਾ ਪ੍ਰਵਿਰਤੀ" ਵਾਲਾ ਵੀ ਕਿਹਾ ਸੀ। ਸ਼ਾਇਦ ਹੀ ਕੋਈ ਮੁੱਖ ਮੰਤਰੀ ਅਜਿਹੀ ਭਾਸ਼ਾ ਦੀ ਵਰਤੋਂ ਕਰੇਗਾ, ਉਹ ਵੀ ਜਦੋਂ ਉਸ ਦਾ ਆਪਣਾ ਪ੍ਰਸ਼ਾਸਨ ਰਾਜ ਵਿਚ ਹਿੰਸਾ ਉੱਪਰ ਕਾਬੂ ਕਰਨ 'ਚ ਨਾਕਾਮ ਰਿਹਾ ਹੋਵੇ।

ਸਿੱਟ ਨੇ ਬਾਅਦ ਵਿਚ ਇਸ ਇੰਟਰਵਿਊ ਨੂੰ ਲੈ ਕੇ ਮੋਦੀ ਤੋਂ ਪੁੱਛਗਿੱਛ ਕੀਤੀ। ਸਿੱਟ ਦੀ ਰਿਪੋਰਟ ਮੁਤਾਬਕ ਮੋਦੀ ਨੇ ਕਿਹਾ, "ਜਿਨ੍ਹਾਂ ਲੋਕਾਂ ਨੇ ਗੁਜਰਾਤ ਦਾ ਇਤਿਹਾਸ ਪੜ੍ਹਿਆ ਹੈ, ਉਨ੍ਹਾਂ ਨੂੰ ਯਕੀਨਨ ਪਤਾ ਹੋਵੇਗਾ ਕਿ ਗੁਜਰਾਤ ਦਾ ਫਿਰਕੂ ਹਿੰਸਾ ਦਾ ਲੰਬਾ ਇਤਿਹਾਸ ਰਿਹਾ ਹੈ ਅਤੇ ਰਾਜ ਨੇ ਅਜਿਹੀਆਂ ਫਿਰਕੂ ਹਿੰਸਾ ਦੀਆਂ ਗੰਭੀਰ ਘਟਨਾਵਾਂ ਦੇਖੀਆਂ ਹਨ।" ਕਿਉਂਕਿ ਇਸ ਇੰਟਰਵਿਊ ਨੂੰ ਅੱਠ ਸਾਲ ਹੋ ਗਏ ਸਨ, ਮੋਦੀ ਨੇ ਦਾਅਵਾ ਕੀਤਾ ਕਿ "ਉਸ ਨੂੰ ਸਹੀ ਸ਼ਬਦ ਚੇਤੇ ਨਹੀਂ ਹਨ, ਪਰ ਉਸ ਨੇ ਹਮੇਸ਼ਾ ਸਿਰਫ਼ ਅਤੇ ਸਿਰਫ਼ ਸ਼ਾਂਤੀ ਦੀ ਅਪੀਲ ਕੀਤੀ ਸੀ।" ਉਸ ਨੇ ਕਿਹਾ, "ਉਸ ਨੇ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਸੌਖੀ ਭਾਸ਼ਾ ਵਿਚ ਅਪੀਲ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਇਹ ਵੀ ਕਿਹਾ ਕਿ ਜੇਕਰ ਇਸ ਸਵਾਲ ਵਿਚ ਹਵਾਲਾ ਦਿੱਤੇ ਉਸ ਦੇ ਸ਼ਬਦਾਂ ਨੂੰ ਸਹੀ ਪ੍ਰਸੰਗ 'ਚ ਲਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਹ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਗੁਰੇਜ਼ ਕਰਨ ਦੀ ਬਹੁਤ ਗੰਭੀਰ ਅਪੀਲ ਹੈ। ਉਸ ਨੇ ਇਸ ਸੰਬੰਧ ਵਿਚ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ।" ਮੋਦੀ ਇੱਥੇ ਜੋ ਵੀ ਕਹਿੰਦਾ ਹੈ, ਉਨ੍ਹਾਂ ਵਿੱਚੋਂ ਕੋਈ ਵੀ ਉਸ ਬਿਆਨ ਨਾਲ ਮੇਲ ਨਹੀਂ ਖਾਂਦਾ, ਜੋ ਉਸ ਨੇ ਜ਼ੀ ਨਿਊਜ਼ ਨੂੰ ਦਿੱਤਾ ਸੀ। ਇਕ ਐਸਾ ਬਿਆਨ ਜਿਸ ਦਾ ਚੌਧਰੀ ਵੀ ਖੰਡਨ ਨਹੀਂ ਕਰਦਾ ਕਿ ਮੋਦੀ ਨੇ ਅਜਿਹਾ ਨਹੀਂ ਕਿਹਾ। ਸਿੱਟ ਨੇ ਮੋਦੀ ਦੇ ਸਪੱਸ਼ਟੀਕਰਨ ਦੀ ਜਾਂਚ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਇਸ ਨੂੰ ਅੱਖ਼ਰ-ਅੱਖ਼ਰ ਦੁਹਰਾਇਆ ਅਤੇ ਫਿਰ ਉਸ ਨੂੰ ਕਲੀਨ ਚਿੱਟ ਦੇ ਦਿੱਤੀ।

ਜਿੱਥੋਂ ਤੱਕ ਅਸਲ ਇੰਟਰਵਿਊ ਦੀ ਗੱਲ ਹੈ, ਜਿਸ ਨਾਲ ਮਾਮਲਾ ਹਮੇਸ਼ਾ ਲਈ ਸੁਲਝ ਜਾਣਾ ਸੀ, ਸਿੱਟ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇੰਟਰਵਿਊ ਦੀ ਇਕ ਕਾਪੀ ਦੇਣ ਲਈ "ਇਕ ਬੇਨਤੀ ਪੱਤਰ ਭੇਜਿਆ ਗਿਆ ਸੀ"। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਫ਼ੌਜਦਾਰੀ ਜ਼ਾਬਤਾ ਦੀ ਧਾਰਾ 91 ਦੇ ਤਹਿਤ "ਦੋ ਰੀਮਾਈਂਡਰ ਅਤੇ ਇਕ ਨੋਟਿਸ ਭੇਜਣ ਦੇ ਬਾਵਜੂਦ ਸੀਡੀ ਮੁਹੱਈਆ ਨਹੀਂ ਕਰਾਈ ਗਈ"। ਇਕ ਵਾਰ ਫਿਰ ਸਿੱਟ ਇਸ ਨੂੰ ਉਂਞ ਹੀ ਛੱਡ ਦਿੰਦੀ ਹੈ, ਬਿਨਾਂ ਇਸ ਗੱਲ ਦਾ ਜ਼ਿਕਰ ਕੀਤੇ ਕਿ ਕੀ ਜ਼ੀ ਨਿਊਜ਼ ਨੇ ਨੋਟਿਸ ਦਾ ਜਵਾਬ ਦਿੱਤਾ ਅਤੇ ਇਹ ਵੀ ਕਿ ਜੇ ਕੋਈ ਸਪੱਸ਼ਟੀਕਰਨ ਦਿੱਤਾ ਗਿਆ ਸੀ ਤਾਂ ਉਹ ਕੀ ਸੀ ? ਅਤੇ ਕੀ ਚੈਨਲ ਦੇ ਖ਼ਿਲਾਫ਼ ਮਾਣਹਾਨੀ ਲਈ ਕੋਈ ਕਾਰਵਾਈ ਕੀਤੀ ਗਈ ?

ਦੂਜਾ ਇਲਜ਼ਾਮ 9 ਸਤੰਬਰ 2002 ਨੂੰ ਮਹਿਸਾਨਾ ਜ਼ਿਲ੍ਹੇ ਦੇ ਮੰਦਰਾਂ ਦੇ ਸ਼ਹਿਰ ਬੇਚਰਾਜੀ ਵਿਚ ਦਿੱਤੇ ਭਾਸ਼ਣ ਨਾਲ ਸੰਬੰਧਤ ਹੈ। ਮੋਦੀ ਨੇ ਕਿਹਾ ਸੀ, "ਜਦੋਂ ਅਸੀਂ ਸਾਉਣ ਦੇ ਮਹੀਨੇ 'ਚ ਪਾਣੀ ਲਿਆਉਂਦੇ ਹਾਂ ਤਾਂ ਤੁਹਾਨੂੰ ਬੁਰਾ ਲੱਗਦਾ ਹੈ। ਜਦੋਂ ਅਸੀਂ ਬੇਚਰਾਜੀ ਦੇ ਵਿਕਾਸ ਲਈ ਪੈਸਾ ਖ਼ਰਚ ਕਰਦੇ ਹਾਂ, ਤੁਹਾਨੂੰ ਉਦੋਂ ਵੀ ਬੁਰਾ ਲੱਗਦਾ ਹੈ। ਭਾਈ, ਕੀ ਅਸੀਂ ਕੋਈ ਰਾਹਤ ਕੈਂਪ ਚਲਾਈਏ ? ਕੀ ਮੈਨੂੰ ਉੱਥੇ ਬੱਚੇ ਜੰਮਣ ਵਾਲਾ ਕੇਂਦਰ ਸ਼ੁਰੂ ਕਰ ਦੇਣਾ ਚਾਹੀਦਾ ਹੈ ? ਅਸੀਂ ਪਰਵਾਰ ਨਿਯੋਜਨ ਦੀ ਨੀਤੀ ਨੂੰ ਦ੍ਰਿੜ੍ਹ ਇਰਾਦੇ ਨਾਲ ਅਪਣਾ ਕੇ ਤਰੱਕੀ ਹਾਸਲ ਕਰਨਾ ਚਾਹੁੰਦੇ ਹਾਂ। ਅਸੀਂ ਪੰਜ ਅਤੇ ਸਾਡੇ ਪੱਚੀ!!! ਇਹ ਵਿਕਾਸ ਕਿਸ ਦੇ ਨਾਂਅ 'ਤੇ ਕੀਤਾ ਜਾ ਰਿਹਾ ਹੈ ? ਕੀ ਗੁਜਰਾਤ ਪਰਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ ? ਸਾਡੇ ਰਾਹ ਵਿਚ ਕਿਹੜੀ ਰੁਕਾਵਟ ਆ ਰਹੀ ਹੈ ? ਕਿਹੜਾ ਧਾਰਮਿਕ ਫਿਰਕਾ ਅੜਿੱਕਾ ਬਣ ਰਿਹਾ ਹੈ ? ਗ਼ਰੀਬਾਂ ਤੱਕ ਪੈਸਾ ਕਿਉਂ ਨਹੀਂ ਪਹੁੰਚ ਰਿਹਾ ? ਜੇ ਕੁਝ ਲੋਕ ਬੱਚੇ ਪੈਦਾ ਕਰਦੇ ਰਹਿੰਦੇ ਹਨ, ਤਾਂ ਬੱਚੇ ਸਾਈਕਲ-ਪੈਂਚਰ ਦੀ ਮੁਰੰਮਤ ਦਾ ਕੰਮ ਹੀ ਕਰਨਗੇ ?"

ਰਾਹਤ ਕੈਂਪਾਂ ਨੂੰ ਬੱਚੇ ਪੈਦਾ ਕਰਨ ਵਾਲੇ ਕੇਂਦਰ ਅਤੇ ਲੋਕਾਂ ਨੂੰ ਪਰਵਾਰ ਨਿਯੋਜਨ ਦੇ ਵਿਰੋਧੀਆਂ ਦੇ ਰੂਪ 'ਚ ਪੇਸ਼ ਕਰਨ ਦੇ ਇਸਲਾਮੀ ਹਊਏ ਵਾਲੇ ਵਿਚਾਰਾਂ ਨਾਲ ਗ੍ਰਸਤ ਇਹ ਸ਼ਬਦ ਏਨੇ ਤਿੱਖੇ ਹਨ ਕਿ ਕੋਈ ਵੀ ਇਨ੍ਹਾਂ ਦੇ ਪ੍ਰਭਾਵ ਤੋਂ ਬਚ ਨਹੀਂ ਸਕਦਾ। ਫਿਰ ਵੀ ਸਿੱਟ ਨੇ ਸਿੱਟਾ ਕੱਢਿਆ ਕਿ ਮੋਦੀ ਨੇ "ਵਿਆਖਿਆ ਕੀਤੀ ਸੀ ਕਿ ਭਾਸ਼ਣ ਵਿਚ ਕਿਸੇ ਵਿਸ਼ੇਸ਼ ਭਾਈਚਾਰੇ ਜਾਂ ਧਰਮ ਦਾ ਹਵਾਲਾ ਨਹੀਂ ਦਿੱਤਾ ਗਿਆ ਸੀ।" ਮੋਦੀ ਨੇ ਸਿੱਟ ਨੂੰ ਕਿਹਾ ਕਿ "ਇਹ ਇਕ ਰਾਜਨੀਤਕ ਭਾਸ਼ਣ ਸੀ ਜਿਸ ਵਿਚ ਉਸ ਨੇ ਭਾਰਤ ਦੀ ਵਧ ਰਹੀ ਆਬਾਦੀ ਵੱਲ ਇਸ਼ਾਰਾ ਕੀਤਾ ਸੀ ਅਤੇ ਟਿੱਪਣੀ ਕੀਤੀ ਸੀ ਕਿ 'ਕੀ ਗੁਜਰਾਤ ਪਰਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ ਹੈ?' ਸ੍ਰੀ ਨਰੇਂਦਰ ਮੋਦੀ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਭਾਸ਼ਣ ਨੂੰ ਕੁਝ ਅਨਸਰਾਂ ਨੇ ਵਿਗਾੜ ਕੇ ਪੇਸ਼ ਕੀਤਾ। ਉਸ ਨੇ ਇਹ ਵੀ ਕਿਹਾ ਹੈ ਕਿ ਉਸ ਦੇ ਚੋਣ ਭਾਸ਼ਣ ਤੋਂ ਬਾਅਦ ਕੋਈ ਦੰਗਾ ਜਾਂ ਤਣਾਅ ਨਹੀਂ ਹੋਇਆ। ਦੋਸ਼ ਦੇ ਇਸ ਪਹਿਲੂ ਸੰਬੰਧੀ ਕੋਈ ਅਪਰਾਧਿਕਤਾ ਸਾਹਮਣੇ ਨਹੀਂ ਆਈ ਹੈ।"


ਸਿੱਟ ਨੇ ਬਿਲਕੁਲ ਉਹੀ ਕੀਤਾ, ਜੋ ਇਸ ਨੇ ਜ਼ੀ ਨਿਊਜ਼ ਦੇ ਇੰਟਰਵਿਊ ਦੇ ਮਾਮਲੇ ਵਿਚ ਕੀਤਾ ਸੀ, ਅਰਥਾਤ ਇਸ ਨੇ ਮੋਦੀ ਨੂੰ ਆਪਣੇ ਭਾਸ਼ਣ ਦੇ ਸਿੱਧੇ ਨਿਹਿਤ ਅਰਥਾਂ ਤੋਂ ਇਨਕਾਰ ਕਰਕੇ ਜ਼ਿੰਮੇਵਾਰੀ ਤੋਂ ਬਚਣ ਦਿੱਤਾ। ਇਹ ਇਕ ਐਸੀ ਪ੍ਰਕਿਰਿਆ ਦੀ ਤਰ੍ਹਾਂ ਜਾਪਦਾ ਹੈ, ਜੋ ਸੱਚਾਈ ਨੂੰ ਬੇਨਕਾਬ ਕਰਨ ਲਈ ਨਹੀਂ, ਬਲਕਿ ਉਸ ਨੂੰ ਉਲਝਾਉਣ ਲਈ ਬਣਾਈ ਗਈ ਸੀ।

(ਚਲਦਾ)

# ਬੱਬਰ ਸੁਰੈਣ ਸਿੰਘ ਦੌਲਤਪੁਰ ਨੂੰ ਯਾਦ ਕਰਦਿਆਂ

ਐਡਵੋਕੇਟ ਗੁਰਮੀਤ ਸ਼ੁਗਲੀ

ਲੇਖਕ ਨੇ 1966 ਵਿੱਚ ਅਧਿਆਪਕ ਦੀ ਨੌਕਰੀ ਬਿਆਸ ਪਿੰਡ ਹਾਈ ਸਕੂਲ ਵਿੱਚ ਸ਼ੁਰੂ ਕੀਤੀ ਪਰ 1967 ਵਿੱਚ ਇੱਕ ਅਧਿਆਪਕ ਨਾਲ ਆਪਸੀ ਸਹਿਮਤੀ ਨਾਲ ਬਦਲੀ ਕਰਵਾ ਕੇ ਅਲਾਵਲਪੁਰ ਵਿਖੇ ਆਪਣੇ ਭਰਾ ਹੈੱਡਮਾਸਟਰ ਸੋਹਣ ਸਿੰਘ ਪਾਸ ਪੜ੍ਹਾਉਣਾ ਸ਼ੁਰੂ ਕੀਤਾ। ਇਸੇ ਦੌਰਾਨ ਲੇਖਕ ਦਾ ਸਤੰਬਰ 1968 ਵਿੱਚ ਵਿਆਹ ਬੱਬਰ ਸੁਰੈਣ ਸਿੰਘ ਦੀ ਵੱਡੀ ਸਪੁੱਤਰੀ ਮਹਿੰਦਰ ਕੌਰ ਨਾਲ ਹੋਇਆ। ਉਦੋਂ ਤੱਕ ਬੱਬਰ ਸੁਰੈਣ ਸਿੰਘ ਸੀ ਪੀ ਆਈ ਦੇ ਇੱਕ ਪੱਕੇ ਸਿਪਾਹੀ ਅਤੇ ਹੈੱਡਮਾਸਟਰ ਸੋਹਣ ਸਿੰਘ, ਰਤਨ ਸਿੰਘ ਦੌਲੀਕ, ਕਾਮਰੇਡ ਕੁਲਵੰਤ ਸਿੰਘ ਐਮ ਐਲ ਏ ਅਤੇ ਜਗਜੀਤ ਸਿੰਘ ਆਨੰਦ ਮੁੱਖ ਸੰਪਾਦਕ ਨਵਾਂ ਜ਼ਮਾਨਾ ਦੇ ਸੰਪਰਕ ਵਿੱਚ ਆ ਚੁੱਕੇ ਸਨ। ਫਿਰ ਵਿਆਹ ਤੋਂ ਬਾਅਦ ਬੱਬਰ ਸੁਰੈਣ ਸਿੰਘ ਜੀ ਦੀ ਜੀਵਨੀ ਬਾਰੇ ਜਾਣਨਾ ਸ਼ੁਰੂ ਕੀਤਾ। ਤਦ ਪਤਾ ਲੱਗਿਆ ਕਿ ਬੱਬਰ ਸੁਰੈਣ ਸਿੰਘ ਪਿੰਡ ਦੌਲਤਪੁਰ, ਜ਼ਿਲ੍ਹਾ ਜਲੰਧਰ ਜਨਮੇ ਅਤੇ ਪਹਿਲੀ ਸੰਸਾਰ ਜੰਗ ਵੇਲੇ ਉਹ ਮਸਾਂ 27 ਸਾਲ ਦੇ ਮੁੱਛ ਫੁੱਟ ਗੱਭਰੂ ਸਨ। ਬੱਬਰ ਜੀ ਮੁਤਾਬਕ ਜਦ ਉਹ ਇੱਕ ਸਾਲ ਦੇ ਸਨ ਤਾਂ ਉਨ੍ਹਾ ਦੀ ਮਾਤਾ ਜੀ ਵਿਛੋੜਾ ਦੇ ਗਏ ਅਤੇ ਜਦ ਉਹ ਅਜੇ ਤੀਸਰੀ ਵਿੱਚ ਪੜ੍ਹਦੇ ਸਨ ਤਾਂ ਇਨ੍ਹਾਂ ਦੇ ਪਿਤਾ ਜੀ ਸ. ਠਾਕੁਰ ਸਿੰਘ ਜੀ ਵੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਲਾ-ਪਾ ਕੇ ਇਹੋ ਹੀ ਇਨ੍ਹਾਂ ਦੀ ਸਕੂਲੀ ਵਿੱਦਿਆ ਸੀ, ਭਾਵੇਂ ਕਿ ਜੇਲ੍ਹ ਵਿੱਚ ਰਹਿੰਦਿਆਂ ਇਨ੍ਹਾ ਨੇ ਕਾਫ਼ੀ ਇਤਿਹਾਸ ਪੜ੍ਹਿਆ, ਅੰਗਰੇਜ਼ੀ ਤੋਂ ਇਲਾਵਾ ਉਰਦੂ, ਹਿੰਦੀ ਤੇ ਪੰਜਾਬੀ ਵਿੱਚ ਵੀ ਪੂਰੀ ਮੁਹਾਰਤ ਹਾਸਲ ਕੀਤੀ। ਬਚਪਨ ਔਕੜਾਂ ਮੁਸੀਬਤਾਂ ਨਾਲ ਭਰਿਆ ਹੋਣ ਕਰਕੇ ਆਪ ਨੇ 1914 ਵਿੱਚ ਫੌਜ ਵਿੱਚ ਭਰਤੀ ਹੋਣਾ ਹੀ ਬਿਹਤਰ ਸਮਝਿਆ। ਫੌਜ ਵਿੱਚ ਰਹਿੰਦਿਆਂ ਵੱਖ-ਵੱਖ ਮੋਰਚਿਆਂ 'ਤੇ ਬੰਦੂਕ ਚਲਾਉਂਦਿਆਂ ਆਪਣੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਪਹਿਲਾ ਪਾਠ ਪੜ੍ਹਿਆ। ਗੁਲਾਮੀ ਦੀ ਪੰਜਾਲੀ ਲਾਹੁਣ ਲਈ ਘਰ ਤੇ ਜ਼ਮੀਨ ਦੀ ਪ੍ਰਵਾਹ ਨਾ ਕਰਦਿਆਂ ਦੇਸ਼ ਭਗਤਾਂ ਤੇ ਅਜ਼ਾਦੀ ਪਰਵਾਨਿਆਂ ਨਾਲ ਮੇਲ-ਜੋਲ ਵਧਾ ਲਿਆ। ਗ਼ਦਰ ਪਾਰਟੀ ਦੇ ਪਰਵਾਨਿਆਂ ਤੇ ਖਾਸ ਕਰ ਕੇ ਕਰਤਾਰ ਸਿੰਘ ਸਰਾਭਾ ਦੀ ਬੇਮਿਸਾਲ ਕੁਰਬਾਨੀ ਨੇ ਆਪ ਨੂੰ ਬਹੁਤ ਪ੍ਰਭਾਵਤ ਕੀਤਾ। ਉਨ੍ਹਾਂ ਦਾ ਘਰ ਅਜ਼ਾਦੀ ਸੰਗਰਾਮੀਆਂ ਦਾ ਗੜ੍ਹ ਬਣ ਗਿਆ।



ਬੱਬਰ ਸੁਰੈਣ ਸਿੰਘ

ਸ. ਕਿਸ਼ਨ ਸਿੰਘ ਗੜਗੱਜ ਸ. ਸੋਹਣ ਸਿੰਘ ਭਕਨਾ ਨਾਲ ਮੁਲਾਕਾਤਾਂ ਦਾ ਸਿਲਸਿਲਾ ਲਗਾਤਾਰ ਵਧਦਾ ਗਿਆ। 1921 ਵਿੱਚ ਬੱਬਰ ਅਕਾਲੀ ਲਹਿਰ ਦੇ ਜਨਮ ਸਮੇਂ ਇਸ ਦੇ ਮੋਢੀਆਂ ਭਾਈ ਕਿਸ਼ਨ ਸਿੰਘ ਗੜਗੱਜ, ਬਾਬੂ ਮੋਤਾ ਸਿੰਘ, ਕਰਮ ਸਿੰਘ ਦੌਲਤਪੁਰ, ਨਵਾਂਸ਼ਹਿਰ ਧੰਨਾ ਸਿੰਘ (ਡਮੇਲੀ), ਕਰਤਾਰ ਸਿੰਘ (ਪੰਡੋਰੀ ਨਿੱਝਰਾਂ) ਦੇ ਨਾਲ ਹੀ ਬੱਬਰ ਸੁਰੈਣ ਸਿੰਘ ਵੀ ਲਹਿਰ ਦੇ ਮੁਢਲੇ ਮੈਂਬਰਾਂ ਵਿੱਚ ਸ਼ਾਮਲ ਸਨ। ਉਨ੍ਹਾ ਮੁਤਾਬਕ ਪਿੰਡ ਮੰਡੇਰਾਂ ਵਿਖੇ 1923 ਵਿੱਚ ਬੱਬਰਾਂ ਦਾ ਮੁਕਾਬਲਾ ਹੋਇਆ। ਇਸ ਵਿੱਚ ਬੰਤਾ ਸਿੰਘ ਤੇ ਜਵਾਲਾ ਸਿੰਘ ਸ਼ਹੀਦ ਹੋ ਗਏ ਅਤੇ ਵਰਿਆਮ ਸਿੰਘ ਧੁੱਗਾ ਜ਼ਖ਼ਮੀ ਹਾਲਤ ਵਿੱਚ ਬੱਬਰ ਸੁਰੈਣ ਸਿੰਘ ਪਾਸ ਪਹੁੰਚਿਆ। ਅਲਾਵਲਪੁਰ ਦਾ ਪ੍ਰਾਈਵੇਟ ਡਾਕਟਰ ਗੁਰੂ ਦੱਤ ਜੋ ਬੱਬਰ ਸੁਰੈਣ ਸਿੰਘ ਦਾ ਵਾਕਫ਼ ਸੀ ਅਤੇ ਦੇਸ਼ ਭਗਤ ਵੀ, ਉਸ ਨੇ ਵਰਿਆਮ ਸਿੰਘ ਧੁੱਗਾ ਦਾ ਇਲਾਜ ਕੀਤਾ। ਫ਼ਰਵਰੀ 1924 ਵਿੱਚ ਵਰਿਆਮ ਸਿੰਘ ਧੁੱਗਾ ਬਾਰ ਦੇ ਇਲਾਕੇ ਵੱਲੋਂ ਮੁੜ ਕੇ ਇਨ੍ਹਾ ਕੋਲ ਆ ਗਏ ਅਤੇ ਧੰਨਾ ਸਿੰਘ ਵੀ ਆ ਗਿਆ, ਜਿਸ ਕਰਕੇ ਦੌਲਤਪੁਰ ਫਿਰ ਬੱਬਰਾਂ ਅਤੇ ਦੇਸ਼ ਭਗਤਾਂ ਦਾ ਇਕੱਠ ਕੀਤਾ ਗਿਆ ਅਤੇ ਨਵੇਂ ਸਿਰਿਓਂ ਪ੍ਰੋਗਰਾਮ ਸ਼ੁਰੂ ਕੀਤਾ ਗਿਆ।

ਦੇਸ਼ ਦੀ ਅਜ਼ਾਦੀ ਵਿੱਚ ਹਿੱਸਾ ਪਾਉਂਦੇ ਹੋਇਆਂ ਕਿਸੇ ਮੁਖ਼ਬਰ ਦੀ ਸੂਹ 'ਤੇ ਮਾਰਚ 1924 ਵਿੱਚ ਇਨ੍ਹਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਮੁਖ਼ਬਰਾਂ ਦੇ ਕਤਲ, ਜਮਸ਼ੇਰ ਰੇਲਵੇ ਸਟੇਸ਼ਨ ਤੋਂ ਸਰਕਾਰੀ ਖਜ਼ਾਨਾ ਤੇ ਨੇੜਲੇ ਪਿੰਡ ਬੱਲਾਂ ਦੇ ਇੱਕ ਸੁਨਿਆਰੇ ਨੂੰ ਲੁੱਟਣ ਦੇ ਕੇਸ ਇਨ੍ਹਾ 'ਤੇ ਪਾਏ ਗਏ। ਕੇਸ ਚੱਲਿਆ ਅਤੇ ਕਾਲੇ ਪਾਣੀ ਦੀ ਸਜ਼ਾ ਹੋਈ ਪਰ ਉਥੇ ਭੇਜਣ ਵੇਲੇ ਇਨ੍ਹਾ ਦਾ ਭਾਰ ਘੱਟ ਹੋਣ ਕਾਰਨ ਕਾਲੇ ਪਾਣੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ। ਆਪਣੀ ਉਮਰ ਕੈਦ ਦੌਰਾਨ ਉਹ ਪਹਿਲਾਂ ਲਾਹੌਰ ਤੇ ਬਾਅਦ ਵਿੱਚ ਮੁਲਤਾਨ ਜੇਲ੍ਹ ਵਿੱਚ ਗਏ। ਉਥੇ ਹੀ ਇਨ੍ਹਾ ਦੀ ਮੁਲਾਕਾਤ ਸ਼ਹੀਦੇ-ਆਜ਼ਮ ਭਗਤ ਸਿੰਘ ਨਾਲ ਹੋਈ। 14 ਨਵੰਬਰ 1926 ਨੂੰ ਬੱਬਰਾਂ ਨੇ ਕੈਦੀਆਂ ਦਾ ਰੁਤਬਾ ਲੈਣ ਲਈ ਇਕੱਠ ਕੀਤਾ। ਇਸ ਲਈ 16 ਨਵੰਬਰ 1926 ਤੋਂ 20 ਜਨਵਰੀ 1927 ਤੱਕ ਚੱਲੀ ਭੁੱਖ-ਹੜਤਾਲ ਵਿੱਚ ਵੀ ਹਿੱਸਾ ਲਿਆ। ਜਨਵਰੀ 1938 ਵਿੱਚ ਪੰਜਾਬ ਦੀਆਂ ਦੋ ਜੇਲ੍ਹਾਂ ਲਾਹੌਰ ਅਤੇ ਮੁਲਤਾਨ ਵਿੱਚ ਸਭ ਤੋਂ ਪਹਿਲਾਂ ਬਾਬਾ ਗੁਰਮੁਖ ਸਿੰਘ ਅਤੇ ਬੱਬਰ ਸੁਰੈਣ ਸਿੰਘ ਨੇ ਭੁੱਖ-ਹੜਤਾਲ ਸ਼ੁਰੂ ਕੀਤੀ। ਬੱਬਰ ਜੀ ਮੁਤਾਬਕ 1938 ਵਿੱਚ ਬੱਬਰਾਂ ਦੀ ਅੱਗੜ-ਪਿੱਛੜ ਰਿਹਾਈ ਕਾਰਨ ਜੁਲਾਈ 1938 ਵਿੱਚ ਬੱਬਰ ਸੁਰੈਣ ਸਿੰਘ ਦੌਲਤਪੁਰ, ਊਧਮ ਸਿੰਘ ਸੁਰਾਨੁੱਸੀ ਅਤੇ ਗਿਆਨ ਸਿੰਘ ਆਲੋਵਾਲ ਛੱਡ ਦਿੱਤੇ ਗਏ। ਦੇਸ਼ ਅਜ਼ਾਦ ਹੋਣ ਤੋਂ ਬਾਅਦ ਬੱਬਰ ਸੁਰੈਣ ਸਿੰਘ ਭਾਰਤੀ ਕਮਿਊਨਿਸਟ ਪਾਰਟੀ ਨਾਲ ਜੁੜ ਗਏ। ਬਾਅਦ ਵਿੱਚ ਵੀ ਕਿਸਾਨ ਮੋਰਚਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਸਰਕਾਰ ਵੱਲੋਂ ਜ਼ਮੀਨ ਦੇ ਮੁਰੱਬੇ ਦੀ ਪੇਸ਼ਕਸ਼ ਇਹ ਕਹਿ ਕੇ ਠੁਕਰਾ ਦਿੱਤੀ ਕਿ ਅਸੀਂ ਕਿਸੇ ਲਾਲਚ ਜਾਂ ਇਨਾਮ ਲਈ ਇਹ ਲੜਾਈ ਨਹੀਂ ਸੀ ਲੜੀ।

ਜਦ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ 15 ਅਗਸਤ 1972 ਦੇਸ਼-ਭਗਤਾਂ ਨੂੰ ਸਨਮਾਨਤ ਕਰਨ ਲਈ ਪੈਨਸ਼ਨ ਅਤੇ ਤਾਮਰ ਪੱਤਰ ਦੇਣ ਦੀ ਸ਼ੁਰੂਆਤ ਕੀਤੀ ਤਦ ਵੀ ਇਸ ਸਭ ਕਾਸੇ ਲਈ ਮਸੀ ਬੱਬਰ ਜੀ ਨੂੰ ਮਨਾਇਆ ਗਿਆ। ਬੱਬਰ ਜੀ ਦੇ ਨਾਲ ਬੱਬਰ ਰਾਮ ਸਿੰਘ ਬੱਲਾਂ ਵਾਲੇ ਨੇ ਵੀ ਪੈਨਸ਼ਨ ਲਈ। ਬੱਬਰ ਰਾਮ ਸਿੰਘ ਅਕਾਲੀ ਮੋਮੈਂਟ ਨਾਲ ਜੁੜੇ ਰਹੇ। ਦੋਹਾਂ ਦੀ ਜੋੜੀ ਆਖ਼ਰੀ ਸਮੇਂ ਤੱਕ ਬਣੀ ਰਹੀ।

ਬੱਬਰ ਜੀ ਦੱਸਿਆ ਕਰਦੇ ਸਨ ਕਿ ਜਦ ਅਸੀਂ ਮੁਲਤਾਨ ਜੇਲ੍ਹ ਵਿੱਚ ਬੰਦ ਸੀ। ਤਦ ਸਾਨੂੰ ਹਿੰਦੂ ਕੈਦੀ ਸਵਾਲ ਕਰਿਆ ਕਰਦੇ ਸਨ ਕਿ ਤੁਹਾਡਾ ਸਿੱਖ ਧਰਮ ਵੀ ਕਰਾਮਾਤਾਂ ਨੂੰ ਮੰਨਦਾ ਹੈ। ਜਿਵੇਂ ਅਸੀਂ ਮੂਰਤੀਆਂ ਨੂੰ ਭੋਗ ਲਵਾਉਂਦੇ ਹਾਂ ਉਵੇਂ ਹੀ ਤੁਸੀਂ ਵੀ ਆਪਣੀ ਅਰਦਾਸ ਵਿੱਚ "ਆਪ ਜੀ ਨੂੰ ਭੋਗ ਲਗੇ" ਕਹਿੰਦੇ ਹੋ। ਫਿਰ ਫ਼ਰਕ ਕੀ ਹੋਇਆ। ਇਸ ਤੇ ਅਸੀਂ ਉਸ ਵੇਲੇ ਦੀ ਸ਼੍ਰੋਮਣੀ ਕਮੇਟੀ ਤੋਂ ਸਪੱਸ਼ਟੀਕਰਨ ਮੰਗਿਆ ਤਾਂ ਉਨ੍ਹਾਂ ਫਿਰ ਅਰਦਾਸ ਵਿੱਚ ਸੋਧ ਕਰਕੇ 'ਦਰਪ੍ਰਵਾਨ ਹੋਵੇ" ਸ਼ਬਦ ਪਾਏ। ਇਹ ਉਨ੍ਹਾਂ ਦੀ ਜਬਾਨੀ ਹੈ ਕੋਈ ਲਿਖਤੀ ਸਬੂਤ ਨਾ ਹੈ।



ਬੱਬਰ ਸੁਰੈਣ ਸਿੰਘ ਦੇ ਪੋਤੇ ਜਸਕਰਨ ਸਿੰਘ ਬਾਸੀ ਦੀ ਰਿੰਪਲਦੀਪ ਕੌਰ ਨਾਲ ਸ਼ਾਦੀ ਮੌਕੇ ਪਰਵਾਰ ਵੱਲੋਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਰਾਹੀਂ 'ਨਵਾਂ ਜ਼ਮਾਨਾ' ਨੂੰ 11 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਗਈ। ਤਸਵੀਰ ਵਿੱਚ ਨਵੀਂ ਵਿਆਹੀ ਜੋੜੀ ਪਿਤਾ ਜਸਵਿੰਦਰ ਸਿੰਘ ਬਾਸੀ ਤੇ ਮਾਤਾ ਹਰਪਾਲ ਕੌਰ ਨਾਲ ਨਜ਼ਰ ਆ ਰਹੀ ਹੈ।

ਬੱਬਰ ਜੀ ਸੀ ਪੀ ਆਈ ਦੇ ਸਰਗਰਮ ਮੈਂਬਰ ਹੋਣ ਕਰਕੇ ਇਲਾਕੇ ਵਿੱਚ ਕੋਈ ਅਜਿਹੀ ਕਾਨਫਰੰਸ ਨਹੀਂ ਹੋਵੇਗੀ ਜਿਹੜੀ ਉਨ੍ਹਾਂ ਦੀ ਪ੍ਰਧਾਨਗੀ ਤੋਂ ਵਾਂਝੀ ਰਹੀ ਹੋਵੇ। ਰਤਨ ਸਿੰਘ ਦੌਲੀਕੇ ਟਰੱਸਟ ਕਿਸ਼ਨਗੜ੍ਹ ਬਨਣ ਤੋਂ ਬਾਅਦ ਜਿਹੜੀਆਂ ਵੀ ਕਾਨਫ਼ਰੰਸਾਂ ਪਾਰਟੀ ਕਰਦੀ ਰਹੀ ਉਹ ਤਕਰੀਬਨ ਸਭ ਬੱਬਰ ਜੀ ਦੀ ਪ੍ਰਧਾਨਗੀ ਹੇਠ ਹੀ ਹੁੰਦੀਆਂ ਰਹੀਆਂ।

ਕਾਮਰੇਡ ਰਤਨ ਸਿੰਘ ਦੌਲੀਕੇ ਦੀ ਬੱਬਰ ਜੀ ਨਾਲ ਪੱਕੀ ਠਾਹਰ ਹੁੰਦੀ ਸੀ। ਆਉਂਦੇ ਜਾਂਦੇ ਮਿਲਦੇ ਰਹਿੰਦੇ ਸਨ। ਮੈਨੂੰ ਇਹ ਵੀ ਯਾਦ ਹੈ ਕਿ ਬੱਬਰ ਜੀ ਦੇ ਪਰਿਵਾਰਕ ਸਮਾਗਮਾਂ ਵਿੱਚ ਰਤਨ ਦੌਲੀਕੇ-ਹੈਡਮਾਸਟਰ ਸੋਹਣ ਸਿੰਘ-ਕੁਲਵੰਤ ਸਿੰਘ ਐਮ ਐਲ ਏ ਕਾਮਰੇਡ ਅਨੰਦ ਪਰਵਾਰ ਦੀ ਸ਼ਮੂਲੀਅਤ ਤੋਂ ਬਿਨਾਂ ਸਪੂਰਨ ਨਾ ਹੁੰਦੇ। ਪ੍ਰੀਤ ਲੜੀ ਅਤੇ ਨਵਾਂ ਜ਼ਮਾਨਾ ਅਖ਼ਬਾਰ ਉਸ ਵਕਤ ਉਨ੍ਹਾਂ ਦੀ ਜਿੰਦ ਜਾਨ ਹੁੰਦੇ। ਉਹ ਅੱਖਰ-ਅੱਖਰ ਪੜ੍ਹਦੇ ਤੇ ਸਮਝਦੇ। ਉਨ੍ਹਾਂ ਆਪਣੇ ਸਾਰੇ ਬੱਚਿਆਂ ਅਤੇ ਬੱਚੀਆਂ ਨੂੰ ਵਿਦਿਆ ਦੁਆ ਕੇ 'ਆਪਣਾ ਫ਼ਰਜ਼ ਪੂਰਾ ਕੀਤਾ। ਜਿਨ੍ਹਾਂ ਆਪਣੀਆਂ ਨੌਕਰੀਆਂ ਦੌਰਾਨ ਬੱਚਿਆ ਨੂੰ ਸਿੱਖਿਸ਼ਤ ਕਰਕੇ ਆਪੋ ਆਪਣੇ ਫ਼ਰਜ਼ ਨਿਭਾਏ। ਬੱਬਰ ਜੀ ਨੇ ਆਪਣੀ ਸਾਦਗੀ ਕਰਕੇ ਇੱਕ ਲੰਬੀ ਉਮਰ ਦੇ ਹਾਵੀ ਬਣ ਕੇ 28 ਨਵੰਬਰ 1990 ਨੂੰ ਇਸ ਸੰਸਾਰ ਨੂੰ ਅਲਵਿਦਾ ਕਿਹਾ। ਉਹ ਇੱਕ ਸਮਾਜ ਸੇਵਕ ਹੋਣ ਕਰਕੇ ਅੱਜ ਵੀ ਆਪਣੇ ਜਾਣੂਆਂ ਦੇ ਮਨਾਂ ਵਿੱਚ ਵੱਸ ਰਹੇ ਹਨ।

# ਸੰਪਰਕ : 98721-65741

# ਭਾਰਤ ਹੋਵੇ ਜਾਂ ਪੰਜਾਬ, ਭ੍ਰਿਸ਼ਟਾਚਾਰ ਰੋਕਣ ਦੇ ਦਾਅਵੇ ਸੁਫਨਿਆਂ ਤੋਂ ਵੱਧ ਨਹੀਂ ਹੋਇਆ ਕਰਦੇ

### ਦ੍ਰਿਸ਼ਟੀਕੋਣ
### ਜਤਿੰਦਰ ਪਨੂੰ

ਹਰ ਵਿਅਕਤੀ ਦੇ ਆਪਣੇ ਸ਼ੌਕ ਹੋਇਆ ਕਰਦੇ ਹਨ। ਮੈਨੂੰ ਵਿਹਲੇ ਵਕਤ ਸੋਸ਼ਲ ਮੀਡੀਆ ਉੱਤੇ ਦੋ ਕਿਸਮ ਦੇ ਪ੍ਰੋਗਰਾਮ ਵੇਖਣੇ ਪਸੰਦ ਹਨ, ਇੱਕ ਸ਼ਾਇਰੀ ਤੇ ਦੂਸਰਾ ਵਿਅੰਗਕਾਰੀ। ਸ਼ਾਇਰੀ ਮੈਂ ਇਸ ਲਈ ਬਹੁਤੀ ਨਹੀਂ ਵੇਖਦਾ ਕਿ ਬਹੁਤ ਸਾਰੇ ਸ਼ਾਇਰ ਇਸ਼ਕ ਦੇ ਰੋਣੇ ਰੋਣ ਜਾਂ ਹਾਲਾਤ ਦੀ ਵਿਆਖਿਆ ਠੀਕ-ਠਾਕ ਕਰਨ ਪਿੱਛੋਂ ਇੱਕ ਜਾਂ ਦੂਸਰੇ ਧਰਮ ਦੇ ਖਿਲਾਫ ਚੋਭਾਂ ਲਾਉਣ ਦਾ ਕੰਮ ਸ਼ੁਰੂ ਕਰ ਲੈਂਦੇ ਹਨ। ਵਿਅੰਗ ਪ੍ਰੋਗਰਾਮਾਂ ਵਿੱਚ ਕਈ ਵਾਰੀ ਬੰਦੇ ਨੂੰ ਏਦਾਂ ਦਾ ਹਲੂਣਾ ਦੇਣਾ ਵਾਲੀ ਗੱਲ ਸੁਣ ਜਾਂਦੀ ਹੈ, ਜਿਹੜੀ ਸਮਝ ਵੀ ਛੇਤੀ ਪੈਂਦੀ ਹੈ ਤੇ ਹੁੰਦੀ ਵੀ ਬਹੁਤ ਵੱਡੇ ਮਹੱਤਵ ਵਾਲੀ ਹੈ। ਪਿਛਲੇ ਦਿਨੀਂ ਇੱਕ ਵਿਅੰਗਕਾਰ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਭਾਰਤ ਦੇਸ਼ ਨੂੰ ਮਹਾਨ ਕਿਸ ਗੱਲ ਲਈ ਕਿਹਾ ਜਾਂਦਾ ਹੈ ਤਾਂ ਉਸ ਨੇ ਇੱਕਦਮ ਹੱਸ ਕੇ ਕਿਹਾ ਕਿ ਇਹ ਦੁਨੀਆ ਦਾ ਅਲੋਕਾਰ ਦੇਸ਼ ਹੈ, ਜਿੱਥੇ ਕੰਧਾਂ ਉੱਤੇ ਲਿਖ ਕੇ ਦੱਸਿਆ ਜਾਂਦਾ ਹੈ ਕਿ 'ਏਥੇ ਲਿਖਣਾ ਮਨ੍ਹਾ ਹੈ।' ਲੋਕ ਹੱਸਦੇ ਰਹੇ ਤੇ ਗੱਲ ਰੌਲੇ ਵਿੱਚ ਰੁਲ ਗਈ, ਜਦ ਕਿ ਰੁਲਣ ਵਾਲੀ ਨਹੀਂ ਸੀ।

ਭਾਰਤ ਤੇ ਭ੍ਰਿਸ਼ਟਾਚਾਰ ਦਾ ਰਿਸ਼ਤਾ ਇਸ ਦੀ ਮਹਾਨਤਾ ਦੀਆਂ ਟਾਹਰਾਂ ਹੇਠ ਲੁਕਾਇਆ ਨਹੀਂ ਜਾ ਸਕਦਾ, ਸਗੋਂ ਇਹ ਨਾਅਰਾ ਮਹਾਨਤਾ ਬਹਾਨੇ ਈਮਾਨਦਾਰੀ ਦੇ ਫੱਟੇ ਹੇਠ ਚੱਲਦੀਆਂ ਭ੍ਰਿਸ਼ਟਾਚਾਰ ਦੀਆਂ ਦੁਕਾਨਾਂ ਮੂਹਰੇ ਟੰਗੇ ਬੋਰਡ ਵਾਂਗ ਰਾਹ ਦਿਖਾਊ ਜਾਪਦਾ ਹੈ ਕਿ ਜੋ ਵੀ ਕਰਨਾ ਹੈ, ਇਸ ਤਰ੍ਹਾਂ ਕੀਤਾ ਅਤੇ ਕਰਾਇਆ ਜਾਂਦਾ ਹੈ। ਆਜ਼ਾਦੀ ਮਿਲਣ ਦੇ ਕੁਝ ਸਾਲ ਬਾਅਦ ਏਥੇ ਭ੍ਰਿਸ਼ਟਾਚਾਰ ਦਾ ਪਹਿਲਾ ਸਕੈਂਡਲ ਨੰਗਾ ਹੋਇਆ ਤਾਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਦਾਮਾਦ ਫਿਰੋਜ਼ ਗਾਂਧੀ ਨੇ ਪਾਰਲੀਮੈਂਟ ਵਿੱਚ ਹੀ ਆਪਣੇ ਸਹੁਰੇ ਨੂੰ ਕਹਿ ਦਿੱਤਾ ਸੀ ਕਿ ਤੁਹਾਡੀ ਸਰਕਾਰ ਵਿੱਚ ਸਿਰੇ ਦੇ ਭ੍ਰਿਸ਼ਟ ਮੰਤਰੀ ਬੈਠੇ ਇਹ ਕੰਮ ਕਰੀ ਜਾਂਦੇ ਹਨ। ਪੰਡਤ ਨਹਿਰੂ ਉਨ੍ਹਾਂ ਦਾ ਕੱਖ ਨਹੀਂ ਸੀ ਵਿਗਾੜ ਸਕਿਆ ਅਤੇ ਉਸ ਦੀ ਧੀ ਦੇ ਰਾਜ ਵਿੱਚ ਇਹ ਧੰਦਾ ਸਿਖਰਾਂ ਛੋਹਣ ਲੱਗ ਪਿਆ ਸੀ। ਉਸ ਤੋਂ ਬਾਅਦ ਆਇਆ ਕੋਈ ਵੀ ਪ੍ਰਧਾਨ ਮੰਤਰੀ ਇਸ ਨੂੰ ਰੋਕ ਨਹੀਂ ਲਾ ਸਕਿਆ, ਸਗੋਂ ਇਹ ਕਹਿਣਾ ਵੱਧ ਠੀਕ ਰਹੇਗਾ ਕਿ ਕੋਈ ਪ੍ਰਧਾਨ ਮੰਤਰੀ ਭ੍ਰਿਸ਼ਟਾਚਾਰ ਨੂੰ ਰੋਕਣ ਦੀ ਲੋੜ ਨਹੀਂ ਸੀ ਸਮਝਦਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਭ੍ਰਿਸ਼ਟਾਚਾਰ ਵਧਦਾ ਗਿਆ ਤੇ ਭ੍ਰਿਸ਼ਟਾਚਾਰ ਵਿਰੁੱਧ ਰੌਲਾ ਵੀ ਨਾ ਸਿਰਫ ਵਧਦਾ ਗਿਆ, ਸਗੋਂ ਭ੍ਰਿਸ਼ਟਾਚਾਰ ਦੀ ਸਰਪ੍ਰਸਤੀ ਕਰਨ ਵਾਲੇ ਲੀਡਰ ਖੁਦ ਏਦਾਂ ਦਾ ਰੌਲਾ ਪਾਉਂਦੇ ਰਹੇ ਸਨ। ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਹੋਣ ਸਮੇਂ ਇਹੀ ਕਿਹਾ ਸੀ ਕਿ ਕੇਂਦਰ ਸਰਕਾਰ ਤੋਂ ਰੁਪਈਆ ਤੁਰਦਾ ਹੈ ਤਾਂ ਰਾਜਾਂ ਤੱਕ ਜਾਂਦਾ ਪੌਣਾ ਤੇ ਜ਼ਿਲ੍ਹਿਆਂ ਤੱਕ ਜਾਂਦਾ ਅੱਧਾ ਰਹਿ ਜਾਣ ਪਿੱਛੋਂ ਆਮ ਲੋਕਾਂ ਕੋਲ ਜਾਣ ਤੱਕ ਮਸਾਂ ਚਵਾਨੀ ਰਹਿ ਜਾਂਦੀ ਹੈ। ਇਸ ਦੀ ਬਹੁਤ ਚਰਚਾ ਹੋਈ ਸੀ, ਪਰ ਕੁਝ ਚਿਰ ਪਿੱਛੋਂ ਖੁਦ ਰਾਜੀਵ ਗਾਂਧੀ ਬੋਫੋਰਸ ਤੋਪ ਸੌਦੇ ਵਿੱਚ ਵੱਡੇ ਭ੍ਰਿਸ਼ਟਾਚਾਰ ਦੀ ਸਰਪ੍ਰਸਤੀ ਕਰਨ ਦੇ ਦੋਸ਼ ਵਿੱਚ ਫਸ ਜਾਣ ਕਾਰਨ ਅਗਲੀ ਚੋਣ ਵਿੱਚ ਹਾਰ ਗਿਆ ਸੀ।

ਬਾਅਦ ਵਿੱਚ ਕੌਣ ਕੀ ਕਰਦਾ ਰਿਹਾ, ਇਸ ਦੀ ਚਰਚਾ ਛੱਡ ਕੇ ਸਿੱਧਾ ਉਸ ਲੋਕ ਸਭਾ ਚੋਣ ਵੱਲ ਆਈਏ, ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਇਹ ਕਿਹਾ ਸੀ ਕਿ ਜੇ ਮੈਂ ਪ੍ਰਧਾਨ ਮੰਤਰੀ ਬਣ ਗਿਆ ਤਾਂ ਨਾ ਖਾਊਂਗਾ ਅਤੇ ਨਾ ਕਿਸੇ ਨੂੰ ਖਾਣ ਦੇਊਂਗਾ। ਲੋਕਾਂ ਨੂੰ ਇਸ ਲਾਲੀਪਾਪ ਨੇ ਕੀਲ ਲਿਆ ਸੀ ਅਤੇ ਨਤੀਜੇ ਵਜੋਂ ਜਿਹੜਾ ਨਸੀਬ ਪੱਲੇ ਪਿਆ ਸੀ, ਉਹ ਭ੍ਰਿਸ਼ਟਾਚਾਰ ਰੋਕਣ ਵਾਲਾ ਨਹੀਂ, ਕੁਝ ਖਾਸ ਲੋਕਾਂ ਵੱਲੋਂ ਨਵੇਂ ਢੰਗ ਨਾਲ ਭ੍ਰਿਸ਼ਟਾਚਾਰ ਕਰਨ ਦਾ ਇੱਕ ਨਵਾਂ ਦੌਰ ਕਿਹਾ ਜਾ ਸਕਦਾ ਹੈ। ਸਰਕਾਰੀ ਸਰਪ੍ਰਸਤੀ ਹੇਠ ਪਹਿਲਾਂ ਕਦੀ ਟਾਟਾ-ਬਿਰਲਾ ਦੇ ਉੱਭਰਨ ਦੇ ਚਰਚੇ ਸੁਣੀਂਦੇ ਸਨ, ਫਿਰ ਇੰਦਰਾ ਗਾਂਧੀ ਦੀ ਸਰਪ੍ਰਸਤੀ ਹੇਠ ਨਵਾਂ ਅੰਬਾਨੀ ਘਰਾਣਾ ਉੱਭਰਿਆ ਅਤੇ ਕਾਰੋਬਾਰ ਦੇ ਨਾਲ-ਨਾਲ ਰਾਜਨੀਤੀ ਦੇ ਧੰਦੇ ਦਾ ਸਭ ਤੋਂ ਵੱਡਾ ਖਿਡਾਰੀ ਬਣ ਗਿਆ ਸੀ। ਭਾਰਤ ਦੀ ਮੌਜੂਦਾ ਸਰਕਾਰ ਦੌਰਾਨ ਗੁਜਰਾਤ ਤੋਂ ਉੱਠਿਆ ਕਾਰੋਬਾਰੀ ਗੌਤਮ ਅਡਾਨੀ ਇਨ੍ਹਾਂ ਅੱਠ ਸਾਲਾਂ ਵਿੱਚ ਅੰਬਾਨੀਆਂ ਨੂੰ ਪਛਾੜ ਗਿਆ ਹੈ। ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਵਜੋਂ ਅੱਗੇ ਆਉਣ ਤੱਕ ਗੌਤਮ ਅਡਾਨੀ ਦੀ ਜਾਇਦਾਦ ਰਿਲਾਇੰਸ ਵਾਲੇ ਅੰਬਾਨੀਆਂ ਵਿੱਚੋਂ ਵੱਡੇ ਮੁਕੇਸ਼ ਅੰਬਾਨੀ ਦੀ ਜਾਇਦਾਦ ਦਾ ਮਸਾਂ ਛੇਵਾਂ ਕੁ ਹਿੱਸਾ ਸੀ, ਅੱਜ ਉਹ ਭਾਰਤ ਦਾ ਪਹਿਲੇ ਦਰਜੇ ਦਾ ਤੇ ਦੁਨੀਆ ਭਰ ਦਾ ਤੀਸਰਾ ਵੱਡਾ ਅਮੀਰ ਕਾਰੋਬਾਰੀ ਬਣਿਆ ਦਿਖਾਈ ਦੇਂਦਾ ਹੈ। ਰਾਜਨੀਤਕ ਸਰਪ੍ਰਸਤੀ ਨੇ ਜਿੱਦਾਂ ਪਹਿਲਿਆਂ ਨੂੰ ਉਭਾਰਿਆ ਸੀ ਤੇ ਉਹ ਆਪਣੇ ਸਰਪ੍ਰਸਤਾਂ ਲਈ ਸਿਆਸੀ ਕੰਮ ਵੀ ਕਰਦੇ ਰਹੇ ਸਨ, ਉਨ੍ਹਾਂ ਵਾਲੀ ਭੂਮਿਕਾ ਅੱਜ ਗੌਤਮ ਅਡਾਨੀ ਨਿਭਾ ਰਿਹਾ ਹੈ।

ਸਾਡੇ ਪੰਜਾਬ ਵਿੱਚ ਇਸ ਸਾਲ ਜਦੋਂ ਸਰਕਾਰ ਬਦਲੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਏਦਾਂ ਦਾ ਰਾਜ-ਪ੍ਰਬੰਧ ਦੇਣਗੇ, ਜਿਸ ਵਿੱਚ ਭ੍ਰਿਸ਼ਟਾਚਾਰ ਬਾਰੇ 'ਜ਼ੀਰੋ ਟਾਲਰੈਂਸ' (ਬਿਲਕੁਲ ਹੀ ਬਰਦਾਸ਼ਤ ਨਾ ਕਰਨ) ਦੀ ਨੀਤੀ ਹੋਵੇਗੀ। ਉਸ ਦੀ ਇੱਛਾ ਕੁਝ ਵੀ ਹੋਵੇ, ਅਮਲ ਵਿੱਚ ਏਦਾਂ ਹੋ ਨਹੀਂ ਸਕਦਾ। ਕਈ ਥਾਂ ਸਰਕਾਰੀ ਤੌਰ ਉੱਤੇ ਪੂਰਾ ਪਤਾ ਹੋਣ ਦੇ ਬਾਵਜੂਦ ਭ੍ਰਿਸ਼ਟਾਚਾਰ ਰੋਕਿਆ ਨਹੀਂ ਜਾਂਦਾ, ਸਰਕਾਰੀ ਨੀਤੀਆਂ ਹੀ ਇਸ ਮਕਸਦ ਲਈ ਰਾਹ ਖੋਲ੍ਹਣ ਵਾਲੀਆਂ ਸਾਬਤ ਹੁੰਦੀਆਂ ਹਨ। ਮਿਸਾਲ ਵਜੋਂ ਜਲੰਧਰ ਵਿੱਚ ਇੱਕ ਬਹੁਤ ਮਹਿੰਗੀ ਮਾਰਕੀਟ ਵਿੱਚ ਕਿਸੇ ਨੇ ਪਲਾਟ ਲੈਣਾ ਹੋਵੇ ਤਾਂ ਓਥੇ ਕੀਮਤ ਅੱਸੀ ਲੱਖ ਰੁਪਏ ਤੋਂ ਇੱਕ ਕਰੋੜ ਰੁਪਏ ਦਾ ਮਰਲਾ ਤੱਕ ਚੱਲਦੀ ਹੈ। ਇਸ ਬਾਰੇ ਪਤਾ ਹੋਣ ਦੇ ਬਾਵਜੂਦ ਇਸ ਕੀਮਤ ਦੇ ਹਿਸਾਬ ਨਾਲ ਕਦੇ ਵੀ ਕੋਈ ਰਜਿਸਟਰੀ ਨਹੀਂ ਹੁੰਦੀ, ਕਿਉਂਕਿ ਸ਼ਹਿਰ ਦੇ ਹਰ ਹਿੱਸੇ ਵਿੱਚ ਏਦਾਂ ਦੀਆਂ ਰਜਿਸਟਰੀਆਂ ਕਰਨ ਦੀ ਘੱਟੋ-ਘੱਟ ਸਰਕਾਰੀ ਕੀਮਤ ਹੁੰਦੀ ਹੈ, ਜਿਸ ਨੂੰ ਕੁਲੈਕਟਰ ਰੇਟ ਆਖਿਆ ਜਾਂਦਾ ਹੈ। ਉੱਪਰ ਦੱਸੀ ਮਾਰਕੀਟ ਵਿੱਚ ਇੱਕ ਮਰਲੇ ਦਾ ਕੁਲੈਕਟਰ ਰੇਟ ਤਿੰਨ ਤੋਂ ਚਾਰ ਲੱਖ ਰੁਪਏ ਹੋਣ ਕਾਰਨ ਰਜਿਸਟਰੀ ਏਨੀ ਕੀਮਤ ਦੀ ਕਰਵਾਈ ਜਾਂਦੀ ਹੈ। ਦਸ ਮਰਲੇ ਦੇ ਪਲਾਟ ਦਾ ਸੌਦਾ ਹੋਵੇ ਤਾਂ ਅਸਲੀ ਕੀਮਤ ਅੱਠ ਤੋਂ ਦਸ ਕਰੋੜ ਹੋਣ ਦੇ ਬਾਵਜੂਦ ਰਜਿਸਟਰੀ ਵਿੱਚ ਮਸਾਂ ਤੀਹ-ਚਾਲੀ ਲੱਖ ਰੁਪਏ ਕੀਮਤ ਮੁਤਾਬਕ ਲਿਖੀ ਜਾਂਦੀ ਹੈ ਤੇ ਇਸ ਤੋਂ ਬਿਨਾਂ ਬਾਕੀ ਦੀ ਰਕਮ ਰਜਿਸਟਰਾਰ ਦੇ ਕਮਰੇ ਵਿੱਚ ਜਾਣ ਤੋਂ ਪਹਿਲਾਂ ਆਪੋ ਵਿੱਚ ਲਈ-ਦਿੱਤੀ ਜਾਂਦੀ ਹੈ, ਉਹ ਕਾਲਾ ਧਨ ਹੁੰਦੀ ਹੈ। ਜਿਸ ਨੇ ਪਲਾਟ ਖਰੀਦਣਾ ਹੋਵੇ, ਉਹ ਤੀਹ-ਚਾਲੀ ਲੱਖ ਰੁਪਏ 'ਵਾਈਟ' ਅਤੇ ਬਾਕੀ 'ਬਲੈਕ ਮਨੀ' ਦਾ ਪ੍ਰਬੰਧ ਪਤਾ ਨਹੀਂ ਕਿਸ ਤਰ੍ਹਾਂ ਕਰਦਾ ਹੈ ਤੇ ਜਿਸ ਨੇ ਵੇਚਣਾ ਹੁੰਦਾ ਹੈ, ਉਹ ਏਨੀ 'ਬਲੈਕ ਮਨੀ' ਇਨਕਮ ਟੈਕਸ ਵਿਭਾਗ ਤੋਂ ਲੁਕਾਉਣ ਦੇ ਰਾਹ ਅਗੇਤੇ ਲੱਭ ਲੈਂਦਾ ਹੈ। ਰਜਿਸਟਰਾਰ ਸਮੇਤ ਸਰਕਾਰੀ ਅਮਲੇ ਦੇ ਹਰ ਕਰਮਚਾਰੀ ਨੂੰ ਇਸ ਬਾਰੇ ਪਤਾ ਹੁੰਦਾ ਹੈ ਤੇ ਇਸ ਕਾਰਨ ਜ਼ਮੀਨ ਦਾ ਖਰੀਦਦਾਰ ਉਨ੍ਹਾਂ ਨਾਲ ਅਗੇਤੀ ਗੱਲ ਤੈਅ ਕਰ ਲੈਂਦਾ ਹੈ ਕਿ ਇਸ ਸੌਦੇ ਦੀ ਰਜਿਸਟਰੀ ਵਿੱਚੋਂ ਉਨ੍ਹਾਂ ਲਈ ਐਨੇ ਪੈਸੇ ਕੱਢੇ ਜਾਣਗੇ। ਜਦੋਂ ਕੋਈ ਲੋੜਵੰਦ ਖਰੀਦਦਾਰ ਇਸ ਹਿਸਾਬ ਨਾਲ ਪੈਸਾ ਦੇਣ ਲਈ ਝਿਜਕਦਾ ਹੈ, ਉਸ ਦੀ ਰਜਿਸਟਰੀ ਉੱਤੇ ਸਿਰਫ 'ਮਾਰਕੀਟ ਰੇਟ ਦੀ ਅਸੈੱਸਮੈਂਟ ਕਰਵਾਓ' ਲਿਖਣ ਨਾਲ ਪਾਸਾ ਪਲਟ ਜਾਂਦਾ ਹੈ। ਮਾਰਕੀਟ ਰੇਟ ਦੇ ਮੁਤਾਬਕ ਦਸ ਕਰੋੜ ਦੇ ਨੇੜੇ-ਤੇੜੇ ਦੀ ਰਜਿਸਟਰੀ ਲਈ ਅੱਸੀ ਕੁ ਲੱਖ ਰੁਪਏ ਸਰਕਾਰੀ ਫੀਸ ਦੇਣੀ ਪੈਣੀ ਹੁੰਦੀ ਹੈ, ਉਸ ਤੋਂ ਬਚਣ ਲਈ ਖਰੀਦਦਾਰ ਮੌਕੇ ਦੇ ਅਫਸਰ ਨੂੰ ਬਣਦਾ ਸ਼ਗਨ ਪਾ ਕੇ ਮਸਾਂ ਇੱਕ ਕਰੋੜ ਰੁਪਏ ਦੇ ਨੇੜੇ-ਤੇੜੇ ਦੀ ਰਜਿਸਟਰੀ ਕਰਵਾਏਗਾ ਤੇ ਸੱਤਰ ਲੱਖ ਦੇ ਕਰੀਬ ਬਚਾ ਲਵੇਗਾ। ਇਸ ਤਰ੍ਹਾਂ ਦੀ ਰਿਵਾਇਤ ਪਿਛਲੇ ਕਈ ਦਹਾਕਿਆਂ ਤੋਂ, ਅੰਗਰੇਜ਼ੀ ਰਾਜ ਵੇਲੇ ਤੋਂ, ਚੱਲਦੀ ਆ ਰਹੀ ਹੈ ਅਤੇ ਉਸੇ ਮੁਤਾਬਕ ਕੰਮ ਚੱਲਦਾ ਰਹਿੰਦਾ ਹੈ। ਜਿਸ ਵੀ ਕਿਸੇ ਆਗੂ ਨੇ ਇਸ ਦਾ ਵਿਰੋਧ ਕੀਤਾ ਹੈ, ਉਹ ਇਸ ਨੂੰ ਰੋਕ ਨਹੀਂ ਸਕਿਆ। ਮੌਜੂਦਾ ਸਰਕਾਰ ਵੀ ਰੋਕ ਨਹੀਂ ਸਕਦੀ।

ਭਾਰਤ ਦੇ ਇੱਕ ਨਾਗਰਿਕ ਦੇ ਨਾਤੇ ਆਮ ਲੋਕਾਂ ਵਾਂਗ ਅਸੀਂ ਵੀ ਦਿਲੋਂ ਚਾਹੁੰਦੇ ਹਾਂ ਕਿ ਭ੍ਰਿਸ਼ਟਾਚਾਰ ਨੂੰ ਰੋਕਣ ਦੇ ਲਈ ਜਿਸ ਕਿਸੇ ਆਗੂ ਨੇ ਨਾਅਰਾ ਦਿੱਤਾ ਹੈ, ਉਹ ਕਰ ਕੇ ਵਿਖਾਵੇ, ਪਰ ਜਜ਼ਬਾਤੀ ਆਸ਼ਕਾਂ ਵੱਲੋਂ ਚੰਦ-ਤਾਰੇ ਤੋੜ ਕੇ ਲਿਆਉਣ ਦੀਆਂ ਗੱਲਾਂ ਵਾਂਗ ਇਹ ਨਾਅਰਾ ਜਾਂ ਦਾਅਵਾ ਵੀ ਭਾਰਤ ਵਿੱਚ ਹਕੀਕਤ ਨਹੀਂ ਬਣ ਸਕਦਾ। ਇਸ ਨਾਅਰੇ ਨੂੰ ਹਕੀਕਤ ਵਿੱਚ ਬਦਲਦਾ ਵੇਖਣ ਦੀ ਬਜਾਏ ਆਮ ਲੋਕ ਵੀ ਸਮੇਂ ਦੇ ਨਾਲ ਸੋਚਣਾ ਸ਼ੁਰੂ ਕਰ ਚੁੱਕੇ ਹਨ ਕਿ ਭ੍ਰਿਸ਼ਟਾਚਾਰ ਰੋਕਣ ਦਾ ਦਾਅਵਾ ਜਿਹੜਾ ਵੀ ਆਗੂ ਕਰਦਾ ਹੈ, ਉਹ ਜਾਂ ਤਾਂ ਸੁਫਨਿਆਂ ਦੀ ਦੁਨੀਆ ਵਿੱਚ ਵੱਸਦਾ ਹੈ ਜਾਂ ਆਪਣੇ ਲੋਕਾਂ ਨੂੰ ਸੁਫਨਿਆਂ ਦੀ ਦੁਨੀਆ ਵਿੱਚ ਵੱਸਦੇ ਰਹਿਣਾ ਸਿਖਾ ਰਿਹਾ ਹੈ। ਇਹ ਝੂਠੇ ਦਿਲਾਸੇ ਭਾਰਤ ਦੇ ਲੋਕਾਂ ਨੂੰ ਪਸੰਦ ਆਉਣ ਲੱਗ ਪਏ ਜਾਪਦੇ ਹਨ। ਜਿਹੜਾ ਕੋਈ ਏਦਾਂ ਦਾ ਨਾਅਰਾ ਦੇਂਦਾ ਹੈ, ਲੋਕ ਉਸੇ ਦੇ ਪਿਛੇ ਤੁਰ ਪੈਂਦੇ ਹਨ। ਫਿਰ ਆਮ ਲੋਕ ਉਹ ਕੂੜੀ ਆਸ ਰੱਖ ਬੈਠਦੇ ਹਨ, ਜਿਹੜੀ ਕਦੀ ਪੂਰੀ ਨਹੀਂ ਹੋਈ ਤੇ ਕਦੀ ਪੂਰੀ ਵੀ ਨਹੀਂ ਹੋਣੀ।

ਇਹ ਗੱਲ ਅਸੀਂ ਮਾਲ ਮਹਿਕਮੇ ਇਕੱਲੇ ਦੀ ਮਿਸਾਲ ਦੇ ਕੇ ਲਿਖੀ ਹੈ, ਪਰ ਇਸ ਇਕੱਲੇ ਦੀ ਕਹਾਣੀ ਨਹੀਂ, ਹਰ ਵਿਭਾਗ ਵਿੱਚ ਲਗਭਗ ਏਦਾਂ ਦੇ ਚੋਰ ਮਘੋਰੇ ਹੋਏ ਦਿੱਸਦੇ ਹਨ। ਜਲੰਧਰ ਵਿੱਚ ਪਿਛਲੀ ਸਰਕਾਰ ਦੌਰਾਨ ਏਦਾਂ ਦੇ ਇੱਕ ਅਫਸਰ ਨੇ ਇੱਕ ਸੜਕ ਬਣਾਉਣ ਦੀ ਮਨਜ਼ੂਰੀ ਖੁਦ ਦਿੱਤੀ, ਕਾਗਜ਼ਾਂ ਵਿੱਚ ਕੰਮ ਹੋ ਗਿਆ, ਅਸਲ ਵਿੱਚ ਸਾਮਾਨ ਉਸ ਸੜਕ ਦੀ ਥਾਂ ਉਸ ਅਫਸਰ ਦੀ ਕੋਠੀ ਬਣਾਉਣ ਲਈ ਚਲਾ ਗਿਆ ਅਤੇ ਜਿਸ ਠੇਕੇਦਾਰ ਨੇ ਜਲੰਧਰ ਵਾਲੀ ਉਹ ਸੜਕ ਬਣਾਉਣੀ ਸੀ, ਉਹ ਵੱਡੇ ਸਾਹਿਬ ਦੀ ਕੋਠੀ ਬਣਾਉਣ ਲੱਗਾ ਰਿਹਾ। ਪਿਛਲੇ ਦਿਨੀਂ ਇਹ ਖਬਰ ਵੀ ਲੋਕਾਂ ਨੇ ਪੜ੍ਹੀ ਹੈ ਕਿ ਪੰਜਾਬ ਵਿੱਚ ਜੀ ਪੀ ਐੱਸ ਮੈਪਿੰਗ ਵਿੱਚ ਪੰਜ ਸੌ ਕਿਲੋਮੀਟਰ ਤੋਂ ਵੱਧ ਸੜਕਾਂ ਹੀ ਗਾਇਬ ਨਿਕਲੀਆਂ ਹਨ ਅਤੇ ਕਮਾਲ ਦੀ ਗੱਲ ਇਹ ਕਿ ਉਹ ਸੜਕਾਂ ਬਣਾਈਆਂ ਵੀ ਪੰਜਾਬ ਸਰਕਾਰ ਦੇ ਅਫਸਰਾਂ ਨੇ ਸਨ, ਫਿਰ ਵਾਰ-ਵਾਰ ਉਨ੍ਹਾਂ ਸੜਕਾਂ ਦੀ ਮੁਰੰਮਤ ਦਾ ਖਰਚਾ ਵੀ ਉਹੋ ਪਾਉਂਦੇ ਰਹੇ ਅਤੇ ਸੜਕਾਂ ਅਸਲ ਵਿੱਚ ਹੈ ਹੀ ਨਹੀਂ ਸਨ। ਅਸਲ ਵਿੱਚ ਇਹ ਹੋਇਆ ਕਿ ਸੜਕ ਜਿੱਥੇ ਵੀਹ ਕਿਲੋਮੀਟਰ ਬਣਾਈ ਜਾਂਦੀ ਸੀ, ਕਾਗਜ਼ਾਂ ਵਿੱਚ ਪੰਝੀ ਕਿਲੋਮੀਟਰ ਵੀ ਲਿਖਦੇ ਰਹਿੰਦੇ ਸਨ ਤਾਂ ਉਸ ਨੂੰ ਕੋਈ ਚੈੱਕ ਕਰਨ ਨਹੀਂ ਸੀ ਆਉਂਦਾ, ਚੈੱਕ ਕਰਨ ਵਾਲੇ ਆਪਣੀ ਹਿੱਸਾ-ਪੱਤੀ ਆਪਣੇ ਦਫਤਰਾਂ ਵਿੱਚ ਹੀ ਲੈ ਲੈਂਦੇ ਸਨ ਅਤੇ ਇਸ ਨਾਲ ਕੁੰਡੀ ਸਰਕਾਰੀ ਖਜ਼ਾਨੇ ਨੂੰ ਪਿਛਲੇ ਸੱਤਰ ਸਾਲਾਂ ਤੋਂ ਲੱਗਦੀ ਆਈ ਸੀ।

ਇਸ ਲਈ ਚੰਗੀ ਗੱਲ ਇਹੋ ਹੈ ਕਿ ਜਿੱਦਾਂ 'ਏਥੇ ਲਿਖਣਾ ਮਨ੍ਹਾ' ਵੇਖ ਕੇ ਲੋਕ ਸਮਝਦੇ ਰਹਿੰਦੇ ਹਨ ਕਿ ਲਿਖਣ ਦੀ ਅਸਲੀ ਥਾਂ ਇਹੋ ਹੈ, ਏਦਾਂ ਹੀ ਜਿਹੜਾ ਹਾਕਮ ਆਵੇ, ਉਹ ਇਹੋ ਕਹੀ ਜਾਵੇ ਭ੍ਰਿਸ਼ਟਚਾਰ ਹੋਣ ਨਹੀਂ ਦਿਆਂਗੇ, ਇਸ ਨਾਲ ਆਮ ਲੋਕ ਸਮਝ ਜਾਇਆ ਕਰਨਗੇ ਕਿ ਏਦਾਂ ਹੀ ਕੰਮ ਚੱਲਦਾ ਹੈ। ਸੱਤਰ ਸਾਲਾਂ ਤੋਂ ਹਰ ਪਾਸੇ ਹੁੰਦਾ ਇਹੀ ਆਇਆ ਹੈ ਤਾਂ ਹੁੰਦਾ ਵੀ ਰਹੇਗਾ। ਬਾਪ-ਦਾਦੇ ਤੋਂ ਚੱਲਦੀ ਕਿਸੇ ਸਮਾਜੀ ਰੀਤ ਵਾਂਗ ਸਿਆਸੀ ਵਡੇਰਿਆਂ ਦੀ ਇਸ ਰੀਤ ਨੂੰ ਵੀ ਕਿਸੇ ਸਰਕਾਰ ਤੋਂ ਛੱਡਿਆ ਨਹੀਂ ਗਿਆ ਤੇ ਲੋਕ ਬਹੁਤੀ ਚਿੜ-ਚਿੜ ਕਰਨ ਦੀ ਥਾਂ ਇਸੇ ਤਰ੍ਹਾਂ ਦਿਨ-ਕੱਟੀ ਕਰੀ ਜਾਣ ਦੇ ਆਦੀ ਹੋ ਚੁੱਕੇ ਹਨ। ਫਿਰ ਚੀਕ-ਚਿਹਾੜਾ ਪਾਉਣ ਦਾ ਕੀ ਫਾਇਦਾ, ਜਾਪਦਾ ਤਾਂ ਕੋਈ ਨਹੀਂ।

# ਕੂੜੇ ਦਾ ਹਿਮਾਲਿਆ

### ਸੁਲਘਦੇ ਸਵਾਲ
### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਲੱਗਭੱਗ ਪਿਛਲੇ ਮਹੀਨੇ ਤੋਂ ਭਾਵੇਂ ਦੋ ਸੂਬਿਆਂ (ਹਿਮਾਚਲ ਤੇ ਗੁਜਰਾਤ) ਅਤੇ ਦਿੱਲੀ 'ਚ ਐੱਮ ਸੀ ਡੀ ਚੋਣਾਂ ਸਮੇਤ ਇਹਨਾਂ ਸੂਬਿਆਂ ਵਿੱਚ ਵਿਆਹਾਂ ਵਰਗਾ ਮਾਹੌਲ ਦੇਖਣ, ਸੁਣਨ ਅਤੇ ਪੜ੍ਹਨ ਨੂੰ ਮਿਲਦਾ ਰਿਹਾ, ਪਰ ਜੋ ਪ੍ਰਚਾਰ ਇਹਨਾਂ ਸੂਬਿਆਂ ਸਮੇਤ ਦਿੱਲੀ 'ਚ ਹੋਇਆ, ਉਹਨਾਂ ਸਭ 'ਚ ਇੱਕ ਗੱਲ ਸਾਂਝੀ ਸੀਕਿ ਇਹ ਪ੍ਰਚਾਰ ਆਮ ਕਰਕੇ ਆਮ ਜਨਤਾ ਦੇ ਮੁੱਦਿਆਂ ਤੋਂ ਦੂਰ ਰਿਹਾ। ਪ੍ਰਚਾਰ 'ਚ ਮੁੱਦਿਆਂ ਤੋਂ ਹਟ ਕੇ ਨਿੱਜੀ ਹਮਲੇ ਅਤੇ ਉਹਨਾਂ ਦੇ ਜਵਾਬ 'ਚ ਕਾਫੀ ਬੀਤਿਆ।

ਹਿਮਾਚਲ 'ਚ ਦੇਖਣ, ਸੁਣਨ ਅਤੇ ਪੜ੍ਹਨ ਨੂੰ ਮੁੱਖ ਮੁਕਾਬਲਾ ਪੁਰਾਣੀ ਪਾਰਟੀ ਕਾਂਗਰਸ ਅਤੇ ਸਭ ਤੋਂ ਵੱਡੀ ਪਾਰਟੀ ਅਤੇ ਕੇਂਦਰ 'ਚ ਹੁਕਮਰਾਨ ਪਾਰਟੀ ਬੀ ਜੇ ਪੀ ਯਾਨੀ ਭਾਜਪਾ ਜਨਤਾ ਪਾਰਟੀ 'ਚ ਰਿਹਾ। ਤੀਜੀ ਧਿਰ ਜੋ ਦਿੱਸੀ, ਉਹ ਸੀ ਆਮ ਆਦਮੀ ਪਾਰਟੀ, ਜਿਹੜੀ ਸ਼ੁਰੂ-ਸ਼ੁਰੂ ਵਿੱਚ ਤਾਂ ਹਮਲਾਵਰ ਦਿੱਸੀ, ਪਰ ਵੋਟਾਂ ਪੈਣ ਤੱਕ ਚੋਣਾਂ 'ਚ ਕਮਜ਼ੋਰ ਧਿਰ ਜਾਪਣ ਲੱਗ ਪਈ, ਜਿਸ ਤੋਂ ਕਈਆਂ ਇਹ ਅੰਦਾਜ਼ੇ ਲਾਉਣੇ ਸ਼ੁਰੂ ਕਰ ਦਿੱਤੇ ਕਿ ਸ਼ਾਇਦ ਇਸ ਨੇ ਆਪਣਾ ਸਾਰਾ ਧਿਆਨ ਗੁਜਰਾਤ ਚੋਣਾਂ ਲਈ ਰੱਖ ਲਿਆ ਹੈ। ਰਿਵਾਜ ਅਨੁਸਾਰ ਇਸ ਵਾਰ ਵਾਰੀ ਹੈ ਕਾਂਗਰਸ ਪਾਰਟੀ ਦੀ, ਕਿਉਂਕਿ ਹਿਮਾਚਲ ਤਕਰੀਬਨ ਹਰ ਵਾਰ ਸਰਕਾਰ ਬਦਲ ਦਿੰਦਾ ਹੈ, ਜਿਸ ਕਰਕੇ ਬੀ ਜੇ ਪੀ ਕੋਈ ਹੱਕੀ ਮੰਗਾਂ ਮੰਨਣ ਤੋਂ ਇਨਕਾਰਕ ਰ ਦਿੱਤਾ। ਹਿਮਾਚਲ ਪਹਾੜੀ ਇਲਾਕਾ ਹੋਣ ਕਰਕੇ ਬਹੁਤੇ ਲੋਕ ਫੌਜ 'ਚ ਭਰਤੀ ਹਨ। ਬਾਕੀ ਵੀ ਸਰਕਾਰੀ, ਅਰਧ-ਸਰਕਾਰੀ ਨੌਕਰੀਆਂ ਕਰਦੇ ਹਨ ਜਾਂ ਉਹਨਾਂ ਤੋਂ ਰਿਟਾਇਰ ਹੋ ਗਏ ਹਨ ਜਾਂ ਹੋਣ ਵਾਲੇ ਹਨ, ਇਸ ਕਰਕੇ ਉਹਨਾਂ ਦੀ ਮੁੱਖ ਮੰਗ ਪੈਨਸ਼ਨ ਬਹਾਲੀ ਦੀ ਸੀ, ਜਿਸ ਵੱਲ ਭਾਜਪਾ ਨੇ ਕੋਈ ਖ਼ਾਸ ਧਿਆਨ ਨਾ ਦਿੱਤਾ। ਇਸ ਦੇ ਉਲਟ ਆਪਣੇ ਲੀਡਰਾਂ ਅਤੇ ਵਰਕਰਾਂ ਸਮੇਤ ਬਿਸਤਰ ਚੁੱਕ ਗੁਜਰਾਤ ਚੋਣਾਂ 'ਚ ਪਹੁੰਚ ਗਏ।

'ਹੁਣ ਨਹੀਂ ਤਾਂ ਫਿਰ ਕਦੇ ਨਹੀਂ' ਦੇ ਨਾਅਰੇ ਹੇਠ ਗੁਜਰਾਤ ਦੀਆਂ ਅਸੰਬਲੀ ਚੋਣਾਂ ਅਤੇ ਦਿੱਲੀ ਦੀਆਂ ਐੱਮ ਸੀ ਡੀ ਚੋਣਾਂ ਭਾਜਪਾ ਲੜ ਰਹੀ ਹੈ। ਸ਼ਹਿਰਾਂ ਦੀਆਂ ਐੱਮ ਸੀ ਚੋਣਾਂ ਪਿੰਡਾਂ ਵਿੱਚ ਪੰਚਾਇਤਾਂ ਵਾਂਗ ਸਭ ਤੋਂ ਵੱਡੀ ਇਕਾਈ ਹੁੰਦੀ ਹੈ, ਪਰ ਇਹਨਾਂ ਚੋਣਾਂ ਵਿੱਚ ਭਾਜਪਾ ਕੇਂਦਰੀ ਮੰਤਰੀਆਂ, ਸੂਬਿਆਂ ਦੇ ਮੁੱਖ ਮੰਤਰੀਆਂ ਤੱਕ ਝੋਕ ਰਹੀ ਹੈ, ਇਸ ਨੂੰ ਭਾਜਪਾ ਦੀ ਤਿਆਰੀ ਵੀਂ ਤੇ ਭਾਜਪਾ ਦੀ ਅੰਦਰਲੀ ਘਬਰਾਹਟ ਵੀ ਕਿਹਾ ਜਾ ਸਕਦਾ ਹੈ। ਤਿਆਰੀ ਇਸ ਕਰਕੇ ਕਿ ਇਹ ਪਾਰਟੀ ਆਪਣੇ ਆਪ ਨੂੰ ਸਭ ਤੋਂ ਵੱਡੇ ਕੇਡਰ ਦੀ ਪਾਰਟੀ ਆਖ ਰਹੀ ਹੈ, ਜੋ ਆਮ ਕਰਕੇ ਚੋਣਾਂ 'ਚ ਬੂਥ ਤੱਕ ਕੇਡਰ ਨੂੰ ਟ੍ਰੇਨਿੰਗ ਦਿੰਦੀ ਹੈ ਅਤੇ ਤਾਇਨਾਤੀ ਕਰਦੀ ਹੈ। ਸਾਰੇ ਤਰ੍ਹਾਂ ਦੇ ਸਾਧਨ ਕਰਕੇ ਕੇਡਰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਇਆ ਜਾਂਧਾ ਹੈ। ਅੰਦਰੂਨੀ ਘਬਰਾਹਟ ਇਸ ਕਰਕੇ ਕਿ ਚੇਤੇ ਦੇ ਖਿਡਾਰੀ ਸਭ ਚੇਤਾ ਰੱਖਦੇ ਹਨ ਕਿ ਪਿਛਲੀਆਂ ਚੋਣਾਂ 'ਚ ਜਿਉਂ-ਜਿਉਂ ਗੁਜਰਾਤ 'ਚ ਵੋਟਾਂ ਪੈਣਦੀ ਫੀਸਦੀ ਘਟੀ ਹੈ, ਉਹ ਚਾਹੇ 2012 ਹੋਵੇ ਜਾਂ 2017 ਹੋਵੇ, ਫੀਸਦੀ ਘਟਣ ਨਾਲ ਬੀ ਜੇ ਪੀ ਦੀਆਂ ਸੀਟਾਂ ਵੀ ਘਟਦੀਆਂ ਰਹੀਆਂ। ਬੀ ਜੇ ਪੀ ਲਗਾਤਾਰ ਗੁਜਰਾਤ 'ਚ ਹੁਕਮਰਾਨ ਪਾਰਟੀ ਹੋਣ ਕਰਕੇ ਵੀ ਸੁੰਘੜਦੀ ਰਹੀ ਹੈ। ਇਸ ਵਾਰ ਜੋਪਹਿਲੀ ਵਾਰ ਦੀ ਪੋਲਿੰਗ ਹੋਈ ਹੈ, ਜਿਸ ਵਿੱਚ 2017 ਨਾਲੋਂ ਫੀਸਦੀ ਘਟੀ ਹੈ। ਉਸ ਨੇ ਭਾਜਪਾ ਦੀ ਨੀਂਦ ਹਰਾਮ ਕਰ ਦਿੱਤੀ ਹੈ। ਇਸੇ ਕਰਕੇ ਇਸ ਵਾਰ ਪ੍ਰਧਾਨ ਮੰਤਰੀ ਨੇ ਪ੍ਰਚਾਰ ਦੀ ਕਮਾਨ ਆਪਣੇ ਹੱਥ ਵਿੱਚ ਲੈ ਕੇ ਦਿਨ-ਰਾਤ ਪ੍ਰਚਾਰ ਅਤੇ ਰੋਡ-ਮਾਰਚ ਰਾਤ ਤੱਕ ਕਰਕੇ ਆਪਣੇ ਆਪ ਨੂੰ ਅਤੇ ਆਪਣੇ ਸਾਥੀਆਂ ਨੂੰ ਹੌਸਲਾ ਦੇਣਦੀ ਕੋਸ਼ਿਸ਼ ਕੀਤੀ ਹੈ। ਇਹ ਕੋਸ਼ਿਸ਼ ਕਿੰਨੀ ਕਾਮਯਾਬ ਰਹਿੰਦੀ ਹੈ, ਕੀ ਚੰਦ ਚੜ੍ਹਾਉਂਦੀ ਹੈ, ਇਸ ਸਭ ਦਾ ਪਤਾ ਤਾ ਅੱਠ ਦਸੰਬਰ ਨੂੰ ਲੱਗੇਗਾ।

ਇਹਨਾਂ ਚੋਣਾਂ 'ਚ ਕਾਂਗਰਸ ਨੇ ਆਮ ਕਰਕੇ ਨਵਾਂ ਤਜਰਬਾ ਇਹ ਕੀਤਾ ਹੈ ਕਿ ਉਸ ਨੇ ਸਭ ਥਾਈਂ ਸਿਖਰਲੀ ਲੀਡਰਸ਼ਿਪ ਦਾ ਪ੍ਰਯੋਗ ਘੱਟ ਕਰਕੇ ਸੂਬੇ ਦੀ ਅਤੇ ਲੋਕਲ ਲੀਡਰਸ਼ਿਪ ਉਤਾਰੀ ਹੈ। ਉਸ ਨੇ ਵੱਧ ਤੋਂ ਵੱਧ ਜਨਤਾ ਦੇ ਮੁੱਦੇ ਉਛਾਲੇ ਹਨ, ਜਿਸ ਪਾਰਟੀ ਨੂੰ ਭਾਜਪਾ ਅਤੇ ਆਮ ਆਦਮੀ ਪਾਰਟੀ ਖਤਮ ਹੋਈ, ਕਮਜ਼ੋਰ ਹੋਈਪਾਰਟੀ ਸਮਝਦੇ ਹਨ, ਪੁਰਾਣੀ ਪਾਰਟੀ ਹੋਣ ਕਰਕੇ ਉਹ ਲੋਕਾਂ ਅਤੇ ਆਮ ਜਨਤਾ ਦੇ ਮਨਾਂ ਵਿੱਚੋਂ ਖਤਮ ਨਹੀਂ ਕੀਤੀ ਜਾ ਸਕਦੀ। ਭਾਰਤ ਜੋੜੋ ਦੀਆਂ ਭੀੜਾਂ, ਸਪੀਚਾਂ, ਉਠਾਏ ਗਏ ਮੁੱਦੇ ਕੀ ਰੰਗ ਦਿਖਾਉਂਦੇ ਹਨ, ਇਸ ਸਭ ਦਾ ਨਤੀਜਿਆਂ ਤੋਂ ਬਾਅਦ ਪਤਾ ਲੱਗੇਗਾ।

'ਆਪ' ਪਾਰਟੀ, ਜਿਹੜੀ ਆਮ ਆਦਮੀ ਪਾਰਟੀ ਕਰਕੇ ਜਾਣੀ ਜਾਂਦੀ ਹੈ, ਜਿਹੜੀ ਗੁਜਰਾਤ 'ਚ ਤੀਜੀ ਧਿਰ ਬਣ ਕੇ ਉਭਰੀ ਹੈ, ਜਿਸ ਨੇ ਵੀ ਆਪਣੀ ਸਮਰੱਥਾ ਮੁਤਾਬਕ ਜ਼ੋਰ ਲਾ ਦਿੱਤਾ ਹੈ। ਇਸ ਨੇ ਵੀ ਵੱਡੇ-ਵੱਡੇ ਰੋਡ ਸ਼ੋਅ ਕਰਕੇ ਜਨਤਾ ਵਿੱਚ ਹਾਜ਼ਰੀ ਲੁਆਈ ਹੈ। ਜਿਸ ਦਾ ਮੁਖੀਆ ਵੀ ਗੱਲਾਂਬਾਤਾਂ ਵਿੱਚ ਮੋਦੀ ਨੂੰ ਕਾਫੀ ਟੱਕਰ ਦੇ ਰਿਹਾ ਹੈ, ਜਿਸ ਨੇ ਵੀ ਗੁਜਰਾਤ ਦੇ ਕੁਝ ਇਲਾਕਿਆਂ ਵਿੱਚ ਹੁਕਮਰਾਨ ਪਾਰਟੀ ਦੀ ਨੀਂਦ ਹਰਾਮ ਕਰ ਰੱਖੀ ਹੈ, ਜਿਸ ਦਾ ਮੁਖੀ ਵੀ ਵਾਅਦੇ ਕਰਨ ਤੋਂ ਕਿਸੇ ਤਰ੍ਹਾਂ ਵੀ ਮੋਦੀ ਤੋਂ ਪਿੱਛੇ ਨਹੀਂ। ਜਿਹੜਾ ਇਹਨਾਂ ਚੋਣਾਂ ਤੋਂ ਪਹਿਲਾਂ ਐੱਮ ਸੀ ਚੋਣਾਂ 'ਚ ਆਪਣਾ ਖਾਤਾ ਖੋਲ੍ਹ ਬੈਠਾ ਹੈ। ਜਿਹੜਾ ਹਰ ਬਿਮਾਰੀ ਦਾ ਇਲਾਜ ਕਰਨ ਦਾ ਵਾਅਦਾ ਕਰਦਾ ਹੈ, ਅਸਲ ਵਿੱਚ ਉਸ ਦੇ ਪੱਲੇ ਕੀ ਹੈ, ਇਸ ਦਾ ਪਤਾ ਚੋਣ ਨਤੀਜਿਆਂ ਦਾ ਪਟਾਰਾ ਖੁੱਲ੍ਹਣ ਤੋਂ ਬਾਅਦ ਲੱਗੇਗਾ।

ਦਿੱਲੀ 'ਚ ਐਮ ਸੀ ਡੀ ਚੋਣਾਂ ਦਾ ਪ੍ਰਚਾਰ ਵੀ ਕਿਸੇ ਅਸੰਬਲੀ ਜਾਂ ਪਾਰਲੀਮੈਂਟ ਚੋਣ ਪ੍ਰਚਾਰ ਤੋਂ ਘੱਟ ਨਹੀਂ ਹੈ। ਸਮੇਂ ਤੱਕ ਕਾਂਗਰਸ, ਜੋ ਅਕਸਰ ਘੱਟ ਸਰਗਰਮ ਰਹਿੰਦੀ ਹੈ, ਸਭ ਪਾਰਟੀਆਂ ਨੇ ਇਹਨਾਂ ਚੋਣਾਂ ਵਿੱਚ ਆਪੋ-ਆਪਣਾ ਸਭ ਕੁਝ ਦਾਅ 'ਤੇ ਲਾ ਦਿੱਤਾ ਅਤੇ ਇਸ ਕਰਕੇ ਪ੍ਰਚਾਰ ਲਈ ਵੀ ਦਿਨ-ਰਾਤ ਇੱਕ ਕਰ ਦਿੱਤਾ ਹੈ। ਲੱਗਭੱਗ ਇਹਨਾਂ ਚੋਣਾਂ 'ਚ ਬਹੁਮਤ ਹਾਸਲ ਕਰਨ ਲਈ ਸਭ ਪਾਰਟੀਆਂ ਨੇ ਆਪਣਾ ਵੱਕਾਰ ਬਣਾ ਲਿਆ ਹੈ। ਬੀ ਜੇ ਪੀ ਇਹਨਾਂ ਚੋਣਾਂ 'ਤੇ ਮੁੜ ਕਾਬਜ਼ ਹੋਣ ਲਈ 'ਆਪਣੇ ਨੱਕ ਦ ਸਵਾਲ' ਬਣਾ ਲਿਆ ਹੈ। ਉਹ ਇਸ ਕਰਕੇ ਕਿ ਉਹ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ, ਦੂਜਾ ਇਸ ਕਰਕੇ ਕਿ ਪਹਿਲਾਂ ਤੋਂ ਹੀ ਐੱਮ ਸੀਡੀ 'ਤੇ ਕਾਬਜ਼ ਹੈ। ਇਸ ਕਰਕੇ ਕਿ ਐਤਕੀਂ ਕਿਤੇ ਹੱਥੋਂ ਨਾ ਨਿਕਲ ਜਾਵੇ। ਤੀਜਾ, ਇਹਨਾਂ ਚੋਣਾਂ ਵਿੱਚ ਉਸ ਨੇ ਆਪਣੇ ਸਾਰੇ ਪ੍ਰਦੇਸ਼ਾਂ ਦੇ ਮੁੱਖ ਮੰਤਰੀ ਅਤੇ ਕੇਂਦਰੀ ਮੰਤਰੀ ਝੋਕ ਦਿੰਤੇ ਹਨ। ਝੁੱਕੀਆਂ ਵਾਲਿਆਂ ਨੂੰ ਪੱਕੇ ਮਕਾਨਾਂ ਦਾ ਲਾਰਾ ਤੱਕ ਲਾ ਦਿੱਤਾ ਹੈ। ਚੌਥਾ, ਸੱਚੇ ਜਾਂ ਝੂਠੇ ਕੇਸਾਂ ਵਿੱਚ ਆਪ ਪਾਰਟੀ ਘਿਰੀ ਹੋਈ ਹੈ, ਉਹ ਪਾਰਟੀ ਦੇ ਮੰਤਰੀ ਅਤੇ ਐੱਮ ਐੱਲ ਏ ਤੱਕ ਨੂੰ ਜੇਲ੍ਹ ਦਿਖਾ ਦਿੱਤੀ ਹੈ। ਪੰਜਵਾਂ, ਕੇਂਦਰ ਵਿੱਚ ਅਸੀਂ ਕਾਬਜਡ ਹੋਈਏ, ਪੁਲਸ ਮਹਿਕਮਾ ਸਾਡੇ ਪਾਸ ਹੋਵੇ, ਹਿੰਦੂ-ਮੁਸਲਮਾਨ ਅਸੀਂ ਕਰ ਰਹੀਏ ਹੋਈਏ, ਗੋਦੀ ਮੀਡੀਆ ਸਾਡਾ ਹੋਵੇ, ਐੱਨ ਡੀ ਟੀ ਵੀ ਅਸੀਂ ਖਰ ਲਿਆ ਹੋਵੇ, ਜੇ ਫਿਰ ਵੀ ਪਿੱਠ ਲੱਗ ਜਾਵੇ ਤਾਂ ਇਸ ਤੋਂ ਵੱਡੀ ਨਮੋਸ਼ੀ ਕੀ ਹੋਵੇਗੀ?

ਉੱਧਰ ਇਹਨਾਂ ਚੋਣਾਂ 'ਚ ਕੇਜਰੀਵਾਲ ਨੇ ਆਪਣੇ ਪ੍ਰਚਾਰ ਰਾਹੀਂ 'ਕੂੜੇ ਦਾ ਹਿਮਾਲਿਆ' ਮੁੱਦਾ ਏਨਾ ਵੱਡਾ ਕਰ ਦਿੱਤਾ ਹੈਕਿ ਭਾਜਪਾ ਸੋਚਾਂ 'ਚ ਹੈ। ਇਸ ਮਾਮਲੇ 'ਚ ਕੇਜਰੀਵਾਲ ਪਾਸ ਗੁਆਉਣ ਲਈ ਕੁਝ ਵੀ ਨਹੀਂ ਹੈ। ਭਾਜਪਾ ਪਹਿਲਾਂ ਹੀ ਐੱਮ ਸੀ ਡੀ 'ਤੇ ਕਾਬਜ਼ ਹੈ। ਸਭ ਜਾਣਦੇ ਹਨ ਕਿ ਕੂੜੇ ਦਾ ਪ੍ਰਬੰਧ ਕਰਨਾ ਐੱਮ ਸੀ ਡੀ ਦਾ ਕੰਮ ਹੁੰਦਾ ਹੈ। ਐੱਮ ਸੀ ਡੀ ਚੋਣਾਂ 'ਚ ਸਥਾਨਕ ਮੁੱਦੇ ਭਾਰੂ ਹੁੰਦੇ ਹਨ। ਬਾਕੀ ਕਾਂਗਰਸੀਆਂ ਨੇ ਸੋਚਣਾ ਹੈ ਕਿ ਅਗਰ ਸ਼ੀਲਾ ਦੀਕਸ਼ਤ ਜਨਤਾ ਦੀ ਅੱਖ ਦਾ ਤਾਰਾ ਰਹਿ ਸਕਦੀ ਹੈ ਤਾਂ ਹੁਣ ਦੀ ਕਾਂਗਰਸ ਲੀਡਰਸ਼ਿਪ ਨੂੰ ਕੀ ਸੁੰਘ ਗਿਆ ਹੈ ਕਿ ਉਹ ਇਹਨਾਂ ਛੋਟੀਆਂ-ਛੋਟੀਆਂ ਚੋਣਾਂ 'ਚ ਆਪਣਾ ਬਣਦਾ ਹਿੱਸਾ ਕਿਉਂ ਨਹੀਂ ਜਨਤਾ ਤੋਂ ਵਸੂਲ ਰਹੀ। ਅਖੀਰ ਕਿਸ ਪਾਸ ਕੀ ਹੈ? ਇਹ ਜਾਨਣ ਲਈ ਸਾਨੂੰ ਅੱਠ ਦਸੰਬਰ ਤੱਕ ਉਡੀਕ ਕਰਨੀ ਪਵੇਗੀ।

*ਸੰਪਰਕ : 98721-65741*

# ਪੰਜਾਬ ਦੇ ਖ਼ਾਮੋਸ਼ ਉਜਾੜੇ ਦੀਆਂ ਤੈਹਾਂ

### ਅਜੋਕਾ ਵਰਤਾਰਾ
### ਪ੍ਰੋ. ਕੁਲਵੰਤ ਸਿੰਘ ਔਜਲਾ

ਪੰਜਾਬ ਦੀ ਰਚਨਾਤਮਿਕ ਸੰਵੇਦਨਾ ਤੇ ਸ਼ਕਤੀ ਬੁੱਢੀ ਤੇ ਬੇਤਾਲ ਹੋ ਗਈ ਹੈ। ਵਕਤ ਦੇ ਚਾਲੂ ਤੇ ਚਲੰਤ ਹੋ ਜਾਣ ਦੇ ਸਿੱਟੇ ਵਜੋਂ ਹਰ ਕਿੱਤਾ ਤੇ ਕਾਰਜ ਸੱਚੇ ਸੌਦੇ ਦਾ ਵਪਾਰ ਨਹੀਂ ਰਿਹਾ। ਆਪਣਾ ਮਾਲ ਧੜਾਧੜ ਵੇਚਣ ਦੇ ਆਲਮ ਵਿੱਚ ਸੰਸਥਾਵਾਂ, ਸਿਧਾਂਤ ਤੇ ਸੰਕਲਪ ਖੋਖਲੇ ਤੇ ਖਾਬਹੀਣ ਹੋ ਗਏ ਹਨ। ਵਿਗਿਆਪਨੀ ਲੋੜ ਤੇ ਲਾਲਸਾ ਨੇ ਹਰ ਵਸਤੂ ਤੇ ਵਰਤਾਰੇ ਨੂੰ ਮੰਡੀ ਦਾ ਮਾਲ ਬਣਾ ਦਿੱਤਾ ਹੈ। ਮੰਦਰਾਂ, ਗੁਰਦੁਆਰਿਆਂ, ਡੇਰਿਆਂ, ਮੱਠਾਂ ਤੇ ਮਸਜਿਦਾਂ ਦੀ ਸਜਾਵਟ ਲਈ ਕਰੋੜਾਂ ਰੁਪਏ ਦਾ ਸੋਨਾ ਇਸਤੇਮਾਲ ਹੋ ਰਿਹਾ ਹੈ, ਪਰ ਸਹੁੰ ਖਾਣ ਲਈ ਇੱਕ ਵੀ ਫ਼ਕੀਰ, ਦਰਵੇਸ਼, ਪੈਗੰਬਰ ਜਾਂ ਔਲੀਆ ਨਹੀਂ ਲੱਭਦਾ। ਜਦੋਂ ਮਿੱਟੀਆਂ ਦੀ ਤਾਸੀਰ ਅਮਾਨਵੀ ਤੇ ਆਤੰਕੀ ਹੋ ਜਾਵੇ, ਉਦੋਂ ਮਹਾਨ ਪ੍ਰਤਿਭਾਵਾਂ ਦਾ ਆਭਾਵ ਹੋ ਜਾਂਦਾ ਹੈ। ਪੁਰਖਿਆਂ ਦੇ ਇਲਮ ਤੇ ਇਲਹਾਮ ਦੀ ਕੁੱਖੋਂ ਪੈਦਾ ਹੋਈਆਂ ਰਵਾਇਤਾਂ ਤੇ ਰਮਜ਼ਾਂ ਮੁਕ ਹੋ ਜਾਂਦੀਆਂ ਹਨ। ਹਰ ਕੋਈ ਆਪਣੇ ਆਪ ਨੂੰ ਸੱਚਾ-ਸੁੱਚਾ ਤੇ ਸਮਝਦਾਰ ਸਿੱਧ ਕਰਨ ਦੀ ਦੌੜ ਵਿੱਚ ਮਸ਼ਰੂਫ ਹੋ ਜਾਂਦਾ ਹੈ, ਨਸੀਹਤਾਂ, ਮਸ਼ਵਰੇ, ਦਾਅਵੇ ਤੇ ਗਿਆਨ ਥਾਂ-ਥਾਂ ਵਿਕਣ ਲੱਗਦਾ ਹੈ। ਖੁਦ ਨੂੰ ਖ਼ੁਦਾ ਸਮਝਣ ਵਾਲੇ ਲੋਕਾਂ ਕੋਲ ਸਭ ਕੁਝ ਹੁੰਦਾ ਪਰ ਦਿਲ ਨਹੀਂ ਹੁੰਦਾ। ਦਿਲੋਂ ਬੋਲਣਾ ਤੇ ਲਿਖਣਾ ਅੱਜ ਦਾ ਰਿਵਾਜ ਨਹੀਂ। ਦਿਲ ਨਾ ਹੋਵੇ ਤਾਂ ਸੁਪਨੇ, ਸਿਧਾਂਤ ਤੇ ਸਟੇਟਾਂ ਧੜਕਦੇ ਨਹੀਂ। ਸਿਰਫ਼ ਖ਼ਾਨਾਪੂਰਤੀ ਕਰਦੇ ਹਨ।

ਦਿਲ ਪਤਾ ਨਹੀਂ ਕਿਉਂ ਦਿਲਗੀਰ ਨਹੀਂ ਹੁੰਦਾ
ਪੂਰਨ ਪੁੱਤ ਪੰਜਾਬ ਦਾ ਹੁਣ ਫ਼ਕੀਰ ਨਹੀਂ ਹੁੰਦਾ
ਜਿਸ ਦੇ ਲਹੂ ਵਿੱਚੋਂ ਜੋਸ਼ ਤੇ ਜਜ਼ਬਾ ਮੁੱਕ ਜਾਵੇ
ਉਸ ਮਿੱਟੀ ਵਿੱਚੋਂ ਉਤਪੰਨ ਸੂਰਬੀਰ ਨਹੀਂ ਹੁੰਦਾ
ਉਹ ਅਸਥਾਨ ਨਿਰੇ ਸੰਗਮਰਮਰੀ ਰਹਿ ਜਾਂਦੇ
ਜਿਨ੍ਹਾਂ ਦੀਆਂ ਨੀਹਾਂ ਵਿੱਚ ਮੀਆਂ ਮੀਰ ਨਹੀਂ ਹੁੰਦਾ

ਖ਼ਾਨਾਪੂਰਤੀਆਂ ਖ਼ਾਬਾਂ ਨੂੰ ਜੀਊਂਦੇ ਨਹੀਂ ਰਹਿਣ ਦਿੰਦੀਆਂ। ਖ਼ਾਬ ਨਾ ਹੋਣ ਤਾਂ ਵਿਧੀਆਂ ਤੇ ਵਿਧਾਨ ਰੁਟੀਨ ਵਰਕ ਬਣ ਜਾਂਦੇ ਹਨ। ਗਹਿਰੀਆਂ ਤੇ ਗੁੱਝੀਆਂ ਬਾਤਾਂ ਪਾਉਣ ਵਾਲੇ ਦਿਲਾਂ ਦੀਆਂ ਨਾੜਾਂ ਜਾਮ ਹੋ ਜਾਂਦੀਆਂ ਹਨ। ਇੱਕ ਦਿਨ ਲੋਰ ਵਿੱਚ ਆਏ ਵੱਡੇ ਵਿਦਵਾਨ ਨੂੰ ਮੈਂ ਪੁੱਛ ਬੈਠਾ ਕਿ ਸਾਹਿਤ ਅਕਾਦਮੀ ਪੁਰਸਕਾਰ ਕਿਵੇਂ ਮਿਲਦੇ ਹਨ। ਉਸ ਨੇ ਸਾਹਿਤ ਅਕਾਦਮੀ ਪੁਰਸਕਾਰ ਮਿਲਣ ਦੇ ਵਿਧੀ ਵਿਧਾਨ ਬਾਰੇ ਲੰਮਾ-ਚੌੜਾ ਵਿਖਿਆਨ ਕੀਤਾ। ਵਿਖਿਆਨ ਸੁਣ ਕੇ ਮੈਂ ਕਿਹਾ ਕਿ ਇਸ ਪ੍ਰਕਾਰ ਤਾਂ ਕਿਸੇ ਵੀ ਸਹੀ ਰਚਨਾ ਨੂੰ ਇਨਾਮ ਨਹੀਂ ਮਿਲ ਸਕਦਾ। ਸ਼ਰੀਫ਼ ਤੇ ਸਾਊ ਬੰਦਾ ਏਨਾ ਤਰੱਦਦ ਕਿਥੋਂ ਕਰੇਗਾ। ਵਿਦਵਾਨ ਹਲਕਾ ਮੁਸਕਰਾਇਆ ਤੇ ਬੋਲਿਆ, ਜਿਨ੍ਹਾਂ ਨੂੰ ਇਨਾਮ ਮਿਲਣੇ ਹੁੰਦੇ ਨੇ, ਉਹ ਸਭ ਵਿਧੀ ਵਿਧਾਨ ਜਾਣਦੇ ਨੇ। ਵਿਧੀਆਂ ਵਿਧਾਨ ਬਣਾਏ ਇਸ ਤਰੀਕੇ ਜਾਂਦੇ ਨੇ ਕਿ ਇਹ ਆਮ ਬੰਦਿਆਂ ਦੀ ਪਹੁੰਚ ਤੇ ਪਕੜ ਵਿੱਚ ਨਾ ਰਹਿਣ।

ਵਿਧੀਆ ਵਿਧਾਨ ਸਿਸਟਮ ਤੇ ਸੰਵਿਧਾਨ ਨੂੰ ਨਿਰਜਿੰਦ ਕਰ ਦਿੰਦੇ ਹਨ। ਬਾਰੀਂ ਕੋਹੀਂ ਵੀ ਦੀਵਾ ਜਗਦਾ ਨਜ਼ਰ ਨਹੀਂ ਆਉਂਦਾ। ਨਿਆਂ, ਕਾਨੂੰਨ, ਸੁਰੱਖਿਆ, ਸਿੱਖਿਆ, ਸਿਹਤ ਤੇ ਸੁਪਨੇ ਵਿਧੀਆਂ ਵਿਧਾਨਾਂ ਦੇ ਕਾਰੋਬਾਰੀ ਮਨਸੂਬਿਆਂ ਦੇ ਗੁਲਾਮ ਬਣ ਜਾਂਦੇ ਹਨ। ਕੁਸਕਦੇ ਹਨ, ਪਰ ਬੋਲ ਨਹੀਂ ਸਕਦੇ। ਤਕੜਿਆਂ ਦਾ ਸੱਤੀਂ ਵੀਹੀਂ ਸੌ ਹਮੇਸ਼ਾ ਹੁੰਦਾ ਹੈ, ਪਰ ਅਜੋਕੇ ਦੌਰ ਵਿੱਚ ਇਸ ਦਾ ਰੂਪ ਤੇ ਰਵੱਈਆ ਤਾਨਾਸ਼ਾਹ ਹੋ ਗਿਆ ਹੈ। ਇਹ ਦੌਰ ਤਨ ਤੇ ਤਕਨੀਕ ਦੀ ਪ੍ਰਭੁਤਾ ਦਾ ਦੌਰ ਹੈ। ਛੁਪੇ ਰਹਿਣ ਦੀ ਚਾਹ ਚੂਰ-ਚੂਰ ਹੋ ਗਈ ਹੈ। ਗ਼ਲਤ ਮੁੱਲਾਂ ਤੇ ਮਾਨਤਾਵਾਂ ਨੂੰ ਧੱਕੇ ਨਾਲ ਵੇਚਣ ਦਾ ਵਣਜ ਅਜੋਕੇ ਸਮੇਂ ਦਾ ਮਨਭਾਉਂਦਾ ਵਰਤਾਰਾ ਹੈ। ਹਰ ਧੰਦਾ ਵੇਸਵਾ ਦੇ ਧੰਦੇ ਨਾਲੋਂ ਵੀ ਬਦਨਾਮ ਤੇ ਬਦਇਖ਼ਲਾਕ ਹੋ ਗਿਆ ਹੈ। ਤਰ੍ਹਾਂ-ਤਰ੍ਹਾਂ ਦੇ ਮਾਫ਼ੀਏ ਉੱਗ ਆਏ ਹਨ। ਮਾਫ਼ੀਏ ਦੇ ਕਾਰੋਬਾਰ ਨੂੰ ਸਿਸਟਮ ਤੇ ਸਿਆਸਤ ਦੀ ਸ਼ਹਿ ਮਿਲਦੀ ਹੈ। ਮਾਫ਼ੀਆ ਵਕਤ ਨੂੰ ਡਿਕਟੇਟ ਕਰਦਾ ਹੈ। ਏਸੇ ਕਰਕੇ ਚੈਨਲਾਂ ਉੱਤੇ ਨੰਗੇਜ ਵਿਕਦਾ ਹੈ। ਏਸੇ ਕਰਕੇ ਦਰਿਆਵਾਂ ਦੀ ਰੇਤ ਲਈ ਆਪਸੀ ਖਿੱਚੋਤਾਣ ਚੱਲ ਰਹੀ ਹੈ। ਕੂੜ ਫਿਰੇ ਪ੍ਰਧਾਨ ਵੇ ਲਾਲੋ ਵਰਗੇ ਬੇਬਾਕ ਤੇ ਬੁਲੰਦ ਬੋਲ ਬੋਲਣ ਵਾਲਾ ਕੋਈ ਨਹੀਂ। ਬੇਪੀਰ ਹੋ ਗਏ ਇਸ ਜ਼ਮਾਨੇ ਵਿੱਚ ਸੱਚ ਦਾ ਅਕਸ ਗੰਧਲਾ ਹੋ ਗਿਆ। ਫੇਸਬੁੱਕਾਂ, ਵਟਸਐਪਾਂ ਅਤੇ ਯੂਟਿਊਬਾਂ ਦੇ ਮੈਦਾਨ ਵਿੱਚ ਵਿਅਕਤੀਗਤ ਸਰਦਾਰੀਆਂ, ਸ਼ੋਹਰਤਾਂ, ਸਿਆਣਪਾਂ ਤੇ ਸੰਵਾਦ ਜ਼ੋਰ-ਜ਼ੋਰ ਨਾਲ ਚੀਕ ਰਹੇ ਹਨ।

ਹੋ ਗਈ ਅਤਿ ਅਖ਼ੀਰ ਵੇ ਲਾਲੋ
ਵਕਤ ਹੋਇਆ ਬੇਪੀਰ ਵੇ ਲਾਲੋ
ਦੁੱਧ ਚਿੱਟੇ ਪਹਿਰਾਵਿਆਂ ਵਾਲੇ
ਰੱਬ ਦੇ ਬਣੇ ਵਜ਼ੀਰ ਵੇ ਲਾਲੋ
ਹਰ ਕਿਸੇ ਕੋਲ ਗੈਂਗ ਤੇ ਗੁੰਡੇ
ਹਰ ਇੱਕ ਕੋਲ ਵਹੀਰ ਵੇ ਲਾਲੋ

ਕੋਈ ਕਿਸੇ ਨੂੰ ਟੋਕਣ ਵਾਲਾ ਨਹੀਂ। ਧਰਮ ਤੇ ਸਿਆਸਤ ਵਿੱਚ ਸਾਦਗੀ ਤੇ ਸਾਫ਼ਗੋਈ ਦੀ ਥਾਂ ਪਹਿਰਾਵਿਆਂ ਤੇ ਪਦਵੀਆਂ ਦਾ ਤਾਨਾਸ਼ਾਹੀ ਬੋਲਬਾਲਾ ਹੈ। ਲੜਾਈਆਂ, ਝਗੜੇ ਤੇ ਵਾਦਵਿਵਾਦ ਮੋਬਾਈਲ ਸਕਰੀਨਾਂ ਉੱਤੇ ਹੋ ਰਹੇ ਹਨ। ਬੰਦਾ ਜ਼ਮੀਨ ਨਾਲੋਂ ਟੁੱਟ ਗਿਆ ਹੈ। ਸਸਤੇ ਤੇ ਸ਼ੋਸ਼ੇਬਾਜ਼ ਲੋਕ ਹਰ ਖੇਤਰ ਵਿੱਚ ਛਾਏ ਹੋਏ ਹਨ। ਪੰਜਾਬ ਦੀ ਚਿੰਤਾ ਵਿਰਲੇ-ਵਿਰਲੇ ਕਿਸੇ ਸਾਊ ਨੂੰ ਹੋ ਸਕਦੀ ਹੈ, ਪਰ ਬਹੁਗਿਣਤੀ ਲੋਕ ਉਜੜਨ ਤੇ ਉਜਾੜਨ ਦੀ ਸਿਆਸਤ ਕਰ ਰਹੇ ਹਨ। ਡੰਗ ਟਪਾਊ ਸਿਆਸਤ ਨਾਲ ਵਕਤ ਲੰਘਾਉਣ ਵਾਲੇ ਨੇਤਾਵਾਂ ਨੂੰ ਰੂਹੀਣ ਤੇ ਰੇਗਿਸਤਾਨ ਹੋ ਰਹੇ ਪੰਜਾਬ ਨਾਲ ਕੋਈ ਲਗਾਉ ਨਹੀਂ। ਪਾਣੀਆਂ, ਹਵਾਵਾਂ, ਮਿੱਟੀਆਂ ਨਾਲੋਂ ਜ਼ਹਿਰੀਲੀ ਹੋ ਗਈ ਹੈ ਮਨਾਂ ਮਸਤਕਾਂ ਦੀ ਮਿੱਟੀ। ਲੋਕ ਆਪਣੇ ਕਿਰਦਾਰ, ਕਿੱਤੇ ਤੇ ਕਰਮ ਨਾਲੋਂ ਵਫ਼ਾਦਾਰੀਆਂ ਦੇ ਵਣਜ ਨਾਲ ਹਾਲੋ-ਬੇਹਾਲ ਹੋਏ ਪਏ ਹਨ। ਅੱਜ ਏਥੇ ਵਫ਼ਾ, ਕੱਲ੍ਹ ਕਿਤੇ ਹੋਰ ਵਫ਼ਾ। ਵਿਅਕਤੀਗਤ ਸਵਾਰਥ ਤੇ ਸ਼ਨਾਖ਼ਤ ਲਈ ਰਾਤੋ-ਰਾਤ ਬਦਲਣ ਵਾਲੇ ਲੋਕ ਪੰਜਾਬ ਦੇ ਹਿਤੈਸ਼ੀ ਕਿਵੇਂ ਹੋ ਸਕਦੇ ਹਨ। ਕਿਸੇ ਵੇਲੇ ਗੁੜ ਦੀ ਰੋੜੀ ਇਤਬਾਰ ਦੀ ਸੂਚਕ ਹੁੰਦੀ ਸੀ।

ਜੋ ਜੱਦੀ ਪੁਸ਼ਤੀ ਪੰਜੇ ਸਨ ਉਹ ਅਚਨਚੇਤ ਝਾੜੂ ਹੋ ਗਏ
ਜੋ ਜਨਮਜ਼ਾਤ ਤੱਕੜੀ ਸਨ, ਉਹ ਝਟਪਟ ਕਮਲ ਨਿਸ਼ਾਨ ਹੋਣ ਲੱਗੇ
ਦੇਖ ਮੌਲਾ ਤੇਰੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੀਨੀਅਰ ਸਿਟੀਜ਼ਨ-ਵਧ ਰਹੀ ਅਬਾਦੀ, ਤਿਆਰ ਹਾਂ ਅਸੀਂ?

### ਵਾਹ-ਵਾਸਤਾ
### ਡਾ. ਸ਼ਿਆਮ ਸੁੰਦਰ ਦੀਪਤੀ

ਦੇਸ਼ ਦੀ ਕੁੱਲ ਆਬਾਦੀ ਵਿੱਚੋਂ ਇਸ ਵੇਲੇ ਬਜ਼ੁਰਗਾਂ ਦੀ ਗਿਣਤੀ, ਮਤਲਬ ਸੱਠ ਸਾਲ ਤੋਂ ਵੱਡੇ, ਤਕਰੀਬਨ 11 ਫੀਸਦੀ ਹਨ। ਜਿਨ੍ਹਾਂ ਨੂੰ ਇੱਜ਼ਤ ਨਾਲ 'ਸੀਨੀਅਰ ਸਿਟੀਜ਼ਨ' ਕਿਹਾ ਜਾਂਦਾ ਹੈ। ਇੱਕ ਅੰਦਾਜ਼ੇ ਮੁਤਾਬਕ 2050 ਵਿੱਚ ਲੱਗਭੱਗ ਤਿੰਨ ਦਹਾਕਿਆਂ ਬਾਅਦ ਇਹ ਦੁੱਗਣੀ ਹੋ ਜਾਵੇਗੀ। ਹਰ ਪੰਜਵਾਂ ਨਾਗਰਿਕ ਸੀਨੀਅਰ ਸਿਟੀਜ਼ਨ ਹੋਵੇਗਾ। ਦੂਸਰਾ ਪਹਿਲੂ ਇਹ ਹੈ ਕਿ ਇਸ ਵੇਲੇ ਦੇਸ਼ ਦੇ ਲੋਕਾਂ ਦੀ ਔਸਤਨ ਉਮਰ 68 ਸਾਲ ਹੈ ਤੇ ਅਗਲੇ ਤਿੰਨ ਦਹਾਕਿਆਂ ਵਿੱਚ ਪੰਜ ਸਾਲ ਦਾ ਵਾਧਾ ਹੋਵੇਗਾ ਤੇ ਇਹ 73 ਸਾਲ ਹੋ ਜਾਵੇਗੀ। ਤਕਰੀਬਨ 20 ਫੀਸਦੀ ਬੁੱਢੇ ਲੋਕਾਂ ਨੂੰ ਵਧੇਰੇ ਬੁਢਾਪਾ ਘਰਾਂ ਦੀ ਲੋੜ ਪਵੇਗੀ, ਜਿਸ ਦੀ ਮੰਗ ਉੱਠ ਰਹੀ ਹੈ ਜਾਂ ਸਰਕਾਰ ਇਸ ਪਾਸੇ ਸੋਚ ਰਹੀ ਹੈ।

ਬੁਢਾਪਾ ਜੀਵਨ ਦਾ ਇੱਕ ਕੁਦਰਤੀ ਪੜਾਅ ਹੈ। ਇਹ ਸੁਣਦੇ ਆਏ ਹਾਂ ਕਿ ਜੀਵਨ ਦੇ ਤਿੰਨ ਮੁੱਖ ਪੜਾਅ ਹਨ, ਬਚਪਨ, ਜਵਾਨੀ ਤੇ ਬੁਢਾਪਾ। ਭਾਵੇਂ ਕਿ ਅੱਜ ਦੇ ਸਮੇਂ ਵਿੱਚ ਦੋ ਹੋਰ ਅਹਿਮ ਪੜਾਅ, ਅਧੇੜ ਉਮਰ (ਵਿਚਕਾਰਲੀ ਉਮਰ) ਅਤੇ ਕਿਸ਼ੋਰ ਅਵਸਥਾ ਜੁੜ ਗਏ ਹਨ। ਇਸ ਤੋਂ ਅੱਗੇ ਪਰਵਾਰਾਂ ਦੀ ਬਣਤਰ ਵਿੱਚ ਏਕਾਕੀ ਅਤੇ ਸਾਂਝੇ ਪਰਵਾਰਾਂ ਦਾ ਜ਼ਿਕਰ ਹੁੰਦਾ ਹੈ ਤੇ ਨਾਲ ਹੀ ਪਰਵਾਰ ਨੂੰ ਇਸ ਨਜ਼ਰੀਏ ਨਾਲ ਵੀ ਦੇਖਿਆ ਗਿਆ। ਜਿਵੇਂ ਜਨਮ ਵਾਲਾ ਪਰਵਾਰ, ਵਿਆਹ ਨਾਲ ਬਣਿਆ ਪਰਵਾਰ। ਬੱਚਿਆਂ ਦਾ ਪੈਦਾ ਹੋਣਾ, ਜਵਾਨ ਹੋ ਕੇ ਪੜ੍ਹਨ ਜਾਣਾ ਤੇ ਫਿਰ ਵਾਪਸ ਪਰਤ ਆਉਣਾ। ਪਰ ਹੁਣ ਨਵੇਂ ਪਰਿਪੇਖ ਵਿੱਚ ਬੱਚੇ ਪੜ੍ਹਨ ਜਾਂਦੇ ਹਨ ਤੇ ਫਿਰ ਨੌਕਰੀ ਕਰਨ ਜਾਂ ਵਿਦੇਸ਼ਾਂ ਵੱਲ ਕੂਚ ਕਰ ਜਾਂਦੇ ਹਨ ਤੇ ਪਰਤ ਕੇ ਨਹੀਂ ਆਉਂਦੇ। ਪਰਵਾਰ ਦੇ ਪੜਾਅ ਵਿੱਚ ਹੁਣ ਇੱਕ ਆਖਰੀ ਪੜਾਅ ਦਾ ਨਾਂਅ ਹੈ, ਖਾਲੀ ਆਲ੍ਹਣਾ। ਸ਼ਾਇਦ ਇਹ ਵੀ ਇੱਕ ਕਾਰਨ ਹੈ ਜਦੋਂ ਬੁਢਾਪੇ ਘਰਾਂ ਦੀ ਵੱਧ ਲੋੜ ਮਹਿਸੂਸ ਹੋ ਗਈ ਹੈ।

ਇਹ ਨਹੀਂ ਕਿ ਬੱਚੇ ਆਪਣੇ ਨਾਲ ਨਹੀਂ ਲੈ ਕੇ ਜਾਣਾ ਚਾਹੁੰਦੇ ਮਾਪਿਆਂ ਨੂੰ, ਪਰ ਮੁਸ਼ਕਲ ਹੈ ਨਵੇਂ ਥਾਂ 'ਤੇ ਆਪਣੇ-ਆਪ ਨੂੰ ਸੈੱਟ ਕਰ ਪਾਉਣਾ। ਨਵੇਂ ਦਾਇਰੇ ਸਿਰਜਣਾ ਆਦਿ। ਵੈਸੇ ਤਾਂ ਅਸੀਂ ਪਿੰਡਾਂ ਤੋਂ ਸ਼ਹਿਰਾਂ ਵੱਲ ਕੂਚ ਕਰਕੇ, ਨਵੀਆਂ ਕਾਲੋਨੀਆਂ ਵਿੱਚ ਵਸ ਕੇ ਵੀ ਉੱਥੋਂ ਦੇ ਨਹੀਂ ਹੋਏ, ਪਰ ਉਦੋਂ ਘੰਟੇ ਅੱਧੇ ਘੰਟੇ ਦੀ ਦੂਰੀ 'ਤੇ ਵੱਸੇ ਪਿੰਡ ਉਸ ਮੇਲ-ਮਿਲਾਪ ਨੂੰ ਪੂਰਾ ਕਰਦੇ ਹਨ, ਪਰ ਉਹ ਵੀ ਆਰਜ਼ੀ ਹੀ ਹੈ। ਉਸ ਨਾਲ ਨਾ ਹੀ ਮਾਨਸਿਕ ਸੰਤੁਸ਼ਟੀ ਹੁੰਦੀ ਹੈ ਤੇ ਨਾ ਹੀ ਸਮਾਜਿਕ ਮੇਲ-ਮਿਲਾਪ ਦੀ ਭਰਪਾਈ ਹੁੰਦੀ ਹੈ।

ਵਧ ਰਹੀ ਆਬਾਦੀ, ਖਾਸ ਕਰ ਸੀਨੀਅਰ ਸਿਟੀਜ਼ਨ, ਖੁਸ਼ੀ ਦਾ ਸਬੱਬ ਹੈ ਕਿ ਸਾਡੇ ਕੋਲ ਸਿਆਣੇ, ਤਜਰਬੇਕਾਰ ਲੋਕਾਂ ਦੀ ਤਦਾਦ ਹੈ ਤੇ ਅਸੀਂ ਸਮਾਜ ਨੂੰ ਹੋਰ ਬਿਹਤਰ ਬਣਾਉਣ ਲਈ ਉਹਨਾਂ ਦਾ ਤਜਰਬਾ ਵਰਤ ਸਕਦੇ ਹਾਂ, ਪਰ ਅਸੀਂ ਇਸ ਦੀ ਤਿਆਰੀ ਨਹੀਂ ਕੀਤੀ। ਆਪਾਂ ਇਹ ਨਾ ਸਮਝੀਏ ਕਿ ਸਭ ਕੁਝ ਕੁਦਰਤੀ, ਆਪ ਮੁਹਾਰੇ ਹੋ ਜਾਂਦੇ ਹਨ। ਅਸੀਂ ਸਮਾਜ ਨੂੰ ਬਦਲਦੇ ਦੇਖਿਆ ਹੈ ਤੇ ਕੁਝ ਉਚੇਚੇ ਯਤਨਾਂ ਨਾਲ ਵੀ ਬਦਲਿਆ ਹੈ। ਆਪਾਂ ਪਰਵਾਰ ਦੀ ਬਣਤਰ ਦੀ ਗੱਲ ਕੀਤੀ ਹੈ, ਆਪਾਂ ਖਾਲੀ ਆਲ੍ਹਣੇ ਦਾ ਜ਼ਿਕਰ ਕੀਤਾ ਹੈ, ਪਰ ਨਾਲ ਹੀ ਨਵੇਂ ਸੰਚਾਰ ਮਾਧਿਅਮ ਇੰਟਰਨੈੱਟ ਨਜ਼ਰੀਏ ਸਾਹਮਣੇ ਆਏ ਸੋਸ਼ਲ ਮੀਡੀਆ ਦੇ ਰੂਪ ਵੀ ਮਹੱਤਵਪੂਰਨ ਹਨ।

ਪਰ ਇਸ ਸਭ ਦੇ ਨਾਲ ਜੋ ਮਹੱਤਵਪੂਰਨ ਦ੍ਰਿਸ਼ ਹੈ ਕਿ ਬੁਢਾਪਾ, ਜ਼ਿੰਦਗੀ ਦੀ ਢਲਦੀ ਹੋਈ ਉਮਰ ਹੈ। ਕੋਈ ਆਪਣੇ ਆਪ ਨੂੰ ਜਵਾਨ ਬਣਾ ਕੇ ਰੱਖ ਸਕਦਾ ਹੈ, ਪਰ ਜੇ ਕੋਈ ਚਾਹੇ ਕਿ ਮੈਂ ਬੁੱਢਾ ਹੋਣਾ ਹੀ ਨਹੀਂ, ਇਹ ਸੰਭਵ ਨਹੀਂ ਹੈ। ਅਸੀਂ ਇੱਕ ਵਧੀਆ ਸਿਹਤਮੰਦ ਬੁਢਾਪਾ ਜ਼ਰੂਰ ਹੰਢਾ ਸਕਦੇ ਹਾਂ।

ਪਰ ਫਿਲਹਾਲ ਅਜਿਹੇ ਸਮੇਂ ਵਿੱਚ ਸੱਠ ਸਾਲ ਦੀ ਉਮਰ ਤੋਂ ਬਾਅਦ, ਤਕਰੀਬਨ 75% ਲੋਕ ਕਿਸੇ ਨਾ ਕਿਸੇ ਲਾਇਲਾਜ, ਲੰਮੀ ਬਿਮਾਰੀ ਤੋਂ ਪੀੜਤ ਹੁੰਦੇ ਹਨ। ਉਹਨਾਂ ਨੂੰ ਹਰ ਰੋਜ਼ ਕਿਸੇ ਨਾ ਕਿਸੇ ਤਰ੍ਹਾਂ ਦੀ ਦਵਾਈ 'ਤੇ ਨਿਰਭਰ ਰਹਿਣਾ ਪੈਂਦਾ ਹੈ। ਉਂਝ ਕੁਝ ਬਿਮਾਰੀਆਂ ਹਨ, ਬਲੱਡ ਪ੍ਰੈੱਸ਼ਰ ਦਾ ਵਧਣਾ, ਸ਼ੂਗਰ ਰੋਗ, ਦਿਲ ਦੇ ਰੋਗ, ਕੈਂਸਰ, ਪਿਸ਼ਾਬ ਨਾਲ ਜੁੜੀਆਂ ਅਲਾਮਤਾਂ। ਇਸ ਨਾਲ ਜੁੜਦੀ ਸਥਿਤੀ ਹੈ ਕਿ ਤਕਰੀਬਨ ਅੱਧੇ ਬੁੱਢੇ ਲੋਕਾਂ ਨੂੰ ਕਿਸੇ ਨਾ ਕਿਸੇ ਜੋੜ ਦੀ ਤਕਲੀਫ ਹੁੰਦੀ ਹੈ ਤੇ ਜੇਕਰ ਗੋਡਿਆਂ ਦੀ ਸਮੱਸਿਆ ਹੋਵੇ ਤਾਂ ਉਹ ਤੁਰ-ਫਿਰ ਵੀ ਨਹੀਂ ਸਕਦੇ। ਦੂਸਰਾ ਮੁੱਖ ਪਹਿਲੂ ਹੈ, ਚਿੱਟੇ ਮੋਤੀਏ ਦੀ ਸ਼ਿਕਾਇਤ। ਇੱਕ ਸਮੇਂ 'ਤੇ ਤਕਰੀਬਨ 50 ਫੀਸਦੀ ਸੀਨੀਅਰ ਸਿਟੀਜ਼ਨ ਨੂੰ ਚਿੱਟਾ ਮੋਤੀਆ ਹੁੰਦਾ ਹੀ ਹੈ। ਭਾਵੇਂ ਕਿ ਇਹ ਸਭ ਦੇ ਨਾਲ ਹੋਣਾ ਹੈ। ਸਾਹ ਅਤੇ ਫੇਫੜਿਆਂ ਦੀ ਤਕਲੀਫ ਵੀ ਕਾਫੀ ਪਰੇਸ਼ਾਨ ਕਰਦੀ ਹੈ।

ਇਸ ਸਥਿਤੀ ਦਾ ਇੱਕ ਪਹਿਲੂ ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਤਕਰੀਬਨ ਪੰਜ ਲੱਖ ਲੋਕਾਂ ਦਾ ਗੋਡੇ ਬਦਲਣ ਦਾ ਆਪਰੇਸ਼ਨ ਹਰ ਸਾਲ ਹੁੰਦਾ ਹੈ। ਇਹ ਘੱਟ ਲੱਗ ਸਕਦਾ ਹੈ, ਪਰ ਇਸ ਦੀ ਕੀਮਤ ਦੋ ਤੋਂ ਪੰਜ ਲੱਖ ਰੁਪਏ ਹੈ, ਜੋ ਕਿ ਇਸ ਉਮਰ 'ਤੇ ਰਹਿੰਦੇ-ਜੀਉਂਦੇ ਲੋਕਾਂ ਲਈ ਬਹੁਤ ਵੱਧ ਹੈ, ਜਦੋਂ 78% ਫੀਸਦੀ ਲੋਕ ਕਿਸੇ 'ਤੇ ਨਿਰਭਰ ਹੋਣ। ਅੱਖਾਂ ਦੇ ਅਪਰੇਸ਼ਨ ਸਸਤੇ ਵੀ ਹਨ ਤੇ ਉਸ ਦੇ ਲਈ ਸਵੈ-ਸੇਵੀ ਸੰਸਥਾਵਾਂ ਵੀ ਅੱਗੇ ਆ ਜਾਂਦੀਆਂ ਹਨ।

ਸਰੀਰ ਦੀ ਤਕਲੀਫ ਤੋਂ ਵੱਧ ਮਨ ਦੀ ਸਥਿਤੀ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਤਕਰੀਬਨ 71% ਸੀਨੀਅਰ ਸਿਟੀਜ਼ਨ ਉਦਾਸੀ ਦਾ ਸ਼ਿਕਾਰ ਤੇ ਮਾਨਸਿਕ ਸਮੱਸਿਆਵਾਂ ਦੀ ਗਿਣਤੀ ਕਾਫੀ ਵੱਧ ਹੈ, ਜੋ ਕਿ ਇਸ ਤੱਥ ਤੋਂ ਹੋਰ ਸਪੱਸ਼ਟ ਹੋਵੇਗੀ ਕਿ ਇੱਕ ਚੌਥਾਈ ਲੋਕ ਹੀ ਇਹ ਸੀਨੀਅਰ ਸਿਟੀਜ਼ਨ ਕਿਸੇ ਤਰ੍ਹਾਂ ਦੀ ਮਾਨਸਿਕ ਸੁਰੱਖਿਆ ਦੀ ਸੂਚੀ ਵਿੱਚ ਆਉਂਦੇ ਹਨ। ਇਹਨਾਂ ਵਿੱਚ ਵੀ ਇੱਕ ਆਰਾਮਦਾਇਕ ਪੈਨਸ਼ਨ ਲੈਣ ਵਾਲੇ ਤਿੰਨ ਕੁ ਫੀਸਦੀ ਹੀ ਹਨ। ਬਾਕੀ ਸਰਕਾਰਾਂ ਦੀ ਸਮਾਜਿਕ ਸੁਰੱਖਿਆ ਨੀਤੀ ਤਹਿਤ ਬੁਢਾਪਾ ਪੈਨਸ਼ਨ ਲੈ ਰਹੇ ਹਨ, ਜੋ ਕਿ ਸੌ ਤੋਂ ਲੈ ਕੇ ਵੱਧ ਤੋਂ ਵੱਧ 2000 ਰੁਪਏ ਹੈ। ਯੂ ਪੀ ਵਿੱਚ ਇਹ 500 ਰੁਪਏ ਹੈ ਤੇ ਪੰਜਾਬ ਵਿੱਚ 1500 ਰੁਪਏ।

ਹੁਣ ਇਸ ਰਾਸ਼ੀ ਬਾਰੇ ਸੋਚ ਕੇ ਦੇਖੋ, ਜਦੋਂ ਇਸ ਉਮਰ 'ਚ ਹਰ ਰੋਜ਼ ਦਵਾਈ ਦੀ ਲੋੜ ਹੋਵੇ ਤੇ ਨਾਲ ਹੀ ਖੁਰਾਕ ਨੂੰ ਵੀ ਸਾਹਮਣੇ ਰੱਖਣਾ ਹੋਵੇ ਕਿ ਉਹ ਪੌਸ਼ਟਿਕ ਹੋਵੇ, ਭਾਵ ਪ੍ਰੋਟੀਨ, ਵਿਟਾਮਿਨ, ਮਿਨਰਲ ਵਾਲੀ ਭਾਵ ਕਿ ਸਰੀਰ ਦੀ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਾਲੀ, ਜੋ ਕਿ ਸਬਜ਼ੀਆਂ ਅਤੇ ਫਲਾਂ ਤੋਂ ਮਿਲਦੇ ਹਨ ਅਤੇ ਇਹੀ ਖੁਰਾਕ ਸਭ ਤੋਂ ਮਹਿੰਗੀ ਮਿਲਦੀ ਹੈ।

ਜੇਕਰ ਉਦਾਸੀ ਦੇ ਕਾਰਨਾਂ ਵੱਲ ਜਾਈਏ ਤਾਂ ਖਾਲੀ ਹੋ ਰਹੇ ਘਰ ਇੱਕ ਵੱਡਾ ਕਾਰਨ ਤਾਂ ਹੈ ਹੀ, ਦੂਸਰੇ ਇਕੱਲੇਪਨ ਲਈ, ਬੁਢਾਪੇ ਵਿੱਚ ਬੱਚਿਆਂ ਦੇ ਛੱਡ ਜਾਣ ਨੂੰ ਲੈ ਕੇ ਸਿਹਤਮੰਦ ਤਿਆਰੀ ਵੀ ਨਹੀਂ ਹੈ। ਸਾਡੇ ਭਾਰਤੀ ਸੱਭਿਆਚਾਰ ਵਿੱਚ ਹੀ, ਪਰ ਪੰਜਾਬ ਦੀ ਗੱਲ ਕਰੀਏ ਤਾਂ ਪਰਵਾਰਾਂ ਵਿੱਚ ਅਜੇ ਵੀ ਕਾਫੀ ਮੇਲ-ਮਿਲਾਪ ਅਤੇ ਪਿਆਰ ਹੈ, ਭਾਵੇਂ ਛੁੱਟ-ਪੁੱਟ ਖਬਰਾਂ ਅਤੇ ਸਾਹਿਤਕ ਰਚਨਾਵਾਂ ਵਿੱਚ ਇਹ ਦਰਦ ਪੇਸ਼ ਹੁੰਦਾ ਹੈ, ਨਾਲ ਹੀ ਬੁਢਾਪਾ ਘਰਾਂ ਨੂੰ ਬਹੁਤ ਵਧੀਆ ਨਹੀਂ ਮੰਨਿਆ ਜਾਂਦਾ। ਉਂਜ ਤਾਂ ਸਾਡੇ ਧਾਰਮਿਕ ਸਥਾਨ, ਖਾਸ ਕਰ ਗੁਰਦੁਆਰੇ ਅਜਿਹੀ ਥਾਂ ਹਨ, ਜਿੱਥੇ ਬਜ਼ੁਰਗ ਮਿਲ-ਬੈਠ ਸਮਾਂ ਵੀ ਬਿਤਾਅ ਸਕਦੇ ਹਨ ਤੇ ਲੰਗਰ ਵੀ ਛੱਕ ਸਕਦੇ ਹਨ, ਪਰ ਇਸ ਦੇ ਲਈ ਵੀ ਇੱਕ ਵਧੀਆ ਮਾਹੌਲ ਉਸਾਰਨ ਦੀ ਲੋੜ ਹੈ।

ਵਿਦੇਸ਼ਾਂ ਵਿੱਚ ਜਾ ਵਸੇ ਨੌਜਵਾਨਾਂ ਅਤੇ ਇਕੱਲੇ ਰਹਿ ਗਏ ਬਜ਼ੁਰਗਾਂ ਨੂੰ ਆਪਸ ਵਿੱਚ ਮੇਲ ਕੇ ਦੇਖਦੇ ਹਾਂ ਤਾਂ ਕਈ ਤਰ੍ਹਾਂ ਦੇ ਸਵਾਲ ਖੜੇ ਹੁੰਦੇ ਹਨ ਤੇ ਨਾਲੇ ਕਈ ਰਾਹ ਵੀ ਸੁੱਝਦੇ ਹਨ। ਡਾਲਰਾਂ ਵਿੱਚ ਕਮਾਈ ਕਰਨ ਗਏ ਨੌਜਵਾਨ ਜਾਂ ਕਰ ਰਹੇ ਨੌਜਵਾਨ ਪਿੰਡਾਂ ਵਿੱਚ ਆਪਣੀਆਂ ਕੋਠੀਆਂ ਨੂੰ ਵਧਾ-ਚੜ੍ਹਾਅ ਰਹੇ ਹਨ ਤੇ ਨਿਰੰਤਰ ਸਾਫ-ਸਫਾਈ ਲਈ ਚੌਕੀਦਾਰ ਵੀ ਰੱਖੇ ਹਨ। ਘਰ ਵਿੱਚ ਇੱਕ ਅੱਧਾ ਜੀਅ ਰਹਿੰਦਾ ਹੈ ਜਾਂ ਨਹੀਂ, ਉਹ ਸਥਿਤੀ ਵੱਖਰੀ ਹੈ। ਕੀ ਇਹ ਨੌਜਵਾਨ ਇਸੇ ਖ਼ੂਬਸੂਰਤੀ ਦੀ ਤਰਜ਼ 'ਤੇ ਸਾਂਝੇ ਘਰ ਨਹੀਂ ਉਸਾਰ ਸਕਦੇ, ਜਿੱਥੇ ਪਿੰਡ ਦੇ ਸਾਰੇ ਹੀ ਬਜ਼ੁਰਗ ਇਕੱਠੇ ਰਹਿ ਸਕਣ। ਇੱਕ ਨਵੀਂ ਤਰਜ਼ ਦਾ ਸੀਨੀਅਰ ਸਿਟੀਜ਼ਨ ਹੋਮ। ਉਸ ਪਿੰਡ ਦੇ ਨੌਜਵਾਨ ਆਪਣੇ ਬਜ਼ੁਰਗਾਂ ਨੂੰ ਲੈ ਕੇ ਹੀ ਇਸ ਪਾਸੇ ਸੋਚ ਸਕਦੇ ਹਨ।

ਦੂਸਰੇ ਪਾਸੇ ਬਜ਼ੁਰਗਾਂ ਨੂੰ ਵੀ ਪੰਜਾਹ ਸਾਲ ਪਾਰ ਕਰਦਿਆਂ ਕੁਝ ਨਵੇਂ ਰੁਝਾਨਾਂ ਨਾਲ ਜੁੜਨ ਦੀ ਲੋੜ ਹੈ। ਉਹ ਇਹ ਸੋਚ ਕੇ ਤਿਆਰੀ ਕਰਨ ਕਿ ਹੁਣ ਇਕੱਲੇ ਹੀ ਰਹਿਣਾ ਪਵੇਗਾ। ਉਹ ਸੋਸ਼ਲ ਮੀਡੀਆ ਨਾਲ ਵੀ ਜੁੜ ਸਕਦੇ ਹਨ, ਉਸ ਨੂੰ ਵਰਤਣਾ ਵੀ ਸਿੱਖਣ ਦੀ ਲੋੜ ਹੈ, ਜੋ ਕਈ ਸਵੈ-ਸੇਵੀ ਸੰਸਥਾਵਾਂ ਇਹਨਾਂ ਲਈ ਕੈਂਪ ਲਗਾ ਕੇ ਕੋਰਸ ਕਰਵਾ ਰਹੀਆਂ ਹਨ, ਪਰ ਇਸ ਤੋਂ ਵੀ ਵਧੀਆ ਅਤੇ ਬਿਹਤਰ ਤਰੀਕਾ ਹੈ, ਜੋ ਕਿ ਮਾਨਸਿਕ ਤਸੱਲੀ ਵਾਲਾ ਹੈ ਕਿ ਕਿਸੇ ਸਵੈ-ਸੇਵੀ ਸੰਸਥਾ ਨਾਲ ਜੁੜਿਆ ਜਾਵੇ, ਨਹੀਂ ਤਾਂ ਕੁਝ ਕੁ ਇੱਕੋ ਜਿਹੀ ਸੋਚ ਵਾਲੇ ਵਿਅਕਤੀ ਰਲ ਕੇ, ਸਮਾਜ ਸੇਵਾ ਦੇ ਕੰਮਾਂ ਵਿੱਚ ਲੱਗਣ ਲਈ ਅੱਗੇ ਆ ਸਕਦੇ ਹਨ। ਜਿਸ ਸਿਆਣਪ ਅਤੇ ਤਜਰਬੇ ਦੀ ਗੱਲ ਸ਼ੁਰੂ ਵਿੱਚ ਕੀਤੀ ਹੈ, ਉਸ ਦੇ ਤਹਿਤ ਬਜ਼ੁਰਗ ਛੋਟੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੜ੍ਹਾ ਵੀ ਸਕਦੇ ਹਨ ਤੇ ਜਿਸ ਵੀ ਖੇਤਰ ਵਿੱਚ ਉਹਨਾਂ ਨੇ ਕੰਮ ਕੀਤਾ ਹੈ, ਉਹ ਤਜਰਬੇ ਵੀ ਵੰਡ ਸਕਦੇ ਹਨ। ਇਸ ਤੋਂ ਇਲਾਵਾ ਨੌਜਵਾਨਾਂ ਲਈ ਵਿਸ਼ੇਸ਼ ਤੌਰ 'ਤੇ ਕੈਰੀਅਰ ਕੌਂਸਲਿੰਗ ਦਾ ਕੋਈ ਕੇਂਦਰ ਖੋਲ੍ਹ ਸਕਦੇ ਹਨ।

ਕਹਿਣ ਤੋਂ ਭਾਵ ਹੈ ਕਿ ਇਸ ਤਰ੍ਹਾਂ ਬਜ਼ੁਰਗਾਂ ਅਤੇ ਨੌਜਵਾਨਾਂ ਦਾ ਸੰਪਰਕ ਬਣੇਗਾ। ਦੋਵੇਂ ਹੀ ਇੱਕ-ਦੂਸਰੇ ਦੀ ਮਦਦ ਕਰਨਗੇ। ਵੇਲੇ-ਕੁਵੇਲੇ ਜਦੋਂ ਬਜ਼ੁਰਗਾਂ ਨੂੰ ਸਾਥ ਦੀ ਲੋੜ ਹੋਵੇਗੀ ਤਾਂ ਨੌਜਵਾਨ ਅੱਗੇ ਵਧ ਕੇ ਸਹਾਰਾ ਬਣਨਗੇ। ਇਸ ਤਾਲ-ਮੇਲ ਲਈ ਜ਼ਰੂਰੀ ਹੈ ਕਿ ਕੋਈ ਇੱਕ-ਦੂਸਰੇ ਤੋਂ ਉੱਪਰ ਵੱਡਾ ਨਾ ਸਮਝ ਕੇ, ਇੱਕ-ਦੂਸਰੇ ਦੇ ਪੂਰਕ, ਮਦਦਗਾਰ ਦੇ ਤੌਰ 'ਤੇ ਸਾਥ ਬਣਾਉਣ ਤੇ ਨਿਭਾਉਣ।

ਇਸ ਸਾਰੇ ਦ੍ਰਿਸ਼ ਅਤੇ ਸਥਿਤੀ ਨੂੰ ਲੈ ਕੇ ਸਮਾਜ ਦੀ ਭੂਮਿਕਾ ਦੀ ਗੱਲ ਹੋ ਰਹੀ ਹੈ, ਜਦੋਂ ਕਿ ਵੱਡੀ ਭੂਮਿਕਾ ਸਰਕਾਰਾਂ ਦੀ ਹੈ। ਸਰਕਾਰਾਂ ਤੇ ਸਮਾਜਿਕ ਸੁਰੱਖਿਆ ਦੇ ਨਾਂਅ ਹੇਠ ਵਿਭਾਗ ਬਣਾਏ ਹਨ, ਮੰਤਰੀ ਅਤੇ ਮੰਤਰਾਲੇ ਹਨ, ਪਰ ਹੌਲੀ-ਹੌਲੀ ਇਸ ਵਿਭਾਗ ਨੂੰ ਸਿੱਖਿਆ ਅਤੇ ਸਿਹਤ ਵਾਂਗ, ਇੱਕ ਬੋਝ ਸਮਝਿਆ ਜਾਂਦਾ ਹੈ। ਸਰਕਾਰ ਤਾਂ ਆਪਣੇ ਮੁਲਾਜ਼ਮਾਂ ਨੂੰ ਪੈਨਸ਼ਨ ਦੇਣ ਤੋਂ ਭੱਜ ਰਹੀ ਹੈ, ਜਿਨ੍ਹਾਂ ਨੇ 35-40 ਸਾਲ ਸਰਕਾਰ ਵਿੱਚ ਕੰਮ ਕੀਤਾ ਹੁੰਦਾ ਹੈ। ਇੱਕ ਸਧਾਰਨ ਨਾਗਰਿਕ ਬਾਰੇ ਤਾਂ ਉਹ ਸੋਚਦੇ ਹੀ ਨਹੀਂ ਜਾਂ ਫਿਰ ਪੰਜ ਕੁ ਸੌ ਰੁਪਏ ਦੇ ਕੇ ਬੁੱਤਾ ਸਾਰਦੇ ਹਨ, ਜਿਸ ਨਾਲ ਕੁਝ ਵੀ ਪੱਲੇ ਨਹੀਂ ਪੈਂਦਾ। ਇੱਥੇ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਰ ਨਾਗਰਿਕ ਚਾਹੇ ਉਹ ਰੇਹੜੀ ਚਲਾਉਂਦਾ ਹੈ ਜਾਂ ਕਿਸੇ ਖੋਖੇ 'ਤੇ ਸਾਮਾਨ ਵੇਚਦਾ ਹੈ, ਉਹ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾ ਰਿਹਾ ਹੁੰਦਾ ਹੈ। ਲੋਕਤੰਤਰ ਦੇਸ਼ ਵਿੱਚ ਸਮਾਜਿਕ ਸੁਰੱਖਿਆ ਤਾਂ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਤੇ ਇੱਕ ਵਧੀਆ ਜੀਵਨ ਜੀਣਾ ਲੋਕਾਂ ਦਾ ਹੱਕ ਹੈ। ਜਨਮ ਤੋਂ ਲੈ ਕੇ ਆਖਰੀ ਸਾਹ ਤੱਕ ਦੇਸ਼ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਮਨੁੱਖੀ ਜੀਵਨ ਇੱਜ਼ਤ ਨਾਲ ਰਹਿਣਯੋਗ ਹੋਵੇ।

**ਮੋਬਾ. 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**


4-Dec-Sunday.qxd 12/3/2022 9:22 PM Page 4



# ਇੱਕ ਸਦੀ ਦਾ ਕਥਾ ਬਿਰਤਾਂਤ

ਕਿਤਾਬ ਦੀ ਪਰਖ ਪੜਚੋਲ

ਹਰਜਿੰਦਰ ਸਿੰਘ ਅਟਵਾਲ (ਡਾ.)





## ਕਹਾਣੀ ਪਰਾਗਾ

**(ਵੀਹਵੀਂ ਸਦੀ ਦੀ ਭਾਰਤੀ ਪੰਜਾਬੀ ਕਹਾਣੀ)**
**ਸੰਪਾਦਕ ਜਸਵਿੰਦਰ ਸਿੰਘ**
**ਪੰਨੇ : 232, ਮੁੱਲ : 310 ਰੁਪਏ**
**ਨੈਸ਼ਨਲ ਬੁੱਕ ਟਰੱਸਟ, ਇੰਡੀਆ ਨਵੀਂ ਦਿੱਲੀ**

ਇੱਕ ਸਾਲ, ਇੱਕ ਦਹਾਕੇ, ਇੱਕ ਸਦੀ ਦੇ ਇਤਿਹਾਸ ਨੂੰ ਸਾਂਭਣ/ਘੋਖਣ ਦੀ ਲੋੜ ਮਾਨਵੀ ਵਿਕਾਸ ਦੀ ਤੋਰ ਨੂੰ ਸਮਝਣ ਲਈ ਬਹੁਤ ਹੀ ਲਾਹੇਵੰਦ ਹੁੰਦੀ ਹੈ। ਕਿਸੇ ਦੇਸ਼/ਕੌਮ ਦੇ ਵਿਕਾਸ ਪੜਾਵਾਂ ਨੂੰ ਸਮਝਣ/ਤਹਿ ਕਰਨ ਲਈ ਇਹ ਅਧਿਐਨ ਅਕਸਰ ਆਧਾਰ ਬਣਦਾ ਹੈ। ਸਾਹਿਤ ਦੀ ਇਤਿਹਾਸਕਾਰੀ ਵਿੱਚ ਵੀ ਇਹ ਮਾਡਲ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਰਹਿੰਦਾ ਹੈ। ਇੱਕ ਸਾਲ, ਇੱਕ ਦਹਾਕੇ ਦੀ ਕਿਸੇ ਵੀ ਖੇਤਰ ਵਿਚਲੀ ਕਾਰਗੁਜ਼ਾਰੀ ਨੂੰ ਸਮਝਣਾ/ਸਮੇਟਣਾ/ਪੇਸ਼ ਕਰਨਾ ਆਸਾਨ ਹੁੰਦਾ ਹੈ, ਪਰ ਜਦੋਂ ਤੁਸੀਂ ਇੱਕ ਸਦੀ ਵਿਚਲੇ ਕਿਸੇ ਸਾਹਿਤ ਰੂਪ ਨੂੰ ਸਮਝਣ/ਸਮੇਟਣ/ਪੇਸ਼ ਕਰਨ ਦਾ ਉਪਰਾਲਾ ਕਰਦੇ ਹੋ ਤਾਂ ਇਹ ਕਾਫ਼ੀ ਉਲਝਣ ਵਾਲਾ ਕਾਰਜ ਹੋ ਨਿੱਬੜਦਾ ਹੈ। ਖਾਸ ਕਰਕੇ ਉਹ ਸਦੀ ਉਸ ਦੇਸ਼/ਕੌਮ ਲਈ ਬਹੁਤ ਹੀ ਉਤਰਾਅ-ਚੜ੍ਹਾਅ ਵਾਲੀ ਰਹੀ ਹੋਵੇ। ਇਹ ਕੰਮ ਕਾਫ਼ੀ ਜੋਖ਼ਮ ਭਰਿਆ ਅਤੇ ਕਈ ਵਾਰੀ ਲੋੜੋਂ ਵੱਧ ਵਿਵਾਦਿਤ ਹੋਣ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਇਸ ਦਾ ਮੁੱਖ ਕਾਰਨ ਇਹ ਬਣਦਾ ਹੈ ਕਿ ਹਰ ਵਿਅਕਤੀ ਦਾ ਕਿਸੇ ਘਟਨਾ ਚੱਕਰ ਨੂੰ ਦੇਖਣ ਦਾ ਆਮ ਕਰਕੇ ਇੱਕ ਵੱਖਰਾ ਨਜ਼ਰੀਆ ਹੋਣ ਕਰਕੇ ਬਹੁਤੀ ਵਾਰੀ ਉਹ ਦੂਜੇ ਵਿਅਕਤੀ ਦੇ ਖੋਜ-ਕਾਰਜ ਨੂੰ ਸਹਿਜੇ ਹੀ ਰੱਦ ਕਰਨ ਦੀ ਰੁਚੀ ਦਾ ਸ਼ਿਕਾਰ ਹੁੰਦਾ ਰਹਿੰਦਾ ਹੈ, ਵਿਅਕਤੀ ਸੋਚ, ਉਹ ਵੀ ਕਿਸੇ ਠੋਸ ਆਧਾਰ ਜਾਂ ਸਿਧਾਂਤ ਰਹਿਤ ਹੋਣ ਕਰਕੇ ਉਸ ਵਿੱਚ ਦਲੀਲ ਦੀ ਘਾਟ ਤਾਂ ਹੁੰਦੀ ਹੈ, ਨਾਲ ਦੀ ਨਾਲ ਉਹ ਬਹੁਤੀ ਵਾਰੀ ਇਤਿਹਾਸ ਨੂੰ ਸਹੀ ਪਰਿਖੇਪ ਵਿੱਚ ਸਮਝਣ ਦੀ ਘਾਟ ਵਾਲੀ ਹੋ ਨਿਬੜਦੀ ਹੈ, ਪਰ ਫਿਰ ਵੀ ਅਜਿਹੀ ਸੋਚ/ਕਾਰਜ ਦੇ ਜਾਰੀ ਰਹਿਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਇਸ ਸਾਰੇ ਕੁਝ ਦਾ ਜ਼ਿਕਰ ਕਰਨਾ ਇਸ ਕਰਕੇ ਜ਼ਰੂਰੀ ਸ, ਕਿਉਂ ਜੋ ਉਪਰੋਕਤ ਪੁਸਤਕ ਬਾਰੇ ਤੱਥ-ਆਧਾਰਤ ਗੱਲ ਕਰਨ ਤੋਂ ਪਹਿਲਾਂ ਉੱਠ ਰਹੇ ਜਾਂ ਉੱਠਣ ਵਾਲੇ ਖ਼ਦਸ਼ਿਆਂ ਤੋਂ ਅਸੀਂ ਅਤੇ ਪਾਠਕ ਭਲੀ-ਭਾਂਤ ਜਾਣੂ ਹੋ ਜਾਈਏ ਤਾਂ ਕਿ ਰਚਨਾ ਨੂੰ ਪੜ੍ਹਦੇ-ਵਾਚਦੇ ਸਮੇਂ ਅਜਿਹੇ ਸਵਾਲਾਂ ਨਾਲ ਨਾਲੋ-ਨਾਲ ਨਜਿੱਠਦੇ ਰਹੀਏ।

ਵੀਹਵੀਂ ਸਦੀ ਉਸ ਖਿੱਤੇ ਲਈ ਬਹੁਤ ਹੀ ਉਥਲ-ਪੁਥਲ ਵਾਲੀ ਰਹੀ ਹੈ। ਵੀਹਵੀਂ ਸਦੀ ਦੇ ਪਹਿਲੇ ਹੀ ਸਾਲਾਂ ਤੋਂ ਲੈ ਕੇ ਆਖਰੀ ਸਾਲ ਤੱਕ ਪੰਜਾਬ (ਚੜ੍ਹਦੇ) ਦਾ ਇਹ ਖਿੱਤਾ ਵੱਖ-ਵੱਖ ਰਾਜਨੀਤਕ/ਸਮਾਜਿਕ/ਆਰਥਿਕ/ਸੱਭਿਆਚਾਰਕ ਤਬਦੀਲੀਆਂ ਦਾ ਜ਼ਾਮਨ ਬਣਦਾ ਹੈ। ਵੀਹਵੀਂ ਸਦੀ ਦੇ ਆਰੰਭਲੇ ਸਾਲ ਉੱਨੀਵੀਂ ਸਦੀ ਦੇ ਆਖ਼ਰੀ ਸਾਲਾਂ ਵਾਂਗ ਹੀ ਦੇਸ਼ ਦੀ ਆਜ਼ਾਦੀ ਲਈ ਜੋ ਸੰਘਰਸ਼ ਭਾਰਤ ਦੇ ਇਸ ਵਿਸ਼ੇਸ਼ ਭੂਗੋਲਿਕ ਖੇਤਰ ਵਿੱਚ ਵਿੱਢਿਆ ਗਿਆ ਸੀ, ਉਸ ਨੂੰ ਅੱਗੇ ਤੋਰਦਾ ਹੈ। ਪੰਜਾਬੀਆਂ ਦਾ ਆਪਣਾ ਰਾਜ ਜੋ ਉਨੀਵੀਂ ਸਦੀ ਦੇ ਮੱਧ ਵਿੱਚ ਅੰਗਰੇਜ਼ ਹਕੂਮਤ ਦੇ ਅਧੀਨ ਹੋ ਜਾਂਦਾ ਹੈ ਜਾਂ ਕਰ ਲਿਆ ਜਾਂਦਾ ਹੈ, ਤੋਂ ਲੈ ਕੇ ਪੰਜਾਬੀ ਮਾਨਸਿਕਤਾ ਵਿੱਚ ਇਸ ਗੁਲਾਮੀ ਪ੍ਰਤੀ ਨਾਬਰੀ ਅਤੇ ਆਜ਼ਾਦੀ ਦੀ ਲਲਕ ਉਸ ਸਮੇਂ ਤੋਂ ਲੱਗ ਜਾਂਦੀ ਹੈ ਅਤੇ ਪੰਜਾਬੀ ਆਪਣੇ ਇਤਿਹਾਸਕ ਗੌਰਵ ਨੂੰ ਮੁੜ ਸੁਰਜੀਤ ਕਰਨ ਲਈ, ਨਾਨਕ ਦੁੱਲੇ ਅਤੇ ਹੋਰ ਸਿਆਣਿਆਂ ਦੀ ਗੌਰਵਮਈ ਇਸ ਨਾਬਰੀ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਵੀਹਵੀਂ ਸਦੀ ਵੱਲ ਵਧਦੇ ਹਨ। ਵੀਹਵੀਂ ਸਦੀ ਦੇ ਆਰੰਭ ਵਿੱਚ ਅੰਗਰੇਜ਼ ਹਕੂਮਤ ਵੱਲੋਂ ਬਾਰਾਂ ਦਾ ਵਸਾਉਣਾ ਭਾਵੇਂ ਸੌਦਾਗਰੀ ਹਿੱਤਾਂ ਦੀ ਹੀ ਪੂਰਤੀ ਕਰਨਾ ਸੀ, ਪਰ ਉਸ ਨਾਲ ਜ਼ਰਾਇਤ ਦੀ ਪੈਦਾਵਾਰ ਤਾਂ ਵਧਦੀ ਹੀ ਹੈ,ਪਰ ਇਹ ਪੰਜਾਬੀ ਸਮਾਜ ਵਿੱਚ ਇੱਕ ਨਵਾਂ ਸਮਾਜਿਕ ਤਾਣਾ-ਬਾਣਾ ਵੀ ਉਣਦੀ ਹੈ, ਜਿਸ ਵਿੱਚ ਨਵੇਂ ਰਿਸ਼ਤੇ ਪਨਪਦੇ ਹਨ, ਕਿਸਾਨੀ ਕਿੱਤਾ ਕੁਝ ਪੈਰਾਂ-ਸਿਰ ਆਉਣ ਲੱਗਦਾ ਹੈ, ਪਰ ਵੀਹਵੀਂ ਸਦੀ ਦੇ ਪਹਿਲੇ ਹੀ ਦਹਾਕੇ ਵਿੱਚ ਸਰਕਾਰ ਵੱਲੋਂ ਲਿਆਂਦੇ ਕਿਸਾਨ-ਮਾਰੂ ਕਾਨੂੰਨ ਦਾ ਵਿਰੋਧ ਇਸ ਧਰਤੀ ਤੋਂ ਹੀ ਆਰੰਭ ਹੁੰਦਾ ਹੈ। ਉਸ ਸੰਘਰਸ਼ ਦੀ ਖ਼ੂਬਸੂਰਤੀ ਇਹ ਸੀ ਕਿ ਉਹ ਕਿਸਾਨੀ ਅੰਦੋਲਨ ਨਿਰੋਲ ਆਰਥਿਕ ਅਤੇ ਆਪਣੀ ਹੋਂਦ ਬਚਾਉਣ ਲਈ ਲੜਿਆ ਜਾ ਰਿਹਾ ਸੀ, ਪਰ ਉਸ ਸੰਘਰਸ਼ ਦਾ ਨਾਮਕਰਣ ਇਤਿਹਾਸ ਵਿੱਚ ਇੱਕ ਕਵੀ ਵੱਲੋਂ ਲਿਖੇ/ਗਾਏ ਗੀਤ ਦੇ ਨਾਂਅ 'ਤੇ ਰੂੜ੍ਹ ਹੋ ਗਿਆ। ਬਾਂਕੇ ਦਿਆਲ ਦਾ ਉਹ ਗੀਤ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ' ਜਦੋਂ ਇੱਕ ਭਰਵੇਂ ਇਕੱਠ ਵਿੱਚ ਗਾਇਆ ਗਿਆ ਤਾਂ ਉਸ ਕਿਸਾਨੀ ਸੰਘਰਸ਼ ਦਾ ਨਾਂਅ ਹੀ 'ਪਗੜੀ ਸੰਭਾਲ ਮੋਰਚਾ-ਸੰਘਰਸ਼' ਪੈ ਗਿਆ ਅਤੇ ਅੱਜ ਵੀ ਇਤਿਹਾਸ ਦੇ ਪੰਨਿਆਂ ਵਿੱਚ ਇਸੇ ਨਾਂਅ ਨਾਲ ਸਾਂਭਿਆ ਪਿਆ ਮਿਲਦਾ ਹੈ। ਪੰਜਾਬ ਇਸ ਸਦੀ ਦੇ ਅੱਧ ਵਿੱਚ ਜਾ ਕੇ ਇੱਕ ਅਜਿਹੇ ਸੰਕਟ ਵਿੱਚੋਂ ਲੰਘਦਾ ਹੈ, ਜਿੱਥੇ ਉਸ ਦੀ ਜ਼ਿੰਦਗੀ ਆਜ਼ਾਦ ਭਾਰਤ ਨਾਲੋਂ ਅਸਲੋਂ ਹੀ ਵੱਖਰੀ ਨਜ਼ਰ ਆਉਂਦੀ ਹੈ। ਭਾਰਤ ਦੀ ਆਜ਼ਾਦੀ ਦਾ ਜਸ਼ਨ ਪੰਜਾਬੋਂ ਬਾਹਰਲਾ ਭਾਰਤ ਮਨਾਉਣ ਵਿੱਚ ਮਸਰੂਰ ਸੀ, ਪਰ ਪੰਜਾਬ ਉਨ੍ਹਾਂ ਦਿਨਾਂ ਵਿੱਚ ਮਜ਼ਹਬੀ ਜਨੂੰਨ ਦੀਆਂ ਲਾਟਾਂ ਵਿੱਚ ਮਚ ਰਿਹਾ ਹੈ। ਉਹ ਸੰਕਟ ਸਾਡੇ ਸਾਹਿਤ, ਸਾਡੀ ਮਾਨਸਿਕਤਾ ਵਿੱਚ ਪੌਣੀ ਸਦੀ ਬੀਤ ਜਾਣ ਉਪਰੰਤ ਵੀ ਇਸ ਹੱਦ ਤੱਕ ਹਾਵੀ ਹੈ ਕਿ ਅਸੀਂ ਉਸ ਵਿੱਚੋਂ ਚਾਹ ਕੇ ਵੀ ਬਾਹਰ ਨਿਕਲ ਨਹੀਂ ਰਹੇ। ਅੱਜ ਦੀ ਉਸ ਦੌਰ ਦੀ ਕੋਈ ਸਾਹਿਤਕ ਵੰਨਗੀ, ਫ਼ਿਲਮ, ਗੀਤ ਜਾਂ ਹੋਰ ਕਿਸੇ ਵੀ ਰੂਪ ਵਿੱਚ ਸਾਡੇ ਸਾਹਮਣੇ ਦ੍ਰਿਸ਼ਟਮਾਨ ਹੁੰਦਾ ਹੈ ਤਾਂ ਅਸੀਂ (ਭਾਵੇਂ ਉਸ ਕਾਲੇ ਦੌਰ ਤੋਂ ਬਾਅਦ ਜਨਮੇ ਹੀ ਕਿਉਂ ਨਾ ਹੋਈਏ) ਸਿਰੇ ਦੀ ਭਾਵਨਾਤਮਕਤਾ ਦੇ ਆਲਮ ਵਿੱਚ ਪਹੁੰਚ ਕੇ ਚਿੰਤਾ ਤੇ ਚਿੰਤਨ ਵਿੱਚ ਪਹੁੰਚਣ ਦੀ ਪ੍ਰਕਿਰਿਆ ਹੰਢਾਉਂਦੇ ਆ ਰਹੇ ਹਾਂ। ਪੰਜਾਬ ਦੇ ਹਰੇ ਇਨਕਲਾਬ ਦਾ ਦੌਰ ਵੀ ਵੇਖਿਆ ਅਤੇ ਹੰਢਾਇਆ ਹੈ, ਉਸ ਨਾਲ ਕਿਸਾਨੀ ਕਿੱਤੇ ਨਾਲ ਜੁੜੇ ਲੋਕਾਂ ਦੀ ਆਰਥਿਕ ਜ਼ਿੰਦਗੀ ਦੇ ਨਾਲ-ਨਾਲ ਸਮਾਜਿਕ ਜ਼ਿੰਦਗੀ ਵਿੱਚ ਵੀ ਤਬਦੀਲੀ ਆਉਂਦੀ ਹੈ। ਪੰਜਾਬ ਨੇ ਉਹ ਕਾਲੇ ਦੌਰ ਦਾ ਲੱਗਭੱਗ ਦੋ ਦਹਾਕਿਆਂ ਦਾ ਦਰਦ ਵੀ ਹੰਢਾਇਆ ਹੈ, ਜਿਸ ਵਿੱਚ ਆਮ ਲੋਕਾਂ ਨਾਲ ਨਾ ਤਾਂ ਬੂਟਾਂ ਵਾਲਿਆਂ ਨੇ ਘੱਟ ਗੁਜ਼ਾਰੀ ਅਤੇ ਨਾ ਹੀ ਬੰਦੂਕਾਂ ਵਾਲਿਆਂ ਨੇ। ਸਦੀ ਦੀਆਂ ਇਨ੍ਹਾਂ ਉਥਲ-ਪੁਥਲ ਵਾਲੀਆਂ ਸਮਾਜਿਕ ਤਬਦੀਲੀਆਂ ਨੂੰ ਸਾਡਾ ਸਾਹਿਤ (ਉਹ ਕਿਸੇ ਵੀ ਵਿਧਾ ਦਾ ਹੋਵੇ) ਬਾਖੂਬੀ ਪੇਸ਼ ਕਰਦਾ ਰਿਹਾ ਹੈ ਅਤੇ ਉਹ ਵੀ ਮੁਕੰਮਲ ਸਮਰੱਥਾ ਨਾਲ, ਮਸਲੇ ਦੀ ਗੰਭੀਰਤਾ ਅਤੇ ਮਸਲੇ ਦੇ ਸਹੀ ਸੰਦਰਭ ਨੂੰ ਸਮਝਦਿਆਂ ਹੋਇਆ ਇਹ ਪੇਸ਼ ਉਂਜ ਤਾਂ ਸਮੁੱਚੇ ਸਾਹਿਤ ਰੂਪਾਂ ਵਿੱਚ ਹੀ ਬਾ-ਕਮਾਲ ਹੈ, ਪਰ ਜਿਸ ਤਰ੍ਹਾਂ ਪੰਜਾਬੀ ਕਹਾਣੀ ਨੇ ਇਸ ਨੂੰ ਸਮਝਿਆ, ਸਮੇਟਿਆ ਅਤੇ ਪੇਸ਼ ਕੀਤਾ ਹੈ, ਉਹ ਮਿਸਾਲੀ ਹੈ, ਇਸੇ ਨੂੰ ਇਹ ਕਥਾ ਸੰਗ੍ਰਹਿ ਪੇਸ਼ ਕਰਨ ਦਾ ਉਪਰਾਲਾ ਕਰਦਾ ਹੈ।

ਡਾ. ਜਸਵਿੰਦਰ ਸਿੰਘ ਮੁਢਲੇ ਰੂਪ ਵਿੱਚ ਇੱਕ ਆਲੋਚਕ ਵਜੋਂ ਉੱਭਰਦਾ ਹੈ, ਪਰ ਉਸ ਦੀਆਂ ਸੀਮਤ, ਪਰ ਮੁੱਲਵਾਨ ਕਹਾਣੀਆਂ ਅਤੇ ਇੱਕ ਨਾਵਲ ਨਾਲ ਉਹ ਕਥਾਕਾਰਾਂ ਦੀ ਕਤਾਰ ਵਿੱਚ ਸਿਰਕੱਢ ਨਜ਼ਰ ਆਉਣ ਲੱਗਦਾ ਹੈ, ਜਦੋਂ ਇੱਕ ਆਲੋਚਕ ਸਿਰਜਣਾ ਦੇ ਕਾਰਜ ਨਾਲ ਜੁੜਦਾ ਹੈ ਤਾਂ ਉਸ ਦਾ ਸੰਕਟ ਸਿਰਜਕ ਨਾਲੋਂ ਥੋੜ੍ਹਾ ਔਖਾ ਹੋ ਜਾਂਦਾ ਹੈ। ਇੱਕ ਵਾਰ ਸਾਡੇ ਮੁਢਲੇ ਪੰਜਾਬੀ ਆਲੋਚਕ ਸੰਤ ਸਿੰਘ ਸੇਖੋਂ ਹੁਰਾਂ ਨਾਲ ਗੱਲ ਹੋ ਰਹੀ ਸੀ ਤਾਂ ਉਹ ਉਪਰੋਕਤ ਤੱਥ ਨਾਲ ਸਹਿਮਤੀ ਜਤਾਉਂਦੇ ਸਨ। ਇਹ ਅਕਸਰ ਹੁੰਦਾ ਹੈ ਕਿ ਜਿਹੜਾ ਆਲੋਚਕ ਦੂਜੇ ਲੋਕਾਂ ਦੀਆਂ ਕਹਾਣੀਆਂ ਵਿਚਲੇ ਮਹੀਨ ਨੁਕਸਾਂ ਨੂੰ ਉਜਾਗਰ ਕਰਦਾ ਰਿਹਾ ਹੋਵੇ, ਉਹ ਆਪਣੇ ਸਿਰਜਣਾਤਮਕ ਅਮਲ ਸਮੇਂ ਉਨ੍ਹਾਂ ਪੱਖਾਂ ਵੱਲੋਂ ਸੁਚੇਤ ਹੋਵੇਗਾ, ਪਰ ਜਸਵਿੰਦਰ ਦਾ ਇਹ ਸੰਪਾਦਨਾ ਵਾਲਾ ਕਾਰਜ ਹੋਰ ਵੀ ਜੋਖ਼ਮ ਭਰਿਆ ਹੋ ਜਾਂਦਾ ਹੈ, ਜਦੋਂ ਇੱਕ ਕਹਾਣੀਕਾਰ ਨੂੰ ਇਹ ਜ਼ਿੰਮੇਵਾਰੀ ਮਿਲਦੀ ਹੈ ਕਿ ਤੂੰ ਇੱਕ ਸਦੀ ਦੀ ਪੰਜਾਬੀ ਕਹਾਣੀ ਨੂੰ ਇੱਕ ਪੁਸਤਕ ਵਿੱਚ ਸਮੇਟਣਾ ਹੈ, ਸੰਪਾਦਕ ਲਈ ਇਹ ਇਮਤਿਹਾਨ ਪਾਸ ਕਰਨਾ ਆਸਾਨ ਨਹੀਂ ਹੁੰਦਾ, ਜਿਵੇਂ ਅਸੀਂ ਇਸ ਲੇਖ ਦੇ ਪਹਿਲੇ ਹਿੱਸੇ ਵਿੱਚ ਵਿਸਥਾਰ ਸਹਿਤ ਗੱਲ ਕਰਨ ਦਾ ਯਤਨ ਕੀਤਾ ਹੈ ਕਿ ਇਹ ਸਦੀ ਬਹੁਤ ਹੀ ਉਥਲ-ਪੁਥਲ ਵਾਲੀ ਰਹੀ ਹੋਵੇ, ਅਨੇਕਾਂ ਦੁਖਾਂਤ, ਸਮਾਜਿਕ-ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਹੋਰ ਅਨੇਕਾ ਤਬਦੀਲੀਆਂ ਵਿੱਚੋਂ ਗੁਜ਼ਰਦਾ ਰਿਹਾ ਹੋਵੇ, ਇੱਕ ਸਦੀ ਦਾ ਇਤਿਹਾਸ, ਪਰ ਜਸਵਿੰਦਰ ਇਨ੍ਹਾਂ ਇਕੱਤੀ ਕਹਾਣੀਆਂ ਦੀ ਚੋਣ ਕਰਨ ਸਮੇਂ ਬਹੁਤ ਹੀ ਸਾਵਾਂ ਰਹਿੰਦਾ ਹੈ। ਕਹਾਣੀਕਾਰਾਂ ਦੀ ਚੋਣ, ਉਨ੍ਹਾਂ ਦੀ ਕਹਾਣੀ ਦੀ ਚੋਣ ਇਸ ਹੱਦ ਤੱਕ ਪਰਪੱਕ ਹੈ ਕਿ ਪੰਜਾਬੀ ਕਹਾਣੀ ਨਾਲ ਜੁੜਿਆ ਗੰਭੀਰ ਸ਼ਖਸ ਵੀ ਕੁਝ ਪਲ ਰੁਕ ਕੇ ਜਦੋਂ ਇਹ ਸੋਚਦਾ ਹੈ ਕਿ ਇਸ ਦੌਰ ਦੀ ਇਹ ਕਹਾਣੀ ਅਤੇ ਇਹ ਕਹਾਣੀਕਾਰ ਹੀ ਮੁਕੰਮਲ ਰੂਪ ਵਿੱਚ ਢੁਕਵਾਂ ਸੀ ਅਤੇ ਹੈ। ਉਂਜ ਕਿਸੇ ਦੀ ਚੋਣ ਵਿੱਚ ਕਿਸੇ ਨੂੰ ਨੁਕਸ ਕੱਢਣ ਤੋਂ ਰੋਕਿਆ ਨਹੀਂ ਜਾ ਸਕਦਾ, ਪਰ ਸ਼ਾਇਦ ਇਸ ਤੋਂ ਢੁਕਵੀਂ ਕੋਈ ਹੋਰ ਚੋਣ ਨਹੀਂ ਸੀ ਹੋ ਸਕਦੀ। ਮੈਨੂੰ ਲਗਦਾ ਹੈ ਕਿ ਬਹੁਤ ਸਾਲ ਪਹਿਲਾਂ ਸਾਡੇ ਸਮਰੱਥ ਗਲਪ ਆਲੋਚਕ ਡਾ. ਜੁਗਿੰਦਰ ਸਿੰਘ ਰਾਹੀ ਨੇ ਇਥ ਕਥਾ ਪੁਸਤਕ 'ਜੱਗ ਬੀਤੀ-ਹੱਡ ਬੀਤੀ' ਸੰਪਾਦਿਤ ਕੀਤੀ ਸੀ, ਉਸ ਤੋਂ ਬਾਅਦ ਜਸਵਿੰਦਰ ਦੀ ਸੰਪਾਦਤ ਕੀਤੀ ਇਹ ਪੁਸਤਕ ਉਸੇ ਹੀ ਲੜੀ ਨੂੰ ਅੱਗੇ ਤੋਰਦੀ ਨਜ਼ਰ ਆਉਂਦੀ ਹੈ। ਹਾਲਾਂਕਿ ਇਹ ਵੀ ਯਾਦ ਰੱਖੀਏ ਉਹ ਕਥਾ ਪੁਸਤਕ ਨਿਰੋਲ ਇੱਕ ਅਕਾਦਮਿਕ ਲੋੜ (ਸਿਲੇਬਸ) ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਸੀ, ਜਦ ਕਿ ਇਹ 'ਕਹਾਣੀ ਪਰਾਗਾ' ਇੱਕ ਵਡੇਰੀ ਲੋੜ, ਸਦੀ ਦੀ ਕਹਾਣੀ ਨੂੰ ਸਮਝਣ ਅਤੇ ਇਤਿਹਾਸਬੱਧ ਕਰਨ ਦੀ ਲੋੜ ਦੀ ਭਰਪੂਰ ਪੂਰਤੀ ਹਿੱਤ ਤਿਆਰ ਹੋਈ ਹੈ।

ਇਹ ਇਕੱਤੀ ਕਹਾਣੀਆਂ ਲੱਗਭੱਗ ਉਹੀ ਹਨ, ਜੋ ਪਾਠਕ ਸਮੇਂ-ਸਮੇਂ ਪੜ੍ਹਦਾ-ਮਾਣਦਾ ਆ ਰਿਹਾ ਹੈ। ਆਜ਼ਾਦੀ ਸੰਘਰਸ਼ ਨਾਲ ਜੁੜੀਆਂ ਕਹਾਣੀਆਂ ਬਹੁਤ ਹੀ ਜ਼ਿਆਦਾ ਮਾਤਰਾ ਵਿੱਚ ਮਿਲਦੀਆਂ ਹਨ, ਪਰ ਜਸਵਿੰਦਰ ਨੇ 'ਬਾਗ਼ੀ ਦੀ ਧੀ' ਦੀ ਚੋਣ ਕਰਕੇ ਬੋਹਲ ਵਿੱਚੋਂ ਇੱਕ ਸੁਨਹਿਰਾ ਕਿਣਕਾ ਚੁਣਨ ਦਾ ਕਾਰਜ ਨਿਭਾਇਆ ਹੈ। ਇੱਕ ਛੋਟੀ ਬੱਚੀ ਆਪਣਾ ਨਾਂਅ (ਲਾਜ) ਗੁਆ ਲੈਂਦੀ ਹੈ, ਉਸ ਦਾ ਬਚਪਨ ਇਸ ਕਰਕੇ ਰੁਲਦਾ ਹੈ ਕਿ ਉਹ ਅਜਿਹੇ ਜੋੜੇ ਦੀ ਉਲਾਦ ਹੈ, ਜੋ ਦੇਸ਼ ਦੀ ਅਜ਼ਾਦੀ ਲਈ ਆਪਣਾ ਆਪਾ ਸਮਰਪਿਤ ਕਰ ਦਿੰਦੇ ਹਨ। ਲਾਜ ਆਪਣਾ ਨਾਂਅ ਗੁਆ ਕੇ 'ਬਾਗ਼ੀ ਦੀ ਧੀ' ਬਣਨ ਤੱਕ ਦਾ ਸਫ਼ਰ ਕਰਦੀ ਹੈ। ਇਸ ਸਾਰੇ ਕੁਝ ਨੂੰ ਜਿਸ ਸ਼ਿੱਦਤ ਨਾਲ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ ਪੇਸ਼ ਕੀਤਾ ਹੈ, ਉਹ ਪਾਠਕ ਲਈ ਭਾਵੁਕ ਕਰਨ ਵਾਲਾ ਤਾਂ ਹੈ ਹੀ, ਪਰ ਨਾਲ ਹੀ ਆਜ਼ਾਦੀ ਸੰਘਰਸ਼ ਨਾਲ ਜੁੜੇ ਲੋਕਾਂ ਦੀਆਂ ਜ਼ਹਿਮਤਾਂ ਬਾਰੇ ਵੀ ਤੱਥ ਉਜਾਗਰ ਹੁੰਦੇ ਹਨ, ਸੰਘਰਸ਼ ਦੇ ਇਸ ਯੱਗ ਵਿੱਚ ਉਹ ਕੇਵਲ ਆਪਣੇ ਸਾਹਾਂ ਦੀ ਹੀ ਆਹੂਤੀ ਨਹੀਂ ਪਾਉਂਦੇ ਸਗੋਂ ਆਪਣੀ ਔਲਾਦ ਨੂੰ ਵੀ ਇਸ ਯੱਗ ਦੇ ਵਾਰਸ ਬਣਾਉਂਦੇ ਹਨ। ਆਜ਼ਾਦੀ ਸੰਘਰਸ਼ ਦੀ ਗਾਥਾ ਨੂੰ ਮਾਰਮਿਕ ਢੰਗ ਨਾਲ ਪੇਸ਼ ਕਰਦੀ ਇਹ ਕਹਾਣੀ ਪੰਜਾਬੀ ਕਹਾਣੀ ਦੀ ਇੱਕ ਅਜਿਹੀ ਪ੍ਰਾਪਤੀ ਹੈ, ਜੋ ਕਿ ਉਸ ਸੰਘਰਸ਼ ਦੇ ਇਤਿਹਾਸਕ ਅਤੇ ਭਾਵਨਾਤਮਕ ਮੰਜ਼ਰ ਨੂੰ ਪੇਸ਼ ਕਰਨ ਵਾਲੀ ਸਮਰੱਥ ਕਹਾਣੀ ਬਣਦੀ ਹੈ। ਪੰਜਾਬੀ ਕਹਾਣੀ ਦੇ ਪਾਠਕਾਂ ਦੇ ਚੇਤਿਆਂ ਵਿੱਚ ਲੰਮੇ ਸਮੇਂ ਤੱਕ ਟਿਕਣ ਵਾਲੀ ਇਸ ਕਹਾਣੀ ਦੀ ਚੋਣ ਇਸ ਕਥਾ ਪੁਸਤਕ ਦਾ ਗੌਰਵ ਬਣਦੀ ਹੈ।

ਇਸ ਸਦੀ ਦੀ ਹਿਰਦੇਵੇਦਕ ਘਟਨਾ ਹਿੰਦੋਸਤਾਨ ਦੀ ਆਜ਼ਾਦੀ ਸਮੇਂ ਦੇਸ਼ ਵੰਡ ਵੇਲੇ ਹੋ ਰਹੇ ਵਸੋਂ ਦੇ ਤਬਾਦਲੇ ਦਾ ਅਜਿਹਾ ਮੰਜ਼ਰ ਹੈ, ਜੋ ਸ਼ਾਇਦ ਇਸ ਸਦੀ ਦਾ ਕਦੇ ਵੀ ਨਾ ਭੁੱਲਣਯੋਗ ਵਰਤਾਰਾ ਹੈ, ਜਿਸ ਦੀ ਪੀੜਾ ਦਾ ਅਹਿਸਾਸ ਸ਼ਾਇਦ ਸਦੀਆਂ ਤੱਕ ਰਹੇਗਾ। ਸਦੀਆਂ ਤੋਂ ਭਾਈਚਾਰਕ ਸਾਂਝ ਅਤੇ ਏਕੇ ਨਾਲ ਰਹਿ ਰਹੇ ਲੋਕ ਇਕਦਮ ਜਾਨਵਰ ਕਿਵੇਂ ਬਣ ਜਾਂਦੇ ਹਨ, ਦੀ ਇਹ ਜ਼ਿੰਦਾ ਮਿਸਾਲ ਹੈ, ਜਿਸ ਵਿੱਚ ਦਸ ਲੱਖ ਤੋਂ ਵੱਧ ਲੋਕਾਂ ਨੇ ਬਿਨਾਂ ਕਾਰਨ ਹੀ ਆਪਣੀ ਜਾਨ ਗੁਆਈ। ਇਸ ਮਾਨਵੀ ਤਬਾਹੀ ਦੇ ਮੰਜ਼ਰ ਨੂੰ ਪੇਸ਼ ਕਰਦੀਆਂ ਅਨੇਕਾਂ ਕਹਾਣੀਆਂ ਦੋਵਾਂ ਪੰਜਾਬੀਆਂ ਨੇ ਲਿਖੀਆਂ ਹਨ, ਚੜ੍ਹਦੇ-ਲਹਿੰਦੇ ਪੰਜਾਬ ਦੇ ਬਸ਼ਿੰਦੇ ਜਦੋਂ ਅੱਜ ਵੀ ਉਸ ਦੌਰ ਨੂੰ ਯਾਦ ਕਰਦੇ ਹਨ ਤਾਂ ਰੂਹ ਕੰਬ ਉੱਠਦੀ ਹੈ। ਉਸ ਦੌਰ ਦੀ ਲਹਿੰਦੇ ਪੰਜਾਬ ਦੀ ਕਹਾਣੀ ਨੂੰ ਪੜ੍ਹਦਿਆਂ ਵੀ ਉਹੀ ਅਹਿਸਾਸ ਹੁੰਦਾ, ਜੋ ਚੜ੍ਹਦੇ ਪੰਜਾਬ ਵਿਚਲੀ ਕਹਾਣੀ ਪੜ੍ਹਦਿਆਂ। ਇਹ ਸਾਰੀ ਕਹਾਣੀ ਇਸ ਖਿੱਤੇ ਵਿਚਲੀ ਆਪਸੀ ਸਾਂਝ ਦੀ ਹੀ ਬਾਤ ਪਾਉਂਦੀ ਹੈ ਅਤੇ ਇਸ ਸਾਂਝ ਦਾ ਆਧਾਰ ਨਿਰੋਲ ਮਾਨਵੀ ਕਦਰਾਂ-ਕੀਮਤਾਂ 'ਤੇ ਆਧਾਰਤ ਹੈ, ਇਸੇ ਪ੍ਰਸੰਗ ਵਿੱਚ ਇਸ ਸੰਗ੍ਰਹਿ ਦੀਆਂ ਕਹਾਣੀਆਂ ਸ਼ੀਸ਼ਾ (ਗੁਰਦੇਵ ਸਿੰਘ ਰੁਪਾਣਾ), ਲੱਧੇ ਵਾਲਾ ਵੜੈਚ (ਮਹਿੰਦਰ ਸਿੰਘ ਸਰਨਾ), ਚੱਟੂ (ਸੁਖਵੰਤ ਕੌਰ ਮਾਨ) ਆਦਿ ਅਜਿਹੀਆਂ ਕਹਾਣੀਆਂ ਇਸ ਪੁਸਤਕ ਵਿੱਚ ਸ਼ਾਮਲ ਹੋਈਆਂ ਹਨ , ਜੋ ਇਸ ਵਿਸ਼ੇਸ਼ ਵਰਤਾਰੇ ਨੂੰ ਭਾਵਨਾਤਮਕ ਤੌਰ 'ਤੇ ਪੇਸ਼ ਕਰਦੀਆਂ ਹਨ ਅਤੇ ਨਾਲ ਹੀ ਉਸ ਵਰਤਾਰੇ ਵਿੱਚ ਮਨੁੱਖ ਤੋਂ ਜਾਨਵਰ ਹੋਏ ਲੋਕਾਂ ਦੇ ਕਿਰਦਾਰ ਬਾਰੇ ਕਈ ਸੁਆਲ ਖੜੇ ਕਰਦੀਆਂ ਹਨ। ਸੁਖਵੰਤ ਕੌਰ ਮਾਨ ਦੀ ਚੱਟੂ ਵਿੱਚ ਦੋਵਾਂ ਮਜ਼ਹਬਾਂ ਦੇ ਲੋਕਾਂ ਨੂੰ ਨਹਿਰੂ ਅਤੇ ਜਿਨਾਹ ਦੇ ਨਾਂਅ ਤੋਂ ਨਫ਼ਰਤ ਇਸ ਹੱਦ ਤੱਕ ਪੇਸ਼ ਹੋਈ ਹੈ ਕਿ ਉਹ ਉਨ੍ਹਾਂ ਦਾ ਨਾਂਅ ਸੁਣਨ ਤੱਕ ਨੂੰ ਵੀ ਤਿਆਰ ਨਹੀਂ। ਦੇਸ਼ ਦੀ ਵੰਡ ਤਾਂ ਗ਼ੈਰ-ਕੁਦਰਤੀ ਸੀ ਹੀ ਪਰ ਨਾਲ ਹੀ ਵਸੋਂ ਦੇ ਤਬਾਦਲੇ ਸਮੇਂ ਹੋਈ ਕਤਲੋ-ਗ਼ਾਰਤ ਲਈ ਪੰਜਾਬੀ ਮਾਨਸਿਕਤਾ ਅਜੇ ਤੱਕ ਵੀ ਅੰਗਰੇਜ਼ਾਂ ਦੇ ਨਾਲ-ਨਾਲ, ਜਾਂ ਕਈ ਵਾਰ ਉਨ੍ਹਾਂ ਤੋਂ ਵੀ ਜ਼ਿਆਦਾ ਕਸੂਰਵਾਰ ਦੇਸੀ ਹਾਕਮ ਨੂੰ ਹੀ ਮੰਨਦੀ ਆ ਰਹੀ ਹੈ, ਜਿਨ੍ਹਾਂ ਨੇ ਦੇਸ਼ ਦੀ ਵੰਡ ਅਤੇ ਵਸੋਂ ਦੇ ਤਬਾਦਲੇ ਨੂੰ ਸਹਿਜ ਭਾਅ ਸਵੀਕਾਰ ਕਰ ਲਿਆ ਸੀ। ਇਸ ਸਾਰੇ ਕੁਝ ਨੂੰ ਪੰਜਾਬੀ ਕਹਾਣੀ ਨੇ ਬਾਖੂਬੀ ਪੇਸ਼ ਕੀਤਾ ਹੈ, ਜਿਸ ਨੂੰ ਸੰਪਾਦਕ ਨੇ ਇਸ ਪੁਸਤਕ ਦਾ ਸ਼ਿੰਗਾਰ ਬਣਾਇਆ ਹੈ।

ਹਲ ਵਾਹ (ਸੰਤ ਸਿੰਘ ਸੇਖੋਂ), ਕੁਲਫ਼ੀ (ਸੁਜਾਨ ਸਿੰਘ), ਧਰਤੀ ਹੇਠਲਾ ਬੌਲਦ (ਕੁਲਵੰਤ ਸਿੰਘ ਵਿਰਕ), ਗੋਈ (ਪ੍ਰੇਮ ਪ੍ਰਕਾਸ਼), ਖ਼ੂਨ (ਗੁਰਬਚਨ ਸਿੰਘ ਭੁੱਲਰ), ਮਾਸ ਖੋਰੇ (ਅਤਰਜੀਤ) ਅਤੇ ਹੋਰ ਕਹਾਣੀਆਂ ਮੁਲਕ ਦੇ ਆਜ਼ਾਦ ਹੋਣ ਉਪਰੰਤ ਉਸਰ ਰਹੀ ਜਾਂ ਬਦਲ ਰਹੀ ਸਮਾਜਿਕ ਤੋਰ ਦੀ ਪੇਸ਼ਕਾਰੀ ਕਰਨ ਵਾਲੀਆਂ ਹਨ। ਇਨ੍ਹਾਂ ਕਹਾਣੀਆਂ ਦੀ ਸਿਰਜਣਾ ਦਾ ਉਹ ਦੌਰ ਹੈ, ਜਦੋਂ ਪੰਜਾਬੀ ਸਮਾਜ ਅਜੇ ਦੇਸ਼ ਵੰਡ ਦੇ ਦੁਖਾਂਤ ਤੋਂ ਪੂਰੀ ਤਰ੍ਹਾਂ ਬਾਹਰ ਨਹੀਂ ਸੀ ਆਇਆ (ਉਂਜ ਸਾਡਾ ਮੰਨਣਾ ਹੈ ਕਿ ਇਹ ਕਦੇ ਵੀ ਬਾਹਰ ਨਹੀਂ ਆ ਸਕੇਗਾ) ਸਮਾਜਿਕ ਵਰਤਾਰਿਆਂ ਵਿੱਚ ਅਸਾਵਾਂਪਣ, ਚਾਹੇ

ਬਾਕੀ ਆਖ਼ਰੀ ਤੋਂ ਪਹਿਲੇ ਸਫ਼ੇ 'ਤੇ


# ਵਿੱਦਿਆ ਦੇ ਸਾਗਰ ਦੀ ਗੁੱਝੀ ਪੀੜ 'ਚ ਲਬਰੇਜ਼ ਬਿਰਤਾਂਤ

## ਸਪਲੀਮੈਂਟਰੀ ਬੈਚ

**(ਨਾਵਲ)**
**ਡਾ. ਸਚਿਨ ਸ਼ਰਮਾ**
**ਪੰਨੇ : 159, ਕੀਮਤ : 250 ਰੁਪਏ**
**ਨਵਰੰਗ ਪਬਲੀਕੇਸ਼ਨ, ਸਮਾਣਾ**

ਡਾ. ਕਰਮਜੀਤ ਸਿੰਘ ਨਡਾਲਾ

ਦੰਦਾਂ ਦੇ ਮਾਹਿਰ ਡਾ. ਸਚਿਨ ਸ਼ਰਮਾ ਨੇ ਸਾਹਿਤਕ ਖੇਤਰ 'ਚ ਪ੍ਰਵੇਸ਼ ਕਰਕੇ ਆਪਣੇ ਅੰਦਰ ਸੁਲਘਦੀ ਲਾਟ ਨੂੰ ਨਾਵਲ ਦਾ ਰੂਪ ਬਣਾ ਦਿੱਤਾ ਹੈ। ਉਨ੍ਹਾਂ ਸਾਬਤ ਕਰ ਦਿੱਤਾ, ਡਾਕਟਰ ਆਪਣੇ ਕਿੱਤੇ 'ਚ ਹੀ ਨਹੀਂ, ਜੇ ਚਾਹੇ ਤਾਂ ਸਾਹਿਤ ਜਿਹੀ ਸੂਖ਼ਮ ਕਲਾ ਨਾਲ ਵੀ ਦੋ-ਚਾਰ ਹੋਣ ਦੇ ਸਮਰੱਥ ਹੈ। ਉਸ ਨੇ ਕਲਾ ਦੇ ਨਸ਼ਤਰ ਨਾਲ ਮੈਡੀਕਲ ਕਾਲਜਾਂ ਦੇ ਉਨ੍ਹਾਂ ਪੱਖਾਂ ਨੂੰ ਉਜਾਗਰ ਕੀਤਾ ਹੈ, ਪਰਤਾਂ ਫਰੋਲੀਆਂ ਹਨ, ਜੋ ਆਮ ਕਰਕੇ ਪਰਦੇ ਹੇਠ ਹੀ ਛਿਪੀਆਂ ਰਹਿੰਦੀਆਂ। ਮੈਡੀਕਲ ਕਾਲਜਾਂ ਦਾ ਸੱਚ-ਝੂਠ ਇਨ੍ਹਾਂ ਪੰਨਿਆਂ 'ਤੇ ਬਾਖ਼ੂਬੀ ਚਿਤਰਦਿਆਂ ਨਾਵਲਕਾਰ ਬਣੇ ਡੈਂਟਲ ਡਾਕਟਰ ਨੇ ਪੰਜਾਬੀ ਸਾਹਿਤ ਦੇ ਖੇਤਰ 'ਚ ਇੱਕ ਨਵਾਂ ਵਿਸ਼ਾ ਲਿਆ ਕੇ ਚਰਚਾ ਦਾ ਮੁੱਢ ਵੀ ਬੰਨ੍ਹ ਦਿੱਤਾ ਹੈ।



ਲੇਖਕ ਜਦੋਂ ਡਾਕਟਰ ਬਣਨ ਦਾ ਸੁਪਨਾ ਲੈ ਕੇ ਮੈਡੀਕਲ ਕਾਲਜ 'ਚ ਦਾਖ਼ਲ ਹੁੰਦਾ, ਉਦੋਂ ਨਵੀਂ ਊਰਜਾ ਨਾਲ ਭਰਿਆ ਪਿਆ ਹੁੰਦਾ। ਪੰਜਾਂ ਸਾਲਾਂ ਬਾਅਦ ਡਾਕਟਰ ਬਣ ਕੇ ਬਾਹਰ ਆਉਣ ਤੱਕ ਦੀ ਰੌਚਿਕਤਾ ਭਰਪੂਰ ਕਹਾਣੀ ਹੈ, ਜਿਸ ਨੂੰ 'ਸਪਲੀਮੈਂਟਰੀ ਬੈਚ' ਦਾ ਨਾਂਅ ਦਿੱਤਾ ਹੈ।

ਕਾਲਜ 'ਚ ਦਾਖ਼ਲ ਹੋਣ ਤੋਂ ਬਾਅਦ ਸੀਨੀਅਰ ਵਿਦਿਆਰਥੀ ਕਿਵੇਂ ਰੈਗਿੰਗ ਦੇ ਨਾਂਅ 'ਤੇ ਤੰਗ-ਪ੍ਰੇਸ਼ਾਨ ਕਰਦੇ। ਪੁੱਠੇ-ਸਿੱਧੇ ਕੰਮ ਕਰਵਾਉਂਦੇ ਬੇਇੱਜ਼ਤ ਕਰਦੇ ਹਨ। ਜਿਸ ਨਾਲ ਨਵੇਂ ਆਏ ਵਿਦਿਆਰਥੀ ਕਈ ਵਾਰ ਡੋਲ ਜਾਂਦੇ। ਪੜ੍ਹਾਈ 'ਚ ਦਿਲ ਨਹੀਂ ਲਾਉਂਦੇ। ਉਤੋਂ ਨਵੀਂ ਕਿਸਮ ਦੀ ਔਖੀ ਪੜ੍ਹਾਈ। ਇਵੇਂ ਦੋਵੇਂ ਚੀਜ਼ਾਂ ਜੀਅ ਦਾ ਜੰਜ਼ਾਲ ਬਣ ਬਹਿੰਦੀਆਂ ਹਨ। ਕਈ ਤਾਂ ਏਨੇ ਘਬਰਾਅ ਜਾਂਦੇ ਹਨ, ਫਿਰ ਕੋਰਸ ਛੱਡ ਕੇ ਭੱਜ ਜਾਂਦੇ, ਪਰ ਜਿਉਂ-ਜਿਉਂ ਰੈਗਿੰਗ ਘਟਦੀ ਹੈ ਤੇ ਸਾਰਾ ਦਾਰੋਮਦਾਰ ਪੜ੍ਹਾਈ ਵੱਲ ਹੋ ਜਾਂਦਾ। ਮਨ ਹੌਲੀ-ਹੌਲੀ ਟਿਕਣ ਲੱਗਦਾ ਹੈ।

ਜਦੋਂ ਪਹਿਲੇ ਸਾਲ ਪੜ੍ਹਦਿਆਂ ਪੇਪਰਾਂ ਤੋਂ ਬਾਅਦ ਇੱਕ-ਦੋ ਪੇਪਰਾਂ 'ਚੋਂ ਕੋਈ ਫੇਲ੍ਹ ਹੋ ਜਾਵੇ, ਉਸ ਨੂੰ ਸਤੰਬਰ ਟੈਸਟ 'ਚ ਕਲੀਅਰ ਕਰਨ ਦਾ ਚਾਂਸ ਮਿਲਦਾ ਹੈ। ਜੇ ਕਲੀਅਰ ਕਰ ਲਵੇ ਤਾਂ ਅਗਲੇ ਸਾਲ ਦੀ ਪੜ੍ਹਾਈ ਕਰ ਸਕਦਾ ਹੈ। ਜੇ ਨਾ ਪਾਸ ਕਰ ਸਕੇ ਤਾਂ ਉਨ੍ਹਾਂ ਵਿਦਿਆਰਥੀਆਂ ਦਾ ਵੱਖਰਾ ਗਰੁੱਪ ਬਣ ਜਾਂਦਾ ਹੈ। ਨਲਾਇਕਾਂ ਦਾ ਗਰੁੱਪ, ਜਿਸ ਨੂੰ 'ਸਪਲੀਮੈਂਟਰੀ ਬੈਚ' ਦਾ ਨਾਂਅ ਦੇ ਦਿੱਤਾ ਜਾਂਦੈ। ਨਾਵਲ ਪੜ੍ਹਦਿਆਂ ਇਹ ਵੀ ਗੱਲ ਸਾਹਮਣੇ ਆਉਂਦੀ ਹੈ ਕਿ ਡਾਕਟਰ ਬਣਨ ਵਾਲੇ ਇਹ ਵਿਦਿਆਰਥੀ ਇੰਜੀਨੀਅਰ ਜਾਂ ਆਈ ਏ ਐੱਸ ਅਫ਼ਸਰ ਬਣਨਾ ਚਾਹੁੰਦੇ ਸਨ, ਪਰ ਪਿਤਾ ਡਾਕਟਰ ਹੋਣ ਕਰਕੇ ਉਨ੍ਹਾਂ ਨੂੰ ਦਿਲ 'ਤੇ ਪੱਥਰ ਰੱਖਣਾ ਪਿਆ। ਇਵੇਂ ਕਰਿਆਂ ਉਨ੍ਹਾਂ ਦੇ ਮਾਤਾ-ਪਿਤਾ ਦੇ ਚਲਾਏ ਜਾ ਰਹੇ ਹਸਪਤਾਲ ਚੱਲਦੇ ਰਹਿਣਗੇ। ਮਾਪੇ ਜ਼ਬਰਦਸਤੀ ਕਰਕੇ ਆਪਣੇ ਸੁਪਨੇ ਪੂਰੇ ਕਰਦੇ ਹਨ। ਅਸਲ 'ਚ ਉਹ ਪੈਸੇ ਕਮਾਉਣ ਵਾਲੀਆਂ ਏ ਟੀ ਐੱਮ ਮਸ਼ੀਨਾਂ ਬਣਾ ਰਹੇ ਹੁੰਦੇ ਹਨ। ਇਵੇਂ ਬੱਚੇ ਪ੍ਰੇਸ਼ਾਨ ਹੋ ਕੇ ਪੜ੍ਹਦੇ ਹਨ। ਕਿਉਂਕਿ ਉਨ੍ਹਾਂ ਦੀ ਮੈਡੀਕਲ 'ਚ ਉੱਕਾ ਹੀ ਰੁਚੀ ਨਹੀਂ ਹੁੰਦੀ। ਉਹ ਕਹਿੰਦੇ ਹਨ ਮਾਪੇ ਉਨ੍ਹਾਂ ਨੂੰ ਡੰਗਰਾਂ ਵਾਂਗੂੰ ਹਿੱਕ ਕੇ ਮੈਡੀਕਲ ਕਾਲਜਾਂ 'ਚ ਵਾੜ ਆਉਂਦੇ ਹਨ।

ਨਾਵਲ ਜਿਉਂ-ਜਿਉਂ ਅੱਗੇ ਨੂੰ ਵਧਦਾ ਜਾਂਦਾ ਹੈ, ਅਨੰਦ ਆਉਂਦਾ। ਸਹਿਜਤਾ ਨਾਲ ਅੱਗੇ ਵਧਦਾ ਕਿ ਪਾਠਕ ਉਕਦਾ ਨਹੀਂ। ਨਾਵਲ 'ਚ ਪਾਤਰਾਂ ਦਾ ਬੇਲੋੜਾ ਖਿਲਾਰਾ ਨਹੀਂ। ਸੱਤ-ਅੱਠ ਪਾਤਰਾਂ ਨਾਲ ਹੀ ਕਹਾਣੀ ਰਿੜ੍ਹਦੀ ਤੁਰੀ ਜਾਂਦੀ। ਇਹੋ ਹੀ ਵਿਦਿਆਰਥੀ ਪਾਤਰ ਕਦੇ ਇੱਕ-ਦੂਜੇ ਨਾਲ ਪਿਆਰ ਕਰਦੇ ਹਨ, ਕਦੇ ਰੁੱਸਦੇ, ਕਦੇ ਮੰਨਦੇ, ਕਦੇ ਇੱਕ-ਦੂਜੇ ਨਾਲ ਸਹਿਯੋਗ ਕਰਦੇ, ਕਦੇ ਕੋਰੇ ਹੋਏ ਦੁਸ਼ਮਣ ਵੀ ਬਣ ਬੈਠਦੇ ਹਨ।

ਇੱਕ ਬੈਚ 'ਚ ਹੁੰਦਿਆਂ ਹੋਇਆਂ ਕੁੜੀਆਂ-ਮੁੰਡਿਆਂ ਦੀਆਂ ਦੋਸਤੀਆਂ ਬਣਦੀਆਂ ਤੇ ਕਦੇ ਟੁੱਟਦੀਆਂ ਵੀ ਹਨ। ਪੜ੍ਹਾਈ ਦੇ ਨਾਲ-ਨਾਲ ਇਵੇਂ ਹਲਕੇ ਨਸ਼ੇ ਵਰਗਾ ਰੁਮਾਂਟਿਕ ਵਰਤਾਰਾ ਇਸ ਨਾਵਲ ਨੂੰ ਸੁਆਦਲਾ ਬਣਾਉਣ 'ਚ ਮਦਦ ਕਰਦਾ ਹੈ। ਇਵੇਂ ਕਿ ਹੁਣ ਅੱਗੇ ਕੀ ਵਾਪਰੇਗਾ, ਵਾਲੀ ਕਸ਼ਿਸ਼ ਬਣੀ ਰਹਿੰਦੀ ਹੈ।

ਹਰਜੀਤ ਵਰਗਾ ਟੀਚਰ ਪ੍ਰੋਫ਼ੈਸ਼ਨਲਾਂ ਨੂੰ ਪੜ੍ਹਾਉਂਦਾ ਵੀ ਹਰ ਵੇਲੇ ਵਿਅੰਗਮਈ ਤੀਰ ਛੱਡਦੈ। ਉਹ ਵਿਦਿਆਰਥੀਆਂ ਲਈ ਸੁਹਿਰਦ ਨਹੀਂ। ਉਸ ਤੋਂ ਮੁੰਡੇ ਤ੍ਰੈਹੰਦੇ ਹਨ, ਪਰ ਉਹੀ ਕੁੜੀਆਂ ਲਈ ਸਹਿਯੋਗੀ ਬਣਦਾ, ਉਨ੍ਹਾਂ ਨਾਲ ਨਾਜ਼ ਨਖਰੇ ਕਰਦੈ।

ਕਿਵੇਂ ਅਚਨਚੇਤ ਹੀ ਮੈਡੀਕਲ ਕਾਲਜ ਦੇ ਹਸਪਤਾਲ 'ਚ ਆਪਣੀ ਮਾਂ ਦੀ ਦਵਾਈ ਲੈਣ ਕੁੜੀ ਆਉਂਦੀ ਹੈ। ਉਹ ਬੇਹੱਦ ਸੁੰਦਰ ਵੀ ਹੈ। ਰਾਹੁਲ ਉਸ 'ਤੇ ਬੁਰੀ ਤਰ੍ਹਾਂ ਲੱਟੂ ਹੋ ਜਾਂਦੇ। ਇਹੋ ਜਿਹੇ ਆਪਸੀ ਵਾਰਤਾਲਾਪੀ ਕਹਾਣੀ ਨੂੰ ਸੋਹਜਮਈ ਬਣਾਉਂਦੇ ਬੁਲੰਦੀਆਂ ਬਖ਼ਸ਼ਦੇ ਹਨ।

ਇਹ ਨਾਵਲ ਅਸਲ 'ਚ ਮੈਡੀਕਲ ਕਾਲਜਾਂ ਦੇ ਢਿੱਡ ਅੰਦਰ ਕੀ ਵਾਪਰਦਾ ਹੈ, ਜਿਸ ਬਾਰੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਨਹੀਂ ਪਤਾ ਹੁੰਦਾ ਜਾਂ ਕਹਿ ਲਵੋ ਸੰਗਦੇ-ਡਰਦੇ ਜਾਂ ਸ਼ਰਮ ਦੇ ਮਾਰੇ ਨਵੇਂ ਦੱਸਦੇ ਹੀ ਨਹੀਂ। ਉਸ ਦੀ ਤਸਵੀਰ ਹੈ। ਮੁਢਲੀ ਤੋਂ ਅੰਤਲੀ ਪੜ੍ਹਾਈ, ਉਤਰਾਅ-ਚੜ੍ਹਾਅ ਹੋਸਟਲਾਂ ਦਾ ਮਾੜਾ-ਚੰਗਾ ਰਹਿਣ-ਸਹਿਣ, ਕਾਲਜ ਤੇ ਹਸਪਤਾਲਾਂ ਦੀ ਲੁਕਵੀਂ ਤੇ ਅੰਦਰਲੀ ਤਸਵੀਰ, ਲੁਕਵੀਆਂ ਮੁਹੱਬਤਾਂ ਜਿਸ ਬਾਰੇ ਡਾ. ਸਚਿਨ ਸ਼ਰਮਾ ਸਕੈਚ ਖਿਚਦਾ ਹੈ। ਉਹ ਕਾਬਲੇ-ਗੌਰ ਹੈ। ਇਹ ਨਾਵਲ ਮੇਰੀ ਆਪਣੀ ਮੈਡੀਕਲ ਦੀ ਪੜ੍ਹਾਈ ਤੇ ਪੰਜਾਂ ਸਾਲਾਂ ਦੇ ਜੀਵਨ ਨੂੰ ਅੱਖਾਂ ਸਾਹਮਣਿਉਂ ਗੁਜ਼ਰਦਿਆਂ ਦੇਖਦਾ ਹੈ।


ਡਾ. ਸਚਿਨ ਪੜ੍ਹਾਈ 'ਚ ਸਖ਼ਤ ਮਿਹਨਤ ਕਰਕੇ ਲਾਇਕ ਤੇ ਕੰਮ 'ਚ ਨਿਪੁੰਨ ਬਣ ਕੇ ਦਿਖਾਉਂਦਾ ਹੈ। ਉਸ ਤੋਂ ਨਵੇਂ ਵਿਦਿਆਰਥੀ ਪ੍ਰੇਰਨਾ ਤੇ ਸੇਧ ਲੈ ਸਕਦੇ ਹਨ। ਕਿਵੇਂ ਹੇਠਲੇ ਪੱਧਰ ਤੋਂ ਉੱਠ ਕੇ ਉੱਪਰ ਟੀ ਸੀ ਦੇ ਬੇਰ ਤੱਕ ਅੱਪੜਿਆ ਜਾ ਸਕਦਾ ਹੈ।

ਇਵੇਂ 'ਸਪਲੀਮੈਂਟਰੀ ਬੈਚ' ਨਾਵਲ ਪੰਜਾਬੀ ਸਾਹਿਤ ਅੰਦਰ ਆਪਣੀ ਕਿਸਮ ਦਾ ਪਹਿਲਾ ਨਾਵਲ ਹੋ ਨਿੱਬੜਦਾ ਹੈ। ਸ਼ਾਇਦ ਹੀ ਕਿਸੇ ਨੇ ਪਹਿਲਾਂ ਇਹੋ ਜਿਹੀ ਰਚਨਾ ਕੀਤੀ ਹੋਵੇ, ਕਿਉਂਕਿ ਇਹੋ ਜਿਹਾ ਨਾਵਲ ਕੋਈ ਡਾਕਟਰ ਹੀ ਲਿਖ ਸਕਦਾ ਸੀ। ਇਵੇਂ ਸਫ਼ਲ ਰਚਨਾ ਦੇਣ ਲਈ ਡਾ. ਸਚਿਨ ਸ਼ਰਮਾ ਵਧਾਈ ਦਾ ਪਾਤਰ ਹੈ। ਮੈਡੀਕਲ ਦਾ ਵਿਦਿਆਰਥੀ ਹੋ ਕੇ ਵੀ ਏਨੀ ਖ਼ੂਬਸੂਰਤ ਤੇ ਠੇਠ ਪੰਜਾਬੀ ਲਿਖ ਕੇ ਸ਼ਰਸ਼ਾਰ ਕਰ ਦਿੱਤਾ ਹੈ। ਮੈਂ ਇਹ ਨਾਵਲ ਪੜ੍ਹਨ ਲਈ ਗੁਜਾਰਿਸ਼ ਕਰਦਾ ਹਾਂ।

# ਸੱਜਰਾ ਸਾਹਿਤ

## ਮੇਰਾ ਸੰਘਰਸ਼

**ਅਡੋਲਫ ਹਿਟਲਰ**
**ਸੰਪੂਰਨ ਸਵੈ ਜੀਵਨੀ**
**(ਅਨੁ. ਕਰਮ ਸਿੰਘ ਜ਼ਖ਼ਮੀ)**
**ਪੰਨੇ : 408, ਮੁੱਲ : 500 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**



ਘਰ ਵਿੱਚ ਮੇਰੇ ਪੈਰ ਰੁਕਦੇ ਨਹੀਂ ਸਨ, ਮੇਰਾ ਬਹੁਤ ਸਮਾਂ ਸ਼ਰਾਰਤੀ ਬੱਚਿਆਂ ਵਿੱਚ ਗੱਲਾਂ ਕਰਨ ਜਾਂ ਦੌੜ ਲਗਾਉਣ ਵਿੱਚ ਬਤੀਤ ਹੁੰਦਾ ਸੀ। ਮੇਰੀ ਮਾਂ ਨੂੰ ਇਹ ਬੱਚੇ ਉੱਕਾ ਹੀ ਪਸੰਦ ਨਹੀਂ ਸਨ। ਮੇਰੀ ਸ਼ਰਾਰਤੀ ਮਿੱਤਰ ਮੰਡਲੀ ਨਾਲ ਅਕਸਰ ਬਹਿਸ ਹੁੰਦੀ ਰਹਿੰਦੀ, ਜਿਸ ਨਾਲ ਮੇਰੇ ਵਿੱਚ ਬੇਝਿਜਕ ਬੋਲਣ ਦਾ ਗੁਣ ਵਿਕਸਤ ਹੋ ਰਿਹਾ ਸੀ। ਮੈਂ ਚੰਗਾ-ਭਲਾ ਨੇਤਾ ਬਣ ਗਿਆ ਸੀ।

## ਸੁੰਦਰ ਬਣ ਜੇ ਵਾਤਾਵਰਣ


**ਅਮਰਿੰਦਰ ਕੌਰ**
**ਪੰਨੇ : 112, ਮੁੱਲ : 270 ਰੁਪਏ**
**ਤਾਲਿਫ਼ ਪ੍ਰਕਾਸ਼ਨ, ਬਰਨਾਲਾ**



ਵਾਤਾਵਰਨ ਕੀ ਹੈ? ਸਾਡੇ ਆਲੇ-ਦੁਆਲੇ ਨੂੰ ਹੀ ਸਾਡਾ ਵਾਤਾਵਰਨ ਕਹਿੰਦੇ ਹਨ। ਇਸ ਧਰਤੀ 'ਤੇ ਜੀਵਨ ਨੂੰ ਸੰਭਵ ਕਰਨ ਲਈ ਵਾਤਾਵਰਨ ਹਰ ਸ੍ਰੋਤ ਮੁਹੱਈਆ ਕਰਵਾਉਂਦਾ ਹੈ। ਇਸ ਦੇ ਦੋ ਅੰਗ ਹੁੰਦੇ ਹਨ- ਜੈਵਿਕ ਅਤੇ ਅਜੈਵਿਕ। ਇਨ੍ਹਾਂ ਦੋਵਾਂ ਦਾ ਹੀ ਇੱਕ ਸੰਤੁਲਨ ਹੋਣਾ ਬਹੁਤ ਜ਼ਰੂਰੀ ਹੈ, ਪ੍ਰੰਤੂ ਮਨੁੱਖ ਦੀ ਵਧਦੀ ਅਬਾਦੀ ਕਾਰਨ ਪ੍ਰਦੂਸ਼ਣ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਕੁਦਰਤੀ ਸ੍ਰੋਤ ਘਟ ਰਹੇ ਹਨ, ਨਤੀਜੇ ਵਜੋਂ ਵਾਤਾਵਰਨ 'ਤੇ ਬੁਰੇ ਪ੍ਰਭਾਵ ਪੈ ਰਹੇ ਹਨ।

## ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ

**ਜੰਗ ਬਹਾਦੁਰ ਗੋਇਲ**
**(ਭਾਗ ਪੰਜਵਾਂ)**
**ਪੰਨੇ : 216, ਮੁੱਲ : 250 ਰੁਪਏ**
**ਸਿੰਘ ਬ੍ਰਦਰਜ਼ ਅੰਮ੍ਰਿਤਸਰ**



ਦੂਜੇ ਵਿਸ਼ਵ ਯੁੱਧ ਨਾਲ ਹੀ ਸੰਬੰਧਤ ਇੱਕ ਹੋਰ ਨਾਵਲ ਹੈ 'ਦ ਜਨਰਲ ਆਫ਼ ਦ ਡੈੱਡ ਆਰਮੀ', ਜਿਸ ਦਾ ਲੇਖਕ ਹੈ ਇਸਮਾਇਲ ਕਾਦਰੇ। ਉਹ ਅਲਬਾਨੀਆ ਤੋਂ ਹੈ, ਜਿੱਥੋਂ ਦੀ ਸੇਵਾ, ਦਇਆ ਅਤੇ ਤਿਆਗ ਦੀ ਮੂਰਤ ਸੇਂਟ ਮਦਰ ਟੈਰੇਸਾ ਹੈ, ਜਿਸ ਨੂੰ ਉਸ ਦੀ ਮਾਨਵਤਾ ਨੂੰ ਦੇਣ ਹਿੱਤ ਨੋਬਲ ਪੁਰਸਕਾਰ ਨਾਲ ਨਿਵਾਜਿਆ ਗਿਆ। 1963 'ਚ ਫ਼ਰਾਂਸੀਸੀ 'ਚ ਛਪਿਆ ਇਹ ਨਾਵਲ ਜਦ ਅੰਗਰੇਜ਼ੀ 'ਚ ਅਨੁਵਾਦ ਹੋਇਆ ਤਾਂ ਪਾਠਕਾਂ ਨੇ ਇਸ ਨੂੰ ਹੱਥੋ-ਹੱਥ ਬੋਚ ਲਿਆ ਅਤੇ ਮਾਣਿਆ।

# ਪੁਸਤਕ ਰੀਵਿਊ

## ਤੁਰੇ ਤੇਗ ਦੀ ਧਾਰ 'ਤੇ

**ਗੁਰਨਾਮ ਸਿੰਘ ਪ੍ਰਭਾਤ**
**(ਇਕਾਂਗੀ ਸੰਗ੍ਰਹਿ)**
**ਪੰਨੇ : 134, ਮੁੱਲ : 145 ਰੁਪਏ**
**ਟੂਡੇ ਪਬਲੀਕੇਸ਼ਨ, ਚੰਡੀਗੜ੍ਹ**

'ਤੁਰੇ ਤੇਗ ਦੀ ਧਾਰ 'ਤੇ' ਗੁਰਨਾਮ ਸਿੰਘ ਪ੍ਰਭਾਤ ਦੁਆਰਾ ਲਿਖਿਆ ਇਕਾਂਗੀ ਸੰਗ੍ਰਹਿ ਹੈ। ਇਸ ਵਿਚਲੀਆਂ ਇਕਾਂਗੀਆਂ ਸਿੱਖ ਇਤਿਹਾਸ ਨਾਲ ਸੰਬੰਧ ਰੱਖਣ ਵਾਲੀਆਂ ਹਨ। ਪੰਜਾਬੀ ਵਿੱਚ ਧਾਰਮਿਕ ਨਾਟਕ/ਇਕਾਂਗੀ ਲਿਖਣਾ ਬਹੁਤ ਔਖਾ ਕਾਰਜ ਹੈ, ਕਿਉਂਕਿ ਸਿੱਖ ਧਰਮ ਨਾਲ ਸੰਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਜਿਵੇਂ ਗੁਰੂ ਸਾਹਿਬਾਨ, ਉਨ੍ਹਾਂ ਦੇ ਪਰਵਾਰਕ ਮੈਂਬਰ ਅਤੇ ਉਨ੍ਹਾਂ ਦੀਆਂ ਸਮਕਾਲੀ ਸਿੱਖ ਸ਼ਖ਼ਸੀਅਤਾਂ ਨੂੰ ਸਟੇਜ ਉਪਰ ਪੇਸ਼ ਕਰਨ ਦੀ ਮਨਾਹੀ ਹੈ। ਇਸ ਮਨਾਹੀ ਦੇ ਚੱਲਦਿਆਂ ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਦੇ ਮੂਲ ਸਰੋਕਾਰਾਂ ਨੂੰ ਨਾਟਕ/ਇਕਾਂਗੀ ਦੇ ਰੂਪ ਵਿਚ ਪੇਸ਼ ਕਰਨ ਲਈ ਜਿਥੇ ਸਿੱਖ ਇਤਿਹਾਸ/ਫਲਸਫੇ ਦੀ ਡੂੰਘੀ ਸਮਝ ਦੀ ਜ਼ਰੂਰਤ ਹੈ, ਉਥੇ ਨਾਲ ਹੀ ਨਾਟਕ/ਇਕਾਂਗੀ ਦੀ ਪੇਸ਼ਕਾਰੀ ਜੁਗਤਾਂ ਦੀ ਪਰਪੱਕਤਾ ਵੀ ਲੋੜੀਂਦੀ ਹੈ। ਇਹੀ ਕਾਰਨ ਹੈ ਕਿ ਪੰਜਾਬੀ ਵਿਚ ਧਾਰਮਿਕ ਨਾਟਕ/ਇਕਾਂਗੀ ਲਿਖਣ ਦੀ ਕੋਈ ਵੱਡੀ ਪਰੰਪਰਾ ਵਿਕਸਿਤ ਨਹੀਂ ਹੋਈ। ਬਹੁਤ ਥੋੜ੍ਹੇ ਇਕਾਂਗੀਕਾਰਾਂ ਨੇ ਹੀ ਇਸ ਜੋਖਮ ਭਰੇ ਕਾਰਜ ਨੂੰ ਹੱਥ ਪਾਇਆ ਹੈ। ਇਸ ਪੁਸਤਕ ਵਿਚ ਪੇਸ਼ ਕੀਤਾ ਗਿਆ ਨਾਟ ਪਾਠ ਇਹ ਸਪੱਸ਼ਟ ਕਰਦਾ ਹੈ ਕਿ ਪ੍ਰਭਾਤ ਨੂੰ ਧਾਰਮਿਕ ਇਕਾਂਗੀ ਲਿਖਣ ਦਾ ਵੱਡਾ ਤਜਰਬਾ ਹੈ। ਇਸ ਪੁਸਤਕ ਵਿਚਲੀਆਂ ਤਸਵੀਰਾਂ ਇਸ ਗੱਲ ਦੀ ਗਵਾਹ ਹਨ ਕਿ ਪ੍ਰਭਾਤ ਲਿਖਣ ਦੇ ਹੁਨਰ ਤੋਂ ਇਲਾਵਾ ਨਾਟਕ/ਇਕਾਂਗੀ ਦਾ ਸਟੇਜ ਮੰਚਨ ਕਰਨ ਵਿੱਚ ਵੀ ਮਾਹਿਰ ਹੈ।

ਇਸ ਇਕਾਂਗੀ ਸੰਗ੍ਰਹਿ ਵਿਚ ਕੁੱਲ ਛੇ ਇਕਾਂਗੀ ਪੇਸ਼ ਕੀਤੇ ਗਏ ਹਨ, ਜਿਨ੍ਹਾਂ ਦੇ ਨਾਇਕ ਸਿੱਖ ਇਤਿਹਾਸ ਨਾਲ ਸੰਬੰਧਤ ਹਨ ਤੇ ਇਨ੍ਹਾਂ ਵਿਚਲੀਆਂ ਘਟਨਾਵਾਂ ਸਿੱਖ ਇਤਿਹਾਸ ਦੇ ਕਿਸੇ ਅਹਿਮ ਪੜਾਅ ਨਾਲ ਸੰਬੰਧ ਰੱਖਦੀਆਂ ਹਨ। 'ਤੁਰੇ ਤੇਗ ਦੀ ਧਾਰ 'ਤੇ' ਇਕਾਂਗੀ ਰਾਹੀਂ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸੇ ਰੰਘੜ ਦਾ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਵੱਲੋਂ ਸਿਰ ਵੱਢੇ ਜਾਣ ਵਾਲੀ ਘਟਨਾ ਦਾ ਵਰਨਣ ਕੀਤਾ ਹੈ। ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਪਾਤਰਾਂ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਦੀ ਬਹਾਦਰੀ ਦੀ ਪੇਸ਼ਕਾਰੀ ਕਰਨ ਵਿੱਚ ਇਕਾਂਗੀਕਾਰ ਨੇ ਸਫਲਤਾ ਹਾਸਲ ਕੀਤੀ ਹੈ। ਦੂਸਰੀ ਇਕਾਂਗੀ ਅਨੂਪ ਕੌਰ ਸਿੱਖ ਇਤਿਹਾਸ ਦੀ ਅਣਗੌਲੀ ਨਾਇਕਾ ਅਨੂਪ ਕੌਰ ਦੀ ਬਹਾਦਰੀ ਨੂੰ ਬਾਖੂਬੀ ਪੇਸ਼ ਕਰਦੀ ਹੈ। ਅਨੂਪ ਕੌਰ ਰਾਹੀਂ ਇਕਾਂਗੀਕਾਰ ਨੇ ਅਜਿਹਾ ਪਾਤਰ ਚਿਤਰਨ ਦਾ ਯਤਨ ਕੀਤਾ ਹੈ, ਜਿਹੜਾ ਕਿ ਗੁਰੂ ਪਰਵਾਰ ਦੀ ਰੱਖਿਆ ਲਈ ਆਪਣੀ ਜਾਨ ਦੀ ਬਾਜ਼ੀ ਲਗਾਉਣ ਤੋਂ ਵੀ ਪਿੱਛੇ ਨਹੀਂ ਹਟਦਾ। ਤੀਸਰੇ ਇਕਾਂਗੀ ਸੈਦ ਖਾਂ ਰਾਹੀਂ ਉਸ ਘਟਨਾ ਦੀ ਪੇਸ਼ਕਾਰੀ ਕੀਤੀ ਗਈ ਹੈ ਜਿਸ ਵਿੱਚ ਬੁਰੀ ਨੀਅਤ ਨਾਲ ਗੁਰੂ ਦਰਬਾਰ ਵਿਚ ਆਉਣ ਵਾਲੇ ਕਈ ਲੋਕ ਵੀ ਗੁਰਸਿੱਖੀ ਧਾਰਨ ਕਰ ਲੈਂਦੇ ਸਨ। ਅਵਲੂ ਅਤੇ ਸੈਦ ਖਾਂ ਦੋ ਅਜਿਹੇ ਪਾਤਰ ਹਨ, ਜਿਹੜੇ ਬੁਰੀ ਨੀਅਤ ਨਾਲ ਸਿੱਖਾਂ ਵਿੱਚ ਆਉਂਦੇ ਹਨ, ਪਰ ਅਧਿਆਤਮਕ ਮਾਹੌਲ ਵਿਚ ਅਜਿਹੇ ਰੰਗੇ ਜਾਂਦੇ ਹਨ ਕਿ ਆਪ ਹੀ ਸਿੱਖ ਬਣ ਜਾਂਦੇ ਹਨ।

ਮਸ਼ੈਲ ਸ਼ੇਰਨੀ ਇਕਾਂਗੀ ਸਿੱਖ ਕੌਮ ਦੀ ਮਹਾਨ ਨਾਇਕਾ ਮਾਈ ਭਾਗੋ ਦੀ ਬਹਾਦਰੀ ਨੂੰ ਪੇਸ਼ ਕਰਦੀ ਹੈ, ਜਿਸ ਨੇ ਆਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਬੇਦਾਵਾ ਦੇ ਕੇ ਆਏ 40 ਸਿੱਖਾਂ ਨੂੰ ਪ੍ਰੇਰ ਕੇ ਗੁਰੂ ਦੀ ਸ਼ਰਨ ਵਿੱਚ ਭੇਜਿਆ ਅਤੇ ਉਨ੍ਹਾਂ ਸਿੱਖਾਂ ਨੇ ਮੁਕਤਸਰ ਦੀ ਧਰਤੀ 'ਤੇ ਸ਼ਹੀਦੀ ਦੇ ਕੇ 'ਮੁਕਤੇ' ਪਦ ਨੂੰ ਪ੍ਰਾਪਤ ਕੀਤਾ। ਆਲੀ ਸਿੰਘ ਇਕਾਂਗੀ ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਅਤੇ ਦੂਰ-ਦਰਸ਼ੀ ਸੂਝ ਦਾ ਪ੍ਰਗਟਾਵਾ ਕਰਦੀ ਹੈ। ਆਲੀ ਸਿੰਘ ਸਰਹੰਦ ਫਤਿਹ ਕਰਨ ਉਪਰੰਤ ਸਰਹੰਦ ਦੇ ਨਾਇਬ ਸੂਬਾ ਨਿਯੁਕਤ ਹੋਏ ਸਨ। ਇਹ ਇਕਾਂਗੀ ਬੀਰ ਰਸ ਦੀ ਪੇਸ਼ਕਾਰੀ ਕਰਨ ਵਾਲੀ ਹੈ। ਅੰਤਲਾ ਇਕਾਂਗੀ ਸਿੱਖ ਰਾਜ ਦੀ ਅੰਤਿਮ ਮਹਾਰਾਣੀ ਜਿੰਦਾਂ ਨਾਲ ਸੰਬੰਧ ਰੱਖਦਾ ਹੈ। ਮਹਾਰਾਣੀ ਜਿੰਦਾਂ ਅਤੇ ਉਸ ਦੇ ਨਾਬਾਲਗ ਬੇਟੇ ਦਲੀਪ ਸਿੰਘ ਵੱਲੋਂ ਅੰਗਰੇਜ਼ਾਂ ਨੂੰ ਰਾਜ ਸੌਂਪੇ ਜਾਣ ਅਤੇ ਫਿਰ ਇੰਗਲੈਂਡ ਵਿਚ ਬੰਦੀ ਬਣਾਏ ਜਾਣ ਦੀ ਕਥਾ ਨੂੰ ਇਸ ਇਕਾਂਗੀ ਰਾਹੀਂ ਸਫਲਤਾ-ਪੂਰਵਕ ਪੇਸ਼ ਕੀਤਾ ਗਿਆ ਹੈ।

ਪੰਜਾਬੀ ਸਾਹਿਤ ਵਿੱਚ ਅਜਿਹੇ ਧਾਰਮਿਕ ਇਕਾਂਗੀ-ਸੰਗ੍ਰਹਿ ਬਹੁਤ ਘੱਟ ਉਪਲੱਬਧ ਹੋਣ ਕਾਰਨ ਇਹ ਪੁਸਤਕ ਬਹੁਤ ਮੁੱਲਵਾਨ ਹੈ। ਇਹ ਸੰਗ੍ਰਹਿ ਵਿਸ਼ੇਸ਼ ਕਰਕੇ ਉਨ੍ਹਾਂ ਲਈ ਹੋਰ ਵੀ ਮਹੱਤਵਪੂਰਨ ਸਾਬਤ ਹੋ ਸਕਦਾ ਹੈ, ਜਿਹੜੇ ਕਿ ਸਿੱਖ ਇਤਿਹਾਸ ਅਤੇ ਇਸ ਨਾਲ ਜੁੜੀਆਂ ਘਟਨਾਵਾਂ ਸਟੇਜ 'ਤੇ ਖੇਡ ਕੇ ਇਸ ਦੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ। ਲੇਖਕ ਦੀ ਇਜਾਜ਼ਤ ਤੋਂ ਬਿਨਾਂ ਇਕਾਂਗੀ ਨਾ ਖੇਡਣ ਦੀ ਤਾਕੀਦ ਕਰਨੀ ਵਾਜਿਬ ਹੈ ਤਾਂ ਕਿ ਕੋਈ ਵੀ ਇਸ ਦੇ ਪਾਤਰਾਂ ਅਤੇ ਉਨ੍ਹਾਂ ਦੇ ਵਾਰਤਾਲਾਪ ਨਾਲ ਛੇੜਛਾੜ ਨਾ ਕਰ ਸਕੇ। ਬੇਸ਼ੱਕ ਕਿ ਲੇਖਕ ਦੀ ਈ ਮੇਲ ਆਈਡੀ ਦਿੱਤੀ ਗਈ ਹੈ, ਪਰ ਉਸ ਦੇ ਰਿਹਾਇਸ਼ੀ ਪਤੇ ਅਤੇ ਫੋਨ ਨੰਬਰ ਦਾ ਨਾ ਹੋਣਾ ਇਸ ਦੀ ਸੀਮਾ ਬਣ ਜਾਂਦੀ ਹੈ। ਕੁੱਲ ਮਿਲਾ ਕੇ ਇਹ ਪੁਸਤਕ ਸਵਾਗਤਯੋਗ ਹੈ।

— ਵੰਦਨਾ ਸੁਖੀਜਾ

## ਸਿਰ ਦਾ ਤਾਜ

**(ਮਿੰਨੀ ਕਹਾਣੀ ਸੰਗ੍ਰਹਿ)**
**ਰਘਬੀਰ ਸਿੰਘ ਮਹਿਮੀ**
**ਪੰਨੇ : 70, ਮੁੱਲ : 150 ਰੁਪਏ**
**ਟਵੈਂਟੀ ਫਸਟ ਸੈਂਚਰੀ ਪ੍ਰਿੰਟਿੰਗ ਪ੍ਰੈੱਸ ਪਟਿਆਲਾ**

ਵਿਚਾਰ ਅਧੀਨ ਪੁਸਤਕ "ਸਿਰ ਦਾ ਤਾਜ" ਦੇ ਲੇਖਕ ਰਘਬੀਰ ਸਿੰਘ ਮਹਿਮੀ ਇਸ ਮਿੰਨੀ ਕਹਾਣੀ ਸੰਗ੍ਰਹਿ ਤੋਂ ਪਹਿਲਾਂ ਪੰਜ ਮਿੰਨੀ ਕਹਾਣੀ ਸੰਗ੍ਰਹਿ ਅਤੇ ਇੱਕ ਕਹਾਣੀ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੇ ਹਨ। ਸਮਾਜ ਵਿੱਚ ਵਿਚਰਦਿਆਂ ਲੇਖਕ ਜ਼ਿੰਦਗੀ ਦੇ ਹਰ ਪੱਖ ਨੂੰ ਗਹਿਰਾਈ ਨਾਲ ਵਾਚਦਾ ਹੈ। ਇਨ੍ਹਾਂ ਵਿੱਚੋਂ ਉਤਪੰਨ ਸਹਿਜ ਅਤੇ ਤਲਖ ਹਕੀਕਤਾਂ ਉਸ ਲਈ ਪ੍ਰੇਰਨਾ-ਸ੍ਰੋਤ ਬਣਦੀਆਂ ਹਨ ਅਤੇ ਉਹ ਲੋਕ ਜਜ਼ਬਿਆਂ ਦੀ ਆਵਾਜ਼ ਬਣ ਜਾਂਦਾ ਹੈ।

ਵਿਦਵਾਨਾਂ ਦਾ ਕਥਨ ਹੈ ਕਿ ਮਿੰਨੀ ਕਹਾਣੀ ਦੀ ਤਾਕਤ ਹਮੇਸ਼ਾ ਵਿਸਤਾਰ ਵਿੱਚ ਨਹੀਂ, ਸਗੋਂ ਗਹਿਰਾਈ ਵਿੱਚ ਮੰਨੀ ਜਾਂਦੀ ਹੈ। ਮਿੰਨੀ ਕਹਾਣੀ ਦੇ ਜ਼ਰੀਏ ਵੱਡੀ ਤੇ ਅਰਥ ਭਰਪੂਰ ਗੱਲ ਥੋੜ੍ਹੇ ਸ਼ਬਦਾਂ ਵਿੱਚ ਕਹਿਣੀ ਉੱਚ ਬੌਧਿਕਤਾ ਤੇ ਵਿਦਵਤਾ ਦਾ ਪ੍ਰਮਾਣ ਹੈ।

ਜੇਮਜ਼ ਡਬਲਿਊ. ਲਿਨ ਅਨੁਸਾਰ "ਇੱਕ ਪਾਤਰ ਦੇ ਜੀਵਨ ਦੀ ਪਰਿਵਤਨਸ਼ੀਲ ਘਟਨਾ ਦਾ ਨਾਟਕੀ ਢੰਗ ਨਾਲ ਸੰਖੇਪ ਪ੍ਰਕਥਨ ਹੀ ਕਹਾਣੀ ਹੈ।"

ਇਸ ਪੁਸਤਕ ਵਿੱਚ ਕੁੱਲ 70 ਮਿੰਨੀ ਕਹਾਣੀਆਂ ਹਨ, ਜੋ ਆਤਮ ਵਿਸ਼ਵਾਸ, ਸਮਾਜਿਕ ਨਾ-ਬਰਾਬਰੀ, ਆਤਮ-ਨਿਰਭਰਤਾ, ਮੋਹ, ਦਿਖਾਵਟੀਪਨ, ਦੋਹਰੇ ਮਾਪਦੰਡ, ਮਾਂ ਬੋਲੀ ਪ੍ਰਤੀ ਫਿਕਰ, ਇਨਸਾਨੀਅਤ, ਸਕਾਰਾਤਮਕ ਸੋਚ, ਸੇਵਾ ਭਾਵਨਾ, ਸਮਾਜਿਕ ਕੁਰੀਤੀਆਂ, ਸੰਕੀਰਣ ਮਾਨਸਿਕਤਾ ਅਤੇ ਅਜਿਹੇ ਅਨੇਕਾਂ ਵੱਖੋ-ਵੱਖ ਵਿਸ਼ਿਆਂ ਨਾਲ ਸੰਬੰਧਤ ਹਨ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ "ਸਿਰ ਦਾ ਤਾਜ" ਪੁਰਾਣੀ ਰੂੜੀਵਾਦੀ ਸੋਚ ਤੋਂ ਕਿਨਾਰਾ ਕਰਨ ਦੀ ਸੇਧ ਦਿੰਦੀ ਹੈ ਅਤੇ ਬਿਨਾਂ ਸਮਾਂ ਗਵਾਏ ਔਰਤ ਪ੍ਰਤੀ ਸਨਮਾਨਜਨਕ ਵਰਤੋਂ ਵਿਹਾਰ ਅਪਨਾਉਣ 'ਤੇ ਜ਼ੋਰ ਦਿੰਦੀ ਹੈ। ਇਸ ਪੁਸਤਕ ਅੰਦਰ ਇਹ ਮਿੰਨੀ ਕਹਾਣੀ ਵਾਕਿਆ ਹੀ ਭਾਵਨਾਤਮਕ ਤੌਰ 'ਤੇ ਹਲੂਣਦੀ ਹੋਈ ਆਪਣਾ ਇੱਕ ਅਹਿਮ ਸਥਾਨ ਰੱਖਦੀ ਹੈ ਅਤੇ ਪੁਸਤਕ ਦੇ ਸਿਰਲੇਖ ਲਈ ਵੀ ਢੁਕਵੀਂ ਹੈ।

ਇਸ ਪੁਸਤਕ ਅੰਦਰਲੀਆਂ ਕਈ ਕਹਾਣੀਆਂ ਮਨੁੱਖ ਨੂੰ ਢਹਿੰਦੀ ਕਲਾ ਵਿੱਚੋਂ ਕੱਢ ਕੇ ਕਿਸੇ ਨਾ ਕਿਸੇ ਢੰਗ ਨਾਲ ਚੜ੍ਹਦੀ ਕਲਾ ਵਿੱਚ ਜੀਵਨ ਬਤੀਤ ਕਰਨ ਲਈ ਵੀ ਪ੍ਰੇਰਦੀਆਂ ਹਨ। ਮਸਲਨ 'ਹੱਲ' ਨਾਂਅ ਦੀ ਰਚਨਾ ਵਿੱਚ ਪੋਤੀ ਵੱਲੋਂ ਆਪਣੇ ਦਾਦੇ ਨੂੰ ਕਹੀ ਇੱਕ ਗੱਲ ਹੀ ਦਾਦੇ ਨੂੰ ਆਤਮ ਹੱਤਿਆ ਜਿਹੇ ਖ਼ਤਰਨਾਕ ਫੈਸਲੇ ਤੋਂ ਮੋੜ ਕੇ ਜ਼ਿੰਦਗੀ ਜੀਣ ਦੀ ਨਵੀਂ ਉਮੰਗ ਅਤੇ ਉਤਸ਼ਾਹ ਪੈਦਾ ਕਰ ਦਿੰਦੀ ਹੈ। 'ਸੰਕਲਪ' ਮਿੰਨੀ ਕਹਾਣੀ ਵਿੱਚ ਲੇਖਕ ਨੇ ਇਸ ਗੱਲ ਨੂੰ ਉਭਾਰਿਆ ਹੈ ਕਿ ਵਿਰੋਧੀ ਭਾਵੇਂ ਤੁਹਾਡੇ ਮਨੋਬਲ ਨੂੰ ਡੇਗਣ ਵਿੱਚ ਕੋਈ ਕਸਰ ਨਾ ਛੱਡਣ, ਪਰ ਤੁਹਾਡਾ ਆਪਣੇ-ਆਪ 'ਤੇ ਭਰੋਸਾ ਅਤੇ ਆਤਮ-ਵਿਸ਼ਵਾਸ ਹੀ ਹਮੇਸ਼ਾ ਸਫ਼ਲਤਾ ਸਰ ਕਰਨ ਵਿੱਚ ਸਹਾਈ ਸਿੱਧ ਹੋਵੇਗਾ। "ਕਿਹੜੇ ਰੂਪ ਵਿੱਚ ?" ਮਿੰਨੀ ਕਹਾਣੀ ਅੰਦਰ ਲੇਖਕ ਨੇ ਇਨਸਾਨੀ ਕਦਰਾਂ-ਕੀਮਤਾਂ ਨੂੰ ਜ਼ਿੰਦਾ ਰੱਖਿਆ ਹੈ, ਤੇ ਪਰਉਪਕਾਰੀ ਅਤੇ ਦਰਿਆਦਿਲ ਇਨਸਾਨ ਹੀ ਲੋੜ ਪੈਣ 'ਤੇ ਲੋੜਵੰਦ ਦੇ ਕੰਮ ਆਉਂਦੇ ਹਨ ਅਤੇ ਇਸ ਤਰ੍ਹਾਂ ਬੰਦਾ ਹੀ ਬੰਦੇ ਦਾ ਦਾਰੂ ਹੋ ਨਿੱਬੜਦਾ ਦਿਖਾਇਆ ਹੈ।

"ਸੱਟ" ਮਿੰਨੀ ਕਹਾਣੀ ਰਾਹੀਂ ਲੇਖਕ ਵਿਪਰੀਤ ਪ੍ਰਸਥਿਤੀਆਂ ਵਿੱਚ ਆਪਣਾ ਮਾਨਸਿਕ ਸੰਤੁਲਨ ਕਾਇਮ ਰੱਖਦੇ ਹੋਏ ਸਮੇਂ ਦੇ ਅਨੁਕੂਲ ਕਿਸ ਤਰ੍ਹਾਂ ਢਲਣਾ ਹੈ, ਬਾਬਤ ਬਹੁਤ ਸਾਰਥਕ ਮਿਸਾਲ ਪੇਸ਼ ਕਰਦਾ ਹੈ। 'ਸ਼ੁੱਭ ਕਾਰਜ' ਰਚਨਾ ਅੰਦਰ ਲੇਖਕ ਇੱਕ ਬਜ਼ੁਰਗ ਦੀ ਆਪਣੀ ਔਲਾਦ ਪ੍ਰਤੀ ਨਜ਼ਰੀਏ ਦੀ ਤਰਜਮਾਨੀ ਕਰਦਾ ਹੈ, ਜੋ ਇੱਕ ਬਿੱਲੀ ਵੱਲੋਂ ਆਪਣੇ ਬੱਚਿਆਂ ਪ੍ਰਤੀ ਸਮਰਪਣ ਤੋਂ ਪ੍ਰਭਾਵਤ ਹੋ ਕੇ ਆਪਣੀ ਸਾਰੀ ਸੰਪਤੀ ਔਲਾਦ ਦੇ ਨਾਂਅ ਕਰਵਾ ਦਿੰਦਾ ਹੈ। ਇਸ ਪੁਸਤਕ ਰਾਹੀਂ ਲੇਖਕ ਨੇ ਜੀਵਨ ਦੇ ਯਥਾਰਥ ਨੂੰ ਆਪਣੀਆਂ ਰਚਨਾਵਾਂ ਰਾਹੀਂ ਸਾਹਮਣੇ ਲੈ ਕੇ ਆਂਦਾ ਹੈ। ਸਮਾਜ ਵਿੱਚ ਵਿਚਰਦਿਆਂ ਜਿਨ੍ਹਾਂ ਮੁਸ਼ਕਲਾਤ ਨਾਲ ਦੋ-ਚਾਰ ਹੋਣਾ ਪੈਂਦਾ ਹੈ, ਉਨ੍ਹਾਂ ਵਿਚਲੀਆਂ ਵਿਰਲਾਂ ਵਿੱਚੋਂ ਦੇਖਦੀ ਜ਼ਿੰਦਗੀ ਦੀ ਬਾਤ ਪਾਈ ਹੈ। ਮਹਿਮੀ ਨੇ ਆਪਣੇ ਚੌਗਿਰਦੇ ਵਿੱਚ ਵਾਪਰਦੇ ਅਜਿਹੇ ਵਰਤਾਰਿਆਂ 'ਤੇ ਵਿਚਾਰ ਕੀਤੀ ਹੈ, ਜਿਨ੍ਹਾਂ ਨੂੰ ਆਮ ਤੌਰ 'ਤੇ ਉਭਾਰਿਆ ਨਹੀਂ ਜਾਂਦਾ ਜਾਂ ਅਣਗੌਲਿਆ ਕਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਇਸ ਢੰਗ ਨਾਲ ਸਾਹਮਣੇ ਰੱਖਿਆ ਹੈ ਕਿ ਉਹ ਸਭ ਲਈ ਸਾਰਥਿਕ ਸਾਬਤ ਹੁੰਦੇ ਹਨ।

- ਪਰਮਜੀਤ ਸਿੰਘ ਸੰਸੋਆ

## 'ਨਵਾਂ ਜ਼ਮਾਨਾ ਟੀ ਵੀ' 'ਸਿਰਜਣਾ ਦੇ ਅੰਗ-ਸੰਗ' 'ਚ ਸੁਰਜੀਤ ਜੱਜ



**ਜਲੰਧਰ** : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ **ਸ਼ਾਇਰ ਸੁਰਜੀਤ ਜੱਜ** ਨਾਲ ਉਨ੍ਹਾ ਦੀ ਸਿਰਜਣਾ ਦੇ ਵਿਭਿੰਨ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

# 'ਕਿਸਾਨ ਕੂਚ' ਬਾਰੇ ਵਿਚਾਰ-ਗੋਸ਼ਟੀ

**ਬਰਨਾਲਾ** : ਬੀਤੇ ਦਿਨੀਂ ਪੰਜਾਬੀ ਮਾਹ ਨੂੰ ਸਮਰਪਿਤ ਸਮਾਗਮ ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿਚ ਪ੍ਰਗਤੀਵਾਦੀ ਕਵੀ ਸੁਰਜੀਤ ਜੱਜ ਦੀ ਕਾਵਿ ਪੁਸਤਕ 'ਕਿਸਾਨ ਕੂਚ' ਉਪਰ ਗੋਸ਼ਟੀ ਕਰਵਾਈ ਗਈ। ਇਸ ਸਮਾਗਮ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ, ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਭਾਰਤ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਪੰਜਾਬ ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ, ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਡਾ. ਗੁਲਜ਼ਾਰ ਸਿੰਘ ਪੰਧੇਰ ਸੰਪਾਦਕ 'ਸਮਾਂਤਰ', 'ਨਜ਼ਰੀਆ', ਜ਼ਿਲ੍ਹਾ ਭਾਸ਼ਾ ਅਫਸਰ ਸੁਖਵਿੰਦਰ ਸਿੰਘ ਗੁਰਮ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਡਾ. ਸੁਖਦੇਵ ਸਿੰਘ ਸਿਰਸਾ, ਓਮ ਪ੍ਰਕਾਸ਼ ਗਾਸੋ, ਸੁਰਜੀਤ ਜੱਜ, ਡਾ. ਕੁਲਦੀਪ ਸਿੰਘ ਦੀਪ ਅਤੇ ਪ੍ਰਸਿੱਧ ਸ਼ਾਇਰ ਤਰਸੇਮ ਸੁਸ਼ੋਭਿਤ ਸਨ।




ਸਮਾਗਮ ਦਾ ਆਗਾਜ਼ ਕਹਾਣੀਕਾਰ ਪਰਮਜੀਤ ਮਾਨ ਦੇ ਮਹਿਮਾਨਾਂ, ਲੇਖਕਾਂ ਅਤੇ ਪਾਠਕਾਂ ਨੂੰ ਜੀ ਆਇਆਂ ਨੂੰ ਕਹਿਣ ਦੇ ਨਾਲ ਕਵੀ ਸੁਰਜੀਤ ਜੱਜ ਬਾਰੇ ਜਾਣਕਾਰੀ ਦਿੰਦਿਆਂ ਆਖਿਆ ਕਿ ਕਵੀ ਸੁਰਜੀਤ ਜੱਜ ਜਾਣਿਆ-ਪਹਿਚਾਣਿਆ ਨਾਂਅ ਹੈ। ਡਾ. ਕੁਲਦੀਪ ਸਿੰਘ ਦੀਪ ਨੇ ਪੁਸਤਕ ਉਪਰ ਵਿਸਥਾਰ ਸਹਿਤ ਪਰਚਾ ਪੜ੍ਹਿਆ। ਉਹਨਾ ਕਿਹਾ ਕਿ ਇਹ ਪੁਸਤਕ ਜ਼ਫ਼ਰਨਾਮੇ ਦੀ ਜੂਹ 'ਚੋਂ ਉਪਜੀ ਪ੍ਰਤੀਰੋਧ ਦੀ ਸਮਕਾਲੀ ਸ਼ਾਇਰੀ ਹੈ। ਪੰਜਾਬ ਦੀ ਅਜੋਕੀ ਸਥਿਤੀ ਦਾ ਵਰਨਣ ਕਰਦਿਆਂ ਕਿਹਾ ਕਿ ਕਿਸਾਨ ਕੂਚ ਵਿਚ ਸ਼ਾਮਲ ਕਿਸਾਨਾਂ ਦਾ ਸੰਘਰਸ਼ ਕੋਈ ਇਕ ਦਿਨ ਵਿਚ ਪੈਦਾ ਨਹੀਂ ਹੋਇਆ। ਉਹਨਾ ਪੁਸਤਕ ਵਿਚਲੀ ਸ਼ਾਇਰੀ ਦੇ ਹੱਕ ਅਤੇ ਵਿਰੋਧ ਵਿਚ ਵੀ ਗੱਲ ਕੀਤੀ। ਡਾ. ਪੰਧੇਰ ਨੇ ਸਮਾਗਮ 'ਤੇ ਖੁਸ਼ੀ ਜ਼ਾਹਰ ਕਰਦਿਆਂ ਆਖਿਆ ਕਿ ਪੁਸਤਕਾਂ ਉਪਰ ਅਜਿਹੀਆਂ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ। ਤੇਜਾ ਸਿੰਘ ਤਿਲਕ ਨੇ ਇਸ ਕਾਵਿ ਸੰਗ੍ਰਹਿ ਨੂੰ ਚੇਤਨ ਮਹਾਂਕਾਵਿ ਦੱਸਿਆ। ਇਹਨਾਂ ਤੋਂ ਇਲਾਵਾ ਡਾ. ਰਾਮਪਾਲ ਸ਼ਾਹਪੁਰੀ, ਕਹਾਣੀਕਾਰ ਭੋਲਾ ਸਿੰਘ ਸੰਘੇੜਾ, ਓਮ ਪ੍ਰਕਾਸ਼ ਗਾਸੋ ਆਦਿ ਨੇ ਵੀ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਉਪਰੰਤ ਸੁਰਜੀਤ ਜੱਜ ਨੇ ਆਪਣੀ ਪੁਸਤਕ ਬਾਰੇ ਜਿੱਥੇ ਉਠੇ ਸਵਾਲਾਂ ਦੇ ਜਵਾਬ ਦਿੱਤੇ, ਉਥੇ ਪੁਸਤਕ ਵਿਚੋਂ ਸ਼ਾਇਰੀ ਵੀ ਸੁਣਾਈ। ਗੋਸ਼ਟੀ ਨੂੰ ਸਮੇਟਦਿਆਂ ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਜਦੋਂ ਲੇਖਕ ਸਰਕਾਰੀ ਬੋਲੀ ਬੋਲਣ ਲੱਗ ਜਾਵੇ ਤਾਂ ਭਾਸ਼ਾ ਸੱਤਾ ਦੀ ਗੁਲਾਮ ਹੋ ਜਾਂਦੀ ਹੈ। ਭਾਸ਼ਾ ਵੀ ਸੱਪ ਵਾਂਗ ਕੁੰਜ ਬਦਲਦੀ ਹੈ। ਕਵੀ ਨੇ ਤਾਂ ਸੁੱਤੀਆਂ ਕਲਾ ਜਗਾਉਣੀਆਂ ਹੁੰਦੀਆਂ ਹਨ। ਇਸ ਤੋਂ ਬਾਅਦ ਵਿਦਵਾਨ ਸਾਹਿਤਕਾਰਾਂ ਦਾ ਸਨਮਾਨ ਵੀ ਕੀਤਾ ਗਿਆ।

ਸਮਾਗਮ ਦੇ ਦੂਜੇ ਦੌਰ ਵਿਚ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿਚ ਸਾਗਰ ਸਿੰਘ ਸਾਗਰ, ਮੇਜਰ ਸਿੰਘ ਰਾਜਗੜ੍ਹ, ਹਾਕਮ ਸਿੰਘ ਰੂੜੇਕੇ, ਡਾ. ਤਰਸਪਾਲ ਕੌਰ, ਲਛਮਣ ਦਾਸ ਮੁਸਾਫਰ, ਤੇਜਿੰਦਰ ਚੰਡਿਹੋਕ, ਰਾਜਿੰਦਰ ਸ਼ੌਂਕੀ, ਮਨਦੀਪ ਕੁਮਾਰ, ਪਾਲ ਸਿੰਘ ਲਹਿਰੀ, ਕ੍ਰਿਸ਼ਨ ਕੁਮਾਰ ਅਤੇ ਰਾਮ ਸਿੰਘ ਹਠੂਰ ਨੇ ਕਿਸਾਨੀ ਨਾਲ ਸੰਬੰਧਤ ਕਵਿਤਾਵਾਂ ਸੁਣਾਈਆਂ। ਸ਼ਾਇਰ ਤਰਸੇਮ ਨੇ ਜਿੱਥੇ ਵਧੀਆ ਮੰਚ ਸੰਚਾਲਨ ਕੀਤਾ, ਉਥੇ ਪੁਸਤਕ ਬਾਰੇ ਵਿਚਾਰ ਵੀ ਰੱਖੇ।

ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਰਘਬੀਰ ਸਿੰਘ ਗਿੱਲ, ਸੁਖਵਿੰਦਰ ਸਿੰਘ ਬਾਲੀਆਂ, ਸ਼ਾਮ ਲਾਲ ਗੋਇਲ, ਸੁਖਜੀਵਨ, ਕਮਲਜੀਤ ਸਿੰਘ ਮਾਨ, ਕੰਵਰਜੀਤ ਭੱਠਲ, ਮੇਜਰ ਸਿੰਘ ਗਿੱਲ, ਡਾ. ਹਰਭਗਵਾਨ, ਸੁਦਰਸ਼ਨ ਕੁਮਾਰ ਗੁੱਡੂ, ਪਵਨ ਪਰਿੰਦਾ, ਅਸ਼ੋਕ ਭਾਰਤੀ ਅਤੇ ਦਰਸ਼ਨ ਸਿੰਘ ਗੁਰੂ ਆਦਿ ਹਾਜ਼ਰ ਸਨ।

**—ਤੇਜਿੰਦਰ ਚੰਡਿਹੋਕ**

## ਉਤਰੀ ਅਮਰੀਕਾ ਦੀ ਲੇਖਕ ਸਭਾ ਦੀ ਇਕੱਤਰਤਾ



**ਸਰੀ** : ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਮੀਟਿੰਗ ਸਭਾ ਦੇ ਬਾਨੀ ਤਾਰਾ ਸਿੰਘ ਹੇਅਰ ਅਤੇ ਸ਼ਾਇਰ, ਆਲੋਚਕ ਅਤੇ ਚਿੰਤਕ ਮਰਹੂਮ ਡਾ: ਗੁਰੂਮੇਲ ਸਿੱਧੂ (ਯੂ ਐੱਸ ਏ) ਦੀ ਯਾਦ ਨੂੰ ਸਮਰਪਿਤ ਰਹੀ। ਇਸ ਮੀਟਿੰਗ ਵਿਚ ਸਾਬਕਾ ਵਾਇਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਡਾ. ਐੱਸ ਪੀ ਸਿੰਘ ਅਤੇ ਪਹਿਲਵਾਨ ਹਰਗੋਬਿੰਦ ਸਿੰਘ ਸੰਧੂ ਬਤੌਰ ਮਹਿਮਾਨ ਸ਼ਾਮਲ ਹੋਏ। ਮੀਟਿੰਗ ਦੇ ਆਗਾਜ਼ ਵਿਚ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਦੀ ਭੈਣ ਕੁਲਵਿੰਦਰ ਕੌਰ, ਸਥਾਨਕ ਲੇਖਕ ਅਮਰਜੀਤ ਸੂਫ਼ੀ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕੀਤਾ ਗਿਆ ਅਤੇ ਸਭਾ ਵੱਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਡਾ: ਗੁਰੂਮੇਲ ਸਿੱਧੂ ਬਾਰੇ ਰਵਿੰਦਰ ਰਵੀ ਵੱਲੋਂ ਭੇਜਿਆ ਸ਼ੋਕ ਸਨੇਹਾ ਇੰਦਰਪਾਲ ਸਿੰਘ ਸੰਧੂ ਨੇ ਪੜ੍ਹਿਆ ਅਤੇ ਸੁੱਚਾ ਸਿੰਘ ਕਲੇਰ ਨੇ ਤਾਰਾ ਸਿੰਘ ਹੇਅਰ ਨੂੰ ਸੰਖੇਪ ਸ਼ਬਦਾਂ ਰਾਹੀਂ ਯਾਦ ਕੀਤਾ।

ਸੰਤੋਖ ਸਿੰਘ ਮੰਡੇਰ ਨੇ ਰੈਸਲਰ ਕੋਚ ਹਰਗੋਬਿੰਦ ਸਿੰਘ ਸੰਧੂ ਬਾਰੇ ਜਾਣ-ਪਛਾਣ ਕਰਵਾਈ। ਪ੍ਰਧਾਨ ਪ੍ਰਿਤਪਾਲ ਗਿੱਲ ਨੇ ਗੁਰਿੰਦਰ ਸਿੰਘ ਸਹੋਤਾ ਦੀ ਪੁਸਤਕ 'ਪੀ ਯੂ ਵਾਲੀ ਯਾਦ' ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਪ੍ਰੋ: ਗੁਰਬਾਜ ਸਿੰਘ ਬਰਾੜ ਨੇ ਇਸ ਪੁਸਤਕ ਬਾਰੇ ਵਿਸਥਾਰ ਸਹਿਤ ਪਰਚਾ ਪੜ੍ਹਿਆ। ਡਾ. ਐੱਸ ਪੀ ਸਿੰਘ ਅਤੇ ਪ੍ਰੋ: ਕਸ਼ਮੀਰਾ ਸਿੰਘ ਵੱਲੋਂ ਵਿਚਾਰ ਸਾਂਝੇ ਕੀਤੇ ਗਏ। ਸਰੋਤਿਆਂ ਦੀ ਭਰਪੂਰ ਹਾਜ਼ਰੀ ਵਿਚ ਗੁਰਿੰਦਰ ਸਿੰਘ ਸਹੋਤਾ ਦੀ ਪੁਸਤਕ 'ਪੀ ਯੂ ਵਾਲੀ ਯਾਦ' ਲੋਕ ਅਰਪਣ ਕੀਤੀ ਗਈ। ਇਸ ਮੌਕੇ ਡਾ. ਐੱਸ ਪੀ ਸਿੰਘ ਅਤੇ ਕੋਚ ਹਰਗੋਬਿੰਦ ਸੰਧੂ ਨੂੰ ਸਭਾ ਵੱਲੋਂ ਸਨਮਾਨਤ ਕੀਤਾ ਗਿਆ।

ਉਪਰੰਤ ਕਵੀ ਦਰਬਾਰ ਵਿੱਚ ਸੁਰਜੀਤ ਸਿੰਘ ਮਾਧੋਪੁਰੀ, ਹਰਗੋਬਿੰਦ ਸਿੰਘ ਸੰਧੂ, ਗੁਰਬਾਜ ਸਿੰਘ ਬਰਾੜ, ਕਵਿੰਦਰ ਚਾਂਦ, ਹਰਚੰਦ ਸਿੰਘ ਬਾਗੜੀ, ਇੰਦਰਜੀਤ ਸਿੰਘ ਧਾਮੀ, ਅਮਰੀਕ ਪਲਾਹੀ, ਖੁਸ਼ਹਾਲ ਸਿੰਘ ਗਲੋਟੀ, ਅਮਰੀਕ ਸਿੰਘ ਲੇਲ੍ਹ, ਚਰਨ ਸਿੰਘ, ਸ਼ਿੰਗਾਰਾ ਸਿੰਘ ਢੇਸੀ, ਅੰਗਰੇਜ਼ ਬਰਾੜ, ਹਰਚੰਦ ਸਿੰਘ ਗਿੱਲ, ਬੇਅੰਤ ਸਿੰਘ, ਕ੍ਰਿਸ਼ਨ ਭਨੋਟ, ਨੇਹਾ ਕਲੇਰ, ਸਰਬਜੀਤ ਸਿੰਘ ਤੇ ਹਰਪਾਲ ਸਿੰਘ ਬਰਾੜ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ।

**—ਹਰਦਮ ਮਾਨ**

# ਪ੍ਰੋ. ਪ੍ਰੀਤਮ ਸਿੰਘ ਰਾਹੀ ਨੂੰ ਯਾਦ ਕਰਦਿਆਂ ..

**ਬਰਨਾਲਾ** : ਪ੍ਰੋ. ਪ੍ਰੀਤਮ ਸਿੰਘ ਰਾਹੀ ਯਾਦਗਾਰੀ ਟਰੱਸਟ ਅਤੇ ਲਿਖਾਰੀ ਸਭਾ ਬਰਨਾਲਾ ਵੱਲੋਂ ਪੰਜਾਬੀ ਮਾਹ ਨੂੰ ਸਮਰਪਿਤ ਪ੍ਰੋ. ਪ੍ਰੀਤਮ ਸਿੰਘ ਰਾਹੀ ਯਾਦਗਾਰੀ ਸਮਾਰੋਹ ਗੋਬਿੰਦ ਬਾਂਸਲ ਟਰੱਸਟ ਬਰਨਾਲਾ ਵਿਖੇ ਮਨਾਇਆ ਗਿਆ, ਜਿਸ ਦੀ ਪ੍ਰਧਾਨਗੀ ਡਾ. ਭੀਮ ਇੰਦਰ ਸਿੰਘ (ਚੇਅਰਮੈਨ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਕੀਤੀ। ਉਨ੍ਹਾ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਸੁਖਦੇਵ ਸਿੰਘ ਸਿਰਸਾ (ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਭਾਰਤ), ਪਵਨ ਹਰਚੰਦ ਪੁਰੀ (ਪ੍ਰਧਾਨ ਕੇਂਦਰੀ ਲੇਖਕ ਸਭਾ (ਸੇਖੋਂ), ਸੁਖਵਿੰਦਰ ਸਿੰਘ ਗੁਰਮ (ਜ਼ਿਲ੍ਹਾ ਭਾਸ਼ਾ ਅਫ਼ਸਰ), ਡਾਕਟਰ ਜੋਗਿੰਦਰ ਸਿੰਘ ਨਿਰਾਲਾ, ਓਮ ਪ੍ਰਕਾਸ ਗਾਸੋ, ਸੁਲੱਖਣ ਸਰਹੱਦੀ ਆਦਿ ਸ਼ਾਮਿਲ ਹੋਏ। ਸਭ ਤੋਂ ਪਹਿਲਾਂ ਸਮਾਗਮ ਦੇ ਕਨਵੀਨਰ ਡਾ. ਰਾਹੁਲ ਰੁਪਾਲ ਨੇ ਰੂਪ-ਰੇਖਾ ਦੱਸਦਿਆਂ ਪ੍ਰੋ. ਪ੍ਰੀਤਮ ਸਿੰਘ ਰਾਹੀ ਨੂੰ 'ਯੁੱਗ ਕਵੀ' ਕਿਹਾ, ਜਿਨ੍ਹਾਂ ਬਰਨਾਲਾ ਸਕੂਲ ਆਫ਼ ਪੋਇਟਰੀ ਦੀ ਨੀਂਹ ਰੱਖੀ।




ਡਾ. ਅਰਵਿੰਦਰ ਕੌਰ ਕਾਕੜਾ ਨੇ ਰਾਹੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਇਤਿਹਾਸਕ ਪਰਿਪੇਖ ਵਿੱਚ ਰਾਹੀ ਕਾਵਿ ਨੂੰ ਪ੍ਰਗਤੀਮੁਖੀ ਗਰਦਾਨਿਆ। ਡਾ. ਸੁਖਦੇਵ ਸਿੰਘ ਸਿਰਸਾ ਨੇ ਪ੍ਰੋ. ਰਾਹੀ ਨੂੰ ਬਹੁ-ਭਾਸ਼ਾਈ ਲੇਖਕ ਕਿਹਾ ਅਤੇ ਬਰਨਾਲਾ ਜ਼ਿਲ੍ਹਾ ਦੇ ਲੇਖਕਾਂ ਦੀ ਕ੍ਰਾਂਤੀਸ਼ੀਲਤਾ ਦੀ ਭਰਪੂਰ ਸ਼ਲਾਘਾ ਕੀਤੀ। ਭੋਲਾ ਸਿੰਘ ਸੰਘੇੜਾ, ਤੇਜਾ ਸਿੰਘ ਤਿਲਕ, ਤਰਸੇਮ, ਗੁਰਜਿੰਦਰ ਸਿੰਘ ਸਿੱਧੂ ਆਦਿ ਨੇ ਵਿਚਾਰ-ਵਟਾਂਦਰੇ ਵਿੱਚ ਭਾਗ ਲਿਆ। ਇਸ ਸਮੇਂ ਦੌਰਾਨ ਪ੍ਰੀਤਮ ਸਿੰਘ ਰਾਹੀ ਯਾਦਗਾਰੀ ਪੁਰਸਕਾਰ ਸੁਖਚਰਨ ਸਿੰਘ ਸੰਧੂ, ਮੁਹਾਂਦਰਾ ਪੁਰਸਕਾਰ ਡਾ. ਸੁਖਦੇਵ ਸਿੰਘ ਸਿਰਸਾ ਅਤੇ ਸਰਦਾਰਨੀ ਹਰਿਲਾਭ ਕੌਰ ਯਾਦਗਾਰੀ ਐਵਾਰਡ ਸੋਮਾ ਸਬਲੋਕ ਨੂੰ ਪ੍ਰਦਾਨ ਕੀਤੇ ਗਏ। ਇਨ੍ਹਾਂ ਨਾਲ ਨਵ ਪ੍ਰਤਿਭਾ ਪੁਰਸਕਾਰ ਡਾ. ਗਗਨਦੀਪ ਸੰਧੂ, ਡਾ. ਵੀਰਪਾਲ ਕਮਲ, ਅਮਨ ਸੇਖਾ, ਜਗਦੀਸ਼ ਰਾਏ ਕੁਲਰੀਆਂ, ਗੁਰਜਿੰਦਰ ਸਿੱਧੂ ਅਤੇ ਪੁਨੀਤ ਗੁਪਤਾ ਨੂੰ ਦਿੱਤੇ ਗਏ। ਬਾਅਦ ਵਿੱਚ ਵਿਸ਼ਾਲ ਕਵੀ ਦਰਬਾਰ ਹੋਇਆ, ਜਿਸ ਵਿੱਚ ਰਾਜਿੰਦਰ ਸ਼ੌਂਕੀ, ਸੁਰਜੀਤ ਜੱਜ, ਸਿਮਰਜੀਤ ਕੌਰ ਰੁਪਾਲ, ਗੁਲਜ਼ਾਰ ਸ਼ੌਂਕੀ, ਕਾਮਰੇਡ ਜੈਨ ਰਾਜ ਹੀਰਾ, ਵੀਰਾਨ ਗਰਗ, ਜਗਤਾਰ ਬੈਂਸ, ਹਰਦੀਪ ਬਾਵਾ, ਜਗੀਰ ਸਿੰਘ ਦਿਲਬਰ ਨੇ ਆਪਣੇ ਕਲਾਮ ਪੇਸ਼ ਕੀਤੇ। ਡਾ. ਭੀਮ ਇੰਦਰ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਮਾਲਵਾ ਖੇਤਰ ਦੀਆਂ ਲੋਕ ਲਹਿਰਾਂ ਦੇ ਪ੍ਰਸੰਗ ਵਿੱਚ ਪ੍ਰਗਤੀਸ਼ੀਲ ਸਾਹਿਤ ਬਾਰੇ ਦੱਸਿਆ ਅਤੇ ਕਿਹਾ ਕਿ ਪ੍ਰੋ. ਰਾਹੀ ਪ੍ਰਬੁੱਧ ਸ਼ਾਇਰ ਸਨ। ਸਮਾਗਮ ਵਿੱਚ ਸਰਵਸ਼੍ਰੀ ਅਨਿਲ ਬਾਂਸਲ, ਡਾ. ਚਰਨ ਸਿੰਘ, ਪਰਮਜੀਤ ਮਾਨ, ਮੇਜਰ ਗਿੱਲ, ਅਸ਼ੋਕ ਭਾਰਤੀ, ਮਨਦੀਪ ਕੌਰ ਧੰਜਲ, ਡਿੰਪਲ ਕੁਮਾਰ, ਮਾ. ਦਰਸ਼ਨ ਚੰਦ, ਹੀਰਾ ਲਾਲ, ਮਾਲਵਿੰਦਰ ਸ਼ਾਇਰ ਆਦਿ ਨੇ ਸ਼ਿਰਕਤ ਕੀਤੀ। ਸੰਧੂ ਬ੍ਰਦਰਜ਼ ਸੰਘੇੜਾ ਦੀ ਪੁਸਤਕ ਪ੍ਰਦਰਸ਼ਨੀ ਅਤੇ ਰੁਪਾਲ ਪੇਂਟਰ ਦੀਆਂ ਪੇਂਟਿੰਗਜ਼ ਦੀ ਵਿਸ਼ੇਸ਼ ਖਿੱਚ ਰਹੀ। ਇਸ ਸਮਾਗਮ ਵਿੱਚ ਤ੍ਰੈਮਾਸਿਕ 'ਮੁਹਾਂਦਰਾ' ਅਤੇ ਤਾਲਿਫ਼ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਤ ਪੁਸਤਕਾਂ 'ਓਹ ਪਲ' ਅਤੇ 'ਰਿਸ਼ਤਿਆਂ ਦਾ ਨਿੱਘ' ਲੋਕ ਅਰਪਣ ਕੀਤੀਆਂ ਗਈਆਂ। ਅੰਤ ਵਿੱਚ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਪ੍ਰਧਾਨਗੀ ਮੰਡਲ ਅਤੇ ਆਏ ਸਰੋਤਿਆਂ ਦਾ ਵਿਸ਼ੇਸ਼ ਰੂਪ ਵਿੱਚ ਧੰਨਵਾਦ ਕੀਤਾ।

**—ਡਾ. ਰਾਹੁਲ ਰੁਪਾਲ**

# ਸੁਰਿੰਦਰ ਧੰਜਲ ਦਾ ਸਨਮਾਨ

**ਮਾਹਿਲਪੁਰ**—ਕੰਪਲਸ ਯੂਨੀਵਰਸਿਟੀ ਕੈਨੇਡਾ ਦੇ ਸੀਨੀਅਰ ਪ੍ਰੋਫ਼ੈਸਰ, ਪਾਸ਼ ਕੌਮਾਂਤਰੀ ਟਰੱਸਟ ਦੇ ਪ੍ਰਧਾਨ ਅਤੇ ਉੱਘੇ ਸਾਹਿਤਕਾਰ ਡਾ. ਸੁਰਿੰਦਰ ਧੰਜਲ ਦਾ ਮਾਹਿਲਪੁਰ ਪਹੁੰਚਣ 'ਤੇ 'ਨਿੱਕੀਆਂ ਕਰੂੰਬਲਾਂ' ਪ੍ਰਕਾਸ਼ਨ ਅਤੇ ਬੁੱਧੀਜੀਵੀ ਵਰਗ ਵੱਲੋਂ ਪ੍ਰਵਾਸੀ ਭਾਰਤੀ ਚੈਂਚਲ ਸਿੰਘ ਬੈਂਸ ਦੇ ਘਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਉਹ ਅੱਜਕੱਲ੍ਹ ਗਦਰ ਲਹਿਰ ਦੇ ਅਜ਼ਾਦੀ ਘੁਲਾਟੀਆਂ ਬਾਰੇ ਖੋਜ ਕਾਰਜਾਂ ਵਿਚ ਜੁਟੇ ਹੋਏ ਹਨ। ਦੋਆਬੇ ਦੇ ਬੱਬਰਾਂ ਅਤੇ ਗਦਰੀਆਂ ਨਾਲ ਸੰਬੰਧਤ ਇਤਿਹਾਸਕ ਸਥਾਨਾਂ ਦੀ ਖੋਜ ਕਰ ਰਹੇ ਹਨ। ਇਸ ਉਦੇਸ਼ ਦੀ ਪੂਰਤੀ ਵਾਸਤੇ ਉਹ ਪੰਜਾਬ ਦੇ ਖੋਜੀ ਸਾਹਿਤਕਾਰਾਂ ਦੇ ਸਹਿਯੋਗ ਨਾਲ ਇਲਾਕੇ ਵਿਚ ਕਾਰਜਸ਼ੀਲ ਹਨ। ਉਹਨਾ ਇਲਾਕੇ ਦੇ ਸਥਾਨਾਂ ਦੀ ਯਾਤਰਾ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਉਹਨਾ ਇਥੋਂ ਦੇ ਸ਼ਹੀਦਾਂ ਅਤੇ ਦੇਸ਼ ਪ੍ਰੇਮੀਆਂ ਨੂੰ ਨਤਮਸਤਕ ਹੋ ਕੇ ਉਸ ਜ਼ਮਾਨੇ ਅਤੇ ਹਾਲਤਾਂ ਬਾਰੇ ਜਾਣਕਾਰੀ ਪ੍ਰਪਤ ਕੀਤੀ, ਜਿਸ ਨਾਲ ਮਨ ਨੂੰ ਪ੍ਰਸੰਨਤਾ ਅਤੇ ਆਪਣੇ ਪੁਰਖਿਆਂ 'ਤੇ ਮਾਣ ਹੋਇਆ ਹੈ। ਜਿਨ੍ਹਾਂ ਸੂਰਬੀਰਾਂ ਦੀ ਬਦੌਲਤ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ।



ਇਸ ਮੌਕੇ ਸੰਬੋਧਨ ਕਰਦਿਆਂ ਵਾਤਾਵਾਰਣ ਚਿੰਤਕ ਵਿਜੇ ਬੰਬੇਲੀ, ਬਾਲ ਸਾਹਿਤ ਦੇ ਸ਼੍ਰੋਮਣੀ ਪੁਰਸਕਾਰ ਜੇਤੂ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਸੁਰਿੰਦਰ ਧੰਜਲ ਨੇ ਆਪਣਾ ਪੂਰਾ ਜੀਵਨ ਮਾਰਕਸਵਾਦੀ ਵਿਚਾਰਧਾਰਾ ਦੀ ਪ੍ਰੋੜ੍ਹਤਾ ਨਾਲ ਗੁਜ਼ਾਰਿਆ ਹੈ। ਉਨ੍ਹਾਂ ਕਿਹਾ ਕਿ ਡਾ. ਧੰਜਲ ਨੇ ਦੇਸ਼ ਅਤੇ ਪੰਜਾਬ ਹਿੱਤ ਨਾਲ ਜੁੜੀਆਂ ਕਈ ਚਲੰਤ ਸਮੱਸਿਆਵਾਂ ਬਾਰੇ ਲੇਖ ਅਤੇ ਕਵਿਤਾਵਾਂ ਵੀ ਲਿਖੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾ ਦੀ ਪੰਜਾਬ ਫ਼ੇਰੀ ਦੌਰਾਨ ਉਹ ਬੱਬਰਾਂ ਤੇ ਸ਼ਹੀਦਾਂ ਨਾਲ ਜੁੜੇ ਪਿੰਡਾਂ ਵਿਚ ਵੀ ਜਾ ਰਹੇ ਹਨ। ਲੇਖਕ ਦੀਪਕ ਅਗਨੀਹੋਤਰੀ ਕਿਹਾ ਕਿ ਸੁਰਿੰਦਰ ਧੰਜਲ ਵੀ ਆਪਣੇ ਆਪ ਵਿਚ ਇੱਕ ਕਿਤਾਬ ਹਨ, ਕਿਉਂਕਿ ਵਿਦੇਸ਼ ਵਿਚ ਰਹਿ ਕੇ ਵੀ ਉਨ੍ਹਾ ਪੰਜਾਬ ਅਤੇ ਬਾਲ ਸਾਹਿਤ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਸੰਬੰਧਤ ਕਾਮਾਗਾਟਾ ਮਾਰੂ ਲਾਇਬਰੇਰੀ ਕੈਮਲੂਪਸ ਕੈਨੇਡਾ ਵੀ ਸਥਾਪਤ ਕੀਤੀ ਹੈ। ਵਿਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕਰ ਰਹੇ ਹਨ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਵੱਲੋਂ ਪੁਸਤਕਾਂ ਦਾ ਇਕ ਸੈੱਟ ਕਾਮਾਗਾਟਾ ਮਾਰੂ ਲਾਇਬ੍ਰੇਰੀ ਵਾਸਤੇ ਡਾ. ਧੰਜਲ ਨੂੰ ਭੇਟ ਕੀਤਾ ਗਿਆ। ਸੰਵਾਦ, ਨਿੱਕੀਆਂ ਕਰੂੰਬਲਾਂ ਅਤੇ ਸੁਰ ਸੰਗਮ ਵਿਦਿਅਕ ਟਰੱਸਟ ਵਲੋਂ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਪੰਮੀ ਖੁਸ਼ਹਾਲਪੁਰੀ ਅਤੇ ਸੁਖਮਨ ਸਿੰਘ ਤੇ ਪੰਮਾ ਪੇਂਟਰ ਨੇ ਆਪਣੀਆਂ ਨਜ਼ਮਾਂ ਨਾਲ ਸਭ ਨੂੰ ਮੰਤਰ-ਮੁਗਧ ਕੀਤਾ। ਬੱਗਾ ਸਿੰਘ ਚਿੱਤਰਕਾਰ ਨੇ ਆਪਣੀ ਚਿੱਤਰਕਾਰੀ ਦੇ ਹੁਨਰ ਬਾਰੇ ਵਿਚਾਰ ਪੇਸ਼ ਕਰਦਿਆਂ ਆਪਣੇ ਗੁਰੂ ਪਦਮਸ੍ਰੀ ਸੋਭਾ ਸਿੰਘ ਅਤੇ ਨੈਸ਼ਨਲ ਅਵਾਰਡੀ ਟੀਚਰ ਅਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਨੂੰ ਯਾਦ ਕੀਤਾ। ਇਸ ਮੌਕੇ ਟਰੱਸਟੀ, ਕਰੂੰਬਲਾਂ ਪਾਠਕ ਮੰਚ ਦੇ ਮੈਂਬਰ ਅਤੇ ਮਾਹਿਲਪੁਰ ਇਲਾਕੇ ਦੇ ਨਾਮਵਰ ਸਾਹਿਤਕਾਰ ਅਤੇ ਸਾਹਿਤ ਪ੍ਰੇਮੀ ਹਾਜ਼ਰ ਹੋਏ।

**—ਪ੍ਰੋ. ਬਲਵੀਰ ਕੌਰ ਰੀਹਲ**




ਪਿਛਲੇ ਦਿਨੀ ਸ਼ਾਇਰ ਰਵਿੰਦਰ ਸਹਿਰਾਅ ਅਤੇ ਕਹਾਣੀਕਾਰ ਜਨਾਬ ਖ਼ਾਲਿਦ ਹੁਸੈਨ 'ਨਵਾਂ ਜ਼ਮਾਨਾ' ਦੇ ਦਫ਼ਤਰ ਵਿਖੇ ਆਏ ਉਨ੍ਹਾ ਨਾਲ ਉਨ੍ਹਾ ਦੀ ਰਚਨਾ ਪ੍ਰਕਿਰਿਆ ਅਤੇ ਸਾਹਿਤ ਦੀ ਵਰਤਮਾਨ ਸਥਿਤੀ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ। ਭਵਿੱਖ ਵਿੱਚ ਅਜਿਹੇ ਅਦੀਬਾਂ ਦੀ ਉਡੀਕ ਰਹੇਗੀ। (**ਸੰਪਾਦਕ**)

# ਚੌਥਾ ਪੂਰਨਮਾਸ਼ੀ ਪੰਜਾਬੀ ਜੋੜ ਮੇਲਾ

**ਮੋਗਾ** : ਪੂਰਨਮਾਸ਼ੀ ਜੋੜ ਮੇਲਾ-4 ਢੁੱਡੀਕੇ ਜ਼ਿਲ੍ਹਾ ਮੋਗਾ ਵਿਖੇ 18, 19 ਤੇ 20 ਨਵੰਬਰ ਨੂੰ ਹੋਇਆ। 18 ਨਵੰਬਰ ਨੂੰ ਪਹਿਲੇ ਦਿਨ ਉਦਘਾਟਨੀ ਸਮਾਗਮ ਧਰਤੀ ਧਰਮ ਦਾ ਕਲਾਧਾਰ ਹੋਣ ਦੀ ਵੰਗਾਰ ਪ੍ਰੋਗਰਾਮ ਦੌਰਾਨ ਉੱਘੇ ਲੇਖਿਕ ਗੁਰਭਜਨ ਗਿੱਲ, ਸੁਖਜੀਤ, ਗੁਰਮੀਤ ਕੜਿਆਲਵੀ, ਮੋਹਨ ਕਾਹਲੋਂ ਅਤੇ ਗੁਰਦੇਵ ਸਿੰਘ ਰੁਪਾਣਾ ਦੇ ਪਰਵਾਰਾਂ ਸੰਗ ਹਿੱਸਾ ਲਿਆ। ਇਸੇ ਦਿਨ ਢਾਈ ਵਜੇ ਪ੍ਰੋਗਰਾਮ ਸੱਯਦ ਵਾਰਿਸ਼ ਸ਼ਾਹ ਦੀਆਂ 3 ਸਦੀਆਂ ਪ੍ਰੋਗਰਾਮ ਵਿੱਚ ਗੁਰਭੇਜ ਸਿੰਘ ਕੋਹਾਰਵਾਲਾ, ਪ੍ਰਭਜੋਤ ਸੋਹੀ, ਸਿਮਰਨ ਅਕਸ਼, ਰਣਜੀਤ ਸਰਾਂਵਾਲੀ, ਵਿਰਕ ਪੁਸ਼ਪਿੰਦਰ, ਮੀਨਾ ਮਹਿਮੋਕ ਨੇ ਹਿੱਸਾ ਲਿਆ, ਜਦ ਕਿ ਇਸੇ ਦਿਨ 18 ਨਵੰਬਰ ਨੂੰ ਸ਼ਾਮ 4 ਵਜੇ ਹੀਰ ਵਾਰਿਸ ਦਾ ਗੌਣ ਪ੍ਰੋਗਰਾਮ ਰਜਾ ਹੀਰ ਤੇ ਸੁਨੀਲ ਸਜਲ ਨੇ ਬਾਖੂਬੀ ਪੇਸ਼ ਕੀਤਾ। ਉਸ ਤੋਂ ਬਾਅਦ ਦੂਸਰੇ ਦਿਨ 19 ਨਵੰਬਰ ਨੂੰ 11.30 ਵਜੇ ਪ੍ਰੋਗਰਾਮ ਕੰਵਲ ਸ਼ਬਦ ਸਿਮਰਤੀ ਪ੍ਰੋਗਰਾਮ 'ਚ ਇਕਬਾਲ ਕੌਰ ਉਦਾਸੀ, ਮਨਜੀਤ ਪੁਰੀ, ਮਾਸਟਰ ਹਰੀ ਸਿੰਘ ਢੁੱਡੀਕੇ, ਜਸਵਿੰਦਰ ਸ਼ਰਮਾ ਬਾਖੂਬੀ ਪੇਸ਼ ਕੀਤਾ, ਜਦ ਕਿ ਇਸੇ ਦਿਨ 18 ਨਵੰਬਰ ਨੂੰ ਡੇਢ ਵਜੇ ਪੂਰਨਮਾਸ਼ੀ ਕਥਾ-4, ਪੰਜਾਬੀ ਲੋਕ ਸੁਰਤ ਤੋਂ ਗਿਆਨ ਸਿਰਜਣਾ ਵੱਲ ਕਥਾਕਾਰ ਪ੍ਰੋ: ਅਕਸ਼ੈ ਕੁਮਾਰ ਨੇ ਵਿਚਾਰ ਪੇਸ਼ ਕੀਤੇ। ਇਸੇ ਦਿਨ 3.00 ਵਜੇ 1980ਵਿਆਂ ਦਾ ਪੰਜਾਬ ਸਬਕ ਸਿਮਰਤੀ ਵੰਡਾਰਾ ਪ੍ਰੋਗਰਾਮ ਤਹਿਤ ਡਾ: ਅਨਿਰੁਧ ਕਾਲਾ, ਰਣਜੀਤ ਸਿੰਘ ਕੁਕੀ ਗਿੱਲ ਦਰਸ਼ਕਾਂ ਦੇ ਰੂਬਰੂ ਹੋਏ, ਜਦ ਕਿ ਇਸੇ ਦਿਨ ਸ਼ਾਮ 4.00 ਵਜੇ ਕਵੀਸ਼ਰੀ ਕਲਾ ਦੀ ਪੇਸ਼ਕਾਰੀ ਕਵੀਸ਼ਰ ਹਰਦੇਵ ਸਿੰਘ ਲਾਲਬਾਈ ਦੇ ਜਥੇ ਨੇ ਬਾਖੂਬੀ ਨਿਭਾਈ ਤੇ ਖੂਬ ਰੰਗ ਬੰਨ੍ਹਿਆ। ਆਖੀਰਲੇ ਦਿਨ ਐਤਵਾਰ 20 ਨਵੰਬਰ ਨੂੰ 11.30 ਵਜੇ ਪੇਂਡੂ ਖੇਤਰ ਦੇ ਅਧਿਆਪਕ ਦਾ ਆਤਮ ਸੰਘਰਸ਼ ਪ੍ਰੋਗਰਾਮ ਉਤੇ ਆਤਮ ਸਿੰਘ ਰੰਧਾਵਾ, ਸੁਰਜੀਤ ਸਿੰਘ ਧਾਲੀਵਾਲ, ਲਖਵੀਰ ਸਿੱਧੂ, ਜਸਲੀਨ ਕੌਰ, ਜਸਪ੍ਰੀਤ ਸਿੰਘ ਸਿਵੀਆ ਨੇ ਤਕਰੀਰਾਂ ਕੀਤੀਆਂ। ਇਸੇ ਦਿਨ 1.30 ਵਜੇ ਕੇਵਲ ਸ਼ਬਦ ਯਾਤਰਾ ਵਿੱਚ ਸੱਚ ਨੂੰ ਫਾਂਸੀ ਦਾ ਮੁਕਾਮ ਪ੍ਰੋਗਰਾਮ ਤਹਿਤ ਡਾ: ਸੁਰਜੀਤ, ਪ੍ਰੋ. ਸੁਖਦੇਵ ਸਿੰਘ ਸੋਹਲ ਨੇ ਬਾਖੂਬੀ ਸਰੋਤਿਆਂ ਨੂੰ ਆਪਣੇ ਸ਼ਬਦਾਂ ਵਿੱਚ ਸੱਚ ਨੂੰ ਫਾਂਸੀ ਕਿਵੇਂ ਹੁੰਦੀ ਹੈ ਤੇ ਕੀ-ਕੀ ਔਕੜਾਂ ਆਉਂਦੀਆਂ ਹਨ, ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸੇ ਦਿਨ 3.00 ਵਜੇ ਕਿਸਾਨ ਅੰਦੋਲਨ ਤੇ ਪੰਜਾਬੀ ਪਿੜ ਬੰਨ੍ਹਣ ਦੀ ਅਟਕਲ ਪ੍ਰੋਗਰਾਮ ਤਹਿਤ ਹਰਵਿੰਦਰ ਸਿੰਘ, ਸੁਖਵਿੰਦਰ ਪੱਪੀ, ਮਨਭਾਵਨ ਕਾਹਲੋਂ, ਬਲਵਿੰਦਰ ਸਿੰਘ ਵਿਰਕ ਅਤੇ ਬਲਦੇਵ ਸਿੰਘ ਸ਼ੇਰਗਿੱਲ ਨੇ ਸਰੋਤਿਆਂ ਨੂੰ ਭਰਪੂਰ ਜਾਣਕਾਰੀ ਦਿੱਤੀ। ਅੰਤ ਵਿੱਚ ਇਸੇ ਆਖੀਰਲੇ ਦਿਨ 4.30 ਵਜੇ ਪੂਰਨਮਾਸ਼ੀ ਬੈਠਕ ਹੋਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਉੱਘੇ ਲੇਖਿਕ ਸੁਰਜੀਤ ਪਾਤਰ ਤੇ ਸਵਰਾਜਬੀਰ ਐਡੀਟਰ ਪੰਜਾਬੀ ਟ੍ਰਿਬਿਊਨ ਨੇ ਭਾਗ ਲਿਆ, ਜਿਸ ਵਿਚ ਕਿਸਾਨ ਅੰਦੋਲਨ ਦੇ ਕਈ ਰੰਗ ਪੇਸ਼ ਕੀਤੇ, ਕਿਸਾਨ ਅੰਦੋਲਨ ਅੰਦਰ ਚੱਲੇ ਵਰਤਾਰੇ ਨੂੰ ਸਾਂਝਾ ਕੀਤਾ, ਕਿਸਾਨ ਅੰਦੋਲਨ ਖਤਮ ਹੋਣ ਦੀ ਪੀੜਾ ਵੀ ਦਰਸਾਈ ਗਈ, ਜਿੱਤ ਵੀ ਦਰਸਾਈ ਗਈ, ਡੇਢ ਸਾਲ ਤੋਂ ਲੱਗੀਆਂ ਰੌਣਕਾਂ ਕਿਵੇਂ ਖਤਮ ਹੋਈਆਂ, ਦਾ ਇੱਕ ਤਰ੍ਹਾਂ ਨਾਲ ਸੀਨ ਦਰਸਾਇਆ ਗਿਆ। ਇਨਕਲਾਬ ਦੀ ਗੱਲ ਕੀਤੀ ਗਈ, ਜੰਗੀਰਾਂ ਤੇ ਜ਼ਮੀਰਾਂ ਦੀ ਗੱਲ ਕੀਤੀ ਗਈ, ਜ਼ਮੀਰਾਂ ਅਨੁਸਾਰ ਇਸ ਇਨਕਲਾਬ 'ਚ ਹੋਰ ਬੰਦੇ ਵੀ ਸ਼ਾਮਲ ਹੋਏ, ਜਿਨ੍ਹਾਂ ਪਾਸ ਅੱਧਾ ਏਕੜ ਵੀ ਜ਼ਮੀਨ ਨਹੀਂ ਸੀ, ਪਰ ਜ਼ਰ ਤਾਂ ਨਹੀਂ ਸੀ, ਪਰ ਜ਼ਮੀਰ ਜ਼ਰੂਰ ਸੀ।



ਇਸ ਮੌਕੇ ਸਵਰਾਜਬੀਰ ਨੇ ਕਿਹਾ ਕਿ ਪਾਤਰਾਂ ਤੇ ਜਸਵੰਤ ਕੰਵਲ ਹੁਰਾਂ ਨੂੰ ਮੋਮ ਬਣਦੇ ਦੇਖਦੇ ਤੇ ਪਿਘਲਦੇ ਹੋਏ ਦੇਖਦੇ :

ਯੇ ਚਸ਼ਮੇ ਰੁਖਸਾਰ ਕਿ ਅਧਿਕਾਰ ਕੋ ਜਾਰੀ ਰੱਖੋ,
ਪਿਆਰ ਕੇ ਨਗਮੋ ਕੋ ਦੁਹਰਾਓ ਕਿ ਕੁੱਛ ਰਾਤ ਕਟੇ,

ਪੂਰਨਮਾਸ਼ੀ ਨਾਵਲ ਇੱਕ ਪਿਆਰ ਦੇ ਨਗਮੇ ਨੂੰ ਦੁਹਰਾਉਣ ਵਾਲਾ ਜੋੜ ਮੇਲਾ ਹੈ, ਕੋਹੇ ਗਮ, ਔਰ ਗਰਾਂ, ਔਰ ਗਰਾਂ, ਔਰ ਗਰਾਂ, ਗਮ ਦੇ ਪਹਾੜ ਬਹੁਤ ਵੱਡੇ ਬਹੁਤ ਵੱਡੇ, ਬਹੁਤ ਵੱਡੇ ਨੇ, ਤੀਸ਼ੇ ਕੋ ਚਮਕਾਓ ਤੇ ਕੁਛ ਰਾਤ ਕਟੇ, ਆਪਣੇ ਤੇਸੇ ਨੂੰ ਚਮਕਾ ਕੇ ਉਸ ਨੇ ਪਹਾੜ ਕੱਟਣਾ ਹੈ, ਆਪਣੇ ਇਸ਼ਕ, ਆਪਣੀ ਮੰਜ਼ਲ ਨੂੰ ਪਾਉਣਾ ਹੈ। ਜਸਵੰਤ ਸਿੰਘ ਕੰਵਲ ਹੁਰਾਂ ਨੇ ਆਪਣੀਆਂ ਰਚਨਾਵਾਂ 'ਚ ਪੰਜਾਬ ਦੀਆਂ ਫਰਹੱਦਾਂ ਨੂੰ ਲਲਕਾਰਦੇ ਹੋਏ ਆਪਣੇ ਤੇਸਿਆਂ ਨੂੰ ਚਮਕਾਉਣ ਦੀ ਗੱਲ ਕਰਦੇ।

ਸੁਰਜੀਤ ਪਾਤਰ ਨੇ ਕਿਹਾ ਕਿ ਸੁਮੇਲ ਸਿੰਘ ਸਿੱਧੂ ਜੇਕਰ ਦਿੱਲੀ ਤੋਂ ਵਾਪਸ ਪਿੰਡ ਨਾ ਮੁੜਦਾ ਤਾਂ ਇਹ ਮੇਲਾ ਸ਼ਾਇਦ ਨਾ ਜੁੜਦਾ, ਮੇਲਾ ਵੀ ਇਸ ਤਰ੍ਹਾਂ ਦਾ ਮਾਲ ਮੇਲਾ ਹੈ, ਜਿੱਥੋਂ ਤੱਕ ਨਜ਼ਰ ਜਾਂਦੀ ਹੈ ਜਾਂ ਜਿੱਥੋਂ ਤੱਕ ਨਜ਼ਰ ਨਹੀਂ ਜਾਂਦੀ, ਉਥੋਂ ਦੇ ਲੋਕ ਵੀ ਇਸ ਮੇਲੇ ਵਿੱਚ ਸ਼ਾਮਲ ਹਨ। ਇਸ ਮੇਲੇ 'ਚ ਵਾਰਿਸ਼ ਸ਼ਾਹ, ਬੁੱਲ੍ਹੇ ਤੇ ਬਾਬਾ ਨਾਨਕ ਵੀ ਸਵਰਾਜਬੀਰ ਹੁਰਾਂ ਨੇ ਸ਼ਾਮਲ ਕਰ ਦਿੱਤੇ। ਬਹੁਤ ਦੂਰ ਤੱਕ ਇਸ ਮੇਲੇ ਦੀ ਪਹੁੰਚ ਹੈ, ਰੂਹਾਨੀ ਪਹੁੰਚ ਹੈ, ਦੂਸਰੀ ਗੱਲ ਇਹ ਹੈ ਕਿ ਸੁਮੇਲ ਨੂੰ ਜਦੋਂ ਮੈਂ ਸੁਣਦਾ ਹਾਂ ਤਾਂ ਮੈਂ ਹੈਰਾਨ ਹੁੰਦਾ ਹਾਂ ਕਿ ਸਿਧਾਂਤ ਦਾ ਸਰਬਲ ਰੂਪ ਵੀ ਇਹ ਕਵਿਤਾ ਦੇ ਬੋਲਾਂ 'ਚ ਪਰੋਂਦਾ ਹੈ, ਇੰਨਾ ਸੰਪੰਨ ਕਵੀ ਹੈ ਕੋਈ, ਕਿੱਥੋਂ ਲੈ ਕੇ ਕਿੱਥੋਂ ਤੱਕ, ਕਈ ਵਾਰ ਮੈਂ ਹੈਰਾਨ ਹੁੰਦਾ ਹਾਂ ਕਿ ਇਸ ਨੂੰ ਇਹ ਸਤਰ ਵੀ ਯਾਦ ਹੈ।

**—ਜਤਿੰਦਰ ਦੇਵਗਨ**

# ਪਾਠਕਾਂ ਦੇ ਝਰੋਖੇ 'ਚੋਂ

## ਡਾਇਰੀ ਦਾ ਪੰਨਾ

27 ਨਵੰਬਰ ਦੇ 'ਐਤਵਾਰਤਾ' ਵਿਚ ਨਿੰਦਰ ਘੁਗਿਆਣਵੀ ਨੇ 'ਦਿੱਲੀ ਵਾਲੇ ਭੁੱਲਰ ਅੰਕਲ' ਕਾਲਮ ਵਿਚ ਕਥਾਕਾਰ ਗੁਰਬਚਨ ਸਿੰਘ ਭੁੱਲਰ ਦੀ ਕਿਤਾਬ 'ਅੱਖਰ ਅੱਖਰ ਬੋਲਦਾ' ਦਾ ਜ਼ਿਕਰ ਕੀਤਾ ਹੈ। ਕਿਤਾਬ ਵਿਚ ਭੁੱਲਰ ਸਾਹਿਬ ਨੇ ਨਿੰਦਰ ਘੁਗਿਆਣਵੀ ਬਾਰੇ ਚੰਦ ਸ਼ਬਦ ਲਿਖੇ ਹਨ, ਜਿਸ ਦੀ ਬਹੁਤ ਖੁਸ਼ੀ ਹੈ। ਇਹ ਖੁਸ਼ੀ ਕੇਵਲ ਨਿੰਦਰ ਨੂੰ ਹੀ ਨਹੀਂ, ਸਗੋਂ ਭੁੱਲਰ ਸਾਹਿਬ ਦੇ ਪੁਰਾਣੇ-ਨਵੇਂ ਲੱਖਾਂ ਪਾਠਕਾਂ ਨੂੰ ਵੀ ਹੈ। ਪੰਜਾਬੀ ਟ੍ਰਿਬਿਊਨ ਦੀ ਸੰਪਾਦਕੀ ਸਮੇਂ ਭੁੱਲਰ ਸਾਹਿਬ ਨੇ ਬਹੁਤ ਸਾਰੇ ਕਲਮਕਾਰਾਂ ਨੂੰ ਐਨਾ ਮਾਣ ਦਿੱਤਾ ਕਿ ਉਹ ਸਾਰੀਆਂ ਕਲਮਾਂ ਇਸ ਵੇਲੇ ਪੰਜਾਬੀ ਵਿਚ ਸਥਾਪਤ ਸਾਹਿਤਕਾਰ ਜਾਂ ਨਾਮੀ ਆਲੋਚਕ ਪਰਵਾਨੇ ਗਏ ਹਨ।

ਨਿੰਦਰ ਨੇ ਆਪਣੀ ਜਿਸ ਕਿਤਾਬ ਦਾ ਜ਼ਿਕਰ ਕੀਤਾ ਹੈ, 'ਮੈਂ ਸਾਂ ਜੱਜ ਦਾ ਅਰਦਲੀ', ਉਸ ਵੇਲੇ ਪੜ੍ਹਨ ਲਈ ਪਾਠਕ ਅਖਬਾਰ ਖਰੀਦ ਕੇ ਅੱਗੇ ਦੀ ਅੱਗੇ ਪਾਠਕਾਂ ਨੂੰ ਪੜ੍ਹਾਇਆ ਕਰਦੇ ਸਨ। ਇਹ ਵਿਸ਼ੇਸ਼ਤਾ ਹਰ ਕਿਸੇ ਵਿਚ ਨਹੀ ਹੁੰਦੀ, ਕਈ ਲੋਕ ਕਿਲ੍ਹ-ਕਿਲ੍ਹ ਕੇ ਲਿਖਦੇ ਹਨ, ਪਰ ਪਿਛਲੇ ਕਾਫੀ ਸਮੇਂ ਤੋਂ ਵੇਖਦੇ ਹਾਂ ਕਿ ਨਿੰਦਰ ਘੁਗਿਆਣਵੀ ਨੂੰ ਸਧਾਰਨ ਲੋਕਾਂ ਦਾ ਰੱਜਵਾਂ ਸਾਥ ਮਿਲਿਆ ਹੈ। ਬਹਤ ਸਾਰੇ ਅਦੀਬਾਂ ਦੀ ਸੇਵਾ ਕੀਤੀ ਹੈ, ਜੀਵਨ ਵਿਚ ਸੰਘਰਸ਼ ਬਹੁਤ ਕੀਤਾ ਹੈ। ਘੁਗਿਆਣਵੀ ਨੇ ਉਸਤਾਦ ਕਲਾਕਾਰ ਲਾਲ ਚੰਦ ਯਮਲਾ ਜੱਟ, ਕਿਰਪਾਲ ਸਿੰਘ ਕਸੇਲ, ਸੰਤੋਖ ਸਿੰਘ ਧੀਰ, ਕਰਨੈਲ ਸਿੰਘ ਪਾਰਸ ਜਿਹੀਆਂ ਨਾਮਵਰ ਸ਼ਖਸੀਅਤਾਂ ਕੋਲੋਂ ਸਾਹਿਤਕ ਤੇ ਗਾਇਕੀ ਦੀ ਸਿੱਖਿਆ ਹਾਸਲ ਕੀਤੀ ਹੈ। ਇਹ ਵੀ ਸ਼ੁਕਰ ਹੀ ਹੈ ਕਿ ਉਸ ਕੋਲ ਯੂਨੀਵਰਸਿਟੀ ਮਾਰਕਾ ਪੰਜਾਬੀ ਨਹੀਂ, ਨਾ ਹੀ ਕਿਸੇ ਕਿਸਮ ਦੀ ਹਉਮੈ ਹੈ, ਸਗੋਂ ਗਿਆਨ ਦਾ ਸਮੁੰਦਰ ਉਸ ਦੇ ਅੰਦਰ ਉਛਾਲੇ ਮਾਰਦਾ ਹੈ, ਜਿਸ ਦਾ ਨਿਕਾਸ ਕਿਤਾਬਾਂ ਰਾਹੀਂ ਹੋ ਰਿਹਾ ਹੈ। ਨਿੰਦਰ ਕੋਲ ਸ਼ਬਦਾਂ ਦੀ ਉਹ ਕਲਾ ਹੈ, ਜਿਸ ਦੀ ਵਰਤੋਂ ਉਹ ਪਵਿਤਰ ਗੁਰਮੁਖੀ ਵਿਚ ਮਾਂ ਬੋਲੀ ਪੰਜਾਬੀ ਵਿਚ ਸੇਵਾ ਦੇ ਮਕਸਦ ਨਾਲ ਕਰ ਰਿਹਾ ਹੈ। ਯਮਲਾ ਜੱਟ ਦੇ ਜੀਵਨ ਦੀ ਕਿਤਾਬ ਯਮਲਾ ਜੀ ਦੇ ਸ਼ਾਗਿਰਦਾਂ ਵੱਲੋਂ ਹੱਥੋ-ਹੱਥ ਵਿਕ ਗਈ ਸੀ। ਉਸ ਦੀਆਂ ਹੋਰ ਕਿਤਾਬਾਂ ਵੀ ਪਾਠਕਾਂ ਵਿਚ ਗਰਮ ਪਕੌੜਿਆਂ ਵਾਂਗ ਵਿਕੀਆਂ ਹਨ। ਗੁਜਰਾਤ/ ਹਿਮਾਚਲ ਚੋਣਾਂ ਬਾਰੇ ਜਤਿੰਦਰ ਪਨੂੰ ਨੇ ਵਿਚਾਰ ਲਿਖੇ ਹਨ । ਹੁਣ ਦੀਆਂ ਚੋਣਾਂ ਕੋਈ ਲੋਕ-ਰਾਇ ਨਹੀਂ ਰਹਿ ਗਈਆਂ, ਕੇਵਲ ਵਾਅਦੇ ਤੇ ਦਾਅਵੇ ਹਨ, ਜੋ ਲੋਕਾਂ ਨਾਲ ਕਰਕੇ ਵੋਟਾਂ ਬਟੋਰ ਲਈਆਂ ਜਾਂਦੀਆ ਹਨ। ਖੈਰ, ਲੋਕਤੰਤਰ ਦਿਨੋ-ਦਿਨ ਕਮਜ਼ੋਰ ਹੋ ਰਿਹਾ ਹੈ। ਸਰਗਰਮੀਆਂ 'ਚ ਲਾਹੌਰ ਪੰਜਾਬੀ ਕਾਨਫਰੰਸ ਬਾਰੇ ਪੜ੍ਹ ਕੇ ਬਹੁਤ ਖਸ਼ੀ ਹੋਈ। ਲਹਿੰਦਾ-ਚੜ੍ਹਦਾ ਪੰਜਾਬ ਮਿਲ ਕੇ ਇਹੋ ਜਿਹੇ ਉਪਰਾਲੇ ਕਰਦੇ ਰਹਿਣ ਤਾਂ ਪੰਜਾਬੀ ਜ਼ਬਾਨ ਹੋਰ ਵੀ ਮਜ਼ਬੂਤ ਹੋਵੇਗੀ, ਫਿਰ ਕੋਈ ਪੰਜਾਬੀ ਦਾ ਬੁਰਾ ਨਹੀਂ ਸੋਚ ਸਕਦਾ । ਪੰਜਾਬੀ ਦਾ ਡੰਕਾ ਦੁਨੀਆ ਭਰ ਵਿਚ ਵੱਜਦਾ ਰਹੇਗਾ। ਮਿੰਨੀ ਕਹਾਣੀਆਂ ਦੀ ਪੇਸ਼ਕਾਰੀ ਪੜ੍ਹੀ, ਬਹੁਤ ਖੂਬ ਹੈ, ਇਸ ਵਿਚ ਅੱਜ ਦੇ ਸਾਰੇ ਮਿੰਨੀ ਕਹਾਣੀਕਾਰ ਡਾ. ਦੀਪਤੀ, ਹਰਭਜਨ ਖੇਮਕਰਨੀ, ਬਿਕਰਮਜੀਤ ਨੂਰ, ਜਗਦੀਸ਼ ਕੁਲਰੀਆਂ, ਸ਼ਿਆਮ ਸੁੰਦਰ ਅਗਰਵਾਲ, ਸੁਰਿੰਦਰ ਕੈਲੇ ਤੇ ਨਿਰੰਜਨ ਬੋਹਾ ਮਿੰਨੀ ਕਹਾਣੀ ਦੇ ਮੋਢੀ ਹਨ। ਹੋਰ ਵੀ ਕਹਾਣੀਕਾਰ ਹਨ ਹਰਪ੍ਰੀਤ ਸਿੰਘ ਰਾਣਾ ਤੇ ਪਟਿਆਲਾ ਦੇ ਮਿੰਨੀ ਕਹਾਣੀਕਾਰ ਦਵਿੰਦਰ ਪਟਿਆਲਵੀ ਆਦਿ। ਇਸ ਵੇਲੇ ਮਿੰਨੀ ਕਹਾਣੀ ਪਾਠਕਾਂ ਵੱਲੋਂ ਬਹੁਤ ਸ਼ਿੱਦਤ ਨਾਲ ਪੜ੍ਹੀ ਜਾ ਰਹੀ ਹੈ। 'ਨਵਾਂ ਜ਼ਮਾਨਾ' ਦਾ ਇਸ ਵਿਚ ਬਹੁਤ ਵੱਡਾ ਯੋਗਦਾਨ ਹੈ।

**—ਪ੍ਰਿੰਸੀਪਲ ਗੁਰਮੀਤ ਸਿੰਘ ਫਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਗੁਜਰਾਤ ਹਿੰਸਾ ਤੇ 'ਸਿੱਟ' ਦੀ ਕਲੀਨ ਚਿੱਟ-2 : ਹਰਜੋਤ ਸਿੰਘ ਬੱਲ


ਤ੍ਰਿਪਤਾ ਕੇ ਸਿੰਘ ਨਾਲ ਮੁਲਾਕਾਤ-2 : ਦੀਪਕ ਮਹਿਤਾ

'ਪੋਟੇ ਜਾਗੀ ਕੰਬਣੀ' ਦੀ ਪਰਖ ਪੜਚੋਲ : ਸੰਧੂ ਵਰਿਆਣਵੀ

ਸਮਕਾਲੀ ਕਾਵਿ ਵੰਨਗੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਪਰਵਾਸ : ਅੰਕ 29 ਅਕਤੂਬਰ 2022




(**ਸਰੀ ਵਿਸ਼ੇਸ਼ ਅੰਕ**)

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪੰਜਾਬੀ ਸਾਹਿਤ ਅਧਿਐਨ ਕੇਂਦਰ ਵੱਲੋਂ ਲੰਮੇ ਸਮੇਂ ਤੋਂ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ 'ਪਰਵਾਸ' ਰਸਾਲੇ ਨੂੰ ਲਗਾਤਾਰ ਜਾਰੀ ਰੱਖਿਆ ਜਾ ਰਿਹਾ ਹੈ। ਕੈਨੇਡਾ ਦਾ ਪੰਜਾਬ, ਸਰੀ ਸਿਰਲੇਖ ਵਾਲੇ ਇਸ ਅੰਕ ਵਿੱਚ ਸੰਪਾਦਕੀ ਦੇ ਨਾਲ-ਨਾਲ ਨਜ਼ਮਾਂ, ਗੀਤ, ਦੋਹੇ, ਗ਼ਜ਼ਲ, ਮਿੰਨੀ ਕਹਾਣੀ ਦੀ ਪੇਸ਼ਕਾਰੀ ਹੈ, ਜਿਸ ਵਿੱਚ ਚਰਚਿਤ ਨਾਂਅ ਕਵਿੰਦਰ ਚਾਂਦ, ਮੋਹਨ ਗਿੱਲ, ਹਰਦਮ ਮਾਨ, ਜਸਵਿੰਦਰ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਹੋਏ ਹਨ। ਕੈਨੇਡਾ ਵਿਚਲੀ ਪੱਤਰਕਾਰੀ, ਆਲੋਚਨਾ ਅਤੇ ਹੋਰ ਮਸਲਿਆਂ ਨਾਲ ਨਜਿੱਠਦੇ ਲੇਖ ਵੀ ਹਨ। ਪੰਨੇ : 120, ਮੁੱਖ ਸੰਪਾਦਕ : ਡਾ. ਸ ਪ ਸਿੰਘ, ਸੰਪਰਕ : ਪਰਵਾਸੀ ਸਾਹਿਤ ਅਧਿਐਨ ਕੇਂਦਰ , ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ (ਮੋ.) 87290-80250

## ਪਰਵਾਸ : ਅੰਕ 30 : ਅਕਤੂਬਰ-ਦਸੰਬਰ 2022

ਬਰਤਾਨੀਆ
(ਯੂਰਪੀ ਵਿਸ਼ੇਸ਼ ਅੰਕ)




ਪੰਜਾਬੀ ਸਾਹਿਤ ਅਧਿਐਨ ਕੇਂਦਰ ਵੱਲੋਂ ਬਰਤਾਨੀਆ ਦੇ ਪੰਜਾਬੀ ਸਾਹਿਤ ਬਾਰੇ ਚਰਚਾ ਕਰਦਾ ਇਹ ਵਿਸ਼ੇਸ਼ ਅੰਕ ਆਪਣੀ ਸੰਪਾਦਕੀ ਵਿੱਚ ਯੂਰਪੀ ਅੰਕ-ਨਵੇਂ ਦਿਸਹੱਦੇ ਨਾਲ ਆਰੰਭ ਹੋ ਕੇ ਯੂਰਪ ਅਤੇ ਬਰਤਾਨੀਆ ਦੇ ਕਲਮਕਾਰਾਂ ਦੇ ਸਿਰਜਣਾਤਮਕ ਅਮਲ, ਜੀਵਨ ਅਤੇ ਹੋਰ ਸਰਗਰਮੀਆਂ ਬਾਰੇ ਜਾਣਕਾਰੀ ਦਿੰਦਾ ਹੈ। ਇਨ੍ਹਾਂ ਵਿੱਚ ਅਮਰਜੀਤ ਚੰਦਨ, ਸੰਤੋਖ ਸਿੰਘ ਹੇਅਰ, ਸੰਤੋਖ ਸਿੰਘ ਧਾਲੀਵਾਲ, ਸੁਰਿੰਦਰ ਸੀਹਰਾ, ਸੋਨੀਆ ਪਾਲ, ਹਰਜੀਤ ਅਟਵਾਲ, ਕੇ ਸੀ ਮੋਹਨ, ਅਮਰ ਜਿਓਤੀ, ਗੁਰਨਾਮ ਢਿੱਲੋਂ, ਜਗਤਾਰ ਢਾਅ, ਦੇਵਿੰਦਰ ਕੌਰ, ਦਲਵੀਰ ਕੌਰ ਅਤੇ ਹੋਰ ਸ਼ਾਮਲ ਹਨ। ਸਰਗਰਮੀਆਂ ਅਤੇ ਜਾਣਕਾਰੀ ਵਾਲਾ ਹੋਰ ਮੈਟਰ ਵੀ ਹੈ। ਪੰਨੇ : 120, ਮੁੱਖ ਸੰਪਾਦਕ : ਡਾ. ਸ ਪ ਸਿੰਘ, ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ, (ਮੋ) 87290-80250

## ਸੰਗਰਾਮੀ ਲਹਿਰ ਨਵੰਬਰ 2022




ਇਸ ਅੰਕ ਦੀ ਸੰਪਾਦਕੀ 'ਹਕੀਕੀ ਬਦਲਾਅ ਦੀ ਤਾਂਘ ਰੱਖਦੇ ਪੰਜਾਬੀ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਨਜ਼ਰਸਾਨੀ ਕਰਦੀ ਹੈ। ਮੰਗਤ ਰਾਮ ਪਾਸਲਾ ਦਾ ਲੇਖ ਪੰਜਾਬ ਵਿਰੋਧੀ ਸਾਜ਼ਿਸ਼ਾਂ ਪ੍ਰਤੀ ਸੁਚੇਤ ਕਰਦਾ, ਇਨ੍ਹਾਂ ਨੂੰ ਪਛਾੜਨ ਦਾ ਸੱਦਾ ਦਿੰਦਾ ਹੈ। ਪਰਗਟ ਸਿੰਘ ਜਾਮਾਰਾਏ, ਪ੍ਰੋ. ਜੈਪਾਲ ਸਿੰਘ, ਪ੍ਰੋ. ਚਮਨ ਲਾਲ ਅਤੇ ਹੋਰਾਂ ਦੇ ਭਾਵ-ਪੂਰਤ ਲੇਖਾਂ ਦੇ ਨਾਲ-ਨਾਲ ਕਹਾਣੀ ਅਤੇ ਖ਼ਬਰਨਾਮਾ ਵੀ ਹੈ।

ਪੰਨੇ : 42, ਮੁੱਲ : 20 ਰੁਪਏ, ਸੰਪਾਦਕ : ਮੰਗਤ ਰਾਮ ਪਾਸਲਾ, ਸੰਪਰਕ : ਸ਼ਹੀਦ ਸਰਵਣ ਸਿੰਘ ਚੀਮਾ ਮੈਮੋਰੀਅਨ ਭਵਨ, 352/1 ਗੜ੍ਹਾ ਜਲੰਧਰ, ਫ਼ੋਨ : 0181-2483033

## ਲੋਕ ਲਹਿਰ : ਨਵੰਬਰ 2022




ਇਸ ਅੰਕ ਦੀ ਸੰਪਾਦਕੀ ਪੰਜਾਬੀਆਂ ਨੂੰ ਉਨ੍ਹਾਂ ਅਨਸਰਾਂ ਵਿਰੁੱਧ ਸੁਚੇਤ ਕਰਦੀ ਹੈ, ਜੋ ਇਸ ਦੇ ਅਮਨ ਨੂੰ ਲਾਂਬੂ ਲਾਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ। ਸੁਖਵਿੰਦਰ ਸਿੰਘ ਸੇਖੋਂ ਦਾ ਲੇਖ ਹਿੰਦੀ ਨੂੰ ਸੂਬਿਆਂ ਉਪਰ ਥੋਪਣ ਪ੍ਰਤੀ ਸੁਚੇਤ ਕਰਦਾ ਹੈ। ਇਪਟਾ ਅਤੇ ਸੰਸਾਰ ਦੀਆਂ ਅਮਨ ਲਹਿਰਾਂ ਬਾਰੇ ਲਹਿੰਬਰ ਸਿੰਘ ਤੱਗੜ ਦਾ ਵਿਸਤ੍ਰਿਤ ਲੇਖ ਹੈ। ਚਰੰਜੀ ਲਾਲ ਕੰਗਣੀਵਾਲ ਨੇ ਸ਼ਹੀਦ-ਏ-ਆਜ਼ਮ ਵਿਰੁੱਧ ਇੱਕ ਮੈਂਬਰ ਪਾਰਲੀਮੈਂਟ ਵੱਲੋਂ ਕੀਤੀ ਟਿੱਪਣੀ ਨੂੰ ਵਿਸਥਾਰ ਵਿੱਚ ਗ਼ੈਰ-ਜ਼ਰੂਰੀ ਦੱਸਦਿਆਂ ਅਜਿਹੀਆਂ ਸਾਜ਼ਿਸ਼ਾਂ ਤੋਂ ਸੁਚੇਤ ਕੀਤਾ ਹੈ।

ਪੰਨੇ : 34, ਮੁੱਲ : 20 ਰੁਪਏ, ਸੰਪਾਦਕ : ਲਹਿੰਬਰ ਸਿੰਘ ਤੱਗੜ, ਸੰਪਰਕ : ਬਾਬਾ ਕਰਮ ਸਿੰਘ ਚੀਮਾ ਭਵਨ, ਸੈਕਟਰ 30-ਬੀ ਚੰਡੀਗੜ੍ਹ, (ਮੋ.) 94651-05372

***- ਹਰਜਿੰਦਰ ਅਟਵਾਲ (ਡਾ.)***

ਐਤਵਾਰ, 4 ਦਸੰਬਰ, 2022
19 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 184

# ਨਵਾਂ ਜ਼ਮਾਨਾ

DAILY NAWAN ZAMANA • SUNDAY, 4 DECEMBER, 2022 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV


ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

# ਗੈਂਗਸਟਰ ਠੇਹਟ ਦੀ ਗੋਲੀ ਮਾਰ ਕੇ ਹੱਤਿਆ

**ਜੈਪੁਰ** : ਰਾਜਸਥਾਨ ਦਾ ਸੀਕਰ ਜ਼ਿਲ੍ਹਾ ਸ਼ਨੀਵਾਰ ਸਵੇਰੇ ਗੋਲੀਆਂ ਦੀ ਤੜ-ਤੜ ਨਾਲ ਗੂੰਜ ਉਠਿਆ। ਉਦਯੋਗ ਨਗਰ ਇਲਾਕੇ 'ਚ ਲੋਕ ਰੋਜ਼ਾਨਾ ਦੇ ਕੰਮ ਕਰ ਰਹੇ ਸਨ ਕਿ ਉਸੇ ਸਮੇਂ ਗੈਂਗਸਟਰ ਰਾਜੂ ਠੇਹਟ ਦੇ ਘਰ ਲਾਰੈਂਸ ਬਿਸ਼ਨੋਈ ਗਰੁੱਪ ਦੇ ਕਰਿੰਦਿਆਂ ਨੇ ਦਸਤਕ ਦਿੱਤੀ। ਬਦਮਾਸ਼ਾਂ ਨੇ ਰਾਜੂ ਠੇਹਟ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ 'ਚ ਉਸ ਦੀ ਥਾਏਂ ਹੀ ਮੌਤ ਹੋ ਗਈ। ਇਹ ਦੇਖ ਕੇ ਚਾਰੇ ਪਾਸੇ ਅਫਰਾਤਫ਼ਰੀ ਮਚ ਗਈ, ਆਸਪਾਸ ਦੇ ਲੋਕ ਜਾਨ ਬਚਾਉਣ ਲਈ ਭੱਜਣ ਲੱਗੇ।

ਜਾਣਕਾਰੀ ਅਨੁਸਾਰ ਕੋਚਿੰਗ ਡਰੈੱਸ 'ਚ ਪਹੁੰਚੇ ਬਦਮਾਸ਼ਾਂ ਨੇ ਠੇਹਟ ਨੂੰ ਦਰਵਾਜ਼ੇ ਦੀ ਘੰਟੀ ਵਜਾ ਕੇ ਬਾਹਰ ਬੁਲਾਇਆ ਅਤੇ ਫਾਇਰਿੰਗ ਕਰ ਦਿੱਤੀ। ਰਾਜਸਥਾਨ ਪੁਲਸ ਦੇ ਡੀ ਜੀ ਪੀ ਉਮੇਸ਼ ਮਿਸ਼ਰਾ ਨੇ ਦੱਸਿਆ ਕਿ ਇਸ ਗੋਲੀਬਾਰੀ ਦਾ ਇੱਕ ਬਦਮਾਸ਼ ਨੇ ਵੀਡੀਓ ਵੀ ਬਣਾਇਆ। ਹੱਤਿਆ ਕਰਕੇ ਬਦਮਾਸ਼ ਅਲਟੋ 'ਚ ਭੱਜ ਗਏ। ਪੰਜ ਲੱਖ ਰੁਪਏ ਦੇ ਇਨਾਮੀ ਗੈਂਗਸਟਰ ਆਨੰਦਪਾਲ ਸਿੰਘ ਤੋਂ ਬਾਅਦ ਰਾਜਸਥਾਨ 'ਚ ਰਾਜੂ ਠੇਹਟ ਹੀ ਰਾਜਸਥਾਨ ਦਾ ਸਭ ਤੋਂ ਵੱਡਾ ਗੈਂਗਸਟਰ ਸੀ। ਰਾਜੂ ਠੇਹਟ ਅਤੇ ਮੁਕਾਬਲੇ 'ਚ

## ਪਰਵਾਰ ਵੱਲੋਂ ਲਾਸ਼ ਲੈਣ ਤੋਂ ਇਨਕਾਰ, ਪੂਰਾ ਸੀਕਰ ਬੰਦ



ਮਾਰੇ ਜਾ ਚੁੱਕੇ ਆਨੰਦਪਾਲ ਵਿਚਾਲੇ ਰੰਜਿਸ਼ ਚਲਦੀ ਸੀ। ਰਾਜੂ ਠੇਹਟ ਨੇ ਇੱਕ ਵਾਰ ਆਨੰਦਪਾਲ 'ਤੇ ਜੇਲ੍ਹ 'ਚ ਹਮਲਾ ਵੀ ਕਰਵਾਇਆ ਸੀ, ਜਿਸ 'ਚ ਆਨੰਦਪਾਲ ਤਾਂ ਬਚ ਗਿਆ, ਪਰ ਇੱਕ ਵਿਅਕਤੀ ਦੀ ਮੌਤ ਹੋ ਗਈ। ਆਨੰਦਪਾਲ ਦੇ ਮਾਰੇ ਜਾਣ ਤੋਂ ਬਾਅਦ ਉਸ ਦੀ ਗਰਲ ਫਰੈਂਡ ਲੇਡੀ ਡਾਨ ਅਨੁਰਾਧਾ ਹੁਣ ਲਾਰੈਂਸ ਬਿਸ਼ਨੋਈ ਅਤੇ ਕਾਲਾ ਜਠੇਡੀ ਨਾਲ ਹੱਥ ਮਿਲਾ ਚੁੱਕੀ ਹੈ। ਮੰਨਿਆ ਜਾ ਰਿਹਾ ਹੈ ਕਿ ਲਾਰੈਂਸ ਅਤੇ ਕਾਲਾ ਜਠੇਡੀ ਗੈਂਗ ਨਾਲ ਮਿਲ ਕੇ ਰਾਜੂ ਠੇਹਟ ਦੀ ਹੱਤਿਆ ਕਰਵਾਈ, ਪਰ ਅਸਲੀ ਖੇਡ ਲੇਡੀ ਡਾਨ ਅਨੁਰਾਧਾ ਦੀ ਹੀ ਹੈ। ਅਨੁਰਾਧਾ ਨੂੰ ਹਾਲ ਹੀ 'ਚ ਐੱਨ ਆਈ ਏ ਨੇ ਗ੍ਰਿਫ਼ਤਾਰ ਕੀਤਾ ਸੀ। ਐੱਨ ਆਈ ਏ ਨੇ ਅਨੁਰਾਧਾ ਨੂੰ ਹਿਰਾਸਤ 'ਚ ਲੈ ਕੇ ਪੁੱਛਗਿੱਛ ਵੀ ਕੀਤੀ ਸੀ। ਦਿੱਲੀ ਪੁਲਸ ਸਪੈਸ਼ਲ ਸੈੱਲ ਦੇ ਸੂਤਰਾਂ ਮੁਤਾਬਕ ਰਾਜੂ ਠੇਹਟ ਨੂੰ ਕਰੀਬ 10 ਸਾਲਾਂ ਤੋਂ ਮਾਰਨ ਦਾ ਪਲਾਨ ਬਣਾਇਆ ਜਾ ਰਿਹਾ ਸੀ। ਇਸ ਪਲਾਨ 'ਚ ਲਾਰੈਂਸ, ਆਨੰਦਪਾਲ ਗੈਂਗ ਅਤੇ ਕਾਲਾ ਜਠੇਡੀ ਗੈਂਗ ਨਾਲ ਜੁੜੇ ਸ਼ੂਟਰ ਸਨ।

ਰਾਜੂ ਠੇਹਟ ਅਤੇ ਉਸ ਦੇ ਗੈਂਗ 'ਤੇ ਸੀਕਰ ਸਮੇਤ ਕਈ ਜ਼ਿਲ੍ਹਿਆਂ 'ਚ ਦਰਜਨਾਂ ਕੇਸ ਦਰਜ ਹਨ। ਠੇਹਟ ਕੁਝ ਦਿਨ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਇਆ ਸੀ। ਰਾਜੂ ਦੀ ਹੱਤਿਆ ਤੋਂ ਬਾਅਦ ਪੂਰੇ ਸੀਕਰ ਜ਼ਿਲ੍ਹੇ 'ਚ ਦਹਿਸ਼ਤ ਹੈ। ਮਿਸ਼ਰਾ ਨੇ ਦੱਸਿਆ ਬਦਮਾਸ਼ਾਂ ਦੇ ਪਿੱਛੇ ਰਾਜਸਥਾਨ ਪੁਲਸ ਹੈ, ਪੂਰੇ ਸੂਬੇ 'ਚ ਸਖ਼ਤ ਸੁਰੱਖਿਆ ਦੇ ਆਦੇਸ਼ ਦਿੱਤੇ ਗਏ ਹਨ। ਸਾਰੇ ਐੱਸ ਐੱਚ ਓਜ਼ ਨੂੰ ਫੀਲਡ 'ਚ ਰਹਿਣ ਦੇ ਆਦੇਸ਼ ਦਿੱਤੇ ਹਨ। ਸ਼ਹਿਰ ਦੇ ਪਿਪਰਾਲੀ ਰੋਡ 'ਤੇ ਠੇਹਟ ਦਾ ਘਰ ਹੈ, ਜਿੱਥੇ ਗੋਲੀਬਾਰੀ 'ਚ ਨਾਗੌਰ ਦੇ ਇੱਕ ਵਿਅਕਤੀ ਨੂੰ ਵੀ ਗੋਲੀ ਲੱਗਣ ਨਾਲ ਉਸ ਦੀ ਮੌਤ ਹੋ ਗਈ। ਮਰਨ ਵਾਲਾ ਗੋਲੀਬਾਰੀ ਦੀ ਵੀਡੀਓ ਬਣਾ ਰਿਹਾ ਸੀ, ਇਸ ਲਈ ਬਦਮਾਸ਼ਾਂ ਨੇ ਉਸ 'ਤੇ ਵੀ ਫਾਇਰਿੰਗ ਕਰ ਦਿੱਤੀ।

ਲ ਾ ਰ ੈ ਂ ਸ • ਬਾਕੀ ਸਫ਼ਾ 10 'ਤੇ

# ਵਿਦਿਆਰਥਣਾਂ ਦੇ ਜਿਨਸੀ ਸ਼ੋਸ਼ਣ 'ਚ 'ਵਰਸਿਟੀਆਂ ਦੇ ਦੋ ਪ੍ਰੋਫੈਸਰ ਗ੍ਰਿਫ਼ਤਾਰ



ਹੈਦਰਾਬਾਦ ਯੂਨੀਵਰਸਿਟੀ ਦੇ ਗੇਟ ਅੱਗੇ ਪ੍ਰਦਰਸ਼ਨ ਕਰਦੇ ਵਿਦਿਆਰਥੀ।

**ਨਵੀਂ ਦਿੱਲੀ** : ਹੈਦਰਾਬਾਦ ਸੈਂਟਰਲ ਯੂਨੀਵਰਸਿਟੀ 'ਚ ਇੱਕ ਪ੍ਰੋਫੈਸਰ ਨੂੰ ਇੱਕ ਵਿਦੇਸ਼ੀ ਵਿਦਿਆਰਥਣ ਨਾਲ ਜਿਨਸੀ ਸ਼ੋਸ਼ਣ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਉਥੇ ਹੀ ਯੂਨੀਵਰਸਿਟੀ ਵੱਲੋਂ ਪ੍ਰੋਫੈਸਰ ਨੂੰ ਮੁਅੱਤਲ ਕਰ ਦਿੱਤਾ ਗਿਆ। ਪੀੜਤ, ਜੋ ਥਾਈਲੈਂਡ ਦੀ ਹੈ, ਨੇ ਸਾਈਬਰਾਬਾਦ ਪੁਲਸ ਕਮਿਸ਼ਨਰੇਟ ਅਧੀਨ ਗਾਚੀਬਾਵਲੀ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਪੁਲਸ ਨੇ ਸ਼ਨੀਵਾਰ ਕਿਹਾ ਕਿ ਉਹਨਾਂ ਹਿੰਦੀ ਵਿਭਾਗ ਦੇ 69 ਸਾਲਾ ਪ੍ਰੋਫੈਸਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। 23 ਸਾਲਾ ਪੀੜਤਾ ਨੇ ਦੋਸ਼ ਲਾਇਆ ਕਿ ਪ੍ਰੋਫੈਸਰ ਨੇ ਉਸ ਨੂੰ ਆਪਣੇ ਦਫਤਰ ਬੁਲਾਇਆ ਅਤੇ ਉਸ ਦਾ ਜਿਨਸੀ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਭੱਜਣ 'ਚ ਕਾਮਯਾਬ ਹੋ ਗਈ।

ਘਟਨਾ ਦੀ ਜਾਣਕਾਰੀ ਮਿਲਦੇ ਹੀ ਵਿਦਿਆਰਥੀ ਗੁੱਸੇ 'ਚ ਆ ਗਏ ਅਤੇ ਕੈਂਪਸ 'ਚ ਵਿਰੋਧ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਪ੍ਰੋਫੈਸਰ ਖਿਲਾਫ਼ ਸਖਤ ਕਾਰਵਾਈ ਦੀ ਮੰਗ ਵੀ ਕੀਤੀ। ਵਿਦਿਆਰਥੀਆਂ ਨੇ ਪ੍ਰਸ਼ਾਸਨ ਨੂੰ ਅਲਟੀਮੇਟਮ ਦਿੱਤਾ ਕਿ ਜੇਕਰ ਪ੍ਰੋਫੈਸਰ ਖਿਲਾਫ਼ ਕਾਰਵਾਈ ਨਾ ਹੋਈ ਤਾਂ ਉਹ ਜ਼ਬਰਦਸਤ ਪ੍ਰਦਰਸ਼ਨ ਕਰਨਗੇ।

ਇਸੇ ਤਰ੍ਹਾਂ ਉਤਰੀ ਕਸ਼ਮੀਰ ਦੇ ਸ਼ੇਰ-ਏ-ਕਸ਼ਮੀਰ ਖੇਤੀਬਾੜੀ ਯੂਨੀਵਰਸਿਟੀ ਆਫ ਐਗਰੀਕਲਚਰਲ ਸਾਇੰਸਿਜ਼ ਐਂਡ ਟੈਕਨਾਲੋਜੀ 'ਚ ਪ੍ਰੋਫੈਸਰ ਨੂੰ ਵਿਦਿਆਰਥੀ ਵੱਲੋਂ ਜਿਨਸੀ ਸ਼ੋਸ਼ਣ ਦੇ ਦੋਸ਼ ਲਗਾਉਣ ਤੋਂ ਬਾਅਦ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪ੍ਰੋਫੈਸਰ ਨੂੰ ਸ਼ੁੱਕਰਵਾਰ ਦੇਰ ਰਾਤ ਗ੍ਰਿਫਤਾਰ ਕਰ ਲਿਆ ਗਿਆ। ਪੀੜਤ ਵਿਦਿਆਰਥੀ ਨੇ ਖੇਤੀਬਾੜੀ ਵਿਭਾਗ ਦੇ ਪ੍ਰਧਾਨ ਡਾ. ਮੁਸ਼ਤਾਕ ਅਹਿਮਦ ਡਾਰ ਖਿਲਾਫ਼ ਜਿਨਸੀ ਸ਼ੋਸ਼ਣ ਦਾ ਦੋਸ਼ ਲਾਇਆ ਸੀ। ਡੀਨ ਰੇਹਾਨਾ ਹਬੀਬ ਕਾਂਤ ਅਨੁਸਾਰ ਵਿਦਿਆਰਥੀ ਨੇ ਖੇਤੀਬਾੜੀ ਵਿਭਾਗ ਦੇ ਪ੍ਰਧਾਨ ਖਿਲਾਫ਼ ਜਿਨਸੀ ਸੋਸ਼ਣ ਦੀ ਸ਼ਿਕਾਇਤ ਕੀਤੀ ਸੀ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਉਸ ਖਿਲਾਫ ਜਾਂਚ ਸ਼ੁਰੂ ਕਰ ਦਿੱਤੀ ਹੈ। ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਐਗਰੀਕਲਚਰ ਐਕਸਟੈਂਸਨ ਐਂਡ ਕਮਿਊਨੀਕੇਸ਼ਨ ਵਿਭਾਗ ਦੇ ਮੁਖੀ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

## ਲੋੜੀਂਦਾ ਗੈਂਗਸਟਰ ਗ੍ਰਿਫ਼ਤਾਰ

**ਚੰਡੀਗੜ੍ਹ** : ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ ਨੂੰ ਵੱਡੀ ਸਫ਼ਲਤਾ ਮਿਲੀ, ਜਦੋਂ ਮੁਹਾਲੀ ਪੁਲਸ ਨੇ ਬਲਟਾਣਾ ਐਨਕਾਊਂਟਰ ਕੇਸ ਅਤੇ ਕਈ ਹੋਰ ਅਪਰਾਧਕ ਮਾਮਲਿਆਂ ਲਈ ਲੋੜੀਂਦੇ ਗੈਂਗਸਟਰ ਅੰਕਿਤ ਰਾਣਾ ਨੂੰ ਗ੍ਰਿਫ਼ਤਾਰ ਕਰ ਲਿਆ। ਅੰਕਿਤ ਪੰਜਾਬ ਅਤੇ ਹਰਿਆਣਾ 'ਚ ਫਿਰੌਤੀ ਰੈਕੇਟ ਦੇ ਮੁੱਖ ਸਰਗਨਿਆਂ 'ਚੋਂ ਇੱਕ ਹੈ। ਬੀਤੀ 17 ਜੁਲਾਈ ਦੀ ਦਰਮਿਆਨੀ ਰਾਤ ਨੂੰ ਬਲਟਾਣਾ ਦੀ ਫਰਨੀਚਰ ਮਾਰਕੀਟ ਦੇ ਨੇੜੇ ਹੋਟਲ ਮਾਲਕ ਤੋਂ ਰੰਗਦਾਰੀ ਮੰਗਣ ਆਏ ਗੈਂਗਸਟਰਾਂ ਨਾਲ ਪੁਲਸ ਦਾ ਮੁਕਾਬਲਾ ਹੋਇਆ ਸੀ। ਇਹ ਸਾਰੇ ਗੈਂਗਸਟਰ ਭੂਪੀ ਰਾਣਾ ਗੈਂਗ ਦੇ ਮੈਂਬਰ ਦੱਸੇ ਜਾ ਰਹੇ ਸਨ। ਇਹਨਾਂ 'ਚੋਂ ਇੱਕ ਗੈਂਗਸਟਰ ਪੁਲਸ ਦੀਆਂ ਗੋਲੀਆਂ ਨਾਲ ਜ਼ਖਮੀ ਵੀ ਹੋਇਆ ਸੀ।

## ਮੰਦਰਾਂ 'ਚ ਮੋਬਾਇਲ ਫੋਨ ਲਿਜਾਣ 'ਤੇ ਪਾਬੰਦੀ : ਮਦਰਾਸ ਹਾਈ ਕੋਰਟ

**ਨਵੀਂ ਦਿੱਲੀ** : ਮਦਰਾਸ ਹਾਈ ਕੋਰਟ ਨੇ ਤਾਮਿਲਨਾਡੂ ਦੇ ਮੰਦਰਾਂ 'ਚ ਮੋਬਾਇਲ ਫੋਨ ਲਿਜਾਣ 'ਤੇ ਵੱਡਾ ਫੈਸਲਾ ਸੁਣਾਇਆ ਹੈ। ਹਾਈ ਕੋਰਟ ਨੇ ਮੰਦਰ 'ਚ ਮੋਬਾਇਲ ਫੋਨ 'ਤੇ ਰੋਕ ਲਾ ਦਿੱਤੀ ਹੈ। ਪੂਜਾ ਸਥਾਨਾਂ ਦੀ 'ਸ਼ੁਧਤਾ ਅਤੇ ਪਵਿੱਤਰਤਾ' ਬਣਾਈ ਰੱਖਣ ਲਈ ਮਦਰਾਸ ਹਾਈ ਕੋਰਟ ਦੀ ਮਦੁਰੈ ਬੈਂਚ ਨੇ ਤਾਮਿਲਨਾਡੂ ਸਰਕਾਰ ਨੂੰ ਪੂਰੇ ਸੂਬੇ ਦੇ ਮੰਦਰਾਂ 'ਚ ਮੋਬਾਇਲ ਫੋਨ ਦੇ ਇਸਤੇਮਾਲ 'ਤੇ ਪਾਬੰਦੀ ਲਾਉਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ ਐੱਮ ਸੀਤਾਰਮਨ ਵੱਲੋਂ ਦਾਖਲ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਇਹ ਆਦੇਸ਼ ਪਾਸ ਕੀਤਾ ਹੈ।

## ਮਮਤਾ ਦੇ ਭਤੀਜੇ ਦੀ ਰੈਲੀ ਵਾਲੀ ਥਾਂ ਨੇੜੇ ਧਮਾਕਾ, 3 ਮੌਤਾਂ

**ਕੋਲਕਾਤਾ** : ਪੱਛਮੀ ਬੰਗਾਲ ਦੇ ਪੂਰਬੀ ਮੇਦਨੀਪੁਰ ਜਿਲ੍ਹੇ 'ਚ ਤ੍ਰਿਣਮੂਲ ਕਾਂਗਰਸ (ਟੀ ਐੱਮ ਸੀ) ਦੇ ਸੀਨੀਅਰ ਆਗੂ ਅਭਿਸ਼ੇਕ ਬੈਨਰਜੀ ਦੀ ਰੈਲੀ ਵਾਲੀ ਥਾਂ ਨੇੜੇ ਧਮਾਕੇ 'ਚ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਇਹ ਘਟਨਾ ਕੋਂਟਈ ਕਸਬੇ ਤੋਂ 1.5 ਕਿਲੋਮੀਟਰ ਦੂਰ ਭੂਪਤੀ ਨਗਰ ਖੇਤਰ 'ਚ ਹੋਈ, ਜਿੱਥੇ ਟੀ ਐੱਮ ਸੀ ਦੇ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਸ਼ਨੀਵਾਰ ਨੂੰ ਜਨਤਕ ਮੀਟਿੰਗ ਨੂੰ ਸੰਬੋਧਨ ਕਰਨ ਵਾਲੇ ਹਨ। ਪੁਲਸ ਮੁਤਾਬਕ ਸ਼ੁੱਕਰਵਾਰ ਰਾਤ 11.15 ਵਜੇ ਇੱਕ ਘਰ 'ਚ ਧਮਾਕਾ ਹੋਇਆ ਅਤੇ ਸ਼ਨੀਵਾਰ ਮੌਕੇ ਤੋਂ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਇਸ ਘਟਨਾ 'ਚ ਕੁਝ ਹੋਰ ਲੋਕ ਜ਼ਖਮੀ ਵੀ ਹੋਏ ਹਨ।

# ਬੱਸ-ਟਰੱਕ ਟੱਕਰ 'ਚ ਵਿਦਿਆਰਥਣ ਸਮੇਤ ਡਰਾਈਵਰ ਦੀ ਮੌਤ



**ਤਰਨ ਤਾਰਨ** : ਤਰਨ ਤਾਰਨ 'ਚ ਸਕੂਲ ਬੱਸ ਅਤੇ ਟਰੱਕ ਦੀ ਆਹਮੋ-ਸਾਹਮਣੇ ਟੱਕਰ ਹੋ ਗਈ। ਇਹ ਹਾਦਸਾ ਸਵੇਰੇ ਧੁੰਦ ਕਾਰਨ ਵਾਪਰਿਆ। ਟੱਕਰ ਏਨੀ ਜ਼ਬਰਦਸਤ ਸੀ ਕਿ ਸਕੂਲ ਬੱਸ ਪਲਟ ਗਈ, ਜਿਸ 'ਚ ਇੱਕ 8 ਸਾਲਾ ਬੱਚੀ ਅਤੇ ਬੱਸ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬੱਚਿਆਂ ਦਾ ਰੌਲਾ ਸੁਣ ਕੇ ਇਕੱਠੇ ਹੋਏ ਲੋਕਾਂ ਨੇ ਜ਼ਖਮੀ ਬੱਚਿਆਂ ਨੂੰ ਬੱਸ 'ਚੋਂ ਕੱਢ ਕੇ ਹਸਪਤਾਲ ਪਹੁੰਚਾਇਆ। ਘਟਨਾ ਤਰਨ ਤਾਰਨ ਅਧੀਨ ਪੈਂਦੇ ਪਿੰਡ ਸ਼ੇਖ ਚੱਕ ਦੀ ਹੈ। ਸਕੂਲ ਬੱਸ ਐੱਸ ਬੀ ਐੱਸ ਸਕੂਲ ਅਤੇ ਕਾਲਜ ਦੀ ਦੱਸੀ ਜਾਂਦੀ ਹੈ। ਬੱਸ ਪਿੰਡਾਂ ਤੋਂ ਬੱਚਿਆਂ ਨੂੰ ਸਕੂਲ ਲਿਜਾਣ ਲਈ ਰਵਾਨਾ ਹੋਈ ਸੀ। ਹਾਦਸੇ ਵੇਲੇ ਬੱਸ 'ਚ 12 ਬੱਚੇ ਮੌਜੂਦ ਸਨ। ਬੱਸ ਪਿੰਡ ਸ਼ੇਖ ਚੱਕ ਦੀ ਲਿੰਕ ਸੜਕ 'ਤੇ ਸੀ ਕਿ ਇਸ ਦੌਰਾਨ ਇੱਕ ਤੇਜ਼ ਰਫਤਾਰ ਟਰੱਕ ਆਇਆ ਅਤੇ ਦੋਵਾਂ ਦੀ ਟੱਕਰ ਹੋ ਗਈ। ਹਾਦਸੇ ਤੋਂ ਬਾਅਦ ਬੱਚੇ ਰੋਣ ਲੱਗੇ। ਆਵਾਜ਼ ਸੁਣ ਕੇ ਲੋਕ ਮੌਕੇ 'ਤੇ ਪੁੱਜੇ ਅਤੇ ਬੱਚਿਆਂ ਨੂੰ ਬੱਸ ਵਿਚੋਂ ਬਾਹਰ ਕੱਢਿਆ ਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ। ਘਟਨਾ ਤੋਂ ਬਾਅਦ ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬੱਚੀ ਅਤੇ ਡਰਾਈਵਰ ਦੀਆਂ ਲਾਸ਼ਾਂ ਨੂੰ ਤਰਨ ਤਾਰਨ ਦੇ ਸਿਵਲ ਹਸਪਤਾਲ ਪਹੁੰਚਾਇਆ ਗਿਆ।

## ਪਵਿੱਤਰ ਸਿੰਘ ਦਾ ਸਾਥੀ ਅਸਲੇ ਸਣੇ ਗ੍ਰਿਫ਼ਤਾਰ

**ਰੂਪਨਗਰ** : ਰੂਪਨਗਰ ਪੁਲਸ ਵੱਲੋਂ ਹਥਿਆਰਾਂ ਦੀ ਸਪਲਾਈ ਅਤੇ ਨਸ਼ਾ ਤਸਕਰੀ ਕਰਨ ਵਾਲੇ ਗੈਂਗਸਟਰ ਪਵਿੱਤਰ ਸਿੰਘ ਦੇ ਸਾਥੀ ਭਾਰਤ ਭੂਸ਼ਨ ਉਰਫ ਪੰਮੀ ਨੂੰ 4 ਪਿਸਤੌਲਾਂ ਤੇ 34 ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਐੱਸ ਐੱਸ ਪੀ ਰੂਪਨਗਰ ਵਿਵੇਕਸ਼ੀਲ ਸੋਨੀ ਨੇ ਦੱਸਿਆ ਕਿ ਐੱਸ ਪੀ (ਡਿਟੈਕਟਿਵ) ਮਨਵਿੰਦਰਬੀਰ ਸਿੰਘ ਅਤੇ ਉਪ ਕਪਤਾਨ ਪੁਲਸ (ਡਿਟੈਕਟਿਵ) ਤਲਵਿੰਦਰ ਸਿੰਘ ਗਿੱਲ ਦੀ ਅਗਵਾਈ ਹੇਠ ਇੰਸਪੈਕਟਰ ਇੰਚਾਰਜ ਸੀ ਆਈ ਏ ਸਤਨਾਮ ਸਿੰਘ ਰੂਪਨਗਰ ਦੀ ਟੀਮ ਨੇ ਪੰਮੀ ਵਾਸੀ ਵਾਰਡ ਨੰਬਰ 6 ਮੰਡੀ ਅਹਿਮਦਗੜ੍ਹ ਥਾਣਾ ਸਿਟੀ ਅਹਿਮਦਗੜ੍ਹ ਜਿਲ੍ਹਾ ਮਾਲੇਰਕੋਟਲਾ ਨੂੰ ਗ੍ਰਿਫਤਾਰ ਕੀਤਾ, ਜੋ ਭਗੌੜਾ ਕਰਾਰ ਦਿੱਤੇ ਗਏ ਕੈਲੀਫੋਰਨੀਆ (ਯੂ ਐੱਸ ਏ) ਰਹਿ ਰਹੇ ਗੈਂਗਸਟਰ ਪਵਿੱਤਰ ਸਿੰਘ ਦਾ ਕਰੀਬੀ ਸਾਥੀ ਹੈ। ਪੰਮੀ ਕੋਲੋਂ .32 ਬੋਰ ਦੇ 3 ਪਿਸਟਲ, 1 ਇੰਪੋਰਟਡ ਪਿਸਟਲ (ਕੋਲਟ ਗੌਰਮਿੰਟ • ਬਾਕੀ ਸਫ਼ਾ 10 'ਤੇ

## ਸੁਪਰੀਮ ਕੋਰਟ ਵੱਲੋਂ ਐੱਨ ਜੇ ਏ ਸੀ ਐਕਟ ਰੱਦ ਕਰਨ ਬਾਰੇ ਸੰਸਦ 'ਚ ਚਰਚਾ ਨਾ ਹੋਣ ਤੋਂ ਹੈਰਾਨ ਹਾਂ : ਧਨਖੜ



**ਨਵੀਂ ਦਿੱਲੀ** : ਸੁਪਰੀਮ ਕੋਰਟ ਦੀ ਕਾਲੇਜੀਅਮ ਵਿਵਸਥਾ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਖੂਬ ਚਰਚਾ ਹੋ ਰਹੀ ਹੈ। ਦੇਸ਼ ਦੇ ਕਾਨੂੰਨ ਮੰਤਰੀ ਜੱਜਾਂ ਦੀ ਨਿਯੁਕਤੀ ਵਾਲੀ ਕਾਲੇਜੀਅਮ ਵਿਵਸਥਾ ਦੀ ਖੁੱਲ੍ਹ ਕੇ ਆਲੋਚਨਾ ਕਰ ਚੁੱਕੇ ਹਨ। ਹੁਣ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਵੀ ਜੱਜਾਂ ਦੀ ਨਿਯੁਕਤੀ ਦੇ ਸੰਬੰਧ 'ਚ ਸੁਪਰੀਮ ਕੋਰਟ ਨੂੰ ਲੰਮੇ ਹੱਥੀਂ ਲਿਆ। ਉਪ ਰਾਸ਼ਟਰਪਤੀ ਨੇ ਕਿਹਾ ਕਿ ਸਿਖਰਲੀ ਅਦਾਲਤ ਵੱਲੋਂ ਰਾਸ਼ਟਰੀ ਨਿਆਂਇਕ ਨਿਯੁਕਤੀ ਕਮਿਸ਼ਨ (ਐੱਨ ਜੇ ਏ ਸੀ) ਨਿਯਮ ਨੂੰ ਰੱਦ ਕੀਤੇ ਜਾਣ ਨੂੰ ਲੈ ਕੇ ਸੰਸਦ 'ਚ ਕੋਈ ਚਰਚਾ ਨਹੀਂ ਹੋਈ ਅਤੇ ਇਹ ਇੱਕ ਬਹੁਤ ਗੰਭੀਰ ਮਸਲਾ ਹੈ। ਧਨਖੜ ਨੇ ਕਿਹਾ ਕਿ ਸੰਸਦ ਵੱਲੋਂ ਪਾਸ ਕੀਤਾ ਕਾਨੂੰਨ, ਜੋ ਲੋਕਾਂ ਦੀ ਇੱਛਾ ਨੂੰ ਦਰਸਾਉਂਦਾ ਹੈ, ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਅਤੇ ਦੁਨੀਆ ਨੂੰ ਅਜਿਹੇ ਕਿਸੇ ਵੀ ਕਦਮ ਦੀ ਜਾਣਕਾਰੀ ਨਹੀਂ ਹੈ। ਸੰਵਿਧਾਨ ਦੀਆਂ ਵਿਵਸਥਾਵਾਂ ਦਾ ਜ਼ਿਕਰ ਕਰਦਿਆਂ ਉਪ ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਕਾਨੂੰਨ ਦਾ • ਬਾਕੀ ਸਫ਼ਾ 10 'ਤੇ

## ਉਮਰ ਖਾਲਿਦ ਤੇ ਖਾਲਿਦ ਸੈਫੀ ਬਰੀ



**ਨਵੀਂ ਦਿੱਲੀ** : ਦਿੱਲੀ ਦੀ ਕੜਕੜਡੂਮਾ ਕੋਰਟ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਨੇਤਾ ਉਮਰ ਖਾਲਿਦ ਅਤੇ ਖਾਲਿਦ ਸੈਫੀ ਨੂੰ ਦਿੱਲੀ ਦੰਗਿਆਂ ਦੇ ਇੱਕ ਮਾਮਲੇ 'ਚ ਦੋਸ਼ ਮੁਕਤ ਕਰ ਦਿੱਤਾ ਹੈ। ਇਨ੍ਹਾਂ ਦੋਵਾਂ ਨੂੰ ਫਰਵਰੀ 2020 'ਚ ਦਿੱਲੀ ਦੇ ਚਾਂਦਬਾਗ ਇਲਾਕੇ 'ਚ ਹੋਈ ਪੱਥਰਬਾਜ਼ੀ ਦੇ ਮਾਮਲੇ 'ਚ ਪਹਿਲਾਂ ਜ਼ਮਾਨਤ ਮਿਲੀ ਚੁੱਕੀ ਸੀ, ਪਰ ਦੂਜੇ ਮਾਮਲੇ 'ਚ ਇਹ ਜੇਲ੍ਹ 'ਚ ਬੰਦ ਹਨ।

ਦਿੱਲੀ ਦੰਗਿਆਂ ਦੇ ਸਿਲਸਿਲੇ 'ਚ ਇੱਕ ਪੁਲਸ ਕਾਂਸਟੇਬਲ ਦੇ ਬਿਆਨ ਦੇ ਅਧਾਰ 'ਤੇ ਇਨ੍ਹਾਂ ਦੋਵਾਂ ਖਿਲਾਫ਼ ਕੇਸ ਦਰਜ ਕੀਤਾ ਗਿਆ ਸੀ, ਜਿਸ 'ਚ ਕਿਹਾ ਗਿਆ ਸੀ ਕਿ 24 ਫਰਵਰੀ 2020 'ਚ ਚਾਂਦਬਾਗ ਪੁਲੀਆ ਕੋਲ ਇਕੱਠੀ ਭੀੜ ਨੇ ਪੱਥਰਬਾਜ਼ੀ ਕੀਤੀ ਸੀ। ਉਸ ਪੱਥਰਬਾਜ਼ੀ ਦੌਰਾਨ ਖਾਲਿਦ ਸੈਫੀ ਅਤੇ ਉਮਰ ਖਾਲਿਦ ਦਾ ਨਾਂਅ ਵੀ ਜੋੜਿਆ ਗਿਆ ਸੀ। ਹਾਲਾਂਕਿ ਕੋਰਟ ਨੇ ਦੇਖਿਆ ਕਿ ਇਨ੍ਹਾਂ ਦੋਵਾਂ ਖਿਲਾਫ਼ ਕੋਈ ਸਿੱਧਾ ਸਬੂਤ ਨਹੀਂ, ਜਿਸ ਦੇ ਅਧਾਰ 'ਤੇ ਕੋਰਟ ਨੇ ਉਨ੍ਹਾਂ ਨੂੰ ਇਸ ਕੇਸ 'ਚੋਂ ਦੋਸ਼ ਮੁਕਤ ਕਰ ਦਿੱਤਾ। ਹਾਲਾਂਕਿ ਕੋਰਟ ਵੱਲੋਂ ਇਸ ਮਾਮਲੇ 'ਚ ਬਰੀ ਕੀਤੇ ਜਾਣ ਦੇ ਬਾਵਜੂਦ ਫਿਲਹਾਲ ਦੋਵੇਂ ਯੂ ਏ ਪੀ ਏ ਨਾਲ ਜੁੜੇ ਮਾਮਲੇ 'ਚ ਨਿਆਂਇਕ ਹਿਰਾਸਤ 'ਚ ਹਨ।

## ਸਬਜ਼ੀ ਵਾਲੇ ਦਾ ਤਰਾਜ਼ੂ ਪੁਲਸ ਨੇ ਪਟੜੀ 'ਤੇ ਸੁੱਟਿਆ

### ਚੁੱਕਣ ਗਿਆ ਤਾਂ ਕੱਟ ਗਏ ਪੈਰ



**ਕਾਨਪੁਰ** : ਕਾਨਪੁਰ ਦੇ ਕਲਿਆਣਪੁਰ ਥਾਣੇ ਦੇ ਦੀਵਾਨ ਦੀ ਦਬੰਗਈ ਨੇ ਇੱਕ ਸਬਜ਼ੀ ਵਾਲੇ ਦੀ ਪੂਰੀ ਜ਼ਿੰਦਗੀ ਤਬਾਹ ਕਰਕੇ ਰੱਖ ਦਿੱਤੀ। ਅਸਲ 'ਚ ਥਾਣੇ ਦੇ ਸਾਹਮਣੇ ਰੋਡ ਕਿਨਾਰੇ ਟਮਾਟਰ ਵੇਚਣ ਵਾਲੇ ਦਾ ਤਰਾਜੂ ਪੁਲਸ ਮੁਲਾਜ਼ਮ ਨੇ ਚੁੱਕ ਕੇ ਰੇਲ ਪਟੜੀ 'ਤੇ ਸੁੱਟ ਦਿੱਤਾ। ਜਦ ਸਬਜ਼ੀ ਵਾਲਾ ਚੁੱਕਣ ਗਿਆ ਤਾਂ ਰੇਲ ਆ ਗਈ, ਜਿਸ ਕਾਰਨ ਉਸ ਦੇ ਦੋਵੇਂ ਪੈਰ ਕੱਟੇ ਗਏ। ਇਸ ਮਾਮਲੇ 'ਚ ਦੀਵਾਨ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਮੌਕੇ 'ਤੇ ਦੇਖਣ ਵਾਲਿਆਂ ਅਨੁਸਾਰ ਕਲਿਆਣਪੁਰ ਥਾਣੇ ਦੇ ਸਾਹਮਣੇ ਰੋਡ ਕਿਨਾਰੇ ਸਬਜ਼ੀ ਵਾਲੇ ਦੀ ਦੁਕਾਨ ਲੱਗਦੀ ਹੈ। ਇੱਥੇ ਦੁਕਾਨਾਂ ਲਾਉਣਾ ਨਿਯਮਾਂ ਵਿਰੁੱਧ ਹੈ, ਪਰ ਕੁਝ ਗਰੀਬ ਪਰਵਾਰ ਦਹਾਕਿਆਂ ਤੋਂ ਇੱਥੇ ਦੁਕਾਨਾਂ ਲਾ ਕੇ ਆਪਣਾ ਪੇਟ ਭਰਦੇ ਹਨ। ਇਨ੍ਹਾਂ 'ਚ ਸ਼ਾਮਲ ਲੱਡੂ ਵੀ ਇੱਥੇ ਟਮਾਟਰ ਦੀ • ਬਾਕੀ ਸਫ਼ਾ 10 'ਤੇ

## ਬਠਿੰਡਾ 'ਚ ਲੁੱਟ-ਖੋਹ ਕਰਨ ਵਾਲੇ 6 ਗ੍ਰਿਫ਼ਤਾਰ

**ਚੰਡੀਗੜ੍ਹ** : ਬਠਿੰਡਾ ਦੇ ਰਾਮਪੁਰਾ ਫੂਲ 'ਚ ਇੱਕ ਤੋਂ ਬਾਅਦ ਇਕ ਲੁੱਟ ਦੀਆਂ ਤਿੰਨ ਘਟਨਾਵਾਂ ਨੂੰ ਅੰਜ਼ਾਮ ਦੇਣ ਵਾਲਾ ਡਰਾਇਵਰ ਹੀ ਨਿਕਲਿਆ। ਉਸ ਨੇ ਆਪਣੇ ਬਾਕੀ ਸਾਥੀਆਂ ਨਾਲ ਮਿਲ ਕੇ ਸਾਰੀਆਂ ਘਟਨਾਵਾਂ ਨੂੰ ਅੰਜ਼ਾਮ ਦਿੱਤਾ। ਐੱਸ ਪੀ ਰਾਮਪੁਰਾ ਫੂਲ ਦੀ ਅਗਵਾਈ 'ਚ ਪੁਲਸ ਟੀਮ ਨੇ ਗਰੋਹ ਦੇ ਮੁੱਖ ਸਾਜ਼ਿਸ਼ਘਾੜੇ ਡਰਾਇਵਰ ਸਮੇਤ ਉਸ ਦੇ 6 ਸਾਥੀਆਂ ਨੂੰ ਗ੍ਰਿਫ਼ਤਾਰ ਕਰਨ 'ਚ ਕਾਮਯਾਬੀ ਹਾਸਲ ਕੀਤੀ। ਇਨ੍ਹਾਂ 'ਚੋਂ 2 'ਤੇ ਸਾਲ 2014 ਅਤੇ 2021 'ਚ ਵੀ ਕੇਸ ਦਰਜ ਹੋ ਚੁੱਕੇ ਹਨ। ਬਠਿੰਡਾ ਦੇ ਐੱਸ ਐੱਸ ਪੀ ਸ੍ਰੀ ਜੇ. ਇਲਨਚੇਚੀਲਯਨ ਨੇ ਦੱਸਿਆ ਕਿ ਮੁੱਖ ਮੁਲਜ਼ਮ ਇੱਕ ਮਾਮਲੇ ਦੇ ਸ਼ਿਕਾਇਤਕਰਤਾ ਪੁਰਸ਼ੋਤਮ ਕੁਮਾਰ ਦਾ ਡਰਾਈਵਰ ਕੋਟਕਪੂਰਾ ਨਿਵਾਸੀ ਮਨਪ੍ਰੀਤ ਸਿੰਘ ਮਨੀ ਹੈ, ਜਿਸ ਨੇ ਆਪਣੇ ਹੋਰ ਸਾਥੀਆਂ ਦਰਸ਼ਨ ਉਰਫ਼ ਸੋਨਾ, ਸਾਗਰ ਸਿੰਘ ਅਤੇ ਅਨਮੋਲਪ੍ਰੀਤ ਮਨੀ ਹਨ। ਸਾਰੇ ਮੁਲਜ਼ਮ ਕੋਟਕਪੂਰਾ ਦੇ ਹੀ ਰਹਿਣ ਵਾਲੇ ਹਨ। ਮੁਲਜ਼ਮਾਂ ਦੇ ਕਬਜ਼ੇ 'ਚੋਂ ਲੁੱਟੀ ਹੋਈ ਕ੍ਰੇਟਾ ਕਾਰ, ਘਟਨਾ 'ਚ ਇਸਤੇਮਾਲ ਹਥਿਆਰ ਅਤੇ ਮੁੱਖ ਮੁਲਜ਼ਮ ਮਨਪ੍ਰੀਤ ਸਿੰਘ ਮਨੀ ਤੋਂ ਦੇਸੀ ਕੱਟਾ ਬਰਾਮਦ ਕੀਤਾ ਗਿਆ ਹੈ।

ਮੁਲਜ਼ਮਾਂ ਨੂੰ ਘਟਨਾ ਨੂੰ ਅੰਜ਼ਾਮ ਦੇਣ ਲਈ ਸਿਮ ਕਾਰਡ ਰਾਮਪੁਰਾ ਦੇ ਰਹਿਣ ਵਾਲੇ ਹਰਪ੍ਰੀਤ ਉਰਫ਼ ਹੈਪੀ ਨੇ ਮੁਹੱਈਆ ਕਰਾਏ ਸਨ। ਇਸ ਤੋਂ ਇਲਾਵਾ ਉਨ੍ਹਾਂ ਦੇ ਠਹਿਰਨ, ਖਾਣ-ਪੀਣ ਅਤੇ ਲੁਕਣ ਦਾ ਬੰਦੋਬਸਤ ਰਾਮਪੁਰਾ ਨਿਵਾਸੀ ਪੰਮਾ ਨਾਹਰ ਨੇ ਕੀਤਾ ਸੀ। ਪੁਲਸ ਨੇ ਇਨ੍ਹਾਂ ਦੋਵਾਂ ਨੂੰ ਵ ੀ • ਬਾਕੀ ਸਫ਼ਾ 10 'ਤੇ

## ਫੀਫਾ 2022 : ਪਹਿਲੀ ਵਾਰ ਤਿੰਨ ਏਸ਼ੀਆਈ ਦੇਸ਼ਾਂ ਪ੍ਰੀ-ਕੁਆਰਟਰ ਫਾਈਨਲ 'ਚ

**ਜਲੰਧਰ** : ਕਤਰ 'ਚ ਖੇਡੇ ਜਾ ਰਹੇ ਫੀਫਾ ਵਰਲਡ ਕੱਪ-2022 ਦੇ ਗਰੁੱਪ ਸਟੇਜ ਮੁਕਾਬਲੇ ਖ਼ਤਮ ਹੋ ਗਏ ਹਨ। ਇਸ ਸਾਲ ਇਸ ਟੂਰਨਾਮੈਂਟ 'ਚ ਕਈ ਸਾਰੇ ਉਲਟਫੇਰ ਦੇਖਣ ਨੂੰ ਮਿਲੇ। ਜਿੱਥੇ ਇੱਕ ਪਾਸੇ ਪਿਛਲੇ ਸਾਲ ਦੇ ਵਿਜੇਤਾ ਫਰਾਂਸ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ, ਉਥੇ ਦੂਜੇ ਪਾਸੇ ਚਾਰ ਵਾਰ ਦੀਆਂ ਚੈਂਪੀਅਨ ਜਰਮਨੀ ਅਤੇ ਵਰਲਡ ਨੰਬਰ-2 ਬੈਲਜ਼ੀਅਮ ਵਰਗੀਆਂ ਟੀਮਾਂ ਸੁਪਰ 16 'ਚ ਜਗ੍ਹਾ ਨਹੀਂ ਬਣਾ ਸਕੀਆਂ ਅਤੇ ਪਹਿਲੇ ਹੀ ਰਾਊਂਡ 'ਚ ਬਾਹਰ ਹੋ ਗਈਆਂ। ਪ੍ਰੀ-ਕੁਆਰਟਰ ਫਾਈਨਲ ਲਈ ਸਭ ਤੋਂ ਪਹਿਲਾਂ ਫਰਾਂਸ ਨੇ ਕੁਆਲੀਫਾਈ ਕੀਤੀ। ਉਸ ਤੋਂ ਇਲਾਵਾ ਬ੍ਰਾਜ਼ੀਲ, ਪੁਰਤਗਾਲ, ਨੀਦਰਲੈਂਡ, ਸੈਨੇਗਲ, ਯੂ ਐੱਸ ਏ, ਇੰਗਲੈਂਡ, ਅਰਜਨਟੀਨਾ, ਪੋਲੈਂਡ, ਸਵਿਟਜ਼ਰਲੈਂਡ, ਕ੍ਰੋਏਸ਼ੀਆ, ਜਪਾਨ, ਮੋਰਾਕੋ, ਸਪੇਨ, ਸਾਊਥ ਕੋਰੀਆ ਅਤੇ ਆਸਟਰੇਲੀਆ ਨੇ ਜਗ੍ਹਾ ਬਣਾਈ। ਟੂਰਨਾਮੈਂਟ ਦੇ ਇਤਿਹਾਸ 'ਚ ਪਹਿਲੀ ਵਾਰ ਏਸ਼ੀਆ ਦੀਆਂ ਤਿੰਨ ਟੀਮਾਂ ਨੇ ਪ੍ਰੀ-ਕੁਆਰਟਰ ਫਾਈਨਲ 'ਚ ਜਗ੍ਹਾ ਬਣਾਈ ਹੈ। ਇਨ੍ਹਾਂ ਤਿੰਨ ਟੀਮਾਂ 'ਚ ਜਪਾਨ, ਸਾਊਥ ਕੋਰੀਆ ਤੇ ਆਸਟਰੇਲੀਆ ਦਾ ਨਾਂਅ ਸ਼ਾਮਲ ਹੈ। ਯੂ ਐੱਸ ਏ ਨੇ ਵੀ ਹੈਰਾਨ ਕਰਦੇ ਹੋਏ ਨਾਕਆਊਟ ਰਾਊਂਡ 'ਚ ਜਗ੍ਹਾ ਬਣਾਈ ਹੈ।

# ਭਾਰਤ-ਪਾਕਿ ਸਰਹੱਦ ਤੋਂ ਕਰੋੜਾਂ ਦੀ ਹੈਰੋਇਨ ਬਰਾਮਦ



**ਫਾਜ਼ਿਲਕਾ (ਪਰਮਜੀਤ ਢਾਬਾਂ)**

ਫਾਜ਼ਿਲਕਾ ਸੈਕਟਰ ਦੀ ਭਾਰਤ-ਪਾਕਿਸਤਾਨ ਸਰਹੱਦ ਦੀ ਅੰਤਰਰਾਸ਼ਟਰੀ ਚੌਂਕੀ ਸਵਾਰ ਵਾਲੀ ਦੇ ਨੇੜੇ ਸਥਿਤ ਸਰਹੱਦੀ ਪਿੰਡ ਚੂਹੜੀਵਾਲਾ ਚਿਸ਼ਤੀ ਦੇ ਖੇਤਾਂ 'ਚ ਬੀ ਐੱਸ ਐੱਫ ਦੇ ਜਵਾਨਾਂ ਨੇ ਸਰਚ ਅਭਿਆਨ ਦੌਰਾਨ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਬੀ ਐੱਸ ਐੱਫ ਦੇ ਜਵਾਨਾਂ ਨੇ ਡਰੋਨ ਦੀ ਹਲਚਲ ਵੇਖਦੇ ਹੀ ਲਗਾਤਾਰ ਉਸ ਦਾ ਪਿੱਛਾ ਕੀਤਾ ਅਤੇ ਫਾਇਰਿੰਗ ਵੀ ਕੀਤੀ, ਜਿਸ ਕਾਰਨ ਡਰੋਨ ਵਾਪਸ ਪਰਤ ਗਿਆ।

ਡ ੀ • ਬਾਕੀ ਸਫ਼ਾ 10 'ਤੇ

## ਚੋਣ ਨਤੀਜਿਆਂ ਤੋਂ ਬਾਅਦ ਬੱਕਰਿਆਂ ਦੀ ਸ਼ਾਮਤ



**ਸ਼ਿਮਲਾ** : ਪਹਾੜੀ ਇਲਾਕਿਆਂ 'ਚ ਖਾਸ ਕਰਕੇ ਠੰਢੇ ਇਲਾਕਿਆਂ 'ਚ ਸਰਦੀਆਂ 'ਚ ਮੀਟ ਦੀ ਦਾਅਵਤ ਆਮ ਗੱਲ ਹੈ। ਸਰਦੀਆਂ 'ਚ ਕਈ ਖੇਤਰਾਂ 'ਚ ਲੋਕ ਖਾਸ ਮਹਿਮਾਨ ਨੂੰ ਮੀਟ ਪ੍ਰੋਸਦੇ ਹਨ, ਪਰ ਇਸ ਵਾਰ 8 ਦਸੰਬਰ ਕੁਝ ਖਾਸ ਰਹਿਣ ਵਾਲਾ ਹੈ। ਇਸ ਦਿਨ ਸੂਬੇ 'ਚ ਪੰਜ ਸਾਲ ਲਈ ਨਵੀਂ ਸਰਕਾਰ ਬਣਨ ਦਾ ਰਸਤਾ ਸਾਫ਼ ਹੋ ਜਾਵੇਗਾ। ਇਸ ਵਾਰ ਸੂਬੇ 'ਚ ਚੋਣ ਨਤੀਜੇ ਆਉਣ ਤੋਂ ਕੁਝ ਦਿਨ ਪਹਿਲਾਂ ਹੀ ਸਿਆਸੀ ਪਾਰਟੀਆਂ ਨੇ ਮੀਟ ਦਾ ਇੰਤਜ਼ਾਮ ਕਰਨਾ ਸ਼ੁਰੂ ਕਰ ਦਿੱਤਾ ਹੈ। ਠੰਢੇ ਇਲਾਕੇ ਸ਼ਿਮਲਾ, ਸਿਰਮੌਰ, ਕੁੱਲੂ, ਕਨੌਰ, ਲਾਹੌਲ ਸਪਿਤੀ ਅਤੇ ਚੰਬਾ 'ਚ ਬੱਕਰਿਆਂ ਲਈ ਅਗਾਊਂ ਆਰਡਰ ਮਿਲਣੇ ਸ਼ੁਰੂ ਹੋ ਗਏ ਹਨ। ਦਾਅਵਤਾਂ 'ਚ ਬੱਕਰੇ ਦਾ ਮੀਟ ਪਰੋਸਣ ਦੀ ਪ੍ਰੰਪਰਾ ਹੈ, ਇਸ ਲਈ ਨੇਤਾ ਹੁਣ ਤੋਂ ਹੀ ਮੀਟ ਦਾ ਪ੍ਰਬੰਧ ਕਰਨ ਲੱਗ ਪਏ ਹਨ। ਜ਼ਿਆਦਾਤਰ • ਬਾਕੀ ਸਫ਼ਾ 10 'ਤੇ

## ਅੱਜ-ਨਾਮਾ

ਹੋਇਆ ਕਤਲ ਹੈ ਸੁਣੀਂਦਾ ਹੋਰ ਵਹਿਸ਼ੀ,
ਮੀਡੀਏ ਫੜੀ ਫਿਰ ਲਮਕਦੀ ਤੰਦ ਬੇਲੀ।
ਕਿੱਥੋਂ ਬੰਦਾ ਕੋਈ ਚੁੱਕ ਸੀ ਕਤਲ ਕੀਤਾ,
ਕੀਹਨੇ ਕਿੱਦਾਂ ਇਹ ਚਾੜ੍ਹਿਆ ਚੰਦ ਬੇਲੀ।
ਮੀਡੀਆ ਦੱਸ ਰਿਹਾ ਕਿੰਨੇ ਸੀ ਕਰੇ ਟੋਟੇ,
ਕਿਹੜੀ ਚੀਜ਼ ਵਿੱਚ ਕੀਤੇ ਨੇ ਬੰਦ ਬੇਲੀ।
ਚਸਕੇ ਲੈਂਦਾ ਫਿਰ ਮੀਡੀਆ ਕਤਲ ਵਿੱਚੋਂ,
ਚਿੰਤਾ ਮੂਲ ਨਹੀਂ, ਵਧੇ ਪਿਆ ਗੰਦ ਬੇਲੀ।
ਹੋ ਰਹੀ ਖਬਰ ਦੀ ਇਹੋ ਜਿਹੀ ਪੇਸ਼ਕਾਰੀ,
ਮੀਡੀਆ ਦੱਸੇ ਅਪਰਾਧ ਲਈ ਢੰਗ ਬੇਲੀ।
ਪੁੱਠੇ ਰਾਹੇ ਪਿਆ ਮੀਡੀਆ ਸਾਫ ਦਿਸਦਾ,
ਆਉਂਦੀ ਮਾਸਾ ਵੀ ਸ਼ਰਮ ਨਾ ਸੰਗ ਬੇਲੀ।

-ਤੀਸ ਮਾਰ ਖਾਂ

# ਬੈਡਮਿੰਟਨ ਸਟਾਰ ਲਕਸ਼ੈ ਸੇਨ 'ਤੇ ਐੱਫ ਆਈ ਆਰ

### ਜਨਮ ਮਿਤੀ 'ਚ ਧੋਖਾਧੜੀ ਦਾ ਦੋਸ਼



**ਨਵੀਂ ਦਿੱਲੀ** : ਭਾਰਤ ਦੇ ਬੈਡਮਿੰਟਨ ਖਿਡਾਰੀ 21 ਸਾਲਾ ਲਕਸ਼ੈ ਸੇਨ, ਉਸ ਦੇ ਪਰਵਾਰ ਅਤੇ ਸਾਬਕਾ ਰਾਸ਼ਟਰੀ ਕੋਚ ਵਿਮਲ ਕੁਮਾਰ ਖਿਲਾਫ ਉਮਰ ਦੀ ਧੋਖਾਧੜੀ ਅਤੇ ਜਾਲ੍ਹਸਾਜ਼ੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਐੱਮ. ਗੋਵਿਅੱਪਾ ਨਾਗਰਾਜਾ ਵੱਲੋਂ ਬੰਗਲੌਰ 'ਚ ਦਰਜ ਕਰਵਾਈ ਗਈ ਐੱਫ ਆਈ ਆਰ 'ਚ ਦੋਸ ਲਗਾਇਆ ਗਿਆ ਹੈ ਕਿ ਮੌਜੂਦਾ ਰਾਸ਼ਟਰਮੰਡਲ ਖੇਡਾਂ ਦੇ ਚੈਂਪੀਅਨ ਅਤੇ ਉਸ ਦੇ ਭਰਾ ਚਿਰਾਗ ਸੇਨ ਨੇ 2010 ਤੋਂ ਉਮਰ-ਸਮੂਹ ਟੂਰਨਾਮੈਂਟ ਖੇਡਣ ਲਈ ਆਪਣੀ ਉਮਰ ਵਿੱਚ ਹੇਰਾਫੇਰੀ ਕੀਤੀ ਸੀ। ਐੱਫ ਆਈ ਆਰ 'ਚ ਲਕਸ਼ੈ ਦੇ ਪਿਤਾ ਧੀਰੇਂਦਰ (ਭਾਰਤੀ ਸਪੋਰਟਸ ਅਥਾਰਟੀ 'ਚ ਕੋਚ), ਮਾਂ ਨਿਰਮਲਾ ਅਤੇ ਵਿਮਲ ਦਾ ਨਾਂਅ ਵੀ ਹੈ। ਵਿਮਲ 10 ਸਾਲ ਤੋਂ ਵੱਧ ਸਮੇਂ ਤੋਂ ਲਕਸ਼ੈ ਅਤੇ ਚਿਰਾਗ ਨੂੰ ਕੋਚਿੰਗ ਦੇ ਰਿਹਾ ਹੈ। ਸੇਨ ਭਰਾ, ਜੋ ਉੱਤਰਾਖੰਡ ਦੇ ਰਹਿਣ ਵਾਲੇ ਹਨ, ਵਿਮਲ ਨਾਲ ਬੰਗਲੌਰ ਵਿੱਚ ਪ੍ਰਕਾਸ਼ ਪਾਦੂਕੋਣ ਬੈਡਮਿੰਟਨ ਅਕੈਡਮੀ 'ਚ ਸਿਖਲਾਈ ਲੈਂਦੇ ਹਨ, ਜਦੋਂ ਕਿ ਸ਼ਿਕਾਇਤਕਰਤਾ ਉਸੇ ਮਹਾਂਨਗਰ 'ਚ ਇੱਕ ਹੋਰ ਅਕੈਡਮੀ ਚਲਾਉਂਦਾ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਵਿਮਲ ਨੇ 2010 'ਚ ਜਨਮ ਸਰਟੀਫਿਕੇਟ ਜਾਲ੍ਹੀ ਬਣਾਉਣ ਲਈ ਲਕਸ਼ੈ ਦੇ ਮਾਪਿਆਂ ਨਾਲ ਕਥਿਤ ਗੰਢਤੁੱਪ ਕੀਤੀ। ਜੇਕਰ ਉਸ 'ਤੇ ਇਹ ਦੋਸ਼ ਸਾਬਤ ਹੋ ਜਾਂਦੇ ਹਨ ਤਾਂ ਹਾਲ ਹੀ 'ਚ ਅਰਜੁਨ ਐਵਾਰਡ ਨਾਲ ਸਨਮਾਨਤ ਇਸ ਖਿਡਾਰੀ ਨੂੰ ਆਪਣੇ ਕਈ ਰਿਕਾਰਡ ਤਿਆਗਣੇ ਪੈ ਸਕਦੇ ਹਨ।

ਇਸ ਦੌਰਾਨ ਕੋਚ ਵਿਮਲ ਨੇ ਸਾਰੇ ਦੋਸ਼ਾਂ ਨੂੰ ਰੱਦ ਕੀਤਾ ਹੈ। ਕੋਚ ਵਿਮਲ ਨੇ ਕਿਹਾ ਪਿਛਲੇ 2 ਸਾਲਾਂ 'ਚ ਦੇਸ਼ ਲਈ ਹਰ ਵੱਡੇ ਟੂਰਨਾਮੈਂਟ 'ਚ ਤਮਗਾ ਜਿੱਤਿਆ ਹੈ। ਵਿਸ਼ਵ ਬੈਡਮਿੰਟਨ ਮਹਾਂਸੰਘ ਅਨੁਸਾਰ 16 ਅਗਸਤ 2001 ਨੂੰ ਜਨਮੇ ਲਕਸ਼ੈ ਦੀ ਉਮਰ ਹਾਲੇ 21 ਸਾਲ ਹੈ। ਉਥੇ ਹੀ ਸਟਾਰ ਸ਼ਟਲਰ ਦੇ ਕੋਚ ਵਿਮਲ ਕੁਮਾਰ ਨੇ ਦੋਸ਼ਾਂ ਨੂੰ ਖਾਰਜ ਕੀਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਮੈਂ ਨਹੀਂ ਜਾਣਦਾ ਕਿ ਸ਼ਿਕਾਇਤ ਕਰਨ ਵਾਲੇ ਨੇ ਕੀ ਦੋਸ਼ ਲਾਏ? ਮੇਰੀ ਇਸ 'ਚ ਕੋਈ ਭੂਮਿਕਾ ਨਹੀਂ। ਲਕਸ਼ੈ 2010 'ਚ ਮੇਰੀ ਅਕੈਡਮੀ ਆਇਆ ਤੇ ਮੈਂ ਉਸ ਨੂੰ ਬਾਕੀ ਬੱਚਿਆਂ ਦੀ ਤਰ੍ਹਾਂ ਟ੍ਰੇਨਿੰਗ ਦਿੱਤੀ। ਕੋਈ ਕੀ ਕਹਿੰਦਾ ਹੈ, ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ।

# ਦਿਲ ਦਾ ਦੌਰਾ ਪੈਣ ਕਾਰਨ ਡਰਾਈਵਰ ਦੀ ਮੌਤ

### ਬੇਕਾਬੂ ਬੱਸ ਕਈਆਂ ਉੱਪਰ ਚੜ੍ਹੀ



**ਜਬਲਪੁਰ** : ਮੱਧ ਪ੍ਰਦੇਸ਼ 'ਚ ਇਕ ਦਰਦਨਾਕ ਹਾਦਸਾ ਵਾਪਰਿਆ, ਜਿੱਥੇ 50 ਯਾਤਰੀਆਂ ਨੂੰ ਲੈ ਕੇ ਜਾ ਰਹੀ ਮੈਟਰੋ ਬੱਸ ਦੇ ਡਰਾਈਵਰ ਨੂੰ ਅਚਾਨਕ ਦਿਲ ਦਾ ਦੌਰਾ ਪੈ ਗਿਆ ਅਤੇ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ।

ਡਰਾਈਵਰ ਦੀ ਮੌਤ ਤੋਂ ਬਾਅਦ ਬੱਸ ਬੇਕਾਬੂ ਹੋ ਗਈ ਅਤੇ ਉਸ ਨੇ 6 ਲੋਕਾਂ ਨੂੰ ਕੁਚਲ ਦਿੱਤਾ। ਇਸ ਸਾਰੀ ਘਟਨਾ ਦੀ ਦਰਦਨਾਕ ਸੀ ਸੀ ਟੀ ਵੀ ਫੁਟੇਜ਼ ਸਾਹਮਣੇ ਆਈ। ਜਬਲਪੁਰ ਦੇ ਦਮੋਹ ਨਾਕਾ ਇਲਾਕੇ 'ਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਮੈਟਰੋ ਬੱਸ ਬੇਕਾਬੂ ਹੋ ਗਈ। ਰਸਤੇ 'ਚ ਲੋਕਾਂ ਅਤੇ ਵਾਹਨਾਂ ਨੂੰ ਟੱਕਰ ਮਾਰਦੇ ਹੋਏ ਬੱਸ ਸੜਕ ਦੇ ਕਿਨਾਰੇ ਰੁਕ ਗਈ। ਜਿਸ ਨੇ ਵੀ ਇਸ ਘਟਨਾ ਨੂੰ ਦੇਖਿਆ, ਉਹ ਹਲੂਣਿਆ ਗਿਆ। ਪਹਿਲਾਂ ਤਾਂ ਲੋਕਾਂ ਨੂੰ ਲੱਗਾ ਕਿ ਮੈਟਰੋ ਬੱਸ ਡਰਾਈਵਰ ਨੇ ਸ਼ਰਾਬ ਪੀਤੀ ਹੋਈ ਸੀ। ਜਦੋਂ ਬੱਸ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ ਤਾਂ ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਦਰਅਸਲ ਮੈਟਰੋ ਬੱਸ ਦੇ ਡਰਾਈਵਰ ਨੂੰ ਬੱਸ ਚਲਾਉਂਦੇ ਸਮੇਂ ਦਿਲ ਦਾ ਦੌਰਾ ਪਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਹਾਦਸੇ 'ਚ ਮੈਟਰੋ ਬੱਸ ਨੇ ਈ-ਰਿਕਸ਼ਾ, ਆਟੋ ਰਿਕਸ਼ਾ ਅਤੇ ਦੋ ਪਹੀਆ ਵਾਹਨ ਚਾਲਕਾਂ ਨੂੰ ਵੀ ਟੱਕਰ ਮਾਰ ਦਿੱਤੀ। ਹਾਦਸੇ 'ਚ 6 ਯਾਤਰੀ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ ਇਕ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ।

page-6-4-(DEC)-2022-G-(BV).qxd 12/3/2022 9:49 PM Page 1



# ਸ਼੍ਰੋਮਣੀ ਕਮੇਟੀ ਤੇ ਸਾਰੇ ਧਰਮਾਂ ਵੱਲੋਂ ਕਾਦੀਆਂ 'ਚ ਸਜਾਇਆ ਅਲੌਕਿਕ ਨਗਰ ਕੀਰਤਨ

## ਸੰਗਤਾਂ ਵੱਲੋਂ ਨਗਰ ਕੀਰਤਨ ਦਾ ਵੱਖ-ਵੱਖ ਸਥਾਨਾਂ 'ਤੇ ਹੋਇਆ ਭਰਵਾਂ ਸਵਾਗਤ



ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਹਿੰਦ ਦੀ ਚਾਦਰ ਨੌਵੇਂ ਪਾਤਸਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਰੇਲਵੇ ਰੋਡ ਕਾਦੀਆਂ ਤੋਂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਉਪਰਾਲੇ ਸਦਕਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਭ ਧਰਮਾਂ ਦੀਆਂ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਅਰਦਾਸ ਕਰਨ ਉਪਰੰਤ ਅਕਾਸ ਗੁੰਜਾਊ ਖਾਲਸਾਈ ਜੈਕਾਰਿਆਂ ਨਾਲ ਆਰੰਭ ਹੋਇਆ। ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਰੇਲਵੇ ਰੋਡ ਤੋਂ ਆਰੰਭ ਹੋ ਕੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸੀਤਲਾ ਮੰਦਰ, ਨਿਰਮਾਣ ਚੌਕ, ਪ੍ਰਭਾਕਰ ਚੌਕ, ਬਾਬਾ ਲੱਖ ਦਾਤਾ, ਜੱਸਾ ਸਿੰਘ ਰਾਮਗੜ੍ਹੀਆ ਚੌਕ, ਗੁਰਦੁਆਰਾ ਭਗਤ ਸੈਣ ਜੀ, ਕ੍ਰਿਸ਼ਨਾ ਮੰਦਰ, ਗੁਰਦੁਆਰਾ ਸਿੰਘ ਸਭਾ ਧਰਮਪੁਰਾ, ਬੁੱਟਰ ਰੋਡ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸੰਪੂਰਨ ਹੋਇਆ।

ਇਸ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ, ਗ੍ਰੰਥੀ ਸਿੰਘਾਂ, ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ, ਗੁਰਦੁਆਰਾ ਸਾਹਿਬਾਨ ਦੇ ਮੈਨੇਜਰ ਸਾਹਿਬਾਨ, ਸਕੂਲ ਅਧਿਆਪਕਾਂ, ਰਾਗੀ ਜਥਿਆਂ, ਪ੍ਰਚਾਰਕ, ਕਵੀਸਰ, ਢਾਡੀ ਜਥਿਆਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਮੋਹਤਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕਰਦਿਆਂ ਇਲਾਕੇ ਦੀਆਂ ਸੰਗਤਾਂ ਅਤੇ ਨਗਰ ਕੀਰਤਨ ਵਿੱਚ ਸਹਿਯੋਗ ਦੇਣ ਵਾਲੇ ਸਾਰੇ ਧਰਮਾਂ ਦੇ ਆਗੂਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਇਸ ਮੌਕੇ ਭਾਈ ਚਰਨਜੀਤ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੁਰਤਿੰਦਰ ਪਾਲ ਸਿੰਘ ਭਾਟੀਆ ਮੀਤ ਮੈਨੇਜਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਬੀਬੀ ਚਰਨਜੀਤ ਕੌਰ ਬਾਜਵਾ ਸਾਬਕਾ ਐੱਮਐੱਲਏ, ਗੁਰਇਕਬਾਲ ਸਿੰਘ ਮਾਹਲ ਹਲਕਾ ਇੰਚਾਰਜ, ਤਰਸੇਮ ਸਿੰਘ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ, ਹਰਪ੍ਰੀਤ ਸਿੰਘ ਪਿੰਕਾ, ਮੁਹੰਮਦ ਇਨਾਮ ਗੌਰੀ ਮੁਖੀ ਅਹਿਮਦੀਆ ਜਮਾਤ, ਨਸੀਮ ਖਾਨ ਸੈਕਟਰੀ ਅਹਿਮਦੀਆ ਜਮਾਤ, ਚੌਧਰੀ ਅਬਦੁੱਲ ਵਾਸੇ ਐੱਮਸੀ, ਮੁਹੰਮਦ ਅਕਰਮ, ਐੱਫ. ਆਰ. ਭੱਟੀ, ਸ਼ਾਹਦਤ ਅਹਿਮਦ ਜਾਵੇਦ, ਇਬਲੇ ਹਸਨ, ਵਰਿੰਦਰ ਪ੍ਰਭਾਕਰ, ਅਰਵਿੰਦ ਜੁਲਕਾ ਪ੍ਰਧਾਨ ਮੰਦਰ ਪ੍ਰਬੰਧਕ ਕਮੇਟੀ, ਜੋਗਿੰਦਰ ਪਾਲ ਭੂੱਟੋ ਪ੍ਰਧਾਨ ਬਾਬਾ ਲੱਖ ਦਾਤਾ, ਮਨੋਜ, ਤਰਲੋਕ ਸਿੰਘ ਰਜਾਦਾ ਪ੍ਰਧਾਨ ਗੁਰਦੁਆਰਾ ਸਿੰਘ ਸਭਾ, ਕਰਤਾਰ ਸਿੰਘ ਬਾਜਵਾ ਸਕੱਤਰ ਜਨਰਲ, ਗਿਆਨੀ ਸੁਰਜੀਤ ਸਿੰਘ ਜਨਰਲ ਸਕੱਤਰ, ਭਾਈ ਜਗਜੀਤ ਸਿੰਘ ਹਜ਼ੂਰੀ ਰਾਗੀ, ਜੋਗਿੰਦਰ ਪਾਲ ਨੰਦੂ ਪ੍ਰਧਾਨ ਨਗਰ ਕੌਂਸਲ ਕਾਦੀਆਂ, ਰਕੇਸ਼ ਕੁਮਾਰ ਡੈਨੀ ਪ੍ਰਧਾਨ, ਬੀਬੀ ਕੁਲਵਿੰਦਰ ਕੌਰ ਪ੍ਰਧਾਨ ਮਹਿਲਾ ਭਾਜਪਾ ਮੰਡਲ, ਕਮਲ ਜੋਤੀ ਸ਼ਰਮਾ, ਨਰੇਸ਼ ਕੁਮਾਰ ਅਰੋੜਾ ਪ੍ਰਧਾਨ, ਪਵਨ ਭਾਟੀਆ ਪ੍ਰਧਾਨ, ਵਰਿੰਦਰ ਖੋਸਲਾ, ਪ੍ਰਿੰ. ਮਨਹੋਰ ਲਾਲ ਸਰਮਾ ਸਟੇਟ ਐਵਾਰਡੀ, ਬਾਬਾ ਦੀਪਕ ਨਾਥ, ਸੁਖਵਿੰਦਰ ਸਿੰਘ ਪ੍ਰਧਾਨ ਬਾਲਮੀਕੀ ਸਭਾ, ਭੁਪਿੰਦਰ ਸਿੰਘ ਨਾਮਧਾਰੀ ਪ੍ਰਧਾਨ, ਗੁਰਦੀਪ ਸਿੰਘ ਨਾਮਧਾਰੀ, ਸੁਲੱਖਣ ਸਿੰਘ ਨਾਮਧਾਰੀ, ਹੈਡਮਾਸਟਰ ਗੁਰਬਚਨ ਸਿੰਘ, ਧਰਮਪਾਲ, ਅਬਦੁੱਲ ਵਾਸੇ ਐੱਮਸੀ, ਸੁਖਪ੍ਰੀਤ ਸਿੰਘ ਸੈਬੀ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆਂ, ਗੁਰਨਾਮ ਸਿੰਘ ਐਮਸੀ, ਅਸ਼ੋਕ ਕੁਮਾਰ ਐੱਮਸੀ, ਮਹਿੰਦਰ ਪਾਲ ਐੱਮਸੀ, ਸੂਬੇਦਾਰ ਬਚਨ ਸਿੰਘ ਐੱਮਸੀ, ਅਮਰਬੀਰ ਸਿੰਘ ਰਾਜੂ ਸੰਧੂ ਐੱਮਸੀ, ਬੀਬੀ ਹਰਪਾਲ ਕੌਰ ਭਾਟੀਆ ਐਮਸੀ, ਜਤਿੰਦਰ ਕੁਮਾਰ ਜਾਗਾ ਐੱਮਸੀ, ਜਗਦੀਸ਼ ਰਾਜ ਜੰਬਾ ਐੱਮਸੀ, ਰਤਨ ਲਾਲ ਐੱਮਸੀ, ਵਿਜੇ ਕੁਮਾਰ ਐੱਮਸੀ, ਸਰਬਜੀਤ ਸਿੰਘ ਮਾਹਲ ਐਮਸੀ, ਗੁਰਦਿਲਬਾਗ ਸਿੰਘ ਨੀਟਾ ਮਾਹਲ ਐੱਮਸੀ, ਸੁਖਵਿੰਦਰ ਪਾਲ ਸਿੰਘ ਭਾਟੀਆ ਐੱਮਸੀ, ਸੁੱਚਾ ਸਿੰਘ ਜੋਹਲ ਐੱਮਸੀ, ਨਰਿੰਦਰ ਕੁਮਾਰ ਭਾਟੀਆ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆਂ, ਦਲਵਿੰਦਰਜੀਤ ਸਿੰਘ ਖਹਿਰਾ ਸਾਬਕਾ ਪ੍ਰਧਾਨ ਨਗਰ ਕੌਂਸਲ ਕਾਦੀਆਂ, ਧਰਮ ਪਾਲ ਐੱਮਸੀ, ਹਰਭਜਨ ਸਿੰਘ ਐੱਮਸੀ, ਰਜੇਸ਼ ਕੁਮਾਰ ਐੱਮਸੀ, ਗੁਰਬਿੰਦਰ ਸਿੰਘ ਲਾਡੀ ਮਾਹਲ ਐੱਮਸੀ, ਰਣਜੀਤ ਸਿੰਘ ਕਲਿਆਣਪੁਰ ਮੈਨੇਜਰ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ, ਦਵਿੰਦਰ ਸਿੰਘ ਲਾਲੀ ਬਾਜਵਾ ਮੈਨੇਜਰ ਗੁਰਦੁਆਰਾ ਓਠੀਆਂ ਸਾਹਿਬ, ਮਨਜੀਤ ਸਿੰਘ ਜਫਰਵਾਲ ਮੈਨੇਜਰ, ਅਰਸਪ੍ਰੀਤ ਸਿੰਘ ਸਾਹਿਬ, ਸਿਮਰਤਪਾਲ ਸਿੰਘ ਭਾਟੀਆ, ਪੁਨੀਤ ਭੱਲਾ, ਸੰਜੀਵ ਭਾਟੀਆ, ਭਾਈ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਮਨਜੀਤ ਸਿੰਘ ਕਾਦੀਆਂ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਗੁਰਮੁੱਖ ਸਿੰਘ ਖਾਲਸਾ ਪ੍ਰਚਾਰਕ, ਭਾਈ ਬਲਬੀਰ ਸਿੰਘ ਸੇਖਵਾਂ ਪ੍ਰਚਾਰਕ, ਭਾਈ ਮਲਕੀਤ ਸਿੰਘ ਬੱਗਾ ਢਾਡੀ ਜਥਾ, ਭਾਈ ਤਰਸੇਮ ਸਿੰਘ ਸੇਖਵਾਂ ਕਵੀਸਰ, ਲਵਜੀਤ ਸਿੰਘ ਬਸਰਾਵਾਂ, ਗੁਰਵਿੰਦਰ ਸਿੰਘ ਤਲਵੰਡੀ, ਗੁਰਪ੍ਰੀਤ ਸਿੰਘ ਕੋਠਾ ਆਦਿ ਹਜ਼ਾਰਾਂ ਵੱਖ-ਵੱਖ ਧਰਮਾਂ ਦੇ ਨੁਮਾਇੰਦੇ ਅਤੇ ਸੰਗਤਾਂ ਨਤਮਸਤਕ ਹੋ ਕੇ ਨਗਰ ਕੀਰਤਨ ਵਿੱਚ ਸ਼ਾਮਲ ਹੋਏ।

# ਹਰਿਆਣਾ ਸਰਕਾਰ ਦੀ ਗੁਰੂ ਘਰਾਂ 'ਚ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ : ਐਡਵੋਕੇਟ ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਰਕਾਰ ਵੱਲੋਂ ਨਾਮਜ਼ਦ ਕੀਤੀ ਗਈ 38 ਮੈਂਬਰੀ ਐਡਹਾਕ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮੂਲੋਂ ਰੱਦ ਕਰਦਿਆਂ ਕਿਹਾ ਕਿ ਸਿੱਖਾਂ ਦੇ ਮਾਮਲਿਆਂ ਵਿੱਚ ਸਰਕਾਰੀ ਚਾਲਾਂ ਕਦੇ ਵੀ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਐਡਵੋਕੇਟ ਧਾਮੀ ਨੇ ਹਰਿਆਣਾ ਸਰਕਾਰ ਵੱਲੋਂ ਚੱਲੀ ਗਈ ਇਸ ਚਾਲ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਸਿੱਖ ਕੌਮ ਦਾ ਖਾਸਾ ਹੈ ਕਿ ਇਹ ਆਪਣੇ ਗੁਰਦੁਆਰਾ ਸਾਹਿਬਾਨ ਅਤੇ ਆਪਣੀਆਂ ਸੰਸਥਾਵਾਂ ਦਾ ਪ੍ਰਬੰਧ ਕਰਨ ਲਈ ਹਮੇਸ਼ਾ ਖੁਦਮੁਖਤਿਆਰ ਰਹੇ ਹਨ। ਸਿੱਖਾਂ ਨੇ ਸਰਕਾਰੀ ਸੋਚ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਅਤੇ ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਮੇਂ ਦੀਆਂ ਸਰਕਾਰਾਂ ਵੱਲੋਂ ਅਜਿਹੀਆਂ ਸਾਜ਼ਿਸ਼ਾਂ ਹੋਈਆਂ, ਤਾਂ ਸਿੱਖਾਂ ਨੇ ਇੱਕਜੁੱਟ ਹੋ ਕੇ ਉਸਦਾ ਮੁਕਾਬਲਾ ਕਰਦਿਆਂ ਪੰਥਕ ਸੋਚ ਵਾਲੀ ਵਿਚਾਰਧਾਰਾ ਨੂੰ ਅੱਗੇ ਵਧਾਇਆ।


ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਦੁੱਖ ਹੈ ਕਿ ਸਿੱਖਾਂ ਨੂੰ ਵੰਡਣ ਲਈ ਸਰਕਾਰਾਂ ਸਾਜ਼ਿਸ਼ਾਂ ਕਰ ਰਹੀਆਂ ਹਨ ਅਤੇ ਕੁਝ ਸਿੱਖ ਇਨ੍ਹਾਂ ਦੀਆਂ ਚਾਲਾਂ ਨਾ ਸਮਝਦੇ ਹੋਏ ਸਰਕਾਰੀ ਮੋਹਰੇ ਬਣ ਕੇ ਵਿਚਰ ਰਹੇ ਹਨ।

ਉਨ੍ਹਾਂ ਕਿਹਾ ਕਿ ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਨਾਮਜ਼ਦ ਕੀਤੀ ਗਈ ਸਰਕਾਰੀ ਕਮੇਟੀ ਅੱਜ ਵੀ ਅਤੇ ਭਵਿੱਖ ਵਿੱਚ ਕੌਮ ਦੇ ਹਿੱਤਾਂ ਲਈ ਫਾਇਦੇਮੰਦ ਸਾਬਤ ਨਹੀਂ ਹੋ ਸਕਦੀ। ਐਡਵੋਕੇਟ ਧਾਮੀ ਨੇ ਹਰਿਆਣਾ ਦੇ ਸਿੱਖਾਂ ਅਤੇ ਆਗੂਆਂ ਨੂੰ ਅਪੀਲ ਕੀਤੀ ਕਿ ਸਰਕਾਰ ਦੀ ਇਸ ਸਾਜ਼ਿਸ਼ ਨੂੰ ਸਮਝਣ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖ ਇਹ ਸਮਝਣ ਕਿ ਇੱਕ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਤੇ ਅਗਵਾਈ ਅਤੇ ਸਿੱਖਾਂ ਦੀ ਮਾਂ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਾਮਲਾ ਹੈ, ਜਿਸ ਲਈ ਸਿੱਖਾਂ ਨੇ ਕੁਰਬਾਨੀਆਂ ਕੀਤੀਆਂ ਅਤੇ ਦੂਜੇ ਪਾਸੇ ਸਰਕਾਰਾਂ ਦੀ ਸਿੱਖ ਸੰਸਥਾਵਾਂ ਨੂੰ ਤੋੜਨ ਤੇ ਆਪਣੀ ਮਨਮਾਨੀ ਨਾਲ ਪ੍ਰਬੰਧ ਚਲਾਉਣ ਦੀ ਮੰਦ ਮਨਸ਼ਾ ਹੈ। ਉਨ੍ਹਾਂ ਹਰਿਆਣਾ ਦੇ ਸਿੱਖਾਂ ਨੂੰ ਅਪੀਲ ਕੀਤੀ ਕਿ ਇਹ ਦੋਵੇਂ ਗੱਲਾਂ ਦਾ ਫ਼ਰਕ ਸਮਝਦਿਆਂ ਇਸ ਮਸਲੇ ਨੂੰ ਮਿਲ ਬੈਠ ਕੇ ਹੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਉਣ, ਕਿਉਂਕਿ ਇਹ ਕਦੇ ਵੀ ਨਹੀਂ ਹੋ ਸਕਦਾ ਕਿ ਅੱਜ ਉਨ੍ਹਾਂ ਨੂੰ ਚੰਗੀ ਲੱਗਦੀ ਸਰਕਾਰੀ ਸਰਪ੍ਰਸਤੀ ਭਵਿੱਖ ਵਿੱਚ ਨਾਲ ਨਿਭ ਸਕੇਗੀ। ਉਨ੍ਹਾਂ ਕਿਹਾ ਕਿ ਅਜਿਹਾ ਹੀ ਸਰਕਾਰੀ ਦਖ਼ਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਸਮੇਂ ਵੀ ਅੰਗਰੇਜ਼ ਸਰਕਾਰ ਵੱਲੋਂ ਹੋਇਆ ਸੀ, ਪਰ ਸਿੱਖਾਂ ਨੇ ਉਸ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਸੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਅੱਜ ਅਸੀਂ ਆਪਣੀਆਂ ਪੰਥਕ ਰਵਾਇਤਾਂ ਨੂੰ ਤਿਆਗ ਦਿਆਂਗੇ ਅਤੇ ਪੰਥਕ ਇਤਿਹਾਸ ਨੂੰ ਭੁੱਲ ਕੇ ਸਰਕਾਰੀ ਦਖ਼ਲ ਨੂੰ ਪ੍ਰਵਾਨ ਕਰਾਂਗੇ ਤਾਂ ਕੌਮ ਦਾ ਭਵਿੱਖ ਕਦੇ ਵੀ ਸਿੱਖਾਂ ਦੀਆਂ ਆਸ਼ਾਵਾਂ ਅਨੁਸਾਰ ਨਹੀਂ ਹੋ ਸਕੇਗਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇੱਕ ਵਾਰ ਫਿਰ ਤੋਂ ਵੱਖਰੀ ਹਰਿਆਣਾ ਕਮੇਟੀ ਨੂੰ ਮੁੱਢੋਂ ਰੱਦ ਕੀਤਾ ਅਤੇ ਕਿਹਾ ਕਿ ਹਰਿਆਣਾ ਕਮੇਟੀ ਦਾ ਢਕਵੰਜ ਪੰਥ ਨੂੰ ਕਮਜ਼ੋਰ ਕਰਨ ਦੀ ਚਾਲ ਹੈ, ਜਿਸ ਨੂੰ ਕਦੇ ਵੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

ਐਡਵੋਕੇਟ ਧਾਮੀ ਨੇ ਸਰਕਾਰ ਨੂੰ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਸਰਕਾਰਾਂ ਅਜਿਹੀਆਂ ਚਾਲਾਂ ਚਲਦੀਆਂ ਰਹਿਣਗੀਆਂ ਤਾਂ ਸਿੱਖ ਕੌਮ ਇਸ ਦੇ ਮੁਕਾਬਲੇ ਲਈ ਸਰਗਰਮੀ ਨਾਲ ਅੱਗੇ ਵਧੇਗੀ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਵੱਡੀਆਂ ਕੁਰਬਾਨੀਆਂ ਨਾਲ ਹੋਂਦ ਵਿੱਚ ਆਏ ਸਿੱਖ ਗੁਰਦੁਆਰਾ ਐਕਟ 1925 ਨੂੰ ਪ੍ਰਵਾਨ ਕਰਦਿਆਂ ਇਸ ਮਾਮਲੇ ਵਿਚ ਦਾਖਲ ਬੰਦ ਕਰਨਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਹਰਿਆਣਾ ਕਮੇਟੀ ਦੇ ਨਾਂ 'ਤੇ ਸਰਕਾਰੀ ਚਾਲਾਂ ਦਾ ਸਖ਼ਤ ਵਿਰੋਧ ਜਾਰੀ ਰਹੇਗਾ।

# ਪੱਤਰਕਾਰਾਂ ਤੇ ਕਿਸਾਨਾਂ 'ਤੇ ਨਜਾਇਜ਼ ਪਰਚੇ ਨਿੰਦਣਯੋਗ ਕਾਰਾ : ਪੱਟੀ, ਚੂਸਲੇਵੜ




ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੱਤਰਕਾਰਾਂ ਤੇ ਕਿਸਾਨਾਂ ਵਿਰੁੱਧ ਪੁਲਸ ਵੱਲੋਂ ਦਰਜ ਪਰਚਾ ਨਿੰਦਣਯੋਗ ਕਾਰਾ। ਜਦੋਂ ਸੂਬੇ ਦਾ ਮੀਡੀਆ ਸੁਰੱਖਿਅਤ ਨਹੀਂ ਤਾਂ ਲੋਕਾਂ ਦਾ ਰੱਬ ਹੀ ਰਾਖਾ ਹੈ। ਸਰਕਾਰ ਵੱਲੋਂ ਪੁਲਸ ਨੂੰ ਦਿੱਤੀ ਖੁੱਲ੍ਹ ਕਾਰਨ ਪੁਲਸ ਨਜਾਇਜ਼ ਪਰਚੇ ਕਰਕੇ ਆਪਣੀ ਕਿੜ ਕੱਢਣ 'ਚ ਲੱਗੀ ਹੋਈ ਹੈ। ਪੱਟੀ ਹਲਕੇ ਅੰਦਰ ਨਸ਼ੇ, ਲੁੱਟਾਂ-ਖੋਹਾਂ, ਚੋਰੀਆਂ, ਡਕੈਤੀਆਂ ਸਿਖਰਾਂ 'ਤੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਨਕਲਾਬੀ ਮਾਰਕਸਵਾਦੀ ਪਾਰਟੀ ਦੇ ਤਹਿਸੀਲ ਪ੍ਰਧਾਨ ਕਾਮਰੇਡ ਧਰਮ ਸਿੰਘ ਪੱਟੀ, ਐੱਮਪੀਆਈ ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਤੇ ਸਕੱਤਰ ਦਲਜੀਤ ਸਿੰਘ ਦਿਆਲਪੁਰਾ, ਹਰਭਜਨ ਸਿੰਘ ਚੂਸਲੇਵੜ, ਸਵਿੰਦਰ ਸਿੰਘ ਚੱਕ, ਕੇਵਲ ਸਿੰਘ ਮਾੜੀ ਕੰਬੋਕੇ, ਇਸਤਰੀ ਸ਼ਕਤੀ ਮੋਰਚਾ ਦੀ ਸੂਬਾ ਆਗੂ ਬੀਬੀ ਨਰਿੰਦਰ ਕੌਰ, ਜਗਤਾਰ ਸਿੰਘ, ਦਿਆਲ ਸਿੰਘ ਲੌਹਕਾ, ਸੰਤੋਖ ਸਿੰਘ, ਸਤਪਾਲ ਸ਼ਰਮਾ ਆਦਿ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬੀਤੇ ਦਿਨੀਂ ਥਾਣਾ ਹਰੀਕੇ ਵਿਖੇ ਸੀਆਈਏ ਸਟਾਫ ਪੱਟੀ ਦੇ ਇੰਚਾਰਜ. ਬਿੰਦਰਜੀਤ ਸਿੰਘ ਵੱਲੋਂ ਸੀਨੀਅਰ ਪੱਤਰਕਾਰ ਕਿਰਪਾਲ ਸਿੰਘ ਰੰਧਾਵਾ ਨੂੰ ਥਾਣੇ ਸੱਦ ਕੇ ਬਦਸਲੂਕੀ ਕੀਤੀ ਗਈ। ਜਦੋਂ ਪੱਤਰਕਾਰਾਂ ਤੇ ਕਿਸਾਨ ਆਗੂਆਂ ਵੱਲੋਂ ਹਰੀਕੇ ਥਾਣੇ ਅੰਦਰ ਡੀਐੱਸਪੀ ਪੱਟੀ ਸਤਨਾਮ ਸਿੰਘ ਤੇ ਹੋਰ ਪੁਲਸ ਮੁਲਾਜ਼ਮਾਂ ਦੀ ਹਾਜ਼ਰੀ ਵਿਚ ਬਿੰਦਰਜੀਤ ਸਿੰਘ ਨੂੰ ਕਿਰਪਾਲ ਸਿੰਘ ਨਾਲ ਕੀਤੀ ਬਦਸਲੂਕੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਵਰਦੀ ਤੇ ਅਹੁਦੇ ਦਾ ਰੋਅਬ ਮਾਰਦੇ ਹੋਏ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਜਿਸਦੇ ਰੋਸ ਵਜੋਂ ਪੱਤਰਕਾਰਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਥਾਣੇ ਦੇ ਮੂਹਰੇ ਧਰਨਾ ਦਿੱਤਾ ਗਿਆ। ਛੇ ਸੱਤ ਘੰਟੇ ਧਰਨਾ ਦੇਣ ਤੋਂ ਬਾਅਦ ਕੋਈ ਇਨਸਾਫ ਨਾ ਮਿਲਣ 'ਤੇ ਪੁਲਸ ਵੱਲੋਂ ਜਾਣਬੁੱਝ ਕੇ ਉਕਸਾ ਕੇ ਨੈਸ਼ਨਲ ਹਾਈਵੇ ਜਾਮ ਕਰਵਾਇਆ ਗਿਆ। ਰਾਹਗੀਰਾਂ ਦੀ ਖੱਜਲ-ਖੁਆਰੀ ਨੂੰ ਵੇਖਦੇ ਹੋਏ ਧਰਨਾ ਖਤਮ ਕਰ ਦਿੱਤਾ ਗਿਆ। ਪੰਡੋਰੀ ਨੇ ਆਖਿਆ ਕਿ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਪੜਤਾਲ ਕਰਨ ਤੋਂ ਬਾਅਦ ਬਿੰਦਰਜੀਤ ਨੂੰ ਲਾਈਨ ਹਾਜ਼ਰ ਕੀਤਾ। ਪੁਲਸ ਤੇ ਪੱਤਰਕਾਰਾਂ ਵਿਚਕਾਰ ਰਾਜ਼ੀਨਾਮਾ ਹੋਣ ਉਪਰੰਤ ਪੁਲਸ ਵੱਲੋਂ ਦਾਦਾਗਿਰੀ ਕਰਦੇ ਹੋਏ ਚੁੱਪਚੁਪੀਤੇ ਪੱਤਰਕਾਰਾਂ ਤੇ ਕਿਸਾਨ ਆਗੂਆਂ 'ਤੇ ਪਰਚਾ ਦਰਜ ਕੀਤਾ ਗਿਆ। ਇਸਦੀ ਜਿੰਨੀ ਨਿਖੇਧੀ ਕੀਤੀ ਜਾਵੇ ਥੋੜ੍ਹੀ ਹੈ। ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ ਹੈ। ਜਨਤਾ ਦੀ ਆਵਾਜ਼ ਚੁੱਕਣ ਵਾਲੇ ਸਾਫ-ਸੁਥਰੇ ਅਕਸ ਵਾਲੇ ਪੱਤਰਕਾਰ ਨੂੰ ਪੁਲਸ ਵੱਲੋਂ ਕਿੜ ਕੱਢਣ ਦੇ ਮੰਤਵ ਨਜਾਇਜ਼ ਪਰਚਾ ਦਰਜ ਕਰਕੇ ਫਸਾਇਆ ਜਾ ਰਿਹਾ ਜਿਹੜਾ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਹੋਵੇਗਾ। ਸਰਕਾਰ ਵੱਲੋਂ ਪੱਤਰਕਾਰਾਂ, ਕਿਸਾਨ ਆਗੂਆਂ ਖਿਲਾਫ ਪਰਚਾ ਖਾਰਜ ਨਾ ਕੀਤਾ ਗਿਆ ਤਾਂ ਸਰਕਾਰ ਤੇ ਪੁਲਸ ਖਿਲਾਫ ਸੂਬੇ ਭਰ ਵਿਚ ਵੱਡੇ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ ਜਿਸਦੀ ਜ਼ੁੰਮੇਵਾਰੀ ਸਰਕਾਰ ਤੇ ਪੁਲਸ ਪ੍ਰਸ਼ਾਸਨ ਦੀ ਹੋਵੇਗੀ।

# ਸੰਤੋਖ ਸਿੰਘ ਗੁਰਾਇਆ ਦੀ ਪੁਸਤਕ 'ਮਹਾਂਮਾਨਵ ਕਿਵੇਂ ਬਣੀਏ' ਲੋਕ ਅਰਪਿਤ



ਬੁਤਾਲਾ (ਨਿਰਮਲ ਸਿੰਘ ਸੰਘਾ)-ਪਿਛਲੇ 37 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਅਨੈਕਸੀ ਹਾਲ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਇੰਦਰਜੀਤ ਸਿੰਘ ਜੱਲੂਵਾਲ ਸਰਕਲ ਪ੍ਰਧਾਨ ਸਿੱਖ ਮਿਸ਼ਨਰੀ ਕਾਲਜ ਹਲਕਾ ਬਾਬਾ ਬਕਾਲਾ ਸਾਹਿਬ, ਪ੍ਰੋ: ਦਲਬੀਰ ਸਿੰਘ ਰਿਆੜ (ਚੇਅਰਮੈਨ ਪੰਜਾਬੀ ਲਿਖਾਰੀ ਸਭਾ ਜਲੰਧਰ), ਐਡਵੋਕੇਟ ਦਲਬੀਰ ਸਿੰਘ ਬਾਠ, ਮਾ: ਕੁਲਵੰਤ ਸਿੰਘ ਫੇਰੂਮਾਨ, ਸੁਖਦੇਵ ਸਿੰਘ ਭੁੱਲਰ ਸਾ: ਸੀ: ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ ਮੋਹਾਲੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ ਅਤੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ ਸੁਸ਼ੋਭਿਤ ਹੋਏ। ਇਸ ਮੌਕੇ ਸੰਤੋਖ ਸਿੰਘ ਗੁਰਾਇਆ ਦੀ ਅਧਿਤਾਮਕ ਖੋਜ ਪੁਸਤਕ "ਮਹਾਂਮਾਨਵ ਕਿਵੇਂ ਬਣੀਏ" ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤੀ ਗਈ। ਐਡਵੋਕੇਟ ਦਲਬੀਰ ਸਿੰਘ ਬਾਠ, ਮਾ: ਕੁਲਵੰਤ ਸਿੰਘ ਫੇਰੂਮਾਨ, ਇੰਦਰਜੀਤ ਸਿੰਘ ਜੱਲੂਵਾਲ ਅਤੇ ਪ੍ਰੋ: ਦਲਬੀਰ ਸਿੰਘ ਰਿਆੜ ਨੇ ਪੁਸਤਕ ਉਪਰ ਪਰਚੇ ਵੀ ਪੜ੍ਹੇ, ਜਿਸ ਉਪਰ ਉਸਾਰੂ ਅਤੇ ਭਖਵੀਂ ਬਹਿਸ ਵੀ ਹੋਈ। ਇਸ ਮੌਕੇ ਗਾਇਕ ਮੱਖਣ ਸਿੰਘ ਭੈਣੀਵਾਲਾ, ਅਰਜਨ ਸਿੰਘ (ਵਾਇਸ ਆਫ ਪੰਜਾਬ), ਜਸਮੇਲ ਸਿੰਘ ਜੋਧੇ, ਲੱਖਾ ਸਿੰਘ ਫੌਜੀ ਨੇ ਗਾਇਕੀ ਦੇ ਜੌਹਰ ਦਿਖਾਏ। ਮੰਚ ਸੰਚਾਲਨ ਦੇ ਫਰਜ਼ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਬਾਖੂਬੀ ਨਿਭਾਏ। ਇਸ ਦੌਰਾਨ ਹੀ ਪ੍ਰਭਾਤ ਕਿਰਨ ਭਗਤ ਦੀ ਪੁਸਤਕ "ਉਦਾਸੀ ਸ਼ਾਮ" ਵੀ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਮਹਿਲਾ ਵਿੰਗ ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਰਾਜਿੰਦਰ ਕੌਰ ਧਰਦਿਉ, ਨਵਜੋਤ ਕੌਰ ਨਵੂ, ਅਮਰਜੀਤ ਕੌਰ, ਜਤਿੰਦਰਪਾਲ ਕੌਰ, ਮਨੋਜ ਫਗਵਾੜਵੀ, ਭਗਤ ਨਰਾਇਣ, ਮਨਜੀਤ ਸਿੰਘ ਵੱਸੀ, ਬਲਬੀਰ ਸਿੰਘ ਬੀਰ, ਸਤਰਾਜ ਸਿੰਘ ਜਲਾਲਾਬਾਦੀ, ਰਣਜੀਤ ਸਿੰਘ ਬਾਬਲ, ਮਨਿੰਦਰ ਸਿੰਘ, ਇੰਦਰਜੀਤ ਸਿੰਘ, ਦਿਲਰਾਜ ਸਿੰਘ ਦਰਦੀ, ਅਮਰਜੀਤ ਸਿੰਘ ਘੁੱਕ, ਬਲਵਿੰਦਰ ਸਿੰਘ ਅਠੌਲਾ, ਅਜੈਬ ਸਿੰਘ ਬੋਦੇਵਾਲ, ਪ੍ਰੀਤਇੰਦਰ ਸਿੰਘ ਮਾਨ, ਬੀ. ਡੀ. ਭਗਤ, ਮਨਿੰਦਰ ਸਿੰਘ, ਅਮਨਪ੍ਰੀਤ ਸਿੰਘ, ਰਣਜੀਤ ਸਿੰਘ ਰਾਣਾ ਅਤੇ ਬਲਦੇਵ ਸਿੰਘ ਸਠਿਆਲਾ ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗ ਬੰਨ੍ਹਿਆ।

# ਅਵਤਾਰ ਸਿੰਘ ਸਬ-ਇੰਸਪੈਕਟਰ ਬਣੇ




ਟਾਂਗਰਾ (ਲਾਡੀ ਮੱਲ੍ਹੀ)-ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਪੰਜਾਬ ਪੁਲਸ ਦੇ ਸੀਨੀਅਰ ਅਫਸਰਾ ਵੱਲੋਂ ਵਧੀਆ ਸੇਵਾਵਾਂ ਨਿਭਾਉਣ ਤੇ ਏ. ਐੱਸ. ਆਈ. ਤੋਂ ਅਵਤਾਰ ਸਿੰਘ ਨੂੰ ਸਬ-ਇੰਸਪੈਕਟਰ ਦਾ ਅਹੁਦਾ ਦਿੱਤਾ ਗਿਆ ਜਿਸ ਵਿਚ ਇੰਸਪੈਕਟਰ ਹਰਪਾਲ ਸਿੰਘ ਦਿਹਾਤੀ, ਇੰਸਪੈਕਟਰ ਸੁਰਜੀਤ ਸਿੰਘ ਪੁਲਸ ਲਾਈਨ ਅੰਮ੍ਰਿਤਸਰ, ਇੰਸਪੈਕਟਰ ਨਿਸ਼ਾਨ ਸਿੰਘ ਦਿਹਾਤੀ ਪੁਲਸ ਲਾਈਨ ਨੇ ਅਵਤਾਰ ਸਿੰਘ ਨੂੰ ਸਟਾਰ ਲਗਾਏ ਤੇ ਵਧਾਈ ਦਿੱਤੀ। ਇਸ ਮੌਕੇ ਮੁੱਖ ਮੁਨਸ਼ੀ ਏ. ਐੱਸ. ਆਈ. ਸਤਨਾਮ ਸਿੰਘ ਤੇ ਸਾਰੇ ਸਟਾਫ ਨੇ ਵਧਾਈ ਦਿੱਤੀ।

# ਚਾਲੂ ਭੱਠੀ ਤੇ 40 ਲੀਟਰ ਲਾਹਣ ਸਮੇਤ ਕਾਬੂ

ਜਲਾਲਾਬਾਦ (ਦਹੂਜਾ)-ਥਾਣਾ ਵੈਰੋਕੇ ਦੀ ਪੁਲਸ ਨੇ ਇਕ ਵਿਅਕਤੀ ਨੂੰ ਚਾਲੂ ਭੱਠੀ ਅਤੇ 40 ਲੀਟਰ ਲਾਹਣ ਸਮੇਤ ਕਾਬੂ ਕੀਤਾ ਹੈ। ਜਾਂਚ ਅਧਿਕਾਰੀ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਚੰਨਾ ਸਿੰਘ ਪੁੱਤਰ ਸੋਢਾ ਸਿੰਘ ਵਾਸੀ ਮਹਾਲਮ ਨਜਾਇਜ਼ ਸ਼ਰਾਬ ਕੱਢ ਕੇ ਅੱਗੇ ਵੇਚਣ ਦਾ ਆਦੀ ਹੈ। ਜੇਕਰ ਪੁਲਸ ਪਾਰਟੀ ਹੁਣੇ ਛਾਪਾ ਮਾਰੇ ਤਾਂ ਚੰਨ ਸਿੰਘ ਨਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਜਾ ਸਕਦਾ ਹੈ।

ਪੁਲਸ ਪਾਰਟੀ ਨੇ ਛਾਪਾ ਮਾਰ ਕੇ ਉਸ ਨੂੰ ਭੱਠੀ ਅਤੇ 40 ਲੀਟਰ ਲਾਹਣ ਸਮੇਤ ਕਾਬੂ ਕਰ ਲਿਆ, ਜਿਸ 'ਤੇ ਧਾਰਾ 61/1/14 ਆਬਕਾਰੀ ਐਕਟ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

# ਹਰਮਨ ਗੁਰਾਇਆ 'ਸਰਵਸ਼੍ਰੇਸਠ ਵਿਅਕਤੀ' ਪੁਰਸਕਾਰ ਨਾਲ ਸਨਮਾਨਿਤ



**ਗੁਰਦਾਸਪੁਰ,ਧਾਰੀਵਾਲ/ਕਾਦੀਆਂ (ਜਨਕ ਮਹਾਜਨ/ਮਨਦੀਪ ਸਿੰਘ ਵਿੱਕੀ)**-ਅੰਤਰਰਾਸ਼ਟਰੀ ਵਿਕਲਾਂਗ ਦਿਵਸ ਮੌਕੇ ਦੇਸ਼ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੱਲੋਂ ਸਮਾਜ ਸੇਵੀ ਹਰਮਨਜੀਤ ਸਿੰਘ ਗੁਰਾਇਆ ਨੂੰ 'ਸਰਵਸ਼੍ਰੇਸਠ ਵਿਅਕਤੀ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸਮਾਜ ਸੇਵੀ ਹਰਮਨ ਗੁਰਾਇਆ ਵੱਲੋਂ ਅੰਗਹੀਣ ਸ਼ਪੈਸ਼ਲ ਵਿਅਕਤੀਆਂ ਨੂੰ ਵ੍ਹੀਲਚੇਅਰ, ਟਰਾਈਸਾਈਕਲ, ਫੌੜੀਆਂ, ਕੰਨਾਂ ਦੀਆਂ ਮਸ਼ੀਨਾਂ, ਬਨਾਉਟੀ ਅੰਗ ਲਗਾਉਣ ਤੋਂ ਇਲਾਵਾ ਮਾਲੀ ਮਦਦ ਦੇਣ ਦੇ ਨਾਲ ਵਾਤਾਵਰਨ ਦੀ ਸ਼ੁੱਧਤਾ ਲਈ ਖੁਦ ਬੂਟੇ ਲਾਉਣੇ ਤੇ ਲੋਕਾਂ ਨੂੰ ਪ੍ਰੇਰਿਤ ਕਰਨਾ, ਬੇਜ਼ੁਬਾਨੇ ਪੰਛੀਆਂ ਲਈ ਦਾਣੇ, ਪਾਣੀ ਦਾ ਪ੍ਰਬੰਧ ਕਰਨਾ, ਨਸ਼ੇ ਦੀ ਰੋਕਥਾਮ ਲਈ ਅਹਿਮ ਯੋਗਦਾਨ ਪਾਉਂਦਿਆਂ ਸਕੂਲਾਂ/ਕਾਲਜਾਂ ਵਿੱਚ ਸੈਮੀਨਾਰ ਦਾ ਪ੍ਰਬੰਧ ਕਰਨਾ, ਚਾਈਨਾ ਡੋਰ ਦੀ ਰੋਕਥਾਮ ਲਈ ਪ੍ਰਸ਼ਾਸਨ ਨੂੰ ਜਾਗਰੂਕ ਕਰਦਿਆਂ ਰੈਲੀਆਂ ਕੱਢਦੇ ਚਾਈਨਾ ਡੋਰ ਤੋਂ ਲੋਕਾਂ, ਵਿਦਿਆਰਥੀਆਂ ਨੂੰ ਸੁਚੇਤ ਕਰਨਾ, ਲੋੜਵੰਦ ਧੀਆਂ ਦੀਆਂ ਸ਼ਾਦੀਆਂ ਦਾ ਪ੍ਰਬੰਧ ਕਰਨ ਤੋਂ ਇਲਾਵਾ ਅਨੇਕਾਂ ਹੀ ਸਮਾਜ ਸੇਵੀ ਕਾਰਜ ਕੀਤੇ ਜਾ ਰਹੇ ਹਨ। ਅੰਤ ਵਿੱਚ ਹਰਮਨ ਗੁਰਾਇਆ ਨੇ ਆਪਣੀ ਕਾਮਯਾਬੀ ਦਾ ਸਿਹਰਾ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਆਪਣੇ ਇਨ੍ਹਾਂ ਸਪੈਸ਼ਲ ਵਿਅਕਤੀਆਂ ਦੀਆਂ ਅਸੀਸਾਂ ਤੇ ਬੇਜ਼ੁਬਾਨੇ ਪੰਛੀਆਂ ਦੀਆਂ ਦੁਆਵਾਂ ਨੂੰ ਦਿੱਤਾ ਜਿਨ੍ਹਾਂ ਕਰਕੇ ਗੁਰਾਇਆ ਅੱਜ ਨੈਸ਼ਨਲ ਐਵਾਰਡ ਹਾਸਿਲ ਕਰ ਸਕੇ।

ਇਸ ਮੌਕੇ ਕੇਂਦਰੀ ਮੰਤਰੀ ਡਾ. ਵਰਿੰਦਰ ਕੁਮਾਰ ਭਾਰਤ ਸਰਕਾਰ ਤੋਂ ਇਲਾਵਾ ਸੀਨੀਅਰ ਅਧਿਕਾਰੀ ਮੌਜੂਦ ਸਨ।

# ਡੇਂਗੂ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਮੁਹਿੰਮ ਜਾਰੀ



ਤਰਨਤਾਰਨ (ਪ੍ਰਿਤਪਾਲ ਸਿੰਘ)-ਡੇਂਗੂ ਮੌਸਮ ਦੇ ਮੱਦੇਨਜ਼ਰ ਸਿਵਲ ਸਰਜਨ ਡਾ. ਦਿਲਬਾਗ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਤਰਨ ਤਾਰਨ ਵੱਲੋਂ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਅਮਨਦੀਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ ਮੌਸਮੀ ਬਿਮਾਰੀਆਂ ਵਿਰੁੱਧ ਚਲਾਈ ਵਿਸ਼ੇਸ਼ ਮੁਹਿੰਮ ਜਾਰੀ ਹੈ।

ਇਸ ਮੌਕੇ ਸਿਹਤ ਵਿਭਾਗ ਦੀ ਐਂਟੀਲਾਰਵਾ ਬ੍ਰਾਂਚ ਤਰਨ ਤਾਰਨ ਦੀ ਟੀਮ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਖਾਲਸਾ ਕਾਲਜ ਤਰਨਤਾਰਨ ਅਤੇ ਲੈਪਰੋਸੀ ਕਲੋਨੀ, ਮੁਹੱਲਾ ਨੂਰਦੀ ਰੋਡ 'ਚ ਲਾਰਵਾ ਚੈੱਕ ਕੀਤਾ ਅਤੇ ਲਾਰਵੀਸਾਈਡ ਕੀਟਨਾਸ਼ਕ ਦਵਾਈਆਂ ਦੀ ਸਪਰੇਅ ਕਰਵਾਈ ਗਈ। ਜਾਗਰੂਕ ਕੀਤਾ ਗਿਆ ਕਿ ਕੂਲਰਾਂ ਅਤੇ ਗਮਲਿਆਂ ਦੀਆਂ ਟਰੇਆਂ ਵਿਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਕੱਪੜੇ ਅਜਿਹੇ ਪਾਓ, ਜਿਸ ਨਾਲ ਪੂਰਾ ਸਰੀਰ ਢਕਿਆ ਜਾਵੇ ਤਾਂ ਜੋ ਮੱਛਰ ਨਾ ਕੱਟੇ।

ਸੌਣ ਵੇਲੇ ਮੱਛਰਦਾਨੀ ਆਦਿ ਦੀ ਵਰਤੋਂ ਕਰੋ। ਬੁਖਾਰ ਹੋਣ 'ਤੇ ਐਸਪਰੀਨ ਜਾਂ ਬਰੂਫਿਨ ਨਾ ਲਵੋ, ਬੁਖਾਰ ਹੋਣ 'ਤੇ ਸਿਰਫ ਪੈਰਾਸੀਟਾਮੋਲ ਡਾਕਟਰ ਦੀ ਸਲਾਹ ਨਾਲ ਹੀ ਲਵੋ। ਛੱਤਾਂ 'ਤੇ ਟੈਂਕੀਆਂ ਦੇ ਢੱਕਣ ਚੰਗੀ ਤਰ੍ਹਾਂ ਬੰਦ ਰੱਖੋ। ਟੁੱਟੇ ਬਰਤਨਾਂ, ਡਰੰਮਾਂ ਤੇ ਟਾਇਰਾਂ ਆਦਿ ਵਿਚ ਪਾਣੀ ਨਾ ਖੜ੍ਹਾ ਹੋਣ ਦਿਓ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਹਫਤੇ ਵਿਚ ਅੰਡੇ ਤੋਂ ਪੂਰਾ ਮੱਛਰ ਬਣਦਾ ਹੈ, ਇਸ ਲਈ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟਰੇਆਂ ਆਦਿ ਭਾਂਡਿਆਂ ਨੂੰ ਹਰ ਸ਼ੁੱਕਰਵਾਰ ਡਰਾਈ ਡੇਅ ਮਨਾਉਂਦੇ ਹੋਏ ਸੁੱਕਾ ਰੱਖਿਆ ਜਾਵੇ।

ਇਸ ਮੌਕੇ ਸਿਵਲ ਸਰਜਨ ਡਾ. ਦਿਲਬਾਗ ਸਿੰਘ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਆਦੇਸ਼ਾਂ 'ਤੇ ਡੇਂਗੂ, ਮਲੇਰੀਆ ਆਦਿ ਤੋਂ ਬਚਾਅ ਲਈ ਜ਼ਿਲ੍ਹੇ ਵਿੱਚ ਵਿਸ਼ੇਸ਼ ਮੁਹਿੰਮ ਚਲ ਰਹੀ ਹੈ, ਜਿਸ ਦੌਰਾਨ ਜ਼ਿਲ੍ਹਾ ਐਂਟੀਲਾਰਵਾ ਬ੍ਰਾਂਚ ਤਰਨਤਾਰਨ ਵਲੋਂ ਚੈੱਕ ਕੀਤਾ ਗਿਆ ਕਿ ਕਿਤੇ ਵੀ ਪਾਣੀ ਖੜ੍ਹਾ ਨਾ ਹੋਵੇ। ਇਸ ਤੋਂ ਇਲਾਵਾ ਵੱਖ-ਵੱਖ ਥਾਵਾਂ 'ਤੇ ਐਂਟੀ ਲਾਰਵਾ ਕੀਟਨਾਸ਼ਕ ਦਵਾਈ ਦਾ ਛਿੜਕਾਅ ਵੀ ਕੀਤਾ ਗਿਆ ਅਤੇ ਸਾਰੇ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਡੇਂਗੂ, ਮਲੇਰੀਆ, ਚਿਕਨਗੁਨੀਆ ਆਦਿ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਦੌਰਾਨ ਲਾਰਵਾ ਨਹੀਂ ਪਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਹਾਇਕ ਮਲੇਰੀਆ ਅਫਸਰ ਵਿਰਸਾ ਸਿੰਘ ਪੰਨੂ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਕਰੀਬ ਤਿੰਨ ਮਹੀਨੇ ਤੋਂ ਡੇਂਗੂ, ਮਲੇਰੀਆ ਆਦਿ ਵਿਰੁੱਧ ਮੁਹਿੰਮ ਵਿੱਢੀ ਹੋਈ ਹੈ। ਇਸ ਦੌਰਾਨ ਬੱਸ ਸਟੈਂਡ, ਰੇਲਵੇ ਸਟੇਸ਼ਨ, ਟਾਇਰਾਂ ਨੂੰ ਪੈਂਚਰ ਲਾਉਣ ਵਾਲੀਆਂ ਦੁਕਾਨਾਂ, ਰੋਡਵੇਜ਼ ਡਿਪੂ ਆਦਿ ਵਿਚ ਟੀਮ ਭੇਜ ਕੇ ਮੁਹਿੰਮ ਚਲਾਈ ਗਈ। ਇਸ ਤੋਂ ਇਲਾਵਾ ਹਰ ਸ਼ੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਂਦਾ ਹੈ। ਇਸ ਮੌਕੇ ਟੀਮ ਵਿੱਚ ਹੈਲਥ ਇੰਸਪੈਕਟਰ ਗੁਰਦੇਵ ਸਿੰਘ, ਕਾਰਜ ਸਿੰਘ ਸਾਂਧਰਾ, ਭੁਪਿੰਦਰ ਸਿੰਘ, ਸ਼ੇਰ ਸਿੰਘ, ਮਨਰਾਜਬੀਰ ਸਿੰਘ, ਜਸਪਿੰਦਰ ਸਿੰਘ, ਮਨਜਿੰਦਰ ਸਿੰਘ, ਗੁਰਕ੍ਰਿਪਾਲ ਸਿੰਘ ਆਈ. ਸੀ, ਅਤੇ ਬਰੀਡਿੰਗ ਚੈੱਕਰ ਹਾਜ਼ਰ ਸਨ।


**ਦੀ ਹੋਡਲਾ ਕਲਾਂ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ: ਲਿਮ:**
ਹੋਡਲਾ ਕਲਾਂ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ (ਪੰਜਾਬ)

**ਨਿਯੁਕਤੀ ਸੰਬੰਧੀ ਨੋਟਿਸ**

ਦੀ ਹੋਡਲਾ ਕਲਾਂ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਹੋਡਲਾ ਕਲਾਂ ਸਭਾ ਵਿੱਚ ਡੀ ਸੀ ਰੇਟ 'ਤੇ ਇੱਕ ਸੇਵਾਦਾਰ/ਕਮ-ਚੌਕੀਦਾਰ ਰੱਖਣਾ ਹੈ। ਉਮੀਦਵਾਰ 10+2 ਪਾਸ ਹੋਵੇ ਤੇ ਦਸਵੀਂ ਪੰਜਾਬੀ ਵਿਸੇ ਨਾਲ ਪਾਸ ਕੀਤੀ ਹੋਵੇ। ਉਮੀਦਵਾਰ ਦੀ ਉਮਰ 18 ਤੋਂ 37 ਸਾਲ ਹੋਵੇ। ਪੇਂਡੂ ਪਿਛੋਕੜ ਨਾਲ ਸੰਬੰਧ ਰੱਖਦਾ ਹੋਵੇ। ਸਹਿਕਾਰੀ ਖੇਤੀਬਾੜੀ ਸਭਾਵਾਂ ਦੇ ਕੰਮਕਾਜ ਤੋਂ ਜਾਣੂ ਉਮੀਦਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਇਹ ਨਿਯੁਕਤੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ, ਚੰਡੀਗੜ੍ਹ ਵੱਲੋਂ ਸਮੇਂ-ਸਮੇਂ ਜਾਰੀ ਹਦਾਇਤਾਂ ਅਤੇ ਦੀ ਪੰਜਾਬ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਸਰਵਿਸ ਰੂਲਜ਼ 1997 ਅਨੁਸਾਰ ਹੀ ਕੀਤੀ ਜਾਵੇਗੀ। ਯੋਗ ਉਮੀਦਵਾਰ ਦੀਆਂ ਅਰਜ਼ੀਆਂ ਉਪਰੋਕਤ ਸੁਸਾਇਟੀ ਵਿੱਚ ਦਸਤੀ ਜਾਂ ਡਾਕ ਰਾਹੀਂ 12.12.2022 ਤੱਕ ਮੀਤ ਪ੍ਰਧਾਨ ਪਾਸ ਪਹੁੰਚਣੀਆਂ ਜ਼ਰੂਰੀ ਹਨ ਅਤੇ ਮਿਤੀ 13.12.2022 ਨੂੰ ਸਵੇਰੇ 11 ਵਜੇ ਮੈਰਿਟ ਦੇ ਆਧਾਰ 'ਤੇ ਭਰਤੀ ਕੀਤੀ ਜਾਵੇਗੀ। ਸਬ- ਕਮੇਟੀ ਦਾ ਫੈਸਲਾ ਅੰਤਮ ਹੋਵੇਗਾ।

ਸਹੀ/- ਪ੍ਰਧਾਨ, ਦੀ ਹੋਡਲਾ ਕਲਾਂ, ਐੱਮ ਪੀ ਸੀ ਏ ਐੱਸ ਐੱਸ ਲਿਮ:, ਹੋਡਲਾ ਕਲਾਂ



# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਟਿਊਬਵੈਲ ਕੁਨੈਕਸ਼ਨ ਖਾਤਾ ਨੰ; **AP 39/1888** ਜੋ ਕਿ ਲਖਵਿੰਦਰ ਕੌਰ ਪਤਨੀ ਸੁਖਚੈਨ ਸਿੰਘ ਵਾਸੀ ਮੋਹਨ ਭੰਡਾਰੀਆਂ ਹਾਲ ਮੀਰਾਂਕੋਟ ਦੇ ਨਾਮ ਤੇ ਚਲ ਰਿਹਾ ਹੈ । ਉਕਤ ਕੁਨੈਕਸ਼ਨ ਨੂੰ ਜੋਬਨਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮੋਹਨ ਭੰਡਾਰੀਆਂ ਨੇ ਆਪਣੇ ਨਾਮ ਤਬਦੀਲ ਕਰਵਾਉਂਣ ਲਈ ਦਸਤਾਵੇਜ ਪੇਸ਼ ਕੀਤੇ ਹਨ। ਜੇਕਰ ਉਕਤ ਨਾਮ ਤਬਦੀਲ ਸੰਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਅੰਦਰ 2 ਉਪ ਮੰਡਲ ਅਫਸਰ ਦਿਹਾਤੀ ਫਤਿਹਗੜ ਚੂੜੀਆਂ ਕੋਲ ਪੇਸ਼ ਕਰ ਸਕਦਾ ਹੈ। (KP)

ਟਿਊਬਵੈਲ ਕੁਨੈਕਸ਼ਨ ਖਾਤਾ ਨੰ; **AP 39/1727** ਜੋ ਕਿ ਤੇਜਾ ਸਿੰਘ ਪੁੱਤਰ ਦੇਵਾ ਸਿੰਘ ਵਾਸੀ ਮੋਹਨ ਭੰਡਾਰੀਆਂ ਦੇ ਨਾਮ ਤੇ ਚਲ ਰਿਹਾ ਹੈ । ਉਕਤ ਕੁਨੈਕਸ਼ਨ ਨੂੰ ਜਰਮਨਜੀਤ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਮੋਹਨ ਭੰਡਾਰੀਆਂ ਨੇ ਆਪਣੇ ਨਾਮ ਤਬਦੀਲ ਕਰਵਾਉਂਣ ਲਈ ਦਸਤਾਵੇਜ ਪੇਸ਼ ਕੀਤੇ ਹਨ। ਜੇਕਰ ਉਕਤ ਨਾਮ ਤਬਦੀਲ ਸੰਬੰਧੀ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ 15 ਦਿਨਾਂ ਅੰਦਰ 2 ਉਪ ਮੰਡਲ ਅਫਸਰ ਦਿਹਾਤੀ ਫਤਿਹਗੜ ਚੂੜੀਆਂ ਕੋਲ ਪੇਸ਼ ਕਰ ਸਕਦਾ ਹੈ। (KP)

## ਬੇਦਖਲੀ ਨੋਟਿਸ

ਮੈਂ ਸੁਖਦੇਵ ਖਾਨ ਪੁੱਤਰ ਰੱਲਾ ਖਾਨ, ਵਾਸੀ ਕੋਟ ਗੰਗੂ ਰਾਏ, ਸਬ ਤਹਿਸੀਲ ਕੂੰਮ ਕਲਾਂ, ਜਿਲ੍ਹਾ ਲੁਧਿਆਣਾ ਆਪਣੇ ਵਿਦੇਸ਼ ਰਹਿੰਦੇ ਲੜਕੇ ਰਵੀ ਖਾਨ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਅਸੀਂ, ਜਤਿੰਦਰ ਸਿੰਘ ਪੁੱਤਰ ਪਿਆਰਾ ਸਿੰਘ ਅਤੇ ਹਰਜਿੰਦਰ ਕੌਰ ਪਤਨੀ ਜਤਿੰਦਰ ਸਿੰਘ ਵਾਸੀ ਫਤਾਹਪੁਰ, ਲਾਗੇ ਸੈਂਟਰਲ ਜੇਲ੍ਹ, ਝਬਾਲ ਰੋਡ, ਅੰਮ੍ਰਿਤਸਰ ਆਪਣੀ ਪੁੱਤਰੀ ਗੁਰਨੀਤ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ, ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਕਿਰਨ)

ਮੈਂ, ਸ਼ਿੰਗਾਰਾ ਸਿੰਘ ਪੁੱਤਰ ਸ਼ੇਰ ਸਿੰਘ ਵਾਸੀ ਢਾਣੀ ਫੂਲਾ ਸਿੰਘ ਦਾਖਲੀ, ਢੰਡੀ ਖੁਰਦ, ਤਹਿ: ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਚੈਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਵੀਨਾ ਦੇਵੀ ਪਤਨੀ ਦਵਿੰਦਰਪਾਲ ਸ਼ਰਮਾ ਵਾਸੀ ਗਲੀ ਨੰ. 4, ਦਯਾਨੰਦ ਨਗਰ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਜਤਿੰਦਰ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਅਸੀਂ ਸੁਰਿੰਦਰ ਸਿੰਘ ਪੁੱਤਰ ਹਰੀ ਸਿੰਘ ਵਾ ਰਣਜੀਤ ਕੌਰ ਪਤਨੀ ਸੁਰਿੰਦਰ ਸਿੰਘ ਵਾਸੀਆਨ ਹਰਗੋਬਿੰਦ ਨਗਰ, ਧੂਰੀ ਆਪਣੀ ਲੜਕੀ ਗੁਰਪ੍ਰੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਅਤੇ ਸੰਬੰਧ ਰੱਖਣ ਵਾਲੇ ਖੁਦ ਜ਼ਿੰਮੇਵਾਰ ਹੋਣਗੇ। (ਗਰਗ)

## ਨਾਂਅ ਦੀ ਬਦਲੀ

ਮੈਂ ਸੁਖਬੀਰ ਸਿੰਘ ਪੁੱਤਰ ਅਜੈਬ ਸਿੰਘ ਨਿਵਾਸੀ ਪਿੰਡ ਬਾੜੀਆਂ ਖੁਰਦ ਜਿਲ੍ਹਾ ਹੁਸਿਆਰਪੁਰ ਪੰਜਾਬ ਇੰਡੀਆ ਨੇ ਆਪਣਾ ਨਾਮ ਸੁਖਬੀਰ ਸਿੰਘ ਤੋ ਬਦਲ ਕਿ ਸੁਖਵੀਰ ਸਿੰਘ ਰਖ ਲਿਆ ਹੈ ਸੰਬੰਧਤ ਨੋਟ ਕਰਨ।

ਮੈਂ, ਦਲਜੀਤ ਸਿੰਘ ਸਾਗਰ ਪੁੱਤਰ ਅਵਤਾਰ ਸਿੰਘ ਵਾਸੀ ਪਿੰਡ ਤੇ ਡਾਕ: ਬਰਨਾਲਾ (ਬਰਨਾਲਾ) ਨੇ ਆਪਣਾ ਨਾਂਅ ਦਲਜੀਤ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਸਾਗਰ)

ਮੈਂ ਕਾਰਤਿਕ ਪੁੱਤਰ ਬੂਟਾ ਲਾਲ ਸ਼ਰਮਾ ਵਾਸੀ ਪਿੰਡ ਤੇ ਡਾਕ. ਬਸੀ ਗੁਲਾਮ ਹੁਸੈਨ ਤਹਿ.ਤੇ ਜਿਲਾ ਹੁਸ਼ਿਆਰਪੁਰ ਨੇ ਆਪਣਾ ਨਾਮ ਬਦਲਕੇ ਕਾਰਤਿਕ ਤੋਂ ਕਾਰਤਿਕ ਸ਼ਰਮਾ ਰੱਖ ਲਿਆ ਹੈ,ਸਬੰਧਿਤ ਨੋਟ ਕਰਨ।

## Change of Name

I, Kajal d/o Joginder Masih r/o Theh Gulam Nabi Distt Gurdaspur have changed my name to Kajal Momen. Concerned note. (KP)

I Harjit Singh Sandhu S/o Joginder Singh R/o Village Rampur, PO. Qadian,Tehsil Batala, District Gurdaspur have changed my name Harjit Singh Sandhu to Harjit Singh. Please note all. (sohal)

I, Chaman Lal Garg S/o Dharam Pal R/o Chaudhrian Mohalla, DHURI (Sangrur) have changed my name to Chaman Lal.

I Jagir@Jagir Singh S/oHans Singh@Hans Raj Rekhi R/o Village Banwali pur, Kapurthala Declared me and my father known with above said these two names. Please concerned note. (Suman)

I, Inderjit Singh S/o Gurmel Singh R/o Vill. & PO Dhoot Kalan Tehsil & Distt. Hoshiarpur Punjab declare that I Inderjit Singh and Inderjeet Singh is one and the same person.

I, Anju W/o Darshan Chand R/o Vill. Mewa Singh Wala, Tehsil Sultanpur Lodhi, Distt. Kapurthala, I have changed of my name from Anju to Anju Bala. (Rajvir)

I, Manjeet Kaur W/o Arminder Pal Singh R/o VPO Chicha, Block Attari, Amritsar have changed my name from Manjeet Kaur to Manjit kaur.

I, Maniinder Kaur W/o Jatinder Singh R/o H.No.2852, Gali No.7, Guru Nanak Colony, Tarn Taran Road, Amritsar have changed my name from Maniinder Kaur to Maninder Kaur.

I, Paramjit Kaur W/o Dilbag Singh R/o VPO Gilwali, Patti Shere Ki, Tarn Taran Road, Amritsar have changed my name from Paramjit Kaur to Parmjeet Kaur.

I, Sarabjeet Singh S/o Jaswant Singh R/o H.No.1, Basant Nagar, Main Bazar Chungi Wala, Sultanwind Road, Amritsar have changed my name from Sarabjeet Singh to Sarabjit Singh.

I, Prabjeet Singh S/o Jatinder Singh R/o H.No.2852, Gali No.7, Guru Nanak Colony, Tarn Taran Road, Amritsar have changed my name from Prabjeet Singh to Prabhjeet Singh.

I KEMTI LAL S/O CHAMAN LAL R/O HNO 42 ABADI MOHINDRA COLONY SULTANWIND NAHAR AMRITSAR HAVE CHANGED MY NAME FROM KEMTI LAL TO KIMTI LAL

I, DHARMINDER SINGH AULAKH S/O KABUL SINGH R/O VILLAGE VEROKE, PO. PREET NAGAR, TEHSIL AJNALA, DISTRICT AMRITSAR have changed my minor daughter's name from DIPANSH AULAKH to DIPANSH KAUR AULAKH.

I, Snigdha Manawa W/o Sunny Shori R/o H.No. 2300, Katra Moti Ram, Inside Lohgarh Gate, Amritsar have changed my name from Snigdha Manawa to Snigdha Shori after marriage.

I, Kirpal Singh S/o Pardhan Singh R/o Vpo Rashiana Po Nauranga Teh And Distt Tarn Taran have changed my name to SINGH is my Surname and KIRPAL is My given name

I, Rajanpreet Singh S/O Angrej Singh R/O Vill Rai Po Kakkar Amritsar have changed my name to SINGH is my Surname and RAJANPREET is My given name.

I, Kanwaljit Singh S/o Sulakhan Singh R/o Vill Ghuman Khurd Po Naushera Majja Singh Tehsil And Distt Gurdaspur have changed my name to SINGH is my Surname and KANWALJIT is My given name

I, Kiran Rani W/o Darshan Lal Jain R/o H.No. 2793, Street No. F-49, Ward No. 19, Sunder Nagar, Ludhiana, according to affidavit No. IN-PB 39343488154702U Dt. 01 Nov 2022 Ludhiana, I have changed my name as Kiran Rani from Kiran Jain/Kiran Bala so all the concerned authorities may check. (6507)

## Court Notice

**In the court of Sh. Ravi Inder Singh Civil Judge (Senior Division), Rupnagar.**

CNR No. PBRO02-001654-2018
Next Date : 9.1.2023

**Manjeet Kaur D/o Hari Singh now wife of Jaspal Singh R/o Vill. Rasulpur, Tehsil and Distt. Rupnagar.**

**Versus**

**Harinder Singh S/o Hari Singh R/o Vill.Rasulpur, Tehsil and Distt. Rupnagar and others**

Suit for Possession

Publication issued to : Def. No. 3 Mohinder Singh S/o Hari Singh R/o Vill. Rasulpur, Tehsil and Distt. Rupnagar.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 9.1.2023 at 10.00 a.m.

For details logon to : https://highcourtchd.gov.in/?trs=district notice&district=Ropar

Civil Judge (Senior Division), Rupnagar.

## Court Notice

**In the court of Ms. Ankita Civil Judge Junior Division-9, Patiala.**

CNR No. PBPT02-001766-2021
Next Date : 5.1.2023

**Neetu Shahi**

**Versus**

**Manjinder Singh**

Publication issued to Defendant No. 1

Manjinder Singh Father Amarjit Singh H.No. 210, Ward No. 3, Sanaur Tehsil and Distt. Patiala.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.1.2023 at 10.00 a.m.

For details logon to : https://highcourtchd.gov.in/?trs=district notice&district=Patiala

Civil Judge Junior Division-9, Patiala

## Court Notice

**In the court of Sh. Vineet Kumar Narang Civil Judge (Senior Division) S.A.S. Nagar.**

CNR No. PBSA02-000505-2021
Next Date : 21.12.2022

**Canara Bank**

**Versus**

**Deepak Sharma**

Petition for Recovery of Rs. 1,454, 720.65/-

Notice to : 1. Deepak Sharma R/o H.No. 8 G H 38 MDC, Sector 5 Panchkula 2. Devinder Kumar R/o H.No. 172 Sector 2, Panchkula

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.12.2022 at 10.00 a.m.

For details logon to : https://highcourtchd.gov.in/?trs=district notice&district=Mohali

Civil Judge (Senior Division) S.A.S. Nagar.

Dated, this day of 3.12.2022

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਸੋਨੂੰ ਜੰਡਿਆਲਾ ਵੱਲੋਂ 5 ਮੈਂਬਰੀ ਕਮੇਟੀ ਦਾ ਗਠਨ



ਤਰਨਤਾਰਨ (ਪ੍ਰਿਤਪਾਲ ਸਿੰਘ)-ਨੈਸ਼ਨਲ ਕਾਂਗਰਸ ਵਰਕਸ ਕਮੇਟੀ ਪੰਜਾਬ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਦੇ 5 ਮੈਂਬਰੀ ਕਮੇਟੀ ਦਾ ਕੀਤਾ ਗਠਨ ਜੋ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਦੇ ਵੱਖ-ਵੱਖ ਵਿੰਗਾਂ ਨੂੰ ਮਜ਼ਬੂਤ ਕਰਨ ਲਈ ਫੈਸਲੇ ਲੈਣਗੇ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਪੰਜਾਬ ਪ੍ਰਧਾਨ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਵੱਲੋਂ 5 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਚੁਣੇ ਮੈਂਬਰਾਂ 'ਚ ਸੀਨੀਅਰ ਵਾਈਸ ਪ੍ਰਧਾਨ ਸੁਰਜੀਤ ਸਿੰਘ, ਸਟੇਜ ਜਾਇੰਟ ਸੈਕਟਰੀ ਇੰਦਰਜੀਤ ਸਿੰਘ, ਵਰਕਿੰਗ ਕਮੇਟੀ ਮੈਂਬਰ ਗੁਰਮੁਖ ਸਿੰਘ, ਜਨਰਲ ਕੌਂਸਲ ਮੈਂਬਰ ਰਾਜੇਸ਼ ਮਲਹੋਤਰਾ, ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਗੁਰਤੇਜ ਸਿੰਘ ਦੇ ਨਾਮ ਸ਼ਾਮਲ ਹਨ। ਸੋਨੂੰ ਜੰਡਿਆਲਾ ਨੇ ਦੱਸਿਆ ਕਿ ਨੈਸ਼ਨਲ ਕਾਂਗਰਸ ਵਰਕਸ ਕਮੇਟੀ ਦੇ ਇਹ ਮੈਂਬਰ ਐਸੀ ਵਿੰਗ, ਬੀਸੀ ਵਿੰਗ, ਸਪੋਰਟਸ ਵਿੰਗ, ਯੂਥ ਵਿੰਗ, ਕਿਸਾਨ ਵਿੰਗ ਤੇ ਆਈ ਟੀ ਵਿੰਗ ਨੂੰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਆਖਰ ਵਿੱਚ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਇਹ ਸਾਰੇ ਹੀ ਨੈਸ਼ਨਲ ਕਾਂਗਰਸ ਦੇ ਅਹੁਦੇਦਾਰ ਪਾਰਟੀ ਦੀ ਚੜ੍ਹਦੀ ਕਲਾ ਦੇ ਲਈ ਕੰਮ ਕਰਨਗੇ ਤੇ ਪਾਰਟੀ ਨੂੰ ਮਜ਼ਬੂਤ ਕਰਨ ਦੇ ਲਈ ਕੰਮ ਕਰਨਗੇ।

# ਵੀ ਡੀ ਓ/ਗ੍ਰਾਮ ਸੇਵਕ ਦਾ ਫੀਸ ਪੋਰਟਲ ਰੀਓਪਨ ਕਰਨ ਦੀ ਮੰਗ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਬੇਰੁਜ਼ਗਾਰ ਨੌਜਵਾਨ ਪੰਜਾਬ ਦੇ ਅਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਵੀ ਡੀ ਓ\ਗ੍ਰਾਮ ਸੇਵਕ ਅਸਾਮੀਆਂ ਲਈ ਫੀਸ ਪੋਰਟਰਲ ਰੀਓਪਨ ਕੀਤਾ ਜਾਵੇ ਤਾਂ ਜੋ ਉਹ ਆਪਣੀ ਫੀਸ ਦੁਬਾਰਾ ਭਰ ਸਕਣ। ਬੇਰੁਜ਼ਗਾਰ ਨੌਜਵਾਨ ਪੰਜਾਬ ਆਗੂ ਅਕਾਸ਼ ਅਰੋੜਾ ਤੇ ਹੋਰਨਾਂ ਨੇ ਦੱਸਿਆ ਕਿ ਇਸ਼ਤਿਹਾਰ ਨੰਬਰ 04/2022 ਵੀਡੀਓ/ਗ੍ਰਾਮ ਸੇਵਕ ਦੀਆਂ 792 ਅਸਾਮੀਆਂ 15 ਮਈ 2022 ਨੂੰ ਕੱਢੀਆਂ ਗਈਆਂ ਸਨ, ਜਿਸ ਤਹਿਤ ਉਨ੍ਹਾਂ ਨੇ ਫਾਰਮ ਆਨਲਾਈਨ ਭਰ ਦਿੱਤਾ ਸੀ ਤੇ ਇਸ ਦੀ ਬਣਦੀ ਸਰਕਾਰੀ ਫੀਸ ਵੀ ਜਮ੍ਹਾਂ ਕਰਵਾ ਦਿੱਤੀ ਸੀ, ਪਰ ਤਕਨੀਕੀ ਖਰਾਬੀ ਕਾਰਨ ਇਹ ਪੇਮੈਂਟ ਫੇਲ੍ਹ ਹੋ ਗਈ ਸੀ, ਜਿਸ ਦਾ ਪਤਾ ਉਨ੍ਹਾਂ ਬਾਅਦ ਵਿੱਚ ਲੱਗਾ। ਉਸ ਸਮੇਂ ਨਿਰਧਾਰਤ ਮਿਤੀ ਲੰਘ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਉਹ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨ ਹਨ ਤੇ ਉਨ੍ਹਾਂ ਦਾ ਭਵਿੱਖ ਇਸ ਨਾਲ ਜੁੜਿਆ ਹੋਇਆ ਹੈ। ਇਸ ਲਈ ਸਕੱਤਰ ਅਧੀਨ ਸੇਵਾਵਾਂ ਪੰਜਾਬ ਬੋਰਡ ਨੂੰ ਹਦਾਇਤ ਕੀਤੀ ਜਾਵੇ ਕਿ ਉਕਤ ਅਸਾਮੀਆਂ ਦਾ ਫੀਸ ਦਾ ਪੋਰਟਲ ਰੀਓਪਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਅਜੇ ਤੱਕ ਉਕਤ ਅਸਾਮੀਆਂ ਦਾ ਕੋਈ ਵੀ ਪ੍ਰੋਸੈੱਸ ਲਿਖਤੀ ਟੈਸਟ ਵਗੈਰਾ ਅਜੇ ਤੱਕ ਨਹੀਂ ਲਿਆ ਗਿਆ। ਉਨ੍ਹਾਂ ਦੱਸਿਆ ਕਿ ਅਸੀਂ ਹੋਰ ਅਸਾਮੀਆਂ ਵਾਸਤੇ ਵੀ ਆਨਲਾਈਨ ਪੋਰਟਲ 'ਤੇ ਅਪਲਾਈ ਕੀਤਾ ਸੀ, ਜਿਨ੍ਹਾਂ ਦੀਆਂ ਸਾਰੀਆਂ ਫੀਸਾਂ ਭਰੀਆਂ ਗਈਆਂ ਹਨ, ਸਿਰਫ ਵੀਡੀਓ/ਗ੍ਰਾਮ ਸੇਵਕ ਦੀ ਅਸਾਮੀ ਦੀ ਫੀਸ ਭਰਨ ਵਿੱਚ ਦਿੱਕਤ ਆਈ ਸੀ, ਜਿਸ ਨੂੰ ਦੁਬਾਰਾ ਭਰਨ ਲਈ ਫੀਸ ਪੋਰਟਲ ਫਿਰ ਦੁਬਾਰਾ ਖੋਲ੍ਹਿਆ ਜਾਵੇ।


## ਆਮ ਸੂਚਨਾ

ਇਕ ਟਿਊਬਵੈੱਲ ਕੁਨੈਕਸ਼ਨ ਜਿਸ ਦਾ ਖਾਤਾ ਨੰ. ਐਸ ਪੀ/ਏ ਪੀ-310, ਜੋ ਹਰਚਰਨ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਸਿਵਲ ਲਾਈਨ ਗੁਰਦਾਸਪੁਰ। ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ 'ਤੇ ਚੱਲ ਰਿਹਾ ਹੈ, ਹੁਣ ਇਸ ਨੂੰ ਸੁਖਵਿੰਦਰ ਸਿੰਘ ਰਿਆੜ ਪੁੱਤਰ ਲੇਟ ਸ੍ਰ. ਬਲਵੰਤ ਸਿੰਘ ਰਿਆੜ ਵਾਸੀ ਗੁਰੂ ਰਾਮ ਦਾਸ ਕਾਲੋਨੀ, ਮੇਹਰ ਚੰਦ ਰੋਡ, ਗੁਰਦਾਸਪੁਰ ਦੇ ਨਾਂਅ ਬਦਲੀ ਕਰਨਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਸਬ-ਡਵੀਜ਼ਨ ਸਬ-ਅਰਬਨ ਗੁਰਦਾਸਪੁਰ ਵਿਖੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। (ਡੋਗਰਾ)

# ਸੂਬਾ ਪ੍ਰਧਾਨ ਚੁਣੇ ਜਾਣ 'ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦਾ ਜ਼ੋਰਦਾਰ ਮਾਣ-ਸਨਮਾਨ



**ਤਰਨਤਾਰਨ (ਨ ਜ਼ ਸ)**-ਬਿਜਲੀ ਕਾਮਿਆਂ ਦੀ ਸਿਰਮੌਰ ਅਤੇ ਸੰਘਰਸ਼ਾਂ ਨੂੰ ਪ੍ਰਣਾਈ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ: ਨੰਬਰ 41 ਦੇ ਲੁਧਿਆਣਾ ਵਿਖੇ ਹੋਏ 15ਵੇਂ ਦੋ ਰੋਜ਼ਾ ਡੈਲੀਗੇਟ ਅਜਲਾਸ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਲਗਾਤਾਰ ਮਿਹਨਤਕਸ਼ ਜਮਾਤ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਵਾਲੇ ਆਗੂ ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਸਰਬਸੰਮਤੀ ਨਾਲ ਅਗਲੇ ਦੋ ਸਾਲ ਲਈ ਸੂਬਾ ਪ੍ਰਧਾਨ ਚੁਣੇ ਜਾਣ 'ਤੇ ਸਥਾਨਕ ਪਾਵਰਕਾਮ ਦੇ ਸਰਕਲ ਦਫਤਰ ਵਿੱਚ ਪਹੁੰਚਣ 'ਤੇ ਜਥੇਬੰਦੀ ਦੇ ਸਰਕਲ ਸਕੱਤਰ ਪੂਰਨ ਦਾਸ ਅਤੇ ਜ਼ੋਨ ਆਗੂ ਕੁਲਵਿੰਦਰ ਸਿੰਘ ਬਾਗੜੀਆ ਦੀ ਅਗਵਾਈ ਹੇਠ ਆਯੋਜਿਤ ਕੀਤੇ ਸਾਦੇ ਅਤੇ ਸ਼ਾਨਦਾਰ ਸਮਾਰੋਹ ਵਿੱਚ ਗੁਰਪ੍ਰੀਤ ਸਿੰਘ ਗੰਡੀਵਿੰਡ ਨੂੰ ਸੂਬਾ ਪ੍ਰਧਾਨ ਅਤੇ ਬਲਜਿੰਦਰ ਕੌਰ ਡਿਆਲ ਨੂੰ ਸੂਬਾ ਸਕੱਤਰ ਚੁਣੇ ਜਾਣ 'ਤੇ ਦਫਤਰ ਦੇ ਮੇਨ ਗੇਟ ਤੇ ਜਥੇਬੰਦੀ ਦਾ ਚਿੰਨ੍ਹ ਲਾਲ ਝੰਡਾ ਲਹਿਰਾਉਣ ਉਪਰੰਤ ਅਕਾਸ਼ ਗੁੰਜਾਊ ਨਾਅਰਿਆਂ ਦੀ ਗੂੰਜ ਵਿੱਚ ਹਾਰ ਪਾ ਕੇ ਸ਼ਨਮਾਨਤ ਕਰਨ ਉਪਰੰਤ ਸਮਾਗਮ ਵਿੱਚ ਸ਼ਾਮਲ ਕੀਤਾ। ਇਸ ਮੌਕੇ ਇਕੱਤਰ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਤਾਰਾ ਸਿੰਘ ਖਹਿਰਾ ਨੇ ਦੋਵਾਂ ਆਗੂਆਂ ਨੂੰ ਵਧਾਈ ਪੇਸ਼ ਕਰਦਿਆਂ ਗੁਰਪ੍ਰੀਤ ਸਿੰਘ ਗੰਡੀਵਿੰਡ ਵੱਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਮਹਿਕਮੇ ਅਤੇ ਜਥੇਬੰਦੀ ਦੇ ਕੰਮ ਨੂੰ ਨਾਲੋ-ਨਾਲ ਪੂਰੀ ਇਮਾਨਦਾਰ ਨਾਲ ਨਿਭਾਉਣ ਲਈ ਪ੍ਰਸ਼ੰਸਾ ਕਰਦਿਆਂ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗੁਰਪ੍ਰੀਤ ਗੰਡੀਵਿੰਡ ਤੋਂ ਇਹ ਵੀ ਉਮੀਦ ਕੀਤੀ ਜਾ ਸਕਦੀ ਹੈ ਕਿ ਇਹ ਆਗੂ ਜਥੇਬੰਦੀ ਦੀ ਸੁਚੱਜੀ ਅਗਵਾਈ ਕਰਦਿਆਂ ਸੰਘਰਸ਼ਸ਼ੀਲ ਲੋਕਾਂ ਦਾ ਘੇਰਾ ਵਿਸ਼ਾਲ ਕਰਨ ਲਈ ਵੀ ਯਤਨ ਤੇਜ ਕਰੇਗਾ। ਇਸ ਸਨਮਾਨ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਥਾਨਕ ਸਰਕਲ ਦੇ ਡਿਪਟੀ ਚੀਫ ਇੰਜੀਨੀਅਰ ਇੰਜੀ : ਗੁਰਸ਼ਰਨ ਸਿੰਘ ਖਹਿਰਾ ਨੇ ਜਥੇਬੰਦੀ ਦਾ ਸੂਬਾ ਪ੍ਰਧਾਨ ਚੁਣੇ ਜਾਣ 'ਤੇ ਕਿਹਾ ਕਿ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਪਿਛਲੇ 31 ਸਾਲ ਤੋਂ ਪਾਵਰਕਾਮ ਵਿੱਚ ਪਹਿਲਾਂ ਲਾਈਨਮੈਨ ਅਤੇ ਹੁਣ ਬਤੌਰ ਜੇ ਈ ਖਪਤਕਾਰਾਂ ਨੂੰ ਬਹੁਤ ਹੀ ਵਧੀਆ ਸੇਵਾਵਾਂ ਦੇ ਕੇ ਇਮਾਨਦਾਰੀ ਦੀ ਮਿਸਾਲ ਕਾਇਮ ਕਰਦਿਆਂ ਮਹਿਕਮੇ ਦੇ ਕੰਮ ਦੇ ਨਾਲ ਨਾਲ ਜਥੇਬੰਦੀ ਦਾ ਵਾਧੂ ਕੰਮ ਵੀ ਸਖਤ ਮਿਹਨਤ ਨਾਲ ਕਰਦੇ ਹੋਏ ਸੂਬਾ ਪ੍ਰਧਾਨ ਦਾ ਵਕਾਰੀ ਅਹੁੱਦਾ ਹਾਸਲ ਕਰਕੇ ਆਪਣੇ ਅਤੇ ਪਾਵਰਕਾਮ ਦੇ ਸਥਾਨਕ ਹਲਕੇ ਦੇ ਵੱਕਾਰ ਨੂੰ ਉਚਾ ਚੁੱਕਣ ਲਈ ਪ੍ਰਸ਼ੰਸਾਯੋਗ ਕੰਮ ਕੀਤਾ ਹੈ। ਇੰਜੀ. ਖਹਿਰਾ ਨੇ ਹਾਜ਼ਰੀਨ ਨੂੰ ਗੁਰਪ੍ਰੀਤ ਗੰਡੀਵਿੰਡ ਵੱਲੋਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਤੋਂ ਪ੍ਰੇਰਣਾ ਲੈ ਕੇ ਖਪਤਕਾਰਾਂ ਨੂੰ ਚੰਗੀਆ ਸੇਵਾਵਾਂ ਦੇਣ ਸਮੇਤ ਵਿਭਾਗ ਦੇ ਮਿਥੇ ਟੀਚੇ ਪੂਰੇ ਕਰਨ 'ਤੇ ਜ਼ੋਰ ਦਿੱਤਾ। ਇਸ ਸਮਾਗਮ ਨੂੰ ਵਧੀਕ ਨਿਗਰਾਨ ਇੰਜੀਨੀਅਰ ਹਰਪ੍ਰੀਤ ਸਿੰਘ, ਸੂਬਾ ਆਗੂ ਅਮਰਜੀਤ ਸਿੰਘ ਮਾੜੀਮੇਘਾ, ਸਰਕਲ ਆਗੂ ਸੁਖਰਾਜ ਸਿੰਘ ਔਲਖ, ਲਖਵਿੰਦਰ ਸਿੰਘ ਬਹਿਲਾ, ਡਵੀਜ਼ਨ ਆਗੂ ਮੇਜਰ ਸਿੰਘ ਨਾਗੋਕੇ, ਬਲਦੇਵ ਸਿੰਘ ਰਸੂਲਪੁਰ, ਹਰਪ੍ਰੀਤ ਸਿੰਘ, ਮੇਜਰ ਸਿੰਘ, ਸੀਨੀਅਰ ਸਹਾਇਕ ਕਵਲਜੀਤ ਕੌਰ, ਐਂਚਡੀਐੱਮ ਹਰਿੰਦਰ ਸਿੰਘ ਤੋਂ ਇਲਾਵਾ ਅਕਾਊਂਟਸ ਕੇਡਰ ਜਥੇਬੰਦੀ ਦੇ ਆਗੂ ਮੰਡਲ ਲੇਖਾਕਾਰ ਸਿਮਰਨਜੀਤ ਸਿੰਘ ਆਦਿ ਨੇ ਵੀ ਹਾਰ ਪਾ ਕੇ ਦੋਵਾਂ ਆਗੂਆਂ ਦਾ ਸਨਮਾਨ ਕਰਦਿਆਂ ਨਿਭਾਈਆਂ ਸ਼ਾਨਦਾਰ ਸੇਵਾਵਾਂ ਦੀ ਪ੍ਰਸ਼ੰਸਾ ਕੀਤੀ।

ਇਸ ਸਮਾਗਮ ਦੇ ਅਖੀਰ 'ਤੇ ਸੰਬੋਧਨ ਕਰਦਿਆਂ ਗੁਰਪ੍ਰੀਤ ਗੰਡੀਵਿੰਡ ਨੇ ਸ਼ਾਨਦਾਰ ਸਵਾਗਤ ਲਈ ਹਾਜ਼ਰੀਨ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

## ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਕਰਵਾਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ

**ਡੇਰਾਬੱਸੀ, (ਸੁਧੀਰ ਮਿੱਡਾ)** ਸ੍ਰੀ ਸੁਖਮਨੀ ਗਰੁੱਪ ਆਫ ਇੰਸਟੀਚਿਊਸਨਜ, ਡੇਰਾਬਸੀ ਵੱਲੋਂ ਆਉਣ ਵਾਲੇ ਵਿੱਦਿਅਕ ਸੈਸਨ ਦੌਰਾਨ ਵਿਦਿਆਰਥੀਆਂ ਅਤੇ ਫੈਕਲਟੀ/ਸਟਾਫ ਲਈ ਪ੍ਰਮਾਤਮਾ ਦੀ ਬਖਸ਼ਿਸ਼ ਪ੍ਰਾਪਤ ਕਰਨ ਦੇ ਉਦੇਸ ਨਾਲ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦਾ ਆਯੋਜਨ ਕੀਤਾ ਗਿਆ। ਪਾਠ ਦੇ ਭੋਗ ਉਪਰੰਤ ਗੁਰਦੁਆਰਾ ਡੇਰਾਬੱਸੀ ਦੇ ਭਾਈ ਸਾਹਿਬ ਵੱਲੋਂ ਅਤਿਅੰਤ ਦਿਲ ਨੂੰ ਛੂਹ ਲੈਣ ਵਾਲਾ ਕੀਰਤਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਐਸ.ਐਸ.ਜੀ.ਆਈ ਪ੍ਰੋ.ਕੰਵਲਜੀਤ ਸਿੰਘ, ਡਾਇਰੈਕਟਰ ਐਸ.ਐਸ.ਜੀ.ਆਈ ਦਮਨਜੀਤ ਸਿੰਘ, ਸ੍ਰੀਮਤੀ ਕੰਵਲਜੀਤ ਕੌਰ, ਡਾਇਰੈਕਟਰ ਐਸ.ਐਸ.ਆਈ.ਐਸ., ਪ੍ਰੋ: ਰਸ਼ਪਾਲ ਸਿੰਘ ਮੁੱਖ ਪ੍ਰਸਾਸਕ ਅਤੇ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਹਾਜਰ ਸਨ। ਗੁਰਦੁਆਰਾ ਸਾਹਿਬ ਡੇਰਾਬਸੀ ਦੇ ਜਥੇਦਾਰ ਨੇ ਅਰਦਾਸ ਵਿੱਚ ਗੁਰੂ ਸਾਹਿਬ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਉਨ੍ਹਾਂ ਕਾਲਜ ਦੇ ਚੇਅਰਮੈਨ ਅਤੇ ਡਾਇਰੈਕਟਰਾਂ ਨੂੰ ਸਿਰੋਪਾਓ ਵੀ ਦਿੱਤੇ। ਆਪਣੇ ਸੰਖੇਪ ਸੰਬੋਧਨ ਦੌਰਾਨ ਪ੍ਰੋ: ਕੰਵਲਜੀਤ ਸਿੰਘ ਨੇ ਸਾਰਿਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਹਰ ਕਿਸੇ ਨੂੰ ਖੁਸ ਅਤੇ ਤੰਦਰੁਸਤ ਰਹਿਣ ਦਾ ਸੰਕਲਪ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਦੇ ਸਾਰੇ ਮੈਂਬਰਾਂ ਨੂੰ ਵਿਦਿਆਰਥੀ ਭਾਈਚਾਰੇ ਦੀ ਬਿਹਤਰੀ ਲਈ ਤਨਦੇਹੀ ਨਾਲ ਕੰਮ ਕਰਨ ਲਈ ਕਿਹਾ। ਦਿਨ ਦੀ ਸਮਾਪਤੀ ਸਮੂਹ ਮਹਿਮਾਨਾਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਗੁਰੂ ਕਾ ਲੰਗਰ ਵਰਤਾਉਣ ਨਾਲ ਹੋਈ।

# ਪੱਕੇ ਮੋਰਚੇ ਵਾਸਤੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਵਲੋਂ ਪਿੰਡਾਂ 'ਚ ਮੀਟਿੰਗਾਂ



**ਆਦਮਪੁਰ, (ਪਰਮਜੀਤ ਸਿੰਘ )**- ਪਾਣੀ ਦੀ ਗਲਤ ਵੰਡ ਨੂੰ ਲੈ ਕੇ ਸਮੂਹ ਕਿਸਾਨ ਜਥੇਬੰਦੀਆਂ ਵਲੋਂ 30 ਦਸੰਬਰ ਨੂੰ ਚੰਡੀਗੜ੍ਹ 'ਚ ਲਗਾਏ ਜਾ ਰਹੇ ਪੱਕੇ ਮੋਰਚੇ ਸੰਬੰਧੀ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਜ਼ਿਲਾ ਪ੍ਰਧਾਨ ਮਨਦੀਪ ਸਿੰਘ ਸਮਰਾ ਤੇ ਕਸ਼ਮੀਰ ਸਿੰਘ ਮੁੱਖ ਬੁਲਾਰਾ ਵਲੋਂ ਕੋਟਲੀ ਜਮੀਤ ਸਿੰਘ ਤੂਰ ਫਾਰਮ ਵਿਖੇ ਬਲਾਕ ਆਦਮਪੁਰ ,ਪਤਾਰਾ ਦੇ ਕਿਸਾਨਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਯੂਨੀਅਨ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਮਨਦੀਪ ਸਿੰਘ ਸਮਰਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਕੋਟਲੀ ਜਮੀਤ ਸਿੰਘ,ਢੰਡੋਰ,ਢੰਡੋਰੀ, ਜੰਡੂ ਸਿੰਘਾਂ, ਸਲੇਮਪੁਰ, ਤੱਲਣ ਤੇ ਹੋਰ ਪਿੰਡਾਂ 'ਚ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਹਨ। ਉਨ੍ਹਾਂ ਨੇ ਕਿਹਾ ਕਿ ਇੱਕ ਪਾਸੇ ਤਾਂ ਕੇਂਦਰ ਸਰਕਾਰ ਸਾਡਾ ਪਾਣੀ ਖੋਹ ਰਹੀ ਹੈ ਦੂਜੇ ਪਾਸੇ ਸਾਡੀ ਭ੍ਰਿਸ਼ਟ ਅਫਸਰਸ਼ਾਹੀ ਦੀ ਲੁੱਟ ਕਾਰਣ ਪੰਜਾਬ ਨੂੰ ਮਿਲਿਆ ਆਪਣੇ ਹਿੱਸੇ ਦਾ ਪਾਣੀ ਵੀ ਸਾਡੇ ਖੇਤਾਂ ਨੂੰ ਦੇਣ ਦੀ ਬਜਾਏ ਮੁਫ਼ਤ 'ਚ ਹਰਿਆਣੇ ਅਤੇ ਰਾਜਥਾਨ ਨੂੰ ਜਾ ਰਿਹਾ ਹੈ । ਸਾਡੇ ਖੇਤਾਂ 'ਚ ਨਹਿਰੀ ਪਾਣੀ ਦੇ ਖਾਲੇ ਗਾਇਬ ਹੋ ਗਏ ਤੇ ਸਾਡੇ ਰਜਬਾਹੇ ਕਾਗਜਾਂ 'ਚ ਵੀ ਸਾਫ ਹੁੰਦੇ ਤੇ ਇਸ ਕੰਮ ਲਈ ਰੱਖਿਆ ਸਰਕਾਰੀ ਪੈਸਾ ਵੀ ਕਥਿਤ ਤੌਰ ਤੇ ਸਿੰਚਾਈ ਵਿਭਾਗ ਦੀਆਂ ਜੇਬਾਂ 'ਚ ਜਾ ਰਿਹਾ ਹੈ। ਕੋਈ ਵੀ ਰਜਬਾਹਾ ਆਪਣੀ ਮਨਜ਼ੂਰ ਸੁਦਾ ਸਮਰੱਥਾ ਅਨੁਸਾਰ ਘਾਹ ਬੂਟੀ ਅਤੇ ਸਫ਼ਾਈ ਨਾ ਹੋਣ ਕਾਰਨ ਲੋੜੀਂਦਾ ਪਾਣੀ ਨਹੀਂ ਲੈ ਰਿਹਾ। ਇੰਝ ਅੱਧਾ ਪਾਣੀ ਦੂਜੇ ਰਾਜਾਂ ਨੂੰ ਮੁਫ਼ਤ ਜਾ ਰਿਹਾ ਹੈ। ਉਨ੍ਹਾਂ ਪੰਜਾਬੀਆਂ ਨੂੰ ਕਿਹਾ ਕਿ ਇਹ ਲੜਾਈ ਸਿਰਫ ਕਿਸਾਨਾਂ ਦੀ ਨਹੀਂ ਹੈ ਇਹ ਹਰ ਪੰਜਾਬ ਵਾਸੀ ਦੀ ਹੋਂਦ ਬਚਾਉਣ ਦੀ ਲੜਾਈ ਹੈ। ਸਮੂਹ ਕਿਸਾਨ ਜਥੇਬੰਦੀਆਂ ਦੇ ਫੈਸਲੇ ਅਨੁਸਾਰ 30 ਦਸੰਬਰ 2022 ਨੂੰ ਪੰਜਾਬ ਦੇ ਕਿਸਾਨ ਅੰਬ ਸਾਹਿਬ ਮੋਹਾਲੀ ਵਿਖੇ ਇਕੱਠੇ ਹੋ ਕੇ ਚੰਡੀਗੜ੍ਹ ਵੱਲ ਨੂੰ ਮਾਰਚ ਕਰਨਗੇ ਤੇ ਜਿੱਥੇ ਸਰਕਾਰ ਉਨ੍ਹਾਂ ਨੂੰ ਰੋਕੇਗੀ ਉਥੇ ਹੀ ਉਹ ਪੱਕਾ ਮੋਰਚਾ ਲਾ ਲੈਣਗੇ। ਉਨ੍ਹਾਂ ਕਿਹਾ ਕਿ ਮੀਟਿੰਗਾਂ 'ਚ ਕਿਸਾਨਾਂ ਨੇ ਉਨਾਂ ਨੂੰ ਪੂਰਾ ਭਰੋਸਾ ਦਿੱਤਾ ਕਿ ਉਹ ਭਾਰੀ ਗਿਣਤੀ 'ਚ ਇਸ ਮੋਰਚੇ ਨੂੰ ਫਤਹਿ ਕਰਨ ਲਈ ਪਹੁੰਚਣਗੇ । ਇਸ ਮੌਕੇ ਸੁਖਜੀਤ ਸਿੰਘ ਬਿੱਟੂ ਪ੍ਰਧਾਨ,ਤਰਸੇਮ ਸਿੰਘ ਕੋਟਲੀ, ਬਹਾਦਰ ਸਿੰਘ ਚੌਹਾਨ,ਰਣਜੀਤ ਸਿੰਘ ਢੰਡੋਰ, ਹਰਵਿੰਦਰ ਸਿੰਘ,ਸੁਖਦੇਵ ਸਿੰਘ, ਹਰਪਾਲ ਸਿੰਘ,ਦਵਿੰਦਰ ਸਿੰਘ ਹਜ਼ਾਰਾਂ,ਮਨੋਹਰ ਸਿੰਘ ਕੰਦੋਲਾ, ਸੁਖਵਿੰਦਰ ਸਿੰਘ,ਨੇਤਰਪਾਲ ਸਿੰਘ, ਜਤਿੰਦਰ ਸਿੰਘ, ਗੁਰਵਿੰਦਰ ਸਿੰਘ,ਓਂਕਾਰ ਸਿੰਘ ,ਸਤਵੀਰ ਕੌਰ,ਹਰਮੰਗਲ ਸਿੰਘ ਸਮੇਤ ਵੱਖ ਵੱਖ ਪਿੰਡਾਂ ਦੇ ਕਿਸਾਨ ਹਾਜਰ ਸਨ।

# ਭੱਟੀ ਨੂੰ ਦਿੱਤਾ ਮੰਗ ਪੱਤਰ



**ਭੋਗਪੁਰ:- (ਗੁਰਪ੍ਰੀਤ ਸਿੰਘ ਭੋਗਲ)**-ਐਸ. ਸੀ/ ਬੀ. ਸੀ ਅਧਿਆਪਕ ਯੂਨੀਅਨ,ਪੰਜਾਬ ਬਲਾਕ ਆਦਮਪੁਰ ਦੇ ਅਧਿਆਪਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਆਮ ਆਦਮੀ ਪਾਰਟੀ ਆਦਮਪੁਰ ਦੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੂੰ ਮੰਗ ਪੱਤਰ ਦਿੱਤਾ ਗਿਆ। ਜੀਤ ਲਾਲ ਭੱਟੀ ਵੱਲੋਂ ਪੂਰਾ ਭਰੋਸਾ ਦਿੱਤਾ ਗਿਆ ਕਿ ਉਨ੍ਹਾਂ ਦੀਆਂ ਜੋ ਵੀ ਮੰਗਾਂ ਹਨ ਉਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇਗਾ ਅਤੇ ਮੁੱਖ ਮੰਤਰੀ ਵੱਲੋਂ ਇਹਨਾਂ ਮੰਗਾਂ ਦਾ ਹੱਲ ਜ਼ਰੂਰ ਕੀਤਾ ਜਾਵੇਗਾ।

## ਟੀਨੂੰ ਨੂੰ ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਬਣਾਉਣ 'ਤੇ ਵਰਕਰਾਂ 'ਚ ਖੁਸ਼ੀ ਦੀ ਲਹਿਰ

**ਆਦਮਪੁਰ ( ਪਰਮਜੀਤ ਸਿੰਘ)**:- ਅਕਾਲੀ ਦਲ ਦੇ ਪ੍ਰਧਾਨ ਸੁਖਵੀਰ ਸਿੰਘ ਬਾਦਲ ਨੇ ਪਾਰਟੀ ਦੀ ਜੱਥੇਬੰਦ ਢਾਂਚੇ ਦਾ ਪੁਨਰਗਠਨ ਕਰਦੇ ਹੋਏ ਅਕਾਲੀ ਦਲ ਹਲਕਾ ਆਦਮਪੁਰ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਅਕਾਲੀ ਦਲ ਦੇ ਮੁੱਖ ਬੁਲਾਰੇ ਪਵਨ ਕੁਮਾਰ ਟੀਨੂੰ ਨੂੰ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ ! ਆਦਮਪੁਰ ਹਲਕੇ ਚ ਪਵਨ ਕੁਮਾਰ ਟੀਨੂੰ ਦੇ ਕੋਰ ਕਮੇਟੀ ਦੇ ਮੈਂਬਰ ਬਣਨ 'ਤੇ ਅਕਾਲੀ ਦਲ ਦੇ ਵਰਕਰਾਂ 'ਚ ਖੁਸ਼ੀ ਦੀ ਲਹਿਰ ਹੈ ! ਆਦਮਪੁਰ ਤੋਂ ਪੰਜ ਵਾਰ ਕੌਂਸਲਰ ਰਹੇ ਅਤੇ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ. ( ਐਸ ਸੀ ਵਿੰਗ ਪੰਜਾਬ ) ਚਰਨਜੀਤ ਸਿੰਘ ਸ਼ੇਰੀ ਨੇ ਹਾਈਕਮਾਨ ਦਾ ਧੰਨਵਾਦ ਕੀਤਾ ਤੇ ਪਵਨ ਕੁਮਾਰ ਟੀਨੂੰ ਨੂੰ ਵਧਾਈ ਦਿੱਤੀ ਹੈ। ਉਨ੍ਹਾਂ ਨਾਲ ਸੰਜੀਵ ਜੋਗੀ ਗਾਂਧੀ ,ਗੁਰਚਰਨ ਰਾਏ ਸਿੰਗਾਰੀ , ਸਤਵਿੰਦਰ ਅਰੋੜਾ, ਸੋਨੂੰ ਭਾਟੀਆ, ਹਨੀ ਭੱਟੀ ਨੇ ਵੀ ਪਵਨ ਕੁਮਾਰ ਟੀਨੂੰ ਨੂੰ ਵਧਾਈ ਦਿੱਤੀ।

# ਬਾਬੇ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ ਨੂੰ ਪੰਜਾਬ ਦੇ ਮਾਡਲ ਕਸਬੇ ਵਜੋਂ ਕੀਤਾ ਜਾਵੇਗਾ ਵਿਕਸਤ : ਸੰਤ ਸੀਚੇਵਾਲ

**ਸੁਲਤਾਨਪੁਰ ਲੋਧੀ, ( ਹਨੀ )** ਕੇਂਦਰ ਸਰਕਾਰ ਵੱਲੋਂ ਸਮਾਰਟ ਸਿਟੀ ਵਿੱਚ ਸ਼ਾਮਲ ਕੀਤੀ ਗਈ ਬਾਬੇ ਨਾਨਕ ਦੀ ਨਗਰੀ ਸੁਲਤਾਨਪੁਰ ਲੋਧੀ ਸਫ਼ਾਈ ਪੱਖ ਤੋਂ ਸੁੰਦਰ ਬਣਾਉਣ ਲਈ ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਨਗਰ ਕੌਂਸਲ ਦਫ਼ਤਰ ਵਿੱਚ ਮੀਟਿੰਗ ਕੀਤੀ ਗਈ। ਇਸ ਵਿੱਚ ਐਸ.ਡੀ.ਐਮ ਕੁਮਾਰੀ ਚੰਦਰਾ ਜੋਤੀ ਸਿੰਘ, ਕਾਰਜ ਸਾਧਕ ਅਫ਼ਸਰ ਧਰਮਪਾਲ ਸਿੰਘ, ਸਹਾਇਕ ਇੰਜੀਨੀਅਰ ਨਗਰ ਕੌਂਸਲ ਸਮੇਤ ਹੋਰ ਅਧਿਕਾਰੀ ਹਾਜ਼ਰ ਹੋਏ ਤੇ ਕੌਂਸਲਰਾਂ ਵਿੱਚੋਂ ਸੰਤਪ੍ਰੀਤ ਸਿੰਘ ਹਾਜ਼ਰ ਸਨ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੌਂਸਲ ਦੇ ਸਾਰੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਉਹ ਸੁਲਤਾਨਪੁਰ ਲੋਧੀ ਨੂੰ ਸਾਫ਼ ਸੁਥਰਾ ਤੇ ਮਾਡਲ ਸ਼ਹਿਰ ਵਜੋਂ ਵਿਕਸਤ ਕਰਨ ਨੂੰ ਤਰਜੀਹ ਦੇਣ। ਉਨ੍ਹਾਂ ਕਿਹਾ ਕਿ ਜਿਸ ਇਤਿਹਾਸਕ ਕਸਬੇ ਤੋਂ ਬਾਬੇ ਨਾਨਕ ਨੇ ਹਵਾ, ਪਾਣੀ ਤੇ ਧਰਤੀ ਨੂੰ ਸਤਿਕਾਰ ਦੇਣ ਦਾ ਸੁਨੇਹਾ ਦਿੱਤਾ ਸੀ ਉਸੇ ਧਰਤੀ ਤੋਂ ਦੇਸ਼ ਤੇ ਦੁਨੀਆ ਸੇਧ ਲਵੇ ਕਿ ਸਾਡੇ ਸ਼ਹਿਰ ਤੇ ਕਸਬੇ ਕਿਹੋ ਜਿਹੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੇ ਇੰਦੌਰ ਸ਼ਹਿਰ ਦੀ ਚਰਚਾ ਸਮਾਰਟ ਸਿਟੀ ਵਜੋਂ ਹੋ ਰਹੀ ਹੈ ਤੇ ਸੀਚੇਵਾਲ ਮਾਡਲ ਬਾਰੇ ਗੰਦੇ ਪਾਣੀਆਂ ਦੇ ਕੀਤੇ ਯੋਗ ਪ੍ਰਬੰਧਾਂ ਨੂੰ ਦੇਖਣ ਲਈ ਮੁੱਖ ਮੰਤਰੀ ਤੇ ਹੋਰ ਅਧਿਕਾਰੀ ਆ ਰਹੇ ਹਨ ਤਾਂ ਫਿਰ ਸੁਲਤਾਨਪੁਰ ਲੋਧੀ ਨੂੰ ਵੀ ਪੰਜਾਬ ਦੇ ਮਾਡਲ ਕਸਬੇ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਮੀਟਿੰਗ ਦੌਰਾਨ ਸੰਤ ਸੀਚੇਵਾਲ ਨੇ ਅਧਿਕਰੀਆਂ ਨੂੰ ਕਿਹਾ ਕਿ ਸੁਲਤਾਨਪੁਰ ਵਰੀ ਇਤਿਹਾਸਕ ਨਗਰੀ ਵਿੱਚ ਵਾਰ-ਵਾਰ ਨੌਕਰੀ ਕਰਨ ਦਾ ਮੌਕਾ ਨਹੀਂ ਮਿਲਦਾ ਹੁੰਦਾ, ਆਪਣੀ ਨੌਕਰੀ ਨੂੰ ਵੀ ਯਾਦਗਾਰੀ ਬਣਾਓ। ਉਨ੍ਹਾ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਹਰ ਘਰ ਵਿੱਚ ਤਿੰਨ ਡਸਟਬਿੰਨ ਹੋਣੇ ਯਕੀਨੀ ਬਣਾਏ ਜਾ ਸਕਣ ਤਾਂ ਜੋ ਠੋਸ ਕੂੜਾ ਘਰ ਵਿੱਚੋਂ ਹੀ ਅਲੱਗ-ਅਲੱਗ ਹੋ ਜਾਵੇ।

ਗਿੱਲੇ ਤੇ ਸੁੱਕੇ ਕੂੜੇ ਦੇ ਵੱਖ-ਵੱਖ ਹੋਣ ਨਾਲ ਹੀ ਬਹੁਤ ਸਾਰੀਆਂ ਸਮੱਸਿਆਵਾਂ ਦੇ ਆਪਣੇ ਆਪ ਹੱਲ ਨਿਕਲ ਆਉਣਗੇ। ਜਨਤਕ ਪਖਾਨਿਆਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਇਤਿਹਾਸਕ ਅਸਥਾਨਾਂ ਦੀ ਯਾਤਰੀ ਕਰਨ ਲਈ ਆਉਣ ਵਾਲੇ ਸ਼ਰਧਾਲੂਆਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਕੂੜੇ ਨੂੰ ਥਾਂ-ਥਾਂ ਅੱਗ ਲਗਾ ਕੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਕਾਰਜ ਸਧਾਕ ਅਫਸਰ ਧਰਮਪਾਲ ਸਿੰਘ ਨੇ ਦੱਸਿਆ ਕਿ ਨਵਾਂ ਟਰੀਟਮੈਂਟ ਪਲਾਂਟ ਲਗਾਉਣ ਦੀ ਪ੍ਰੀਕ੍ਰਿਆ ਅੰਤਮ ਪੜਾਅ ਵਿੱਚ ਹੈ। ਉਨ੍ਹਾਂ ਦੱਸਿਆ ਕਿ ਠੋਸ ਕੂੜੇ ਲਈ 10 ਪਿਟਸ ਬਣੇ ਹੋਏ ਹਨ ਤੇ 16 ਹੋਰ ਪਿਟਸ ਬਣਾਉਣ ਦੀ ਲੋੜ ਹੈ। ਉਨ੍ਹਾਂ ਇਹ ਵੀ ਸਵੀਕਾਰ ਕੀਤਾ ਕਿ ਸਾਰਾ ਕੂੜਾ ਪਿੱਟਾਂ ਤੱਕ ਨਹੀਂ ਜਾ ਰਿਹਾ। ਮੀਟਿੰਗ ਵਿੱਚ ਹਾਜ਼ਰ ਕੌਂਸਲਰ ਸੰਤਪ੍ਰੀਤ ਸਿੰਘ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਨੂੰ ਸਾਫ ਸੁਥਰਾ ਬਣਾਉਣ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਜੇਈ ਤਰਲੋਚਨ ਸਿੰਘ , ਗੌਰਵ, ਗਤਕਾ ਕੋਚ ਗੁਰਵਿੰਦਰ ਕੌਰ ਤੇ ਜਸਵੰਤ ਸਿੰਘ ਸਮੇਤ ਹੋਰ ਸ਼ਹਿਰ ਦੇ ਲੋਕ ਵੀ ਹਾਜ਼ਰ ਸਨ।

# ਮੀਤ ਹੇਅਰ ਵੱਲੋਂ ਦੇਸ਼ ਤੇ ਸੂਬੇ ਦੀ ਤਰੱਕੀ 'ਚ ਸਰਗਰਮ ਭਾਗੀਦਾਰੀ 'ਤੇ ਜ਼ੋਰ

**ਜਲੰਧਰ -(ਸ਼ੈਲੀ ਐਲਬਰਟ)**- ਪੰਜਾਬ ਦੇ ਉਚੇਰੀ ਸਿੱਖਿਆ, ਖੇਡਾਂ ਅਤੇ ਯੁਵਕ ਮਾਮਲੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਨੌਜਵਾਨਾਂ ਵਿਚਲੀ ਊਰਜਾ ਨੂੰ ਉਸਾਰੂ ਪਾਸੇ ਲਗਾ ਕੇ ਉਨ੍ਹਾਂ ਨੂੰ ਦੇਸ਼ ਅਤੇ ਸੂਬੇ ਦੀ ਆਰਥਿਕ ਤੇ ਸਮਾਜਿਕ ਤਰੱਕੀ ਵਿੱਚ ਸਰਗਰਮ ਭਾਗੀਦਾਰ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ । ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਪਿੰਡ ਖਿਆਲਾ ਵਿਖੇ ਯੂਥ ਫੈਸਟੀਵਲ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਸਖ਼ਤ ਮਿਹਨਤ ਅਤੇ ਸੂਝਬੂਝ ਸਦਕਾ ਪੰਜਾਬੀਆਂ ਨੂੰ ਵਿਸ਼ਵ ਭਰ ਵਿੱਚ ਜਾਣਿਆ ਜਾਂਦਾ ਹੈ। । ਗੁਰਮੀਤ ਸਿੰਘ ਮੀਤ ਹੇਅਰ, ਜਿਨ੍ਹਾਂ ਦੇ ਨਾਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਧਰਮਜੀਤ ਸਿੰਘ, ਵਿਧਾਇਕ ਡਾ.ਰਵਜੋਤ ਸਿੰਘ ਅਤੇ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਵੀ ਮੌਜੂਦ ਸਨ, ਨੇ ਕਿਹਾ ਕਿ ਪੰਜਾਬੀ ਨੌਜਵਾਨਾਂ ਵੱਲੋਂ ਨਾ ਸਿਰਫ਼ ਸੂਬੇ ਅਤੇ ਦੇਸ਼ ਸਗੋਂ ਵਿਸ਼ਵ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿੱਚ ਵੱਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ । ਉਨ੍ਹਾਂ ਅਗੇ ਦੱਸਿਆ ਕਿ ਦੇਸ਼ ਦੀ ਬਿਹਤਰੀ ਲਈ ਨੌਜਵਾਨ ਸ਼ਕਤੀ ਨੂੰ ਉਸਾਰੂ ਪਾਸੇ ਲਗਾਉਣ ਦੀ ਲੋੜ ਹੈ ਅਤੇ ਅਜਿਹੇ ਯੂਥ ਫੈਸਟੀਵਲ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਇਸ ਮੌਕੇ ਉਨ੍ਹਾਂ ਆਪਣੇ ਕਾਲਜ ਦੇ ਦਿਨਾਂ ਦੌਰਾਨ ਯੂਥ ਫੈਸਟੀਵਲਾਂ ਵਿੱਚ ਸ਼ਿਰਕਤ ਕਰਨ ਸਬੰਧੀ ਅਨੁਭਵਾਂ ਨੂੰ ਸਾਂਝਾ ਕਰਦਿਆਂ ਕਿਹਾ ਕਿ ਇਨ੍ਹਾਂ ਫੈਸਟੀਵਲਾਂ ਵਿੱਚ ਸ਼ਮੂਲੀਅਤ ਨਾਲ ਨੌਜਵਾਨਾਂ ਵਿੱਚ ਆਤਮ ਵਿਸ਼ਵਾਸ ਵੱਧਦਾ ਹੈ ਜੋ ਕਿ ਉਸਾਰੂ ਸਮਾਜ ਦੀ ਸਿਰਜਣਾ ਤੇ ਅਗਵਾਈ ਕਰਨ ਵਿੱਚ ਸਹਾਈ ਹੁੰਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਨ੍ਹਾਂ ਨੂੰ ਅਜਿਹੇ ਮੇਲਿਆਂ ਵਿੱਚ ਜ਼ਰੂਰ ਸ਼ਿਰਕਤ ਕਰਨੀ ਚਾਹੀਦੀ ਹੈ । ਤਾਂ ਜੋ ਉਨ੍ਹਾਂ ਅੰਦਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀ ਕਲਾ, ਸੰਗੀਤ ਅਤੇ ਡਾਂਸ ਦੇ ਖੇਤਰ ਵਿੱਚ ਲੁਕੀ ਹੋਈ ਪ੍ਰਤਿਭਾ ਨੂੰ ਪਹਿਚਾਣਿਆਂ ਜਾ ਸਕੇ। ਉਨ੍ਹਾਂ ਕਿਹਾ ਕਿ ਕਲਾ ਅਤੇ ਸਭਿਆਚਾਰ ਕਿਸੇ ਵੀ ਵਿਅਕਤੀ ਦੀ ਸਰਵਪੱਖੀ ਸ਼ਖਸੀਅਤ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਤੇ ਅਜਿਹੇ ਯੁਵਕ ਮੇਲੇ ਨੌਜਵਾਨਾਂ ਨੂੰ ਆਪਣਾ ਹੁਨਰ ਪਹਿਚਾਣਨ ਵਿੱਚ ਵਧੀਆ ਮੰਚ ਪ੍ਰਦਾਨ ਕਰਦੇ ਹਨ । ਉਨ੍ਹਾਂ ਵੱਲੋਂ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਦਿਹਾਤੀ ਖੇਤਰ ਦੇ ਵਿਦਿਆਰਥੀਆਂ ਨੂੰ ਮਿਆਰੀ ਅਤੇ ਸਸਤੀ ਸਿੱਖਿਆ ਪ੍ਰਦਾਨ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਭਵਿੱਖ ਵਿੱਖ ਪੰਜਾਬ ਸਰਕਾਰ ਵਲੋਂ ਇਸ ਨੇਕ ਕਾਰਜ ਵਿੱਚ ਭਰਪੂਰ ਸਹਿਯੋਗ ਦੇਣ ਦਾ ਭਰੋਸਾ ਦੁਆਇਆ ਗਿਆ। ਉਨ੍ਹਾਂ ਮੰਗ ਅਨੁਸਾਰ ਹੁਨਰਮੰਦ ਕੋਰਸ ਸ਼ੁਰੂ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਸਾਡੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮਿਲ ਸਕਣ । ਇਸ ਮੌਕੇ ਮੁੱਖ ਮਹਿਮਾਨ ਅਤੇ ਹੋਰਨਾਂ ਅਹਿਮ ਸ਼ਖਸੀਅਤਾਂ ਦਾ ਸਵਾਗਤ ਕਰਦਿਆਂ ਵਾਈਸ ਚਾਂਸਲਰ ਧਰਮਜੀਤ ਸਿੰਘ ਪਰਮਾਰ ਵਲੋਂ ਸੰਤ ਬਾਬਾ ਮਲਕੀਤ ਸਿੰਘ ਜੀ ਦੁਆਰਾ ਸਾਲ 2015 ਵਿੱਚ ਸਥਾਪਤ ਯੂਨੀਵਰਸਿਟੀ ਅਤੇ ਦੂਜੇ ਚਾਂਸਲਰ ਸੰਤ ਬਾਬਾ ਦਲਾਵਰ ਸਿੰਘ ਜੀ ਦੀ ਅਗਵਾਈ ਵਿੱਚ ਹਾਸਲ ਕੀਤੀਆਂ ਅਹਿਮ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਮੌਜੂਦਾ ਚਾਂਸਲਰ ਸੰਤ ਬਾਬਾ ਸਰਵਣ ਸਿੰਘ ਜੀ ਵੱਲੋਂ ਇਸ ਵਿਰਾਸਤ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 4000 ਵਿਦਿਆਰਥੀਆਂ ਵੱਲੋਂ ਯੁਵਕ ਮੇਲੇ ਦੌਰਾਨ 80 ਤੋਂ ਵੱਧ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲਿਆ ਜਾਵੇਗਾ। ।)

# ਡਾ. ਲੈਂਬਰ ਰਾਮ ਨੇ ਸਿਵਲ ਹਸਪਤਾਲ 'ਚ ਐੱਸ ਐੱਮ ਓ ਵਜੋਂ ਸੰਭਾਲਿਆ ਅਹੁਦਾ



**ਫਗਵਾੜਾ ( ਡਾ. ਰਮਨ )** ਸਿਵਲ ਹਸਪਤਾਲ ਦੇ ਨਵੇਂ ਐੱਸ.ਐੱਮ.ਓ. ਡਾ ਲੈਂਬਰ ਰਾਮ ਨੇ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿਹਤ ਵਿਭਾਗ ਵੱਲੋਂ ਸੌਂਪੀ ਜ਼ੁੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ ਲੈਂਬਰ ਰਾਮ ਪਹਿਲਾਂ ਵੀ ਸਿਵਲ ਹਸਪਤਾਲ ਵਿਖੇ ਆਪਣੀਆਂ ਬੇਹਤਰੀਨ ਸੇਵਾਵਾਂ ਦੇ ਚੁੱਕੇ ਹਨ। ਇਸ ਤੋਂ ਪਹਿਲਾਂ ਮਿਆਂਵਿੰਡ ਜ਼ਿਲ੍ਹਾ ਤਰਨ ਤਾਰਨ ਹਸਪਤਾਲ 'ਚ ਤਾਇਨਾਤ ਰਹੇ। ਇਥੇ ਪੁੱਜਣ 'ਤੇ ਹਸਪਤਾਲ ਦੇ ਡਾਕਟਰਾਂ ਤੇ ਸਮੂਹ ਸਟਾਫ ਵਲੋਂ ਫੁੱਲਾਂ ਦੇ ਬੁੱਕੇ ਦੇ ਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਡਾਕਟਰ ਲੈਂਬਰ ਰਾਮ ਨੇ ਕਿਹਾ ਕਿ ਸਿਵਲ ਹਸਪਤਾਲ ਫਗਵਾੜਾ ' ਚ ਆਮ ਲੋਕਾਂ ਲਈ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਜਾਵੇਗਾ।

ਉਨ੍ਹਾਂ ਹਸਪਤਾਲ ਦੇ ਸਮੂਹ ਡਾਕਟਰਾਂ ਤੇ ਸਟਾਫ ਤੋਂ ਸਹਿਯੋਗ ਵੀ ਮੰਗਿਆ । ਇਸ ਮੌਕੇ ਡਾ.ਨਰੇਸ਼ ਕੁੰਦਰਾ , ਡਾ. ਰਵੀ ਕੁਮਾਰ , ਡਾ. ਰਾਜੇਸ਼ ਕੁਮਾਰ , ਡਾ. ਦੀਪਕ ਕੁਮਾਰ ਨੇ ਹਸਪਤਾਲ 'ਚ ਸਿਹਤ ਸੇਵਾਵਾਂ ਲਈ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ । ਇਸ ਮੌਕੇ ਡਾ. ਕੰਨਿਕਾ ਗੋਇਲ , ਡਾ. ਨਿਰਵੈਰ ਸਿੰਘ, ਡਾ. ਅਨੀਤਾ ਕਟਾਰੀਆ , ਡਾ.ਸਿਮਰਜੀਤ ਕੌਰ , ਡਾ. ਮਨਜੀਤ ਨਾਗਰਾ, ਡਾ ਗੁਰਿੰਦਰ ਸਿੰਘ , ਡਾ. ਦੀਪਕ, ਡਾ. ਜਸਲੀਨ ਕੌਰ, ਡਾ. ਹਿਮਾਕ ਪ੍ਰਭਾਕਰ , ਡਾ. ਅਸੀਸ ਜੇਤਲੀ , ਡਾ. ਸਤਪਿੰਦਰ ਕੌਰ , ਡਾ. ਸੰਜੀਵ ਲੋਚਣ , ਡਾ. ਗਗਨਦੀਪ ਸਿੰਘ ਭੱਟੀ , ਡਾ. ਪਰਮਜੀਤ ਕੌਰ ਸੈਣੀ , ਡਾ. ਪ੍ਰਭਜੋਤ ਜੱਬਲ , ਡਾ. ਸੁਮਿਤ, ਸਟਾਫ ਨਰਸ ਮੀਨਾ ਸ਼ਰਮਾ, ਗੁਰਵਿੰਦਰ ਕੌਰ, ਸੰਦੀਪ ਕੌਰ , ਕੁਲਵਿੰਦਰ ਕੌਰ , ਕੁਲਦੀਪ , ਸੁਖਵਿੰਦਰ ਸਿੰਘ , ਗੁਰਚਰਨ ਸਿੰਘ , ਗਗਨਦੀਪ , ਬਲਜਿੰਦਰ ਕੌਰ , ਹੈੱਡ ਨਰਸਿੰਗ ਸਿਸਟਰ ਪ੍ਰਮਜੀਤ ਕੌਰ , ਮੈਟਰਨ ਸੋਮਾ , ਅਸੀਸ ਧੀਮਾਨ , ਸਿਧਾਂਤ ਸਭਰਵਾਲ, ਨਿਕਿਤਾ, ਕੁਮਾਰ , ਹਿੰਮਾਸ਼ੂ, ਰਾਜੇਸ਼ ਸ਼ਰਮਾ, ਆਤਮਾ ਰਾਮ, ਜਗਦੀਪ , ਰਮਨ, ਮਲਕੀਤ ਚੰਦ, ਰੌਣਕੀ ਰਾਮ, ਹਰਵਿੰਦਰ ਕੁਮਾਰ, ਮੋਨੀਕਾ ਸੋਨਾ , ਗੁਰਪ੍ਰੀਤ ਕੌਰ , ਸੁਖਵਿੰਦਰ ਕੌਰ, ਮਨਦੀਪ ਕੌਰ, ਫਕੀਰ ਚੰਦ , ਮੀਨਾ , ਹਰਜਿੰਦਰ ਸਿੰਘ, ਟੇਕ ਚੰਦ, ਲਵਪ੍ਰੀਤ, ਕੁਲਵਿੰਦਰ ਕੌਰ, ਅੰਨੂ, ਸਮੇਤ ਹੋਰ ਸਟਾਫ ਮੈਂਬਰ ਹਾਜਰ ਸਨ ।

## ਨਵੀਂ ਡੀ ਸੀ ਕੋਮਲ ਮਿੱਤਲ ਦਾ ਸ਼ਿਵ ਸੈਨਾ ਸਰਵਧਰਮ ਪਾਰਟੀ ਵੱਲੋਂ ਸਵਾਗਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸ਼ਿਵ ਸੈਨਾ ਸਰਵਧਰਮ ਪਾਰਟੀ ਦਾ ਵਫ਼ਦ ਜ਼ਿਲ੍ਹਾ ਪ੍ਰਧਾਨ ਜਾਵੇਦ ਖਾਨ ਦੀ ਅਗਵਾਈ ਹੇਠ ਮਾਨਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਕੋਮਲ ਮਿੱਤਲ ਨੂੰ ਮਿਲਿਆ ਅਤੇ ਉਨ੍ਹਾਂ ਦਾ ਹੁਸ਼ਿਆਰਪੁਰ ਪਹੁੰਚਣ 'ਤੇ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ। ਇਸ ਮੌਕੇ ਜਾਵੇਦ ਖਾਨ ਨੇ ਡਿਪਟੀ ਕਮਿਸ਼ਨਰ ਨੂੰ ਸ਼ਹਿਰ ਦੀਆਂ ਸਮੱਸਿਆਵਾਂ ਜਿਵੇਂ ਕਿ ਸ਼ਹਿਰ ਦੀ ਸਫ਼ਾਈ, ਟ੍ਰੈਫ਼ਿਕ ਸਮੱਸਿਆ, ਪਾਰਕਾਂ ਦੀ ਸਾਫ਼-ਸਫ਼ਾਈ, ਅਵਾਰਾ ਪਸ਼ੂ, ਚਾਈਨਾ ਡੋਰ ਆਦਿ ਬਾਰੇ ਜਾਣੂ ਕਰਵਾਇਆ। ਮਾਨਯੋਗ ਜ਼ਿਲ੍ਹਾ ਮੈਜਿਸਟਰੇਟ ਨੇ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਸ ਮੌਕੇ ਸ਼ਿਵ ਸੈਨਾ ਸਰਵਧਰਮ ਪਾਰਟੀ ਦੀ ਤਰਫੋਂ ਡਿਪਟੀ ਕਮਿਸ਼ਨਰ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਸ਼ਹਿਰ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਆਪਣਾ ਪੂਰਾ ਸਹਿਯੋਗ ਦੇਣ ਲਈ ਤਿਆਰ ਹਨ। ਇਸ ਮੌਕੇ ਜ਼ਿਲ੍ਹਾ ਚੇਅਰਮੈਨ ਹਰਜਿੰਦਰ ਸਿੰਘ, ਸਿਟੀ ਯੂਥ ਪ੍ਰਧਾਨ ਜੱਗਾ ਪਹਿਲਵਾਨ, ਜ਼ਿਲ੍ਹਾ ਮਹਿਲਾ ਮੰਡਲ ਪ੍ਰਧਾਨ ਸੰਤੋਸ਼ ਕੁਮਾਰੀ, ਸ਼ਹਿਰੀ ਮਹਿਲਾ ਮੰਡਲ ਪ੍ਰਧਾਨ ਸਪਨਾ, ਵਾਰਡ ਨੰ: 46 ਪ੍ਰਧਾਨ ਰੀਨਾ, ਵਾਰਡ ਨੰ: 47 ਤਾਰਾ ਰਾਣੀ, ਪਿੰਡ ਹਰਦੋਖਾਨਪੁਰ ਮਹਿਲਾ ਵਿੰਗ ਪ੍ਰਧਾਨ ਅਮਰ ਜੋਤੀ, ਡਾ. ਪਿੰਕੇਸ਼ਵਰ ਰਾਏ, ਜਗਤਾਰ ਸਿੰਘ, ਹਰਜੀਤ ਕੌਰ ਅਤੇ ਸ਼ਿਵ ਸੈਨਾ ਸਰਵਧਰਮ ਪਾਰਟੀ ਦੇ ਵਰਕਰ ਹਾਜ਼ਰ ਸਨ।

## ਅਵਤਾਰ ਸਿੰਘ ਨੇ ਸਪੈਸ਼ਲ ਸਕੂਲ ਦੇ ਬੱਚਿਆਂ ਲਈ 50,000 ਰੁਪਏ ਦੀ ਰਾਸ਼ੀ ਭੇਟ ਕੀਤੀ

**ਹੁਸ਼ਿਆਰਪੁਰ(ਬਲਵੀਰ ਸਿੰਘ ਸੈਣੀ)**- ਅਵਤਾਰ ਸਿੰਘ ਨੇ ਜੇ.ਐਸ.ਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨ ਖੇਲਾਂ ਹੁਸ਼ਿਆਰਪੁਰ ਦਾ ਦੌਰਾ ਕੀਤਾ। ਉਨ੍ਹਾਂ ਪਰਮਜੀਤ ਸਿੰਘ ਸਚਦੇਵਾ, ਸਲਾਹਕਾਰ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੀ ਪ੍ਰੇਰਨਾ ਨਾਲ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਸਕੂਲ ਨੂੰ 50 ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ। ਇਸ ਮੌਕੇ ਪ੍ਰਿੰਸੀਪਲ ਸ਼ੈਲੀ ਸ਼ਰਮਾ ਨੇ ਸਕੂਲ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ।

ਪ੍ਰਧਾਨ ਤਰਨਜੀਤ ਸਿੰਘ ਸੀ.ਏ., ਸਕੱਤਰ ਸ੍ਰੀ ਹਰਬੰਸ ਸਿੰਘ ਨੇ ਅਵਤਾਰ ਸਿੰਘ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਮਨਜੀਤ ਸਿੰਘ ਵੀ ਮੌਜੂਦ ਸਨ। ਅਵਤਾਰ ਸਿੰਘ ਅਤੇ ਮਨਜੀਤ ਸਿੰਘ ਨੇ ਸਕੂਲ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

# ਫੰਡਾਂ ਦੀ ਸਹੀ ਤੇ ਪਾਰਦਰਸ਼ੀ ਤਰੀਕੇ ਨਾਲ ਵਰਤੋਂ ਕੀਤੀ ਜਾਵੇ-ਈ ਟੀ ਓ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜ਼ਾਂ ਦੀ ਗਤੀ ਨੂੰ ਤੇਜ਼ ਕਰਨ ਲਈ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸਾਰੇ ਵਿਭਾਗਾਂ ਵਲੋਂ ਕੀਤੇ ਜਾ ਰਹੇ ਵਿਕਾਸ ਕਾਰਜ਼ਾਂ ਦੀ ਨਿਰੰਤਰ ਨਜਰਸਾਨੀ ਕੀਤੀ ਜਾ ਰਹੀ ਹੈ। ਇੱਥੇ ਮੁੱਖ ਮੰਤਰੀ ਦੀਆਂ ਹਦਾਇਤਾਂ ਦੇ ਤਹਿਤ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ (ਈ.ਟੀ.ਓ.) ਦੀ ਪ੍ਰਧਾਨਗੀ ਹੇਠ ਵਿਭਾਗ ਦੇ ਸਮੂਹ ਮੁੱਖ ਇੰਜੀਨੀਅਰਾਂ ਨਾਲ ਮੀਟਿੰਗ ਕੀਤੀ ਗਈ, ਇਸ ਮੌਕੇ ਸਕਤਾਰ ਸਿੰਘ ਬੱਲ, ਸੰਯੁਕਤ, ਸਕੱਤਰ ਲੋਕ ਨਿਰਮਾਣ ਵਿਭਾਗ ਵੀ ਮੌਜੂਦ ਸਨ। ਮੀਟਿੰਗ ਦੌਰਾਨ ਲੋਕ ਨਿਰਮਾਣ ਮੰਤਰੀ ਹਰਭਜਨ ਸਿਮਘ ਈ.ਟੀ.ਓ ਨੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜ਼ਾਂ ਵਿਚ ਤੇਜ਼ੀ ਲਿਆਂਦੀ ਜਾਵੇ ਉਨ੍ਹਾਂ ਨਾਲ ਹੀ ਕਿਹਾ ਕਿ ਕੰਮ ਦੇ ਮਿਆਰ ਨੂੰ ਯਕੀਨੀ ਬਣਾਇਆ ਜਾਵੇ ਅਤੇ ਸਰਕਾਰੀ ਪੈਸੇ ਦੀ ਵਿਕਾਸ ਕਾਰਜਾਂ ਲਈ ਸਹੀ ਅਤੇ ਪੂਰੀ ਪਾਰਦਰਸ਼ਤਾ ਨਾਲ ਵਰਤੋ ਕੀਤੀ ਜਾਵੇ। ਇਸ ਦੇ ਨਾਲ ਹੀ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਸਰਕਾਰ ਕੋਲ ਲੋਕ ਭਲਾਈ ਅਤੇ ਵਿਕਾਸ ਕਾਰਜ਼ਾਂ ਦੇ ਕੰਮਾਂ ਲਈ ਫੰਡਜ਼ ਦੀ ਕੋਈ ਘਾਟ ਨਹੀਂ ਹੈ। ਮੰਤਰੀ ਨੇ ਮੀਟਿੰਗ ਦੌਰਾਨ ਨਵੇਂ ਕੰਮਾਂ ਦੇ ਟੈਂਡਰਾਂ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ ਅਤੇ ਕੰਮ ਛੇਤੀ ਅਲਾਟ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਤਾਂ ਜੋ ਉਪਲਬਧ ਫੰਡਾਂ ਨੂੰ ਇਸਤੇਮਾਲ ਕਰਕੇ ਵਿਕਾਸ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾ ਸਕੇ। ਇਸ ਦੇ ਨਾਲ ਹੀ ਪਹਿਲਾਂ ਤੋਂ ਚੱਲ ਰਹੇ ਕੰਮਾਂ ਵਿੱਚ ਹੋ ਰਹੀ ਦੇਰੀ ਦੇ ਕਾਰਨਾਂ ਦੀ ਸਮੀਖਿਆ ਵੀ ਕੀਤੀ ਗਈ। ਮਹਿਕਮੇ ਦੇ ਅਧਿਕਾਰੀਆਂ ਵੱਲੋਂ ਨਿਰਮਾਣ ਸਮੱਗਰੀ ਜਿਵੇਂ ਕਿ ਰੇਤਾ, ਬਜਰੀ, ਗਟਕਾ ਆਦਿ ਦੀ ਘੱਟ ਉਪਲਬਧਤਾ ਅਤੇ ਪ੍ਰਸ਼ਾਸਕੀ ਪ੍ਰਵਾਨਗੀ ਦੀ ਲੰਬੀ ਪ੍ਰਕਿਰਿਆ ਸਬੰਧੀ ਲੋਕ ਨਿਰਮਾਣ ਮੰਤਰੀ ਦੇ ਧਿਆਨ ਵਿਚ ਲਿਆਂਦਾ। ਤੁਰੰਤ ਕਾਰਵਾਈ ਕਰਦਿਆਂ ਮੰਤਰੀ ਵੱਲੋਂ ਪ੍ਰਸ਼ਾਸਕੀ ਪ੍ਰਵਾਨਗੀ ਨੂੰ ਸਰਲ ਕਰਨ ਅਤੇ ਕਾਰਜਕਾਰੀ ਇੰਜੀਨੀਅਰ ਦੇ ਲੈਵਲ ਤੱਕ ਵੀ ਤੱਤਕਾਲੀ ਕੰਮਾਂ ਲਈ ਕੁੱਝ ਫੰਡ ਮੁਹੱਈਆ ਕਰਵਾਉਣ ਦੀ ਤਜਵੀਜ਼ ਭੇਜਣ ਲਈ ਹੁਕਮ ਜਾਰੀ ਕੀਤੇ।

## ਆਟੋ ਇੰਜੀਨੀਅਰ ਏਜੰਸੀ 'ਚ ਹੋਈ ਚੋਰੀ

**ਫਿਲੌਰ (ਨਿਰਮਲ)**-ਫਿਲੌਰ ਜੀ.ਟੀ.ਰੋਡ ਹਾਈਵੇਅ 'ਤੇ ਪੈਪਸੀ ਕੋਲਡ ਡਰਿੰਕ ਫੈਕਰਟਰੀ ਦੇ ਨਜ਼ਦੀਕ ਰਾਏ ਆਟੋ ਇੰਜੀਨੀਅਰ ਏਜੰਸੀ 'ਚੋਂ ਬੀਤੀ ਰਾਤ ਚੋਰਾਂ ਵੱਲੋਂ ਚੌਕੀਦਾਰ ਨੂੰ ਰੱਸੇ ਨਾਲ ਬੰਨ੍ਹ ਕੇ ਉਸ ਦਾ ਫੋਨ ਤੋੜ ਕੇ ਦੋ ਟ੍ਰੈਕਟਰ, ਇੱਕ ਲੈਪਟੋਪ ਅਤੇ ਸੀ.ਸੀ.ਟੀ ਕੈਮਰਿਆ ਦਾ ਡੀ.ਵੀ.ਆਰ ਚੋਰੀ ਕਰ ਕੇ ਲੈ ਗਏ। ਕੰਪਨੀ ਦੇ ਮਾਲਕ ਕਰਮਜੀਤ ਸਿੰਘ ਰਾਏ ਅਨੁਸਾਰ ਚੌਕੀਦਾਰ ਦਲਜੀਤ ਸਿੰਘ ਨੇ ਦੱਸਿਆ ਕੇ ਬੀਤੀ ਰਾਤ ਤਕਰੀਬਨ ਇੱਕ ਵਜੇ ਦੇ ਕਰੀਬ ਤਿੰਨ ਵਿਅਕਤੀ ਆਏ ਅਤੇ ਉਨ੍ਹਾਂ ਨੇ ਉਸ ਨੂੰ ਰੱਸੇ ਨਾਲ ਬੰਨ੍ਹ ਕੇ ਪਹਿਲਾ ਭੰਨਤੋੜ ਕੀਤੀ ਅਤੇ ਬਾਅਦ ਵਿੱਚ ਟ੍ਰੈਕਟਰ ਚੋਰੀ ਕਰਕੇ ਕੇ ਲੈ ਗਏ। ਮੈਂ ਬੜੀ ਮੁਸ਼ਕਲ ਨਾਲ ਰੱਸਾ ਖੋਲ੍ਹਿਆ ਅਤੇ ਕਿਸੇ ਤਰ੍ਹਾਂ ਏਜੰਸੀ ਦੇ ਮਾਲਕਾਂ ਨੂੰ ਫੋਨ ਕੀਤਾ। ਪਿੰਡ ਸੈਫਾਬਾਦ ਦੇ ਕੁਝ ਲੋਕਾਂ ਏਜੰਸੀ 'ਚ ਆ ਕੇ ਦੱਸਿਆ ਕਿ ਇੱਕ ਟਰੈਕਟਰ ਖੇਤਾਂ ਵਿੱਚ ਖੜ੍ਹਾ ਹੈ। ਏਜੰਸੀ ਮਾਲਕਾਂ ਵੱਲੋਂ ਥਾਣਾ ਫਿਲੌਰ ਵਿਖੇ ਲਿਖਤੀ ਦਰਖਾਸਤ ਦਿੱਤੀ ਗਈ। ਘਟਨਾ ਵਾਲੀ ਜਗ੍ਹਾ 'ਤੇ ਥਾਣਾ ਫਿਲੌਰ ਦੇ ਏ.ਐਸ.ਆਈ ਵਿਜੇ ਕੁਮਾਰ ਪੁੱਜੇ ਅਤੇ ਮੌਕਾ ਵੇਖਿਆ। ਉਨ੍ਹਾਂ ਨੇ ਕਿਹਾ ਕਿ ਚੋਰਾਂ ਵੱਲੋਂ ਵਰਤਿਆ ਮੋਟਰਸਾਈਕਲ ਤੇ ਡੀ.ਵੀ.ਆਰ ਚੋਰ ਸੁੱਟ ਗਏ ਸਨ ਅਤੇ ਇੱਕ ਟਰੈਕਟਰ ਖੇਤਾਂ 'ਚ ਛੱਡ ਗਏ।

# ਡਿਪਟੀ ਕਮਿਸ਼ਨਰ ਵੱਲੋਂ ਫਗਵਾੜਾ ਦੇ ਪਿੰਡਾਂ 'ਚ ਵਿਕਾਸ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ



**ਫਗਵਾੜਾ ( ਜਸਵਿੰਦਰ ਢੱਡਾ, ਇੰਦਰਜੀਤ ਸਿੰਘ ਮਠਾੜੂ)** ਡਿਪਟੀ ਕਮਿਸ਼ਨਰ ਕਪੂਰਥਲਾ ਵਿਸ਼ੇਸ਼ ਸਾਰੰਗਲ ਨੇ ਪੰਜਾਬ ਸਰਕਾਰ ਵਲੋਂ ਪਿੰਡਾਂ ਅੰਦਰ ਵਿਕਾਸ ਕਾਰਜਾਂ ਲਈ ਜਾਰੀ ਫੰਡਾਂ ਦੀ ਸੁਚੱਜੀ ਵਰਤੋਂ ਅਤੇ ਕੰਮ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਫਗਵਾੜਾ ਬਲਾਕ ਤਹਿਤ ਪੈਂਦੇ ਪਿੰਡਾਂ ਅੰਦਰ ਵਿਕਾਸ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਇੱਥੇ ਪਿੰਡ ਮਾਣਕ ਵਿਖੇ ਵਿਕਾਸ ਕੰਮਾਂ ਦਾ ਨਿਰੀਖਣ ਵੀ ਕੀਤਾ। ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ 18 ਨਵੰਬਰ ਤੋਂ ਜ਼ਿਲ੍ਹੇ ਦੇ ਪਿੰਡਾਂ ਅੰਦਰ ਵਿਕਾਸ ਕੰਮਾਂ ਦੀ ਫਿਜ਼ੀਕਲ ਵੈਰੀਫਿਕੇਸ਼ਨ ਬਲਕਾ ਨਡਾਲਾ ਅਤੇ ਢਿਲਵਾਂ ਤੋਂ ਸ਼ੁਰੂ ਕੀਤੀ ਗਈ ਸੀ।

ਪਿੰਡ ਮਾਣਕ ਵਿਖੇ ਡਿਪਟੀ ਕਮਿਸ਼ਨਰ ਨੇ ਕੰਕਰੀਟ ਦੀਆਂ,ਸੜਕਾਂ ,ਗਲੀਆਂ,ਵਾਟਰ ਸਪਲਾਈ,ਸੀਵਰੇਜ਼ , ਸਟੇਡੀਅਮ , ਸੇਵਾ ਕੇਂਦਰ ਦੇ ਕੰਮਾਂ ਦਾ ਨਿਰੀਖਣ ਕੀਤਾ। ਉਨ੍ਹਾਂ ਪਿੰਡ ਵਾਸੀਆਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਵੀ ਸੁਣਿਆ ਅਤੇ ਅਧਿਕਾਰੀਆਂ ਨੂੰ ਮੌਕੇ ਉੱਪਰ ਹੀ ਉਨ੍ਹਾਂ ਦੇ ਹੱਲ ਲਈ ਲੋੜੀਂਦੇ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਪਿੰਡ ਦੇ ਸਰਕਾਰੀ ਸਕੂਲ ਦਾ ਵੀ ਦੌਰਾ ਕੀਤਾ ਤੇ ਖੁਦ ਖਾ ਕੇ ਦੁਪਹਿਰ ਦੇ ਖਾਣੇ ਨੂੰ ਚੈੱਕ ਕੀਤਾ। ਇਸ ਤੋਂ ਵਿਦਿਆਰਥੀਆਂ ਨਾਲ ਵੀ ਗੱਲ-ਬਾਤ ਕੀਤੀ। ਡਿਪਟੀ ਕਮਿਸ਼ਨਰ ਵਲੋਂ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ,ਪੰਜਾਬ ਨਿਰਮਾਣ ਪ੍ਰੋਗਰਾਮ,ਸਮਾਰਟ ਵਿਲੈਜ ਮੁਹਿੰਮ 1 ਅਤੇ 2 ਦੌਰਾਨ ਜਾਰੀ ਹੋਏ ਫੰਡਾਂ ਨਾਲ ਮੁਕੰਮਲ ਕੀਤੇ ਵਿਕਾਸ ਕੰਮਾਂ ਨੂੰ ਵੇਖਿਆ ਗਿਆ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਪਿੰਡਾਂ ਵਿਚ ਚੱਲ ਰਹੇ ਵਿਕਾਸ ਕਾਰਜ਼ਾਂ ਨੂੰ ਸੀ.ਐਸ.ਆਰ "ਕੋਮਨ ਸ਼ਡਿਊਲ ਆਫ਼ ਰੇਟ" ਤਹਿਤ ਨਿਰਧਾਰਿਤ ਮਾਪਦੰਡਾਂ ਅਨੁਸਾਰ ਹੀ ਕੀਤਾ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਹਰ ਹਫ਼ਤੇ ਵਿਕਾਸ ਕੰਮਾਂ ਦੀ ਮੌਕੇ 'ਤੇ ਜਾ ਕੇ ਨਿਰੀਖਣ ਕਰਨ ਤਾਂ ਜੋ ਅਲਟਾ ਕੀਤੇ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕਰਨ ਦੇ ਨਾਲ-ਨਾਲ ਕੰਮ ਦੀ ਗੁਣਵੱਤਾ ਨੂੰ ਵੀ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਬੀ.ਡੀ.ਪੀ.ਓ ਦਫ਼ਤਰ ਫ਼ਗਵਾੜਾ ਨੂੰ ਪ੍ਰਾਪਤ ਵੱਖ-ਵੱਖ ਸਰਕਾਰੀ ਯੋਜਨਾਵਾਂ ਤਹਿਤ ਪ੍ਰਾਪਤ ਗ੍ਰਾਂਟਾਂ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਵੀ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਸਪੱਸ਼ਟ ਕਿਹਾ ਕਿ ਵਿਕਾਸ ਕੰਮਾਂ ਵਿਚ ਕਿਸੇ ਵੀ ਤਰ੍ਹਾਂ ਦੀ ਅਣਗੇਲੀ ਬਿਲਕੁੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਐਸ ਡੀ ਐਮ ਫਗਵਾੜਾ, ਬੀ.ਡੀ.ਪੀ.ਓ ਰਾਜੇਸ਼ ਚੱਢਾ, ਤਹਿਸੀਲਦਾਰ ਪਵਨ ਕੁਮਾਰ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਟੀ ਐੱਸ ਯੂ ਆਗੂ ਗੁਰਕਮਲ ਸਿੰਘ ਨੂੰ ਦਿੱਤੀ ਨਿੱਘੀ ਵਿਦਾਇਗੀ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)** ਸਥਾਨਕ ਰਿਜੋਰਟ ਵਿਖੇ ਬਿਜਲੀ ਬੋਰਡ ਦੇ ਜੇ ਈ ਅਤੇ ਟੀ ਐਸ ਯੂ ਦੇ ਪੰਜਾਬ ਪੱਧਰ ਦੇ ਆਗੂ ਗੁਰਕਮਲ ਸਿੰਘ ਗਰਚਾ ਦਾ ਵਿਦਾਇਗੀ ਸਮਰੋਹ ਕੀਤਾ ਗਿਆ । ਇਸ ਸਮਾਗਮ ਵਿੱਚ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੇ ਆਗੂਆਂ ਨੇ ਸ਼ਿਰਕਤ ਕੀਤੀ । ਜਿਹਨਾ ਵਿਚ ਸੀ ਪੀ ਆਈ ਐਮ ਐਲ ਦੇ ਆਗੂ ਅਜਮੇਰ ਸਿੰਘ ਸਮਰਾ, ਕਿਰਤੀ ਕਿਸਾਨ ਯੂਨੀਅਨ ਦੇ ਸੰਤੋਖ ਸਿੰਘ ਸੰਧੂ, ਪੇਂਡੂ ਮਜਦੂਰ ਦੇ ਆਗੂ ਤਰਸੇਮ ਪੀਟਰ, ਕਾਮਰੇਡ ਚੰਨਣ ਸਿੰਘ ,ਕਾਮਰੇਡ ਹੰਸ ਰਾਜ ਪਬਵਾਂ ਨੇ ਸਾਥੀ ਗਰਚਾ ਦੇ ਲੋਕ ਸੰਘਰਸਾਂ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਤੇ ਆਸ ਕੀਤੀ ਕੇ ਸਾਥੀ ਅੱਗੋ ਤੋਂ ਵੀ ਲੋਕ ਲਹਿਰਾਂ ਨਾਲ ਜੁੜੇ ਰਹਿਣਗੇ ।

ਉਹਨਾਂ ਸਾਥੀ ਨੂੰ ਅਤੇ ਉਹਨਾਂ ਦੀ ਧਰਮ ਪਤਨੀ ਅਤੇ ਮਾਤਾ ਪਿਤਾ ਨੂੰ ਵਧਾਈ ਦਿੱਤੀ । ਬੁਲਾਰਿਆਂ ਨੇ ਆਖਿਆ ਕਿ ਕੇਂਦਰ ਸਰਕਾਰ ਵਿਰੁੱਧ ਲੜੇ ਕਿਸਾਨੀ ਸੰਘਰਸ਼ ਦੀ ਜਿੱਤ ਸਿਰਫ ਕਿਸਾਨਾਂ ਦੀ ਜਿੱਤ ਨਹੀਂ ਸੀ ਬਲਕਿ ਭਰਾਤਰੀ ਜਥੇਬੰਦੀਆਂ ਅਤੇ ਮਜਦੂਰਾਂ ਦੀ ਜਿੱਤ ਹੋਈ। ਉਹਨਾਂ ਸੰਗਰੂਰ ਵਿਖੇ ਪੰਜਾਬ ਸਰਕਾਰ ਵਲੋਂ ਮਜਦੂਰਾਂ ਤੇ ਕੀਤੇ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮਜਦੂਰਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਭੱਜ ਰਹੀ ਹੈ । ਇਹ ਸਰਕਾਰ ਵੀ ਕਾਂਗਰਸ ਅਤੇ ਅਕਾਲੀ ਭਾਜਪਾ ਦੇ ਰਾਹ ਚੱਲ ਪਈ ਹੈ ਅਤੇ ਇਹ ਆਮ ਆਦਮੀ ਦੀ ਸਰਕਾਰ ਨਹੀਂ ਰਹੀ ।

ਇਸ ਸਮਾਗਮ ਨੂੰ ਗੁਰਚਰਨ ਸਿੰਘ ਪਟਿਆਲਾ ਲਖਵਿੰਦਰ ਸਿੰਘ,ਜਸਵਿੰਦਰ ਸਿੰਘ, ਮੰਗਲਜੀਤ ਸਿੰਘ ,ਹਰਪ੍ਰੀਤ ਉੱਪਲ, ਕਸਮੀਰ ਸਿੰਘ ਘੁੱਗਸ਼ੋਰ, ਕੁਲਦੀਪ ਕੁਮਾਰ, ਵਿਨੇ ਕੋਮਲ, ਪੀ ਡਬਲਯੂ ਡੀ ਆਗੂ ਗੁਰਦੇਵ ਸਿੰਘ,,ਹਰਜੀਤ ਸਿੰਘ ਗਹੀਰ,ਗੁਰਮੇਲ ਸਿੰਘ ਡੀ ਟੀ ਐਫ ਆਗੂ,ਜਗਦੀਸ ਕਲੇਰ,ਮਨਜੀਤ ਕੌਰ ਬਿਲਗਾ, ਕੁਲਵਿੰਦਰ ਸਿੰਘ ਡੀ ਟੀ ਐਫ ਆਗੂ, ਐਸ ਡੀ ਓ ਭੁਪਿੰਦਰ ਸਿੰਘ ਅਤੇ ਸੁਨੀਲ ਕੁਮਾਰ ਨੇ ਵੀ ਸੰਬੋਧਨ ਕਰਦਿਆਂ ਸਾਥੀ ਗਰਚਾ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ । ਇਸ ਸਮੇਂ ਸਾਥੀ ਦੀ ਧਰਮ ਪਤਨੀ ਬਲਜਿੰਦਰ ਕੌਰ, ਉਹਨਾਂ ਦੇ ਮਾਤਾ ਪਿਤਾ ਨੂੰ ਵੀ ਸਨਮਾਨਿਤ ਕੀਤਾ ਗਿਆ ।

ਇਸ ਮੌਕੇ ਤੇ ਸਾਬਕਾ ਚੇਅਰਮੈਨ ਚਰਨ ਸਿੰਘ ,ਗੁਰਨਾਮ ਸਿੰਘ ਤੱਗੜ,ਅਮਰੀਕ ਸਿੰਘ ,ਜਸਵਿੰਦਰ ਸਿੰਘ ਪੂਨੀਆਂ, ਜਸਵਿੰਦਰ ਸਿੰਘ ਤਲ ਵਨ ,ਮੱਖਣ ਸਿੰਘ ਕੰਦੋਲਾ ਜੰਗ ਬਹਾਦਰ ਕੋਹਲੀ ਐਮ ਸੀ ਨੂਰਮਹਿਲ ਹਾਜਰ ਸਨ ।

# ਬਿਰਧ ਆਸ਼ਰਮ ਲਈ ਵਿੱਤੀ ਸਹਾਇਤਾ ਅਤੇ ਰਾਸ਼ਨ ਸਮੱਗਰੀ ਭੇਟ



**ਅੱਡਾ ਸਰਾਂ , (ਕਾਜਲ )**- ਪਿੰਡ ਦੇਹਰੀਵਾਲ ਵਿਚ ਸਮਾਜ ਸੇਵੀ ਪਰਵਾਸੀ ਭਾਰਤੀ ਜਵਾਹਰ ਸਿੰਘ ਪੱਡਾ ਕੈਨੇਡਾ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਨੂੰ ਦਾਨੀ ਪਰਵਾਰ ਵੱਲੋਂ ਆਰਥਿਕ ਸਹਾਇਤਾ ਅਤੇ ਰਾਸ਼ਨ ਸਮੱਗਰੀ ਭੇਟ ਕੀਤੀ ਗਈ। ਅਮਰਜੀਤ ਸਿੰਘ ਵਾਸੀ ਕੰਧਾਲਾ ਸੇਖਾ ਨੇ ਸਹਾਇਤਾ ਰਾਸ਼ੀ ਭੇਟ ਕਰਦਿਆਂ ਪੱਡਾ ਪਰਵਾਰ ਦੇ ਸਮਾਜ ਸੇਵੀ ਮਿਸ਼ਨ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿਚ ਵੀ ਆਸ਼ਰਮ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਦਾਨੀ ਪਰਵਾਰ ਨੂੰ ਪ੍ਰਬੰਧਕ ਹਰਵਿੰਦਰ ਸਿੰਘ ਨੇ ਸਨਮਾਨਤ ਕੀਤਾ। ਇਸ ਮੌਕੇ ਦੀਪੂ ਦੇਹਰੀਵਾਲ, ਮੁਖਤਿਆਰ ਸਿੰਘ, ਮੇਜਰ ਸਿੰਘ, ਪੱਪੂ, ਆਤਮਾ ਰਾਮ, ਭੋਲੂ, ਲਾਡੀ, ਆਤਮਜੀਤ ਸਿੰਘ, ਵਿਨੋਦ ਕੁਮਾਰ, ਬਲਵੀਰ, ਵਿਸਰਾਮ, ਸੁੱਚਾ ਸਿੰਘ, ਮਹਿੰਦਰ ਸਿੰਘ, ਮਨੋਹਰ ਲਾਲ, ਰਜਨੀ ਦੇਵੀ, ਬਲਜੀਤ ਕੌਰ, ਸੀਮਾ ਦੇਵੀ, ਮਨਜੀਤ ਕੌਰ, ਲਕਸ਼ਮੀ, ਰਤਨ ਕੌਰ, ਗੁੱਡੀ ਪਾਂਡੇ, ਅਵਤਾਰ ਕੌਰ, ਜੋਤੀ, ਸਪਨਾ, ਨੀਰੂ ਆਦਿ ਹਾਜ਼ਰ ਸਨ।

# ਖੈਰੜ-ਅੱਛਰਵਾਲ 'ਚ ਗੁਰੂ ਕੀ ਰਸੋਈ ਮਹਾਨ ਗੁਰਮਿਤ ਮੁਕਾਬਲੇ ਕਰਵਾਏ



**ਮੇਹਟੀਆਣਾ , (ਜਗਤਾਰ ਸਿੰਘ ਭੁੰਗਰਨੀ)** ਪਿੰਡ ਖੈਰੜ-ਅੱਛਰਵਾਲ ਗੁਰੂ ਕੀ ਰਸੋਈ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਐਨ ਆਰ ਆਈ ਸਪੋਰਟਸ ਐਂਡ ਵੈਲਫੇਅਰ ਸੁਸਾਇਟੀ ਖੈਰੜ-ਅੱਛਰਵਾਲ ਅਤੇ ਸਹਿਬਜ਼ਾਦੇ ਸੇਵਕ ਜੱਥਾ ਸਰਹਾਲਾ ਖੁਰਦ ਦੇ ਸਹਿਯੋਗ ਨਾਲ ਮਹਾਨ ਗੁਰਮਿਤ ਮੁਕਾਬਲੇ ਕਰਵਾਏ ਗਏ। ਇਸ ਮੌਕੇ ਪ੍ਰਧਾਨ ਕੁਲਵੰਤ ਸਿੰਘ ਨੇ ਦੱਸਿਆ ਕਿ ਮਹਾਨ ਗੁਰਮਿਤ ਮੁਕਾਬਲੇ ਦੌਰਾਨ ਦਸਤਾਰ ਮੁਕਾਬਲੇ, ਗੱਤਕਾ ਮੁਕਾਬਲੇ, ਕਵਿਤਾ ਮੁਕਾਬਲੇ, ਕਵੀਸ਼ਰੀ ਮੁਕਾਬਲੇ, ਲੰਮੇ ਕੇਸਾ ਦੇ ਮੁਕਾਬਲੇ, ਗੁਰਬਾਣੀ ਕੰਠ ਮੁਕਾਬਲੇ, ਸਵਾਲ-ਜਵਾਬ ਮੁਕਾਬਲੇ, ਗੁਰਬਾਣੀ ਕੀਰਤਨ ਮੁਕਾਬਲੇ ਕਰਵਾਏ ਗਏ। ਜਿਸ ਵਿਚ ਵੱਡੀ ਗਿਣਤੀ ਵੱਖ ਵੱਖ ਇਲਾਕਿਆ ਤੋ ਬੱਚਿਆ ਨੇ ਭਾਗ ਲਿਆ। ਇਸ ਮੌਕੇ ਅੱਵਲ ਆਏ ਬੱਚਿਆ ਨੂੰ ਪ੍ਰਬੰਧਕਾ ਵੱਲੋਂ ਯਾਦਗਾਰੀ ਚਿੰਨ੍ਹ, ਮੈਡਲ ਅਤੇ ਸਿਰਪਾਓ ਦੇ ਕੇ ਵਿਸ਼ੇਸ਼ ਤੋਰ ਤੋ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇਸ ਮੌਕੇ ਗੁਰੂ ਕੀ ਰਸੋਈ ਖੈਰੜ-ਅੱਛਰਵਾਲ ਦੇ ਪ੍ਰਧਾਨ ਕੁਲਵੰਤ ਸਿੰਘ, ਗੁਰੂ ਕੀ ਰਸੋਈ ਨਵਾ ਸਾਹਿਰ ਦੇ ਪ੍ਰਧਾਨ ਅਮਰੀਕ ਸਿੰਘ, ਜਥੇਦਾਰ ਕਸਮੀਰ ਸਿੰਘ ਕਾਦਰ ਇੰਟਰਨੈਸ਼ਨਲ ਪੰਥਕ ਢਾਡੀ ਜੱਥਾ, ਜਗਤਾਰ ਸਿੰਘ ਕੋਟ ਫਤੂਹੀ, ਰਘਵੀਰ ਸਿੰਘ, ਹਰਭਜਨ ਸਿੰਘ, ਬਿੰਦਰ ਸਿੰਘ, ਕੁਲਵਰਨ ਸਿੰਘ, ਸਿਮਰਨਜੀਤ ਸਿੰਘ, ਕਮਲਜੀਤ ਸਿੰਘ, ਪਰਮਿੰਦਰ ਸਿੰਘ, ਪਮਲਪ੍ਰੀਤ ਸਿੰਘ, ਮਾਸਟਰ ਸੁਖਦੇਵ ਸਿੰਘ ਨਡਾਲੋ, ਗੁਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਪੈਨਸ਼ਨਰਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਦੀ ਮੰਗ



**ਤਰਨਤਾਰਨ (ਨਜ਼ਸ)**- ਪਾਵਰਕਾਮ ਅਤੇ ਟਰਾਂਸਕੋ ਪੈਨਜ਼ਨਰ ਯੂਨੀਅਨ ਸਰਕਲ ਤਰਨਤਾਰਨ ਦੀ ਹੰਗਾਮੀ ਮੀਟਿੰਗ ਸਰਕਲ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਸਥਾਨਿਕ ਗਾਂਧੀ ਪਾਰਕ ਵਿੱਚ ਹੋਈ ਜਿਸ ਵਿੱਚ ਉਚੇਚੇ ਤੌਰ 'ਤੇ ਸੂਬਾ ਆਗੂ ਤਾਰਾ ਸਿੰਘ ਖਹਿਰਾ ਤੇ ਅਮਰਜੀਤ ਸਿੰਘ ਮਾੜੀਮੇਘਾ ਨੇ ਸ਼ਮੂਲੀਅਤ ਕੀਤੀ। ਆਗੂਆਂ ਨੇ ਪੈਨਸ਼ਨਰ ਸਾਥੀਆਂ ਨੂੰ ਸੰਬੋਧਨ ਕਰਦਿਆਂ ਪਿਛਲੇ ਦਿਨੀਂ ਅਖਬਾਰ ਵਿੱਚ ਲੱਗੀ ਖਬਰ ਦਾ ਨੋਟਿਸ ਲੈਂਦਿਆਂ ਕਿਹਾ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਆਗੂ ਕੋਝੀਆਂ ਹਰਕਤਾਂ ਛੱਡ ਕੇ ਅਸਲ ਮੁੱਦਿਆਂ ਤੇ ਮੈਨੇਜਮੈਂਟ ਨਾਲ ਸੰਘਰਸ਼ ਕਰਨ ਅਤੇ ਲੋਕਾਂ ਦੇ ਮਸਲੇ ਹੱਲ ਕਰਵਾਉਣ ਤਾਂ ਜੋ ਪਿਛਲੇ 11,12 ਸਾਲਾਂ ਤੋਂ ਠੰਡੇ ਬਸਤੇ ਵਿੱਚ ਪਾਏ ਮੁੱਦਿਆਂ ਦਾ ਹੱਲ ਹੋ ਸਕੇ। ਸਾਥੀ ਖਹਿਰਾ ਨੇ ਕਿਹਾ ਕਿ ਕੁੱਝ ਲੋਕਾਂ ਦੀ ਹੈੱਡ ਆਫਿਸ ਨਾਲ ਅੱਖ ਮਚੋਲੀ ਜੱਗ ਜ਼ਾਹਿਰ ਹੋ ਗਈ ਹੈ ਜਿਸ ਕਾਰਨ ਪੈਨਸ਼ਨਰ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਔਖੇ ਹਨ। ਆਪਣੇ ਹੀ ਬੇ-ਪਰਤੀਤੇ ਬੰਦਿਆਂ ਨੂੰ ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਦੇ ਦੱਸ ਕੇ ਘਰ ਵਾਪਸੀ ਦੇ ਡਰਾਮਿਆਂ ਨਾਲ ਕੁਝ ਨਹੀਂ ਬਣਨਾ। ਇਸ ਮੌਕੇ ਸਰਕਲ ਸਕੱਤਰ ਨਰਿੰਦਰ ਸਿੰਘ ਬੇਦੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਾਵਰਕਾਮ ਅਤੇ ਟਰਾਂਸਕੋ ਪੈਨਜ਼ਨਰ ਯੂਨੀਅਨ ਦੀ ਸਟੇਟ ਕਮੇਟੀ ਦੀ ਸੁਚੱਜੀ ਅਗਵਾਈ ਹੇਠ ਮੈਨੇਜਮੈਂਟ ਨਾਲ ਦਲੀਲਾਂ ਅਤੇ ਜਥੇਬੰਦਕ ਦਬਾਅ ਕਾਰਨ ਕੱਟਿਆ ਹੋਇਆ ਜਜੀਆ ਟੈਕਸ ਸਮੇਤ ਵਿਆਜ ਵਾਪਸੀ ਦੇ ਹੁਕਮ ਸਾਡੀ ਅੰਸ਼ਿਕ ਜਿੱਤ ਹੈ ਅਤੇ ਬਾਕੀ ਪੈਨਸ਼ਨਰਾਂ ਦੇ ਕੱਟੇ ਟੈਕਸਾਂ ਨੂੰ ਵਾਪਸ ਲੈਣ ਅਤੇ ਅੱਗੇ ਤੋਂ ਕਟੌਤੀ ਬੰਦ ਕਰਾਉਣ ਲਈ ਪੈਨਸ਼ਨਰ ਯੂਨੀਅਨ ਦੀ ਲੀਡਰਸ਼ਿਪ ਦੇ ਉਤਸ਼ਾਹ ਵਿਚ ਵਾਧਾ ਹੋਇਆ ਹੈ।

ਪੈਨਸ਼ਨਰ ਯੂਨੀਅਨ ਦੇ ਆਗੂਆਂ ਨੇ ਪਾਵਰਕਾਮ ਮੈਨੇਜਮੈਂਟ ਨੂੰ ਸਖਤ ਸ਼ਬਦਾਂ ਵਿੱਚ ਚਿਤਾਵਨੀ ਦਿੰਦਿਆਂ ਕਿਹਾ ਕਿ ਪੈਨਸ਼ਨਰਾਂ ਦੀਆਂ ਜਾਇਜ਼ ਅਤੇ ਹੱਕੀ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਨਹੀਂ ਤਾਂ 6 ਦਸੰਬਰ ਨੂੰ ਮੁੱਖ ਦਫਤਰ ਪਟਿਆਲਾ ਦੇ ਗੇਟ ਤੇ ਕਾਲੇ ਚੋਗੇ ਪਾ ਕੇ ਦਿੱਤੇ ਜਾ ਰਹੇ ਰੋਸ ਧਰਨੇ ਤੋਂ ਬਾਅਦ ਅਗਲੇ ਤਿੱਖੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ।

# ਇੰਟਕ ਯੂਨੀਅਨ ਵੱਲੋਂ ਜਗਤਜੀਤ ਫੈਕਟਰੀ ਹਮੀਰਾ ਵਿਖੇ ਧਰਨਾ ਪ੍ਰਦਰਸ਼ਨ ਜਾਰੀ



**ਸਭਾਨਪੁਰ (ਹਰਮੇਸ ਦੱਤ )** ਆਪਣੀਆ ਮੰਗਾਂ ਨੂੰ ਲੈ ਲੇ ਇੰਟਕ ਯੂਨੀਅਨ ਵੱਲੋਂ ਹਮੀਰਾ ਫੈਕਟਰੀ ਦੇ ਬਾਹਰ ਧਰਨਾ ਪ੍ਰਦਰਸ਼ਨ ਤੀਜੇ ਦਿਨ ਵਿੱਚ ਦਾਖਲ ਹੋ ਗਿਆ ਹੈ। ਯੂਨੀਅਨ ਨੇ ਜਿੱਥੇ ਫੈਕਟਰੀ ਮੈਨੇਜਮੈਂਟ ਨੂੰ ਦਿੱਤੇ ਅਲਟੀਮੇਟਮ ਨੂੰ ਮੁੱਖ ਰੱਖਦੇ ਫੈਕਟਰੀ ਅੰਦਰ ਡਿਸਟਿਲਰੀ ਤੇ ਫੂਡ ਡਵੀਜ਼ਨ ਬੰਦ ਕੀਤਾ ਹੋਇਆ ਹੈ ਉਥੇ ਮੰਗਾਂ ਨਾ ਮੰਨਣ ਤੱਕ ਇਹ ਧਰਨਾ ਪ੍ਰਦਰਸ਼ਨ ਜਾਰੀ ਰੱਖਣ ਦੀ ਗੱਲ ਵੀ ਆਖੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪੰਜਾਬ ਦੀ ਆਪ ਸਰਕਾਰ ਵੱਲੋਂ ਪੰਜਾਬ ਦੇ ਕਾਰਖਾਨਿਆਂ ਵਿਚ ਕੰਮ ਕਰਦੇ ਲੋਕਾਂ ਨੂੰ ਦੀਵਾਲੀ ਮੌਕੇ ਡੀ ਏ ਕਿਸ਼ਤ ਦੇਣ ਦਾ ਐਲਾਨ ਕੀਤਾ ਗਿਆ ਸੀ ਪਰ ਜਗਤਜੀਤ ਫੈਕਟਰੀ ਹਮੀਰਾ ਵਿਖੇ ਜੋ ਵਰਕਰ ਕੰਮ ਕਰਦੇ ਹਨ ਫੈਕਟਰੀ ਵੱਲੋਂ ਉਨ੍ਹਾਂ ਨੂੰ ਡੀਏ ਦੀ ਕਿਸ਼ਤ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਗਿਆ। ਇਸ ਸਬੰਧੀ ਬੀਤੇ ਦਿਨੀ ਇੰਟਕ ਯੂਨੀਅਨ ਵੱਲੋਂ ਫੈਕਟਰੀ ਦੇ ਐੱਚ ਆਰ ਹੈੱਡ ਜੀ ਐੱਮ ਅਨਿਲ ਰਾਜਪੂਤ ਤੇ, ਵੀ. ਪੀ ਰਾਕੇਸ਼ ਕੁਮਾਰ ਨੂੰ ਮੰਗ ਪੱਤਰ ਦਿੱਤਾ ਗਿਆ ਸੀ ਜਿਸ ਵਿੱਚ ਉਹਨਾਂ ਆਖਿਆ ਸੀ ਕਿ ਜੋ ਐਗਰੀਮੈਂਟ ਪਿਛਲੇ ਸਮੇਂ ਵਰਕਰ ਯੂਨੀਅਨ ਅਤੇ ਕੰਪਨੀ ਮੈਨੇਜਮੈਂਟ ਨਾਲ ਹੋਇਆ ਸੀ ਉਸ ਵਿੱਚ ਵੀ ਇਸ ਗੱਲ ਦਾ ਜ਼ਿਕਰ ਕੀਤਾ ਗਿਆ ਸੀ ਕਿ ਅਗਰ ਡੀ ਏ ਕਿਸ਼ਤ ਆਉਂਦੀ ਹੈ ਤਾਂ ਉਹ ਵਰਕਰਾਂ ਨੂੰ ਦਿੱਤੀ ਜਾਵੇਗੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਇੰਟਕ ਯੂਨੀਅਨ ਦੇ ਸੀਨੀਅਰ ਚੇਅਰਮੈਨ ਪਰਮਜੀਤ ਕਾਲੀਆ ਤੇ ਸੰਦੀਪ ਦੇਵਗੰਨ ਨੇ ਦੱਸਿਆ ਕਿ ਜੇਕਰ ਇਸ ਮਸਲੇ ਦਾ ਹੱਲ ਨਹੀਂ ਕੀਤਾ ਗਿਆ ਤਾਂ ਜਗਤਜੀਤ ਇਡੰਸਟਰੀ ਦਾ ਡਿਸਟਿਲਰੀ ਡਵੀਜਨ ਅਤੇ ਫੂਡ ਡਵੀਜਨ ਮੰਗਾਂ ਨਾ ਮੰਨੇ ਜਾਣ ਤੱਕ ਬੰਦ ਕੀਤਾ ਜਾਵੇਗਾ। ਇਸ ਸਬੰਧੀ ਬੀਐੱਮ ਐੱਸ ਯੂਨੀਅਨ ਹਮੀਰਾ ਵੀ ਵਰਕਰ ਦੇ ਸਮੱਰਥਣ ਵਿੱਚ ਉੱਤਰ ਆਇਆ ਹੈ। ਦੇਰ ਸ਼ਾਮ ਐਸਡੀਐਮ ਕਪੂਰਥਲਾ ਲਾਲ ਵਿਸ਼ਵਾਸ਼ ਬੈਂਸ ਧਰਨੇ ਵਾਲੀ ਜਗ੍ਹਾ ਪੁੱਜੇ ਤੇ ਸਥਿਤੀ ਦਾ ਜਾਇਜਾ ਲਿਆ। ਉਨ੍ਹਾਂ ਨੇ ਆਖਿਅਆ ਕਿ ਫੈਕਟਰੀ ਮੈਨੇਜਮੈਂਟ ਨਾਲ ਇਸ ਸਬੰਧੀ ਗੱਲਬਾਤ ਕੀਤੀ ਜਾ ਰਹੀ ਹੈ ਜਲਦ ਹੀ ਇਸ ਮਸਲੇ ਦਾ ਹੱਲ ਕੱਢ ਲਿਆ ਜਾਵੇਗਾ।

4-DEC-PAGE-8.qxd 12/3/2022 9:43 PM Page 1



# ਪੁਲਸ ਨੇ ਸੁਲਝਾਈ ਲੁੱਟ ਦੀ ਗੁੱਥੀ, ਖੁਦ ਹੀ ਰਚਿਆ ਸੀ ਡਰਾਮਾ


ਫੜਿਆ ਗਿਆ ਮੁਲਜ਼ਮ ਪੁਲਸ ਪਾਰਟੀ ਦੇ ਨਾਲ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਗੌਰਵ ਯਾਦਵ ਆਈ.ਪੀ.ਐੱਸ. ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾ ਤਹਿਤ ਉਪਿੰਦਰਜੀਤ ਸਿੰਘ ਘੁੰਮਣ ਆਈ.ਪੀ.ਐੱਸ. ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾਂ ਨਿਰਦੇਸ਼ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅੰਦਰ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਲਈ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸੇ ਤਹਿਤ ਹੀ ਗੁਰਚਰਨ ਸਿੰਘ ਐੱਸ. ਪੀ.(ਡੀ) ਤੇ ਬਲਕਾਰ ਸਿੰਘ ਸੰਧੂ ਡੀ.ਐੱਸ.ਪੀ. ਮਲੋਟ ਦੀ ਨਿਗਰਾਨੀ ਹੇਠ ਇੰਸਪੈਕਟਰ ਮਲਕੀਤ ਸਿੰਘ ਮੁੱਖ ਅਫਸਰ ਥਾਣਾ ਲੱਖੇਵਾਲੀ ਤੇ ਪੁਲਸ ਪਾਰਟੀ ਵੱਲੋਂ 02 ਦਸੰਬਰ 2022 ਨੂੰ ਹੋਈ 1,50,000/- ਰੁਪਏ ਦੀ ਖੋਹ ਦੀ ਵਰਦਾਤ ਨੂੰ ਸੁਲਝਾ ਲਿਆ ਹੈ।

ਜਾਣਕਾਰੀ ਅਨੁਸਾਰ 02 ਦਸੰਬਰ 2022 ਨੂੰ ਸੁਖਜੀਤ ਸਿੰਘ ਪੁੱਤਰ ਹਰਫੂਲ ਸਿੰਘ ਵਾਸੀ ਚੱਕ ਸ਼ੇਰੇਵਾਲਾ ਨੇ ਪੁਲਸ ਪਾਸ ਆਪਣਾ ਬਿਆਨ ਦਿੱਤਾ ਸੀ ਕਿ ਉਨ੍ਹਾਂ ਨੇ ਠੇਕੇ ਦੇ ਪੈਸੇ ਦੇਣੇ ਸਨ, ਜਦ ਉਹ ਇਹੀ 1,50,000 ਰੁਪਏ ਐਕਸਿਸ ਬੈਂਕ ਸ੍ਰੀ ਮੁਕਤਸਰ ਸਾਹਿਬ ਵਿੱਚੋਂ ਕੱਢਵਾ ਕੇ ਆਪਣੇ ਮੋਟਰਸਾਈਕਲ ਉੱਤੇ ਵਾਪਸ ਸ਼ੇਰੇਵਾਲਾ ਨੂੰ ਜਾ ਰਿਹਾ ਸੀ ਤਾਂ ਜਦ ਉਹ ਝੀਂਡਵਾਲਾ ਤੋਂ ਚਿੱਬੜਾਂਵਾਲੀ ਰੋਡ 'ਤੇ ਪਹੁੰਚਿਆ ਤਾਂ 2 ਪਲਟੀਨਾ ਮੋਟਰਸਾਈਕਲਾਂ 'ਤੇ ਸਵਾਰ 04 ਨੌਜਵਾਨਾਂ ਨੇ ਉਸ ਦਾ ਮੋਟਰਸਾਈਕਲ ਰੋਕ ਕੇ ਅੱਖਾਂ ਵਿੱਚ ਕੋਈ ਜਲਨਸ਼ੀਲ ਪਦਾਰਥ ਪਾ ਕੇ ਉਸ ਦੇ ਕੁੜਤੇ ਦੀਆਂ ਜੇਬਾਂ ਵਿੱਚੋਂ 1,50,000/- ਰੁਪਏ ਜ਼ਬਰਦਸਤੀ ਖੋਹ ਕੇ ਲੈ ਗਏ, ਜਿਸ 'ਤੇ ਪੁਲਸ ਵੱਲੋਂ ਸੁਖਜੀਤ ਸਿੰਘ ਉੱਕਤ ਦੇ ਬਿਆਨਾਂ 'ਤੇ ਥਾਣਾ ਲੱਖੇਵਾਲੀ ਵਿਖੇ ਮੁਕੱਦਮਾ ਦਰਜ ਕਰ ਤਫਤੀਸ਼ ਸ਼ੁਰੂ ਕਰ ਦਿੱਤੀ।

ਤਫਤੀਸ਼ ਦੌਰਾਨ ਇਸ ਮਾਮਲੇ 'ਚ ਪੁਲਸ ਵੱਲੋਂ ਬੜੀ ਤੇਜ਼ੀ ਨਾਲ ਕਰਵਾਈ ਕਰਦੇ ਹੋਏ ਇਸ ਮਾਮਲੇ ਨੂੰ ਸੁਲਝਾ ਲਿਆ ਗਿਆ ਹੈ। ਅਸਲ ਵਿੱਚ ਮੁੱਦਈ ਸੁਖਜੀਤ ਸਿੰਘ ਨੇ ਆਪਣੀ ਜ਼ਮੀਨ ਦਾ ਠੇਕਾ ਬਚਾਉਣ ਦੀ ਖਾਤਰ ਇਹ ਡਰਾਮਾ ਰਚਿਆ ਸੀ। ਪੜਤਾਲ ਤਫਤੀਸ਼ ਤੋਂ ਸੁਖਜੀਤ ਵੱਲੋਂ ਖੁੱਦ ਹੀ ਇਸ ਰਕਮ ਵਿੱਚੋਂ 01 ਲੱਖ ਰੁਪਏ ਕਿਸੇ ਹੋਰ ਬੈਂਕ ਖਾਤੇ ਵਿੱਚ ਜਮ੍ਹਾਂ ਕਰਵਾ ਦਿੱਤੇ ਗਏ ਸਨ ਤੇ 50,000 ਰੁਪਏ ਆਪਣੇ ਘਰ ਛੁਪਾ ਕੇ ਰੱਖ ਲਏ ਸਨ। ਪੁਲਸ ਵੱਲੋਂ ਇਸ ਮਾਮਲੇ ਨੂੰ ਟਰੇਸ ਕਰਕੇ ਅਗਲੀ ਕਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਠੇਕਾ ਕਾਮਿਆਂ ਨੂੰ ਵਿਭਾਗ 'ਚ ਲੈਣ ਲਈ ਵਿਭਾਗੀ ਅਧਿਕਾਰੀ ਦੀ ਪ੍ਰੋਪੋਜ਼ਲ ਨੂੰ ਲਾਗੂ ਕੀਤਾ ਜਾਵੇ : ਮੋਰਚਾ ਆਗੂ

**ਮੋਰਚੇ ਵੱਲੋਂ 17 ਨੂੰ ਮੰਤਰੀ ਦੇ ਦਫਤਰ ਅੱਗੇ ਰਾਤ ਨੂੰ ਜਾਗੋ, ਰੋਸ ਮਾਰਚ ਕਰਕੇ ਸਰਕਾਰ ਦੀ ਖੋਲ੍ਹੀ ਜਾਵੇਗੀ ਪੋਲ**


ਜਾਣਕਾਰੀ ਦਿੰਦੇ ਹੋਏ ਮੋਰਚੇ ਦੇ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**- ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਵੱਲੋਂ ਸਮੂਹ ਸਰਕਾਰੀ ਵਿਭਾਗਾਂ 'ਚ ਪਿਛਲੇ 10-15 ਸਾਲਾਂ ਦੇ ਅਰਸੇ ਤੋਂ ਕੰਮ ਕਰਦੇ ਬਤੌਰ ਇਨਲਿਸਟਮੈਂਟ/ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਦੇ ਕੱਚੇ ਰੁਜ਼ਗਾਰ ਨੂੰ ਪੱਕਾ ਕਰਵਾਉਣ ਲਈ ਪੁਰਅਮਨ ਢੰਗ ਨਾਲ ਸੰਘਰਸ਼ ਚੱਲ ਰਿਹਾ ਹੈ ਤੇ ਠੇਕਾ ਪ੍ਰਣਾਲੀ ਦਾ ਸੰਤਾਪ ਭੋਗ ਰਹੇ ਕਾਮਿਆਂ ਦੀਆਂ 'ਮੰਗਾਂ-ਮਸਲਿਆਂ' ਦਾ ਹੱਲ ਕਰਵਾਉਣ ਲਈ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਪੈਨਲ ਮੀਟਿੰਗ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਦੋ ਧਿਰੀ ਗੱਲਬਾਤ ਰਾਹੀਂ 'ਮੰਗਾਂ' ਦਾ ਹੱਲ ਹੋ ਸਕੇ, ਜਿਸ ਸਬੰਧੀ ਕਈ ਵਾਰ 'ਮੰਗ-ਪੱਤਰ' ਤੇ 'ਯਾਦ-ਪੱਤਰ' ਸਰਕਾਰ ਨੂੰ ਭੇਜੇ ਗਏ ਹਨ, ਪਰ ਤ੍ਰਾਸਦੀ ਇਹ ਹੈ ਕਿ ਜਦੋਂ ਵੀ ਸੰਘਰਸ਼ ਪ੍ਰੋਗਰਾਮ ਲਾਗੂ ਕੀਤਾ ਜਾਂਦਾ ਹੈ, ਉਥੋਂ ਦੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਪੰਜਾਬ ਸਰਕਾਰ ਨਾਲ ਲਿਖਤੀ ਰੂਪ 'ਚ ਮੀਟਿੰਗ ਤੈਅ ਕਰਵਾਈ ਜਾਂਦੀ ਹੈ, ਭਾਵੇਂ ਕਿ 03-04-2022 ਤੋਂ ਹੁਣ ਤੱਕ 6 ਵਾਰ ਲਿਖਤੀ ਰੂਪ 'ਚ ਪੈਨਲ ਮੀਟਿੰਗ ਦਾ ਸਮਾਂ ਮਿਲ ਚੁੱਕਾ ਹੈ, ਪਰ ਐਨ ਮੌਕੇ 'ਤੇ ਮੁੱਖ ਮੰਤਰੀ ਦੇ ਰੁਝੇਂਵਿਆਂ ਦਾ ਹਵਾਲਾ ਦੇ ਕੇ ਮੁੱਖ ਮੰਤਰੀ ਪੰਜਾਬ ਵੱਲੋਂ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ, ਜਿਸ ਕਾਰਨ ਸਾਰੇ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ, ਜ਼ਿਲ੍ਹਾ ਜਰਨਲ ਸਕੱਤਰ ਸੁਰਜੀਤ ਸਿੰਘ ਤੱਖੀ, ਜ਼ਿਲ੍ਹਾ ਮੀਤ ਪ੍ਰਧਾਨ ਜਸਵੀਰ ਸਿੰਘ ਕਾਲਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਬਿਕਰਮਜੀਤ ਸਿੰਘ ਕਪੂਰ, ਗਗਨਦੀਪ ਸਿੰਘ, ਸੌਰਵ ਮਿਗਲਾਨੀ ਨੇ ਕੀਤਾ। ਉਨ੍ਹਾਂ ਕਿਹਾ ਕਿ ਸਮੂਹ ਠੇਕਾ ਮੁਲਾਜ਼ਮਾਂ ਵੱਲੋਂ 15-16 ਨਵੰਬਰ ਨੂੰ ਦੋ ਦਿਨ ਦੀ ਸਮੂਹਿਕ ਛੁੱਟੀ ਲੈ ਕੇ ਆਪੋ-ਆਪਣੇ ਵਿਭਾਗੀ ਦਫਤਰਾਂ ਅੱਗੇ ਧਰਨੇ ਦਿੱਤੇ ਗਏ ਸੀ, ਇਸ ਸੰਘਰਸ਼ ਦੌਰਾਨ ਠੇਕਾ ਕਾਮਿਆਂ ਵੱਲੋਂ ਲਿਖਤੀ ਰੂਪ 'ਚ ਛੁੱਟੀ ਲਈ ਗਈ ਸੀ, ਮੋਰਚੇ ਵੱਲੋਂ ਚੇਤਾਵਨੀ ਦਿੱਤੀ ਗਈ ਕਿ ਠੇਕਾ ਮੁਲਾਜ਼ਮਾਂ ਦੀ ਜੇਕਰ ਦੋ ਦਿਨ ਦੀ ਤਨਖਾਹ ਕੱਟਣ ਦੀ ਵਿਭਾਗੀ ਅਧਿਕਾਰੀਆਂ ਵੱਲੋਂ ਕੋਸ਼ਿਸ਼ ਕੀਤੀ ਗਈ ਤਾਂ ਇਸ ਦਾ ਮੋਰਚੇ ਵੱਲੋਂ ਵਿਰੋਧ ਕਰਦੇ ਹੋਏ ਸਬੰਧਤ ਵਿਭਾਗ ਦੇ ਅਧਿਕਾਰੀਆਂ ਵਿਰੁੱਧ ਮਜਬੂਰਨ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੀ ਸੂਬਾ ਕਮੇਟੀ ਵੱਲੋਂ ਚੱਲ ਰਹੇ ਸੰਘਰਸ਼ ਨੂੰ ਭਵਿੱਖ 'ਚ ਜਾਰੀ ਰੱਖਦੇ ਹੋਏ ਹੁਣ 17 ਦਸੰਬਰ ਨੂੰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਫੌਜਾ ਸਿੰਘ ਸਰਾਰੀ ਦੇ ਦਫਤਰ ਅੱਗੇ ਰਾਤ ਨੂੰ ਜਾਗੋ ਕੱਢ ਕੇ ਤੇ ਅਗਲੇ ਦਿਨ ਸਵੇਰੇ ਸ਼ਹਿਰ 'ਚ ਰੋਸ ਮਾਰਚ ਕਰਕੇ ਮੌਜੂਦਾ ਪੰਜਾਬ ਸਰਕਾਰ ਦੀ ਠੇਕਾ ਮੁਲਾਜ਼ਮ ਵਿਰੋਧੀ ਅਪਣਾਏ ਜਾ ਰਹੇ ਵਿਹਾਰ ਦੀ ਲੋਕਾਂ ਸਾਹਮਣੇ ਪੋਲ ਖੋਲ੍ਹੀ ਜਾਵੇਗੀ। ਜਿਸ ਦੀ ਤਿਆਰੀ ਲਈ ਮੋਰਚੇ ਦੇ ਬੈਨਰ ਹੇਠ 11 ਦਸੰਬਰ 2022 ਨੂੰ ਫਰੀਦਕੋਟ ਰੈਸਟ ਹਾਊਸ ਵਿਖੇ ਜ਼ੋਨ ਪੱਧਰੀ ਕਨਵੈਨਸ਼ਨ ਕੀਤਾ ਜਾਵੇਗੀ, ਜਿਸ ਵਿੱਚ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਠੇਕਾ ਮੁਲਾਜ਼ਮ ਪੂਰੇ ਉਤਸ਼ਾਹ ਨਾਲ ਸ਼ਾਮਲ ਹੋਣਗੇ।

# ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਜੱਥਾ ਮਾਰਚ ਦਾ ਭਰਵੇਂ ਇਕੱਠਾਂ ਰਾਹੀਂ ਸ਼ਾਨਦਾਰ ਸਵਾਗਤ

**30 ਦਸੰਬਰ ਨੂੰ ਬਠਿੰਡਾ ਵਿਖੇ ਕੀਤੀ ਜਾਵੇਗੀ ਮਾਲਵਾ ਜ਼ੋਨ ਦੀ ਲਾਮਿਸਾਲ 'ਮਜ਼ਦੂਰ ਅਧਿਕਾਰ ਰੈਲੀ'**



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਸਾਥੀ ਦਰਸ਼ਨ ਨਾਹਰ ਤੇ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ ਦੀ ਅਗਵਾਈ ਵਿੱਚ ਸੂਬੇ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕਰ ਰਹੇ ਸੂਬਾਈ ਜੱਥਾ ਮਾਰਚ ਦੇ ਅੱਜ ਬਠਿੰਡਾ ਦੇ ਪਿੰਡ ਬੁਲਾਢੇ ਵਾਲਾ ਪੁੱਜਣ 'ਤੇ ਦੋਪਹੀਆ ਵਹੀਕਲਾਂ ਦੇ ਵੱਡੇ ਕਾਫਲੇ ਵਿੱਚ ਸ਼ਾਮਲ ਸੈਂਕੜੇ ਵਰਕਰਾਂ ਵੱਲੋਂ ਆਕਾਸ਼ ਗੂੰਜਾਊ ਨਾਹਰਿਆਂ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ।

ਜੱਥਾ ਮਾਰਚ ਦੌਰਾਨ ਸਿਵੀਆਂ, ਗੋਨਿਆਣਾ ਮੰਡੀ, ਨਥਾਣਾ, ਲਹਿਰਾ ਧੂੜਕੋਟ ਤੇ ਰਾਜਗੜ੍ਹ ਕੁੱਬੇ ਵਿਖੇ ਕੀਤੇ ਗਏ ਭਰਵੇਂ ਕਿਰਤੀ ਇਕੱਠਾਂ ਨੂੰ ਸਾਥੀ ਨਾਹਰ ਤੇ ਦਾਊਦ ਤੋਂ ਇਲਾਵਾ ਸੂਬਾਈ ਵਿੱਤ ਸਕੱਤਰ ਸਾਥੀ ਮਹੀਪਾਲ, ਜ਼ਿਲ੍ਹਾ ਪ੍ਰਧਾਨ ਮਿੱਠੂ ਸਿੰਘ ਘੁੱਦਾ, ਜ਼ਿਲ੍ਹਾ ਸਕੱਤਰ ਪ੍ਰਕਾਸ਼ ਸਿੰਘ ਨੰਦਗੜ੍ਹ, ਸੂਬਾ ਕਮੇਟੀ ਮੈਂਬਰ ਗੁਰਤੇਜ ਸਿੰਘ ਹਰੀ ਨੌਂ, ਔਰਤ ਮੁਕਤੀ ਮੋਰਚਾ ਦੀ ਸੂਬਾਈ ਆਗੂ ਬੀਬੀ ਦਰਸ਼ਨਾ ਜੋਸ਼ੀ ਤੇ ਜਮਹੂਰੀ ਕਿਸਾਨ ਸਭਾ ਦੇ ਆਗੂ ਮਲਕੀਤ ਸਿੰਘ ਮਹਿਮਾ ਸਰਜਾ ਨੇ ਸੰਬੋਧਨ ਕੀਤਾ। ਆਗੂਆਂ ਨੇ ਹਰ ਕਿਸਮ ਦੀ ਲੁੱਟ-ਚੋਂਘ ਤੇ ਜਬਰ-ਵਿਤਕਰੇ ਦੇ ਖਾਤਮੇ ਲਈ ਕੇਂਦਰੀ ਤੇ ਸੂਬਾ ਸਰਕਾਰਾਂ ਦੀਆਂ ਕਿਰਤੀ ਦੋਖੀ ਨੀਤੀਆਂ ਖਿਲਾਫ ਅਤੇ ਬੇਜ਼ਮੀਨੇ-ਸਾਧਨਹੀਣ ਪੇਂਡੂ ਕਿਰਤੀਆਂ ਦੀਆਂ ਅਤਿ ਲੋੜੀਂਦੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਜਥੇਬੰਦ ਹੋ ਕੇ ਆਰ-ਪਾਰ ਦੇ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ। ਉਨ੍ਹਾਂ ਉਕਤ ਮੰਗਾਂ ਮਸਲਿਆਂ ਦੇ ਸਨਮਾਣਯੋਗ ਨਿਪਟਾਰੇ ਲਈ ਆਉਣ ਵਾਲੀ 30 ਦਸੰਬਰ ਨੂੰ ਬਠਿੰਡਾ ਵਿਖੇ ਕੀਤੀ ਜਾਣ ਵਾਲੀ ਮਾਲਵਾ ਜ਼ੋਨ ਦੀ 'ਮਜ਼ਦੂਰ ਅਧਿਕਾਰ ਰੈਲੀ' ਵਿੱਚ ਪਰਿਵਾਰਾਂ ਸਮੇਤ ਵਹੀਰਾਂ ਘੱਤ ਕੇ ਪੁੱਜਣ ਦੀ ਅਪੀਲ ਕੀਤੀ। ਵੱਖੋ-ਵੱਖ ਇਕੱਠਾਂ ਵਿੱਚ ਮੱਖਣ ਸਿੰਘ ਤਲਵੰਡੀ ਸਾਬੋ, ਗੁਰਮੀਤ ਸਿੰਘ ਜੈ ਸਿੰਘ ਵਾਲਾ, ਕੂਕਾ ਸਿੰਘ ਨਥਾਣਾ, ਸ਼ਿੰਦਰ ਕੌਰ ਨੇਹੀਆਂ ਵਾਲਾ, ਮੱਖਣ ਸਿੰਘ ਪੂਹਲੀ, ਸੁਖਦੇਵ ਸਿੰਘ ਰਾਜਗੜ੍ਹ ਕੁੱਬੇ, ਜੋਗਿੰਦਰ ਸਿੰਘ ਕਲਿਆਣ, ਅਮਰੀਕ ਸਿੰਘ ਤੁੰਗਵਾਲੀ, ਬਲਦੇਵ ਸਿੰਘ ਪੂਹਲੀ, ਲਖਵੀਰ ਸਿੰਘ ਅਮਰਗੜ੍ਹ, ਬੂਟਾ ਸਿੰਘ ਨੇਹੀਆਂ ਵਾਲਾ, ਗੁਰਚਰਨ ਸਿੰਘ ਬੁਲਾਢੇ ਵਾਲਾ, ਰਾਜਾ ਸਿੰਘ ਸਿਵੀਆਂ ਨੇ ਵੀ ਵਿਚਾਰ ਰੱਖੇ।

## ਕਾਤਰਾਂ

### 15 ਕਿੱਲੋ ਭੁੱਕੀ ਸਣੇ 2 ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸਥਾਨਕ ਪੁਲਸ ਵੱਲੋਂ ਦੋ ਟਰੱਕ ਸਵਾਰ ਵਿਅਕਤੀਆਂ ਨੂੰ 15 ਕਿੱਲੋ ਭੁੱਕੀ ਸਣੇ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਪੁਲਸ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਮੁਖਬਰੀ ਦੇ ਆਧਾਰ 'ਤੇ ਐਂਟੀ ਨਾਰਕੋਟਿਕ ਸੈੱਲ ਫ਼ਤਹਿਗੜ੍ਹ ਸਾਹਿਬ ਦੀ ਇੱਕ ਟੀਮ ਵੱਲੋਂ ਦਾਣਾ ਮੰਡੀ ਅਮਲੋਹ ਨਜ਼ਦੀਕ ਇੱਕ ਟਰੱਕ ਨੂੰ ਨਸ਼ੀਲੇ ਪਦਾਰਥਾਂ ਦੇ ਸ਼ੱਕ 'ਚ ਰੋਕਿਆ ਗਿਆ, ਜਿਸ ਨੂੰ ਕਥਿਤ ਵਿਅਕਤੀ ਸਰਬਜੀਤ ਸਿੰਘ ਵਾਸੀ ਪਿੰਡ ਖਨਿਆਣ ਚਲਾ ਰਿਹਾ ਸੀ ਤੇ ਹਾਕਮ ਸਿੰਘ ਵਾਸੀ ਪਿੰਡ ਸ਼ੇਰਪੁਰ ਨਾਲ ਬੈਠਾ ਸੀ, ਜਿਸ ਉਪਰੰਤ ਮੌਕੇ 'ਤੇ ਪਹੁੰਚੇ ਬੁੱਗਾ ਕਲਾਂ ਚੌਂਕੀ ਦੇ ਇੰਚਾਰਜ ਸਬ-ਇੰਸਪੈਕਟਰ ਹਰਕੀਰਤ ਸਿੰਘ ਵੱਲੋਂ ਟਰੱਕ ਦੇ ਕੈਬਿਨ ਦੀ ਤਲਾਸ਼ੀ ਲਈ ਗਈ ਤਾਂ ਕੈਬਿਨ 'ਚ ਰੱਖੀ 15 ਕਿੱਲੋ ਭੁੱਕੀ ਬਰਾਮਦ ਹੋਈ, ਜਿਸ 'ਤੇ ਦੋਵਾਂ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

### ਅਜੀਤ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਮਲੋਟ (ਗੁਰਮੀਤ ਸਿੰਘ ਮੱਕੜ)**- ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਐਜੂਕੇਸ਼ਨ ਦੇ ਚੇਅਰਮੈਨ ਸੁਰਿੰਦਰਪਾਲ ਸਿੰਘ ਮੱਕੜ (ਛਿੰਦਾ) ਅਤੇ ਪ੍ਰਿਤਪਾਲ ਸਿੰਘ (ਲੁਧਿਆਣੇ ਵਾਲੇ) ਦੇ ਜੀਜਾ ਜੀ ਅਤੇ ਜੀ ਟੀ ਬੀ ਐਜੂਕੇਸ਼ਨ ਦੇ ਸਾਬਕਾ ਵਾਈਸ ਚੇਅਰਮੈਨ ਮਾਨ ਸਿੰਘ ਮੱਕੜ ਦੇ ਦਾਮਾਦ ਅਜੀਤ ਸਿੰਘ ਅਚਨਚੇਤ ਸਵਰਗਵਾਸ ਹੋ ਗਏ। ਉਨ੍ਹਾ ਦੀ ਮੌਤ 'ਤੇ ਸਾਬਕਾ ਚੇਅਰਮੈਨ ਨੱਥਾ ਸਿੰਘ ਮੱਕੜ, ਅਮਰਜੀਤ ਸਿੰਘ ਮੱਕੜ ਗੁਰੂ ਨਾਨਕ ਟਾਇਰ, ਡੀ ਏ ਵੀ ਸਕੂਲ ਦੇ ਚੇਅਰਮੈਨ ਰਵੀ ਛਾਬੜਾ, ਐਡਵੋਕੇਟ ਸੁਮਨ ਛਾਬੜਾ, ਜਨਰਲ ਮਰਚੈਂਟਸ ਦੇ ਪ੍ਰਧਾਨ ਪਾਲੀ ਮੱਕੜ, ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਡਾ. ਹਰਮੇਸ਼ ਕਮਰਾ, ਮੱਕੜ ਪੈਲੇਸ ਦੇ ਮਹਿੰਦਰ ਮੱਕੜ, ਰੂਬੀ ਮੱਕੜ, ਆੜ੍ਹਤੀਆ ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਕਾਲਜ ਦੇ ਸਮੂਹ ਸਟਾਫ਼ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸਵ. ਅਜੀਤ ਸਿੰਘ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 7 ਦਸੰਬਰ, ਦਿਨ ਬੁੱਧਵਾਰ ਦੁਪਹਿਰ 12 ਤੋਂ 1 ਵਜੇ ਤੱਕ ਗੁਰਦੁਆਰਾ ਵਿਸ਼ਵਕਰਮਾ ਜੀ ਆਦਰਸ਼ ਨਗਰ ਮਲੋਟ ਵਿਖੇ ਹੋਵੇਗੀ।

### ਕੁੱਟਮਾਰ ਦੇ ਦੋਸ਼ 'ਚ 4 ਖਿਲਾਫ ਕੇਸ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਲਗੀਧਰ ਨਗਰ ਜ਼ੀਰਾ ਵਿਖੇ ਇੱਕ ਵਿਅਕਤੀ ਦੀ ਕੁੱਟਮਾਰ ਕਰਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਥਾਣਾ ਸਿਟੀ ਜ਼ੀਰਾ ਪੁਲਸ ਨੇ 4 ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਸ਼ਵਨੀ ਕੁਮਾਰ ਪੁੱਤਰ ਜਗਦੀਸ਼ ਰਾਜ ਵਾਸੀ ਮੱਲੋਕੇ ਰੋਡ, ਟਿੱਬਾ ਬਸਤੀ ਜ਼ੀਰਾ ਨੇ ਦੱਸਿਆ ਕਿ ਉਹ ਆਪਣੀ ਐਕਟਿਵਾ ਸਕੂਟਰ 'ਤੇ ਸਵਾਰ ਹੋ ਕੇ ਆਪਣੀ ਭੈਣ ਨੂੰ ਮਿਲਣ ਲਈ ਪਿਡ ਨੂਰਪੁਰ ਫਿਰੋਜ਼ਪੁਰ ਰੋਡ 'ਤੇ ਜਾ ਰਿਹਾ ਸੀ, ਜਦ ਉਹ ਕਲਗੀਧਰ ਨਗਰ ਜ਼ੀਰਾ ਪਾਸ ਪੁੱਜਾ ਤਾਂ ਦੋਸ਼ੀਆਨ ਮਨੀਸ਼ ਕੁਮਾਰ ਪੁੱਤਰ ਇੰਦਰਜੀਤ ਉਡੀਕਾ ਵਾਸੀ ਝੱਟਿਆਂ ਵਾਲਾ ਮੁਹੱਲਾ ਜ਼ੀਰਾ, ਮੁਨੀਸ਼ ਕੁਮਾਰ ਦਾ ਮੁਨੀਮ ਤੇ 2 ਅਣਪਛਾਤੇ ਆਦਮੀ, ਜੋ ਇੱਕ ਕਾਰ 'ਤੇ ਆਏ ਤੇ ਉਸ ਦੀ ਐਕਟਿਵਾ ਸਕੂਟਰ ਅੱਗੇ ਕਾਰ ਲਗਾ ਕੇ ਰੋਕ ਲਿਆ ਤੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ।

### ਲੱਖਾਂ ਰੁਪਏ ਨਗਦੀ ਖੋਹਣ ਤੇ ਸੱਟਾਂ ਮਾਰਨ ਦੇ ਦੋਸ਼ 'ਚ 7 ਖਿਲਾਫ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਸਥਾਨਕ ਥਾਣਾ ਸਿਟੀ ਪੁਲਸ ਨੇ ਲੱਖਾਂ ਰੁਪਏ ਦੀ ਨਗਦੀ ਖੋਹਣ ਤੇ ਸੱਟਾਂ ਮਾਰਨ ਦੇ ਦੋਸ਼ 'ਚ 7 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਰਾਕੇਸ਼ ਸਿਡਾਨਾ ਨੇ ਦੱਸਿਆ ਕਿ ਉਹ ਆਪਣੇ ਦੋਸਤ ਸੌਰਵ ਚੋਰਾਹਾ ਵਾਸੀ ਨਾਗਪਾਲ ਨਗਰ ਨਾਲ ਆਪਣੇ ਦਫ਼ਤਰ ਵੱਲ ਕਾਰ ਵਿੱਚ ਸਵਾਰ ਹੋ ਕੇ ਜਾ ਰਹੇ ਸੀ ਤਾਂ ਜਦੋਂ ਉਹ ਆਪਣੇ ਦਫ਼ਤਰ ਨਜ਼ਦੀਕ ਗਲੀ ਨੰਬਰ 6 ਆਦਰਸ਼ ਨਗਰ ਪੁੱਜਾ ਤਾਂ ਅਸੀਂ ਆਪਣੀ ਗੱਡੀ ਰੋਕੀ ਤਾਂ ਜੁਗਨੂੰ ਤੇ ਲਵ ਵਾਸੀ ਆਦਰਸ਼ ਨਗਰ ਮਲੋਟ ਉਸ ਦੇ ਦੋਸਤ ਦੇ ਹੱਥੋਂ ਕਾਲੇ ਰੰਗ ਦਾ ਲਿਫ਼ਾਫ਼ਾ, ਜਿਸ ਵਿੱਚ ਕਰੀਬ ਇੱਕ ਲੱਖ, 80 ਹਜ਼ਾਰ ਰੁਪਏ ਨਗਦੀ ਸੀ, ਖੋਹ ਕੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਭੱਜ ਗਏ ਅਤੇ ਉਨ੍ਹਾਂ ਵੱਲੋਂ ਮੌਕੇ 'ਤੇ ਕਾਫ਼ੀ ਰੌਲਾ ਪਾਇਆ ਤੇ ਉਸ ਤੋਂ ਕੁੱਝ ਸਮੇਂ ਬਾਅਦ ਜੁਗਨੂੰ, ਲਵ ਸਮੇਤ ਲਗਭਗ 5 ਅਣਪਛਾਤੇ ਵਿਅਕਤੀ ਦੋ ਕਾਰਾਂ ਵਿੱਚ ਸਵਾਰ ਹੋ ਕੇ ਉਨ੍ਹਾਂ ਦੇ ਦਫ਼ਤਰ ਕੋਲ ਪੁੱਜੇ ਤੇ ਉਸ ਨੂੰ ਅਤੇ ਉਸ ਦੇ ਦੋਸਤ ਨੂੰ ਦੁਕਾਨ ਦੇ ਬਾਹਰ ਖੜ੍ਹਿਆਂ ਨੂੰ ਘੇਰ ਕੇ ਹਮਲਾ ਕਰ ਦਿੱਤਾ ਅਤੇ ਸੱਟਾਂ ਮਾਰੀਆਂ। ਪੁਲਸ ਨੇ ਬਿਆਨਾਂ ਦੇ ਆਧਾਰ 'ਤੇ ਉਕਤ ਵਿਅਕਤੀਆਂ 'ਤੇ ਮੁਕੱਦਮਾ ਨੰ. 290 ਧਾਰਾ 341,323,148,149 ਆਈ.ਪੀ.ਸੀ. ਤਹਿਤ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਪੁਲਸ ਵੱਲੋਂ ਭਗੌੜਾ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਦਾਲਤ ਵੱਲੋਂ ਭਗੌੜਾ ਕਰਾਰ ਵਿਅਕਤੀ ਨੂੰ ਪੁਲਸ ਨੇ ਗ੍ਰਿਫਤਾਰ ਕਰਕੇ ਉਸ ਖਿਲਾਫ 174-ਏ ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਕੁਲਵੰਤ ਸਿੰਘ ਨੇ ਦੱਸਿਆ ਕਿ ਇਹ ਮੁਕੱਦਮਾ ਬਾ-ਅਦਾਲਤ ਕਿਰਨਦੀਪ ਸਿੰਘ ਜੇ ਐੱਮ ਆਈ ਸੀ ਫਿਰੋਜ਼ਪੁਰ ਦੇ ਹੁਕਮ ਮੌਸੂਲ ਹੋਣ 'ਤੇ ਦੋਸ਼ੀ ਬਲਦੇਵ ਸਿੰਘ ਉਰਫ ਦੇਬੂ ਪੁੱਤਰ ਅਜੀਤ ਸਿੰਘ ਵਾਸੀ ਟੇਂਡੀਵਾਲਾ ਨੂੰ ਪੀ ਓ ਕਰਾਰ ਦੇਣ 'ਤੇ ਰਜਿਸਟਰ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਉਕਤ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਹੈ।

# ਆਂਗਣਵਾੜੀ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੇ ਨਾਂਅ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ


ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀਆਂ ਅਹੁਦੇਦਾਰਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਂਅ ਹਲਕਾ ਵਿਧਾਇਕ ਨੂੰ ਮੰਗ ਪੱਤਰ ਸੌਂਪੇ ਜਾਣ ਦਾ ਦ੍ਰਿਸ਼।

**ਮਮਦੋਟ (ਜਸਬੀਰ ਸਿੰਘ ਕੰਬੋਜ)**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਬਲਾਕ ਮਮਦੋਟ ਵੱਲੋਂ ਯੂਨੀਅਨ ਦੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਾਮ ਹਲਕਾ ਫਿਰੋਜ਼ਪੁਰ ਦਿਹਾਤੀ ਤੋਂ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੂੰ ਮੰਗ ਪੱਤਰ ਦਿੱਤਾ ਗਿਆ। ਜਥੇਬੰਦੀ ਦੀ ਮੰਗ ਹੈ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਜਾਣ ਤੇ ਮੁੱਖ ਮੰਤਰੀ ਜਥੇਬੰਦੀ ਨੂੰ ਮੀਟਿੰਗ ਦਾ ਸਮਾਂ ਦੇਣ। ਇਸ ਮੌਕੇ ਬਲਾਕ ਪ੍ਰਧਾਨ ਪ੍ਰਕਾਸ ਕੌਰ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਦੇ 3 ਸਾਲ ਤੋਂ 6 ਸਾਲ ਤੱਕ ਦੇ ਬੱਚੇ, ਜੋ ਸਰਕਾਰ ਨੇ 2017 ਵਿੱਚ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਭੇਜ ਦਿੱਤੇ ਸਨ, ਨੂੰ ਵਾਪਸ ਸੈਂਟਰਾਂ ਵਿੱਚ ਭੇਜਿਆ ਜਾਵੇ ਤੇ ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਜਦੋਂ ਤੱਕ ਇਹ ਲਾਗੂ ਨਹੀਂ ਹੁੰਦਾ, ਉਦੋਂ ਤੱਕ ਸਰਕਾਰ ਆਪਣੇ ਵਾਅਦੇ ਅਨੁਸਾਰ ਵਰਕਰਾਂ ਤੇ ਹੈਲਪਰਾਂ ਦਾ ਮਾਣ ਭੱਤਾ ਦੁੱਗਣਾ ਕਰੇ। ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇ 4 ਸਾਲਾਂ ਤੋਂ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਦੀ ਭਰਤੀ ਤੁਰੰਤ ਕੀਤੀ ਜਾਵੇ। ਐੱਨ ਜੀ ਓ ਅਧੀਨ ਕੰਮ ਕਰਦੀਆਂ ਵਰਕਰਾਂ ਤੇ ਹੈਲਪਰਾਂ ਨੂੰ ਮੁੱਖ ਵਿਭਾਗ ਅਧੀਨ ਲਿਆਂਦਾ ਜਾਵੇ। ਵਰਕਰਾਂ ਨੂੰ ਸਮਾਰਟ ਫੋਨ ਦਿੱਤੇ ਜਾਣ, ਉਤਸ਼ਾਹ ਵਰਧਕ ਰਾਸ਼ੀ ਕ੍ਰਮਵਾਰ ਵਰਕਰ ਤੇ ਹੈਲਪਰ ਨੂੰ 500 ਰੁਪਏ ਤੇ 250 ਰੁਪਏ ਦਿੱਤੇ ਜਾਣ। ਪੀ ਐਮ ਵੀ ਵਾਈ ਦੇ 2017 ਤੋਂ ਪੈਂਡਿੰਗ ਪਏ ਪੈਸੇ ਰਿਲੀਜ਼ ਕੀਤੇ ਜਾਣ। ਮਿੰਨੀ ਆਂਗਣਵਾੜੀ ਵਰਕਰ ਨੂੰ ਪੂਰੀ ਆਂਗਣਵਾੜੀ ਵਰਕਰ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਪ੍ਰੇਮ ਕੌਰ ਵਿੱਤ ਸਕੱਤਰ, ਪਰਮਜੀਤ ਕੌਰ ਸਰਕਲ ਪ੍ਰਧਾਨ, ਰਜਿੰਦਰ ਕੌਰ ਸਰਕਲ ਪ੍ਰਧਾਨ, ਕਲਵੰਤ ਕੌਰ, ਨੀਰਜਾ, ਅੰਜਨਾ, ਸਮਿਤਰਾ, ਅੱਛਰਾਂ, ਦੀਪੋ, ਗੁਰਜੀਤ ਕੌਰ, ਮਹਿੰਦਰ ਕੌਰ, ਰਾਜਵਿੰਦਰ ਕੌਰ, ਪਰਮਜੀਤ ਕੌਰ, ਕਿਰਨ ਬਾਲਾ, ਰਜਵੰਤ ਕੌਰ, ਵੀਨਾ ਰਾਣੀ, ਰਾਜ ਰਾਣੀ ਸਮੇਤ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਹਾਜ਼ਰ ਸਨ।

# ਨਸ਼ੇ ਦਾ ਟੀਕਾ ਲਗਾਉਣ ਨਾਲ ਨੌਜਵਾਨ ਦੀ ਮੌਤ

*ਤਿੰਨ ਵਿਅਕਤੀਆਂ ਖਿਲਾਫ ਮਾਮਲਾ ਦਰਜ*

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਨੌਰੰਗ ਸਿੰਘ ਵਾਲਾ ਵਿਖੇ ਨੌਜਵਾਨ ਨੂੰ ਨਸ਼ੇ ਦਾ ਟੀਕਾ ਲਗਾਉਣ ਨਾਲ ਹੋਈ ਮੌਤ ਦੇ ਮਾਮਲੇ ਵਿੱਚ ਥਾਣਾ ਮੱਲਾਂਵਾਲਾ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ 304, 34 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬੂਟਾ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬੋਤੀਆਂ ਵਾਲਾ ਨੇ ਦੱਸਿਆ ਕਿ ਉਸ ਦਾ ਭਰਾ ਜਗਜੀਤ ਸਿੰਘ (24 ਸਾਲ) ਨਸ਼ਾ ਕਰਨ ਦਾ ਆਦੀ ਸੀ, ਜੋ ਪਿੰਡ ਦੇ ਹੀ ਸਤਨਾਮ ਸਿੰਘ ਨਾਲ ਡਿੱਗ 'ਤੇ ਵਹੀਕਲ ਧੋਣ ਦਾ ਕੰਮ ਕਰਦਾ ਸੀ, ਜੋ ਇਹ ਗੁਰਦੇਵ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਲਹੁਕੇ ਕਲਾਂ ਪਾਸੋਂ ਹੈਰੋਇਨ ਲਿਆ ਕੇ ਪੀਂਦੇ ਸਨ। ਉਸ ਦਾ ਭਰਾ ਜਗਜੀਤ ਸਿੰਘ, ਜੋ 1 ਦਸੰਬਰ 2022 ਨੂੰ ਸਵੇਰੇ 9 ਵਜੇ ਇਹ ਕਹਿ ਕੇ ਚਲਾ ਗਿਆ ਕਿ ਅਸੀਂ ਨਕੋਦਰ ਬਾਬੇ ਦੇ ਮੱਥਾ ਟੇਕਣ ਚੱਲੇ ਹਾਂ, ਜਦ ਉਹ ਦੇਰ ਰਾਤ ਤੱਕ ਵਾਪਸ ਨਾ ਆਇਆ ਤਾਂ ਉਹ ਤੇ ਉਸ ਦਾ ਪਿਤਾ ਅਤੇ ਪਿੰਡ ਦੇ ਹੀ ਸਤਨਾਮ ਸਿੰਘ ਨੂੰ ਨਾਲ ਲੈ ਕੇ ਉਸ ਦੀ ਭਾਲ ਕਰਦੇ ਹੋਇਆਂ ਨੂੰ ਪਤਾ ਲੱਗਾ ਕਿ ਜਗਜੀਤ ਸਿੰਘ ਦੀ ਲਾਸ਼ ਪਿੰਡ ਨੌਰੰਗ ਸਿੰਘ ਵਾਲਾ ਦੀ ਨਹਿਰ ਦੀ ਪੱਟੜੀ 'ਤੇ ਪਈ ਹੈ। ਜਦ ਉਨ੍ਹਾਂ ਨੇ ਕੋਲ ਜਾ ਕੇ ਵੇਖਿਆ ਤਾਂ ਉਸ ਦੇ ਨੱਕ ਵਿਚੋਂ ਖੂਨ ਨਿਕਲਿਆ ਹੋਇਆ ਸੀ, ਜਿਸ ਨੂੰ ਦੋਸ਼ੀਆਨ ਸੁਖਚੈਨ ਸਿੰਘ ਪੁੱਤਰ ਚਮਕੌਰ ਸਿੰਘ, ਜਤਿੰਦਰ ਸਿੰਘ ਪੁੱਤਰ ਬਿੱਕਰ ਸਿੰਘ ਵਾਸੀਆਨ ਨੌਰੰਗ ਸਿੰਘ ਵਾਲਾ, ਗੁਰਦੇਵ ਸਿੰਘ ਪੁੱਤਰ ਬਲਕਾਰ ਸਿੰਘ ਨੇ ਨਸ਼ੇ ਦਾ ਟੀਕਾ ਭਰ ਕੇ ਲਗਾ ਕੇ ਓਵਰਡੋਜ਼ ਦੇਣ ਕਰਕੇ ਉਸ ਦੇ ਭਰਾ ਦੀ ਮੌਤ ਹੋਈ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# 2 ਦਰਜਨ ਤੋਂ ਵੱਧ ਟਰਾਂਸਫਾਰਮਰਾਂ ਦੀ ਭੰਨ-ਤੋੜ ਕਰਕੇ ਤਾਬਾਂ ਤੇ ਤੇਲ ਚੋਰੀ

**ਲਗਾਤਾਰ ਵਧ ਰਹੀਆਂ ਚੋਰੀ ਦੀਆਂ ਘਟਨਾਵਾਂ ਕਾਰਨ ਇਲਾਕੇ 'ਚ ਸਹਿਮ**



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਗੁਰਪ੍ਰੀਤ ਅਣਖੀ)**-ਇਲਾਕੇ ਅੰਦਰ ਚੋਰੀ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ, ਜਿੱਥੇ ਚੋਰਾਂ ਵੱਲੋਂ ਘਰਾਂ ਅੰਦਰ ਸੰਨ੍ਹ ਲਾਈ ਜਾ ਰਹੀ ਹੈ, ਉੱਥੇ ਖੇਤਾਂ ਵਿੱਚ ਵੀ ਮੋਟਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਚੋਰਾਂ ਦੇ ਹੌਸਲੇ ਏਨੇ ਬੁਲੰਦ ਹਨ ਕਿ ਚੋਰੀ ਦੀਆਂ ਘਟਨਾਵਾਂ ਨੂੰ ਲਗਾਤਾਰ ਅੰਜਾਮ ਦਿੱਤਾ ਜਾ ਰਿਹਾ ਹੈ। ਬੀਤੀ ਰਾਤ ਨੇੜਲੇ ਪਿੰਡ ਕੁਤਬਾ, ਬਾਹਮਣੀਆਂ, ਹਰਦਾਸਪੁਰਾ ਤੇ ਸਹਿਬਾਜ਼ਪੁਰਾ ਨਾਲ ਸਬੰਧਤ 16 ਕਿਸਾਨਾਂ ਦੇ ਖੇਤਾਂ ਵਿੱਚ ਟਿਊਬਵੈੱਲ ਟਰਾਂਸਫਾਰਮਾਂ ਦੀ ਅਣਪਛਾਤੇ ਚੋਰ ਗਰੋਹ ਵੱਲੋਂ ਭੰਨ-ਤੋੜ ਕਰਕੇ ਟਰਾਂਸਫਾਰਮਾਂ ਵਿਚਲਾ ਕੀਮਤੀ ਤਾਂਬਾ ਤੇ ਤੇਲ ਚੋਰੀ ਕਰਨ ਸਮੇਤ 10 ਦੇ ਕਰੀਬ ਕਿਸਾਨਾਂ ਦੀਆਂ ਮੋਟਰਾਂ ਦੀਆਂ ਕੇਬਲਾਂ ਵੱਢ ਕੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ।

ਇਸ ਮੌਕੇ ਪੀੜਤ ਕਿਸਾਨ ਦਵਿੰਦਰ ਸਿੰਘ ਧਨੋਆ ਵਾਸੀ ਕੁਤਬਾ ਤੇ ਜਗਰੂਪ ਸਿੰਘ ਵਾਸੀ ਕੁਤਬਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਿਸਾਨ ਦਵਿੰਦਰ ਸਿੰਘ ਵਾਸੀ ਕੁਤਬਾ 15 ਹਾਰਸ ਪਾਵਰ, ਰਣਜੀਤ ਸਿੰਘ ਕੁਤਬਾ 16 ਹਾਰਸ ਪਾਵਰ, ਮਨਜੀਤ ਸਿੰਘ ਕੁਤਬਾ 16 ਹਾਰਸ ਪਾਵਰ, ਨਰਿੰਦਰ ਸਿੰਘ ਕੁਤਬਾ 25 ਹਾਰਸ ਪਾਵਰ, ਸੁਖਵਿੰਦਰ ਸਿੰਘ ਕੁਤਬਾ 16 ਹਾਰਸ ਪਾਵਰ, ਭਗਵੰਤ ਸਿੰਘ ਵਾਸੀ ਬਾਹਮਣੀਆਂ 10 ਹਾਰਸ ਪਾਵਰ, ਹਰਪ੍ਰੀਤ ਸਿੰਘ ਹੈਪੀ ਬਾਹਮਣੀਆਂ 16 ਹਾਰਸ ਪਾਵਰ, ਅਮਨਦੀਪ ਸਿੰਘ ਵਾਸੀ ਸਹਿਬਾਜ਼ਪੁਰਾ 16 ਹਾਰਸ ਪਾਵਰ, ਜਰਨੈਲ ਸਿੰਘ ਵਾਸੀ ਹਰਦਾਸਪੁਰਾ 16 ਹਾਰਸ ਪਾਵਰ, ਗੁਰਮੁੱਖ ਸਿੰਘ ਹਰਦਾਸਪੁਰਾ 16 ਹਾਰਸ ਪਾਵਰ, ਅਮਰੀਕ ਸਿੰਘ ਹਰਦਾਸਪੁਰਾ 10 ਹਾਰਸ ਪਾਵਰ, ਦਰਸ਼ਨ ਸਿੰਘ ਹਰਦਾਸਪੁਰਾ 16 ਹਾਰਸ ਪਾਵਰ, ਅਮਰੀਕ ਸਿੰਘ ਹਰਦਾਸਪੁਰਾ 10 ਹਾਰਸ ਪਾਵਰ ਟਰਾਂਸਫਾਰਮਾਂ ਵਿੱਚੋਂ ਤੇਲ ਤੇ ਤਾਂਬਾ ਚੋਰੀ ਕਰਨ ਤੋਂ ਇਲਾਵਾ 10 ਹੋਰ ਕਿਸਾਨਾਂ ਦੀਆਂ ਮੋਟਰਾਂ ਤੋਂ ਕੇਬਲਾਂ ਚੋਰੀ ਕਰ ਲਈਆਂ ਗਈਆਂ ਅਤੇ ਟਰਾਂਸਫਾਰਮਾਂ ਦੀ ਭੰਨ-ਤੋੜ ਕੀਤੀ ਗਈ। ਪੀੜਤ ਕਿਸਾਨਾਂ ਨੇ ਕਿਹਾ ਕਿ ਚੋਰੀ ਦੀ ਘਟਨਾਵਾਂ ਦਾ ਪਤਾ ਉਦੋਂ ਲੱਗਾ, ਜਦੋਂ ਉਹ ਪਸ਼ੂਆਂ ਲਈ ਹਰਾ ਚਾਰਾ ਲੈਣ ਖੇਤ ਗਏ। ਉਨ੍ਹਾਂ ਕਿਹਾ ਕਿ ਚੋਰੀ ਦੀਆਂ ਵਧਦੀਆਂ ਘਟਨਾਵਾਂ ਨੂੰ ਲੈ ਕੇ ਇਲਾਕੇ 'ਚ ਸਹਿਮ ਦਾ ਮਾਹੌਲ ਹੈ। ਉਨ੍ਹਾਂ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਚੋਰ ਗਰੋਹ ਨੂੰ ਕਾਬੂ ਕਰਕੇ ਚੋਰੀ ਦੀਆਂ ਘਟਨਾਵਾਂ ਰੋਕੀਆਂ ਜਾਣ।

# ਜਬਰ ਨਹੀਂ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਪ੍ਰਵਾਨ ਕਰੇ ਸਰਕਾਰ : ਮੋਰਚਾ ਆਗੂ

**ਹੱਕ ਮੰਗਦੇ ਮਜ਼ਦੂਰਾਂ 'ਤੇ ਲਾਠੀਚਾਰਜ ਕਰਨ ਦੀ ਨਿਖੇਧੀ**



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾਈ ਆਗੂਆਂ ਸ਼ੇਰ ਸਿੰਘ ਖੰਨਾ, ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ, ਗੁਰਵਿੰਦਰ ਸਿੰਘ ਪੰਨੂੰ, ਬਲਿਹਾਰ ਸਿੰਘ, ਸਿਮਰਨਜੀਤ ਸਿੰਘ ਨੀਲੋਂ, ਰਮਨਪ੍ਰੀਤ ਕੌਰ ਮਾਨ, ਪਵਨਦੀਪ ਸਿੰਘ, ਸੁਰਿੰਦਰ ਕੁਮਾਰ, ਜਸਪ੍ਰੀਤ ਸਿੰਘ ਗਗਨ ਤੇ ਜਗਸੀਰ ਸਿੰਘ ਭੰਗੂ ਨੇ ਸੰਗਰੂਰ ਵਿਖੇ ਹੱਕ ਮੰਗਦੇ ਮਜ਼ਦੂਰਾਂ 'ਤੇ ਕੀਤੇ ਅੰਨ੍ਹੇਵਾਹ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਲੋਕ-ਹਿਤਾਇਸ਼ੀ ਕਹਾਉਣ ਵਾਲੀ ਆਪ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕਹਿਣੀ ਤੇ ਕਰਨੀ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੈ। ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਹੋਕਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਕਿਸੇ ਵੀ ਵਰਗ ਨੂੰ ਆਪਣੀਆਂ ਮੰਗਾਂ ਦੇ ਸੰਬੰਧ ਵਿੱਚ ਟੈਂਕੀਆਂ 'ਤੇ ਚੜ੍ਹਨ, ਧਰਨੇ-ਮੁਜ਼ਾਹਰੇ ਕਰਨ ਦੀ ਲੋੜ ਨਹੀਂ ਪੈਣੀ ਤੇ ਸੰਘਰਸ਼ ਕਰਦੇ ਲੋਕਾਂ 'ਤੇ ਪਾਣੀ ਦੀਆਂ ਬੁਛਾੜਾਂ ਨਹੀਂ ਵੱਜਣਗੀਆਂ, ਪੱਗਾਂ ਤੇ ਚੁੰਨੀਆਂ ਨਹੀਂ ਲੱਥਣਗੀਆਂ ਤੇ ਨਾ ਹੀ ਲਾਠੀਚਾਰਜ ਹੋਵੇਗਾ। ਸਰਕਾਰ ਪਿੰਡਾਂ ਦੀਆਂ ਸੱਥਾਂ-ਮੁਹੱਲਿਆਂ 'ਚੋਂ ਚੱਲੇਗੀ ਤੇ ਲੋਕਾਂ ਦੇ ਮਸਲੇ ਮੀਟਿੰਗਾਂ ਰਾਹੀਂ ਹੱਲ ਕੀਤੇ ਜਾਣਗੇ, ਪਰ ਅੱਜ ਜਦੋਂ ਵੀ ਕਿਸੇ ਵਰਗ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦਾ ਸੰਘਰਸ਼ ਕੀਤਾ ਜਾਂਦਾ ਹੈ ਤਾਂ ਪਿਛਲੀਆਂ ਸਰਕਾਰਾਂ ਦੀ ਓਹੀ ਪਾਣੀ ਦੀਆਂ ਬੁਛਾੜਾਂ ਤੇ ਅੰਨ੍ਹੇਵਾਹ ਲਾਠੀਚਾਰਜ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁੱਝ ਨਹੀਂ ਬਦਲਿਆ, ਜੇ ਕੁੱਝ ਬਦਲਿਆ ਹੈ ਤਾਂ ਧਰਨਿਆਂ ਦਾ ਸਥਾਨ, ਵਿਧਾਇਕਾਂ ਦੇ ਚਿਹਰੇ ਤੇ ਪੱਗਾਂ ਦਾ ਰੰਗ ਬਦਲਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਲਸ ਦੇ ਜਬਰ ਨਾਲ ਸੰਘਰਸ਼ਾਂ ਨੂੰ ਕੁਚਲਣ ਦੀ ਥਾਂ ਸਮੂਹ ਵਰਗਾਂ ਦੀਆਂ ਮੰਗਾਂ ਨੂੰ ਪ੍ਰਵਾਨ ਕੀਤਾ ਜਾਵੇ।

# ਕੋਠੀ 'ਚ ਕੀਤੀ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਆਈ ਟੀ ਆਈ ਵਾਲੀ ਗਲੀ ਬੈਕਸਾਈਡ ਸਟੇਟ ਬੈਂਕ ਆਫ ਇੰਡੀਆ ਦੇ ਇੱਕ ਕੋਠੀ ਵਿੱਚੋਂ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਾਕੇਸ਼ ਸਿੰਘ ਪੁੱਤਰ ਨਾਨਕ ਸਿੰਘ ਵਾਸੀ ਸੋਹਣ ਸਾਂਦੜ ਥਾਣਾ ਸਦਰ ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਨੇ ਦੱਸਿਆ ਕਿ ਉਹ ਖੇਤੀਬਾੜੀ ਦਾ ਕੰਮ ਕਰਦਾ ਹੈ ਤੇ ਉਹ ਹਰਦੀਪ ਸਿੰਘ ਪੁੱਤਰ ਗੁਰਬਖ਼ਸ਼ ਸਿੰਘ ਵਾਸੀ ਸਰਕਾਰੀ ਆਈ ਟੀ ਆਈ ਬੈਕਸਾਈਡ ਸਟੇਟ ਬੈਂਕ ਆਫ ਇੰਡੀਆ ਸਿਟੀ ਫਿਰੋਜ਼ਪੁਰ ਵਾਲੀ ਗਲੀ ਹਾਲ ਅਮਰੀਕਾ ਦੇ ਘਰ ਦੀ ਵੀ ਦੇਖ ਭਾਲ ਕਰਦਾ ਹੈ। ਇੱਕ ਦਿਨ ਪਹਿਲਾਂ 1 ਦਸੰਬਰ 2022 ਨੂੰ ਕਰੀਬ ਸਾਢੇ 10 ਵਜੇ ਸਵੇਰੇ ਹਰਦੀਪ ਸਿੰਘ ਦਾ ਉਸ ਨੂੰ ਫੋਨ ਆਇਆ ਕਿ ਕੋਠੀ ਵਿੱਚ ਚੋਰੀ ਹੋ ਗਈ ਹੈ। ਜਦ ਉਸ ਨੇ ਜਾ ਕੇ ਵੇਖਿਆ ਤਾਂ ਰਸੋਈ ਤੇ ਬਾਥਰੂਮ ਦੀਆਂ ਟੂਟੀਆਂ ਲੱਥੀਆਂ ਹੋਈਆਂ ਸਨ ਤੇ ਏ ਸੀ ਵਿਚਲਾ ਸਾਮਾਨ ਚੋਰੀ ਕੀਤਾ ਹੋਇਆ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਹੈ।

# ਕਾਰ 'ਚੋਂ ਲਾਇਸੰਸੀ ਪਿਸਟਲ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਇੱਛੇਵਾਲਾ ਰੋਡ ਨਜ਼ਦੀਕ ਇੱਕ ਕਾਰ ਵਿੱਚੋਂ ਲਾਇਸੰਸੀ ਪਿਸਟਲ ਚੋਰੀ ਕਰਨ ਦੇ ਮਾਮਲੇ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਮਨ ਕੁਮਾਰ ਪੁੱਤਰ ਹਰਬੰਸ ਲਾਲ ਵਾਸੀ ਗਊਸ਼ਾਲਾ ਰੋਡ ਵਾਰਡ ਨੰਬਰ 8 ਜ਼ੀਰਾ ਨੇ ਦੱਸਿਆ ਕਿ ਉਹ ਆਪਣੀ ਬਰੈਲਰ ਇੱਛੇਵਾਲਾ ਰੋਡ 'ਤੇ ਦੁਕਾਨ 'ਤੇ ਮਾਲ ਅੰਦਰ ਰਖਵਾ ਰਿਹਾ ਸੀ ਤੇ ਉਸ ਨੇ ਆਪਣੀ ਲਾਇਸੰਸੀ ਪਿਸਟਲ 32 ਬੋਰ ਨੰਬਰੀ ਆਰ ਪੀ 163643/2012 ਆਪਣੀ ਕਾਰ ਮਹਿੰਦਰਾ ਪਿੱਕਅੱਪ ਨੰਬਰ ਪੀ ਬੀ 05 ਏ ਐੱਨ 6340 ਦੀ ਕੰਡਕਟਰ ਸੀਟ 'ਤੇ ਰੱਖ ਦਿੱਤਾ ਸੀ, ਜਦ ਉਹ ਦੁਕਾਨ ਤੋਂ ਬਾਹਰ ਆਇਆ ਤਾਂ ਕੋਈ ਅਣਪਛਾਤਾ ਵਿਅਕਤੀ ਉਸ ਦਾ ਪਿਸਟਲ ਚੋਰੀ ਕਰਕੇ ਲੈ ਗਿਆ, ਜਿਸ ਦੀ ਆਪਣੇ ਤੌਰ 'ਤੇ ਭਾਲ ਕਰਦਾ ਰਿਹਾ ਹੈ, ਜੋ ਹੁਣ ਤੱਕ ਨਹੀਂ ਮਿਲਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਤਾਰਾ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਮਾਤਾ ਹਰਭਜਨ ਕੌਰ ਦੀ 21ਵੀਂ ਬਰਸੀ ਮਨਾਈ



**ਮਲੋਟ (ਗੁਰਮੀਤ ਸਿੰਘ ਮੱਕੜ)**

ਮਾਤਾ ਹਰਭਜਨ ਕੌਰ ਦੀ 21ਵੀਂ ਬਰਸੀ ਉਨ੍ਹਾਂ ਦੇ ਪਰਿਵਾਰ ਤੇ ਸਨੇਹੀਆਂ ਵੱਲੋਂ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਪਾਠ ਦੇ ਭੋਗ ਪਾਏ ਗਏ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮਾਤਾ ਹਰਭਜਨ ਕੌਰ ਬਹੁਤ ਹੀ ਮਿੱਠ ਬੋਲੜੇ, ਮਿਲਣਸਾਰ, ਨੇਕਦਿਲ ਤੇ ਧਾਰਮਿਕ ਖਿਆਲਾਂ ਦੇ ਮਾਲਕ ਸਨ। ਉਨ੍ਹਾਂ ਦਾ ਜਨਮ ਕਸਬਾ ਗਾਵਰਵਾਲੀ ਵਿੱਚ ਪਿਤਾ ਚਮਨ ਲਾਲ ਦੇ ਘਰ ਹੋਇਆ। ਦੇਸ਼ ਦੀ ਵੰਡ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਗੰਗਾਨਗਰ ਆ ਵਸਿਆ, ਜਿੱਥੇ ਉਨ੍ਹਾਂ ਦਾ ਵਿਆਹ ਸੁਤੰਤਰਤਾ ਸੈਨਾਨੀ ਸ੍ਰ. ਨਰੈਣ ਸਿੰਘ ਮੱਕੜ ਨਾਲ ਹੋਇਆ। ਕੁੱਝ ਸਮਾਂ ਗੰਗਾਨਗਰ ਰਹਿਣ ਤੋਂ ਬਾਅਦ ਉਹ ਮਲੋਟ ਆ ਵਸੇ, ਜਿੱਥੇ ਉਨ੍ਹਾਂ ਜ਼ਿੰਦਗੀ ਦੀ ਨਵੀਂ ਸ਼ੁਰੂਆਤ ਕੀਤੀ। ਜਦੋਂ ਉਨ੍ਹਾਂ ਦੇ ਪਤੀ ਨੂੰ 1944 ਵਿੱਚ ਅੰਗਰੇਜ਼ਾਂ ਨੇ ਜੇਲ੍ਹ ਭੇਜ ਦਿੱਤਾ ਤਾਂ ਉਨ੍ਹਾਂ ਆਪਣੇ ਪਰਿਵਾਰ ਨੂੰ ਪਿਤਾ ਦੀ ਕਮੀ ਨਾ ਮਹਿਸੂਸ ਹੋਣ ਦਿੱਤੀ ਤੇ ਜ਼ਿੰਦਗੀ ਦੇ ਬਿਖਰੇ ਰਾਹਾਂ 'ਤੇ ਚੱਲਦਿਆਂ ਤੰਗੀਆਂ ਤੁਰਸ਼ੀਆਂ ਸਹਾਰਦਿਆਂ ਪਰਿਵਾਰ ਦੀ ਉੱਨਤੀ ਲਈ ਦਿਨ-ਰਾਤ ਮਿਹਨਤ ਕੀਤੀ ਅਤੇ ਆਪਣੇ ਬੱਚਿਆਂ ਨੂੰ ਉੱਚ ਸਿੱਖਿਆ ਦਿਵਾਈ। 30 ਸਾਲ ਗਠੀਆ ਰੋਗ ਤੋਂ ਪੀੜਤ ਹੋਣ ਦੇ ਬਾਵਜੂਦ ਉਨ੍ਹਾਂ ਆਪਣੀ ਉਸਾਰੂ ਸੋਚ ਨਾਲ ਆਪਣੇ ਪਰਿਵਾਰ ਦਾ ਵਧੀਆ ਢੰਗ ਨਾਲ ਪਾਲਣ ਪੋਸ਼ਣ ਕੀਤਾ। ਉਨ੍ਹਾਂ ਦੂਰ ਅੰਦੇਸ਼ੀ ਸੋਚ ਤੇ ਲਿਆਕਤ ਸਦਕਾ ਪਰਿਵਾਰ ਨੂੰ ਤਰੱਕੀ ਦੀ ਲੀਹ 'ਤੇ ਤੋਰਿਆ। ਉਨ੍ਹਾਂ ਦੀ ਵਿਖਾਈ ਸੇਧ ਕਰਕੇ ਅੱਜ ਪਰਿਵਾਰ ਦਾ ਸਮਾਜ ਵਿਚ ਪੂਰਾ ਸਨਮਾਨ ਹੈ। ਲੰਬੀ ਬਿਮਾਰੀ ਕਾਰਨ 3 ਦਸੰਬਰ 2001 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੀ ਕੁੱਖੋਂ ਤਿੰਨ ਬੇਟੀਆਂ ਦਲਜੀਤ ਕੌਰ, ਸੁਰਜੀਤ ਕੌਰ, ਜੋਗਿੰਦਰ ਕੌਰ ਤੇ ਤਿੰਨ ਬੇਟੇ ਪ੍ਰੀਤਮ ਸਿੰਘ, ਅਮਰਜੀਤ ਸਿੰਘ ਤੇ ਗੁਰਮੀਤ ਸਿੰਘ ਆਪਣੀ ਮਾਤਾ ਦੇ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ]

ਅੱਜ ਉਨ੍ਹਾਂ ਦੀ 21ਵੀਂ ਬਰਸੀ 'ਤੇ ਉਨ੍ਹਾਂ ਦੇ ਪਰਿਵਾਰ ਤੇ ਸੁਨੇਹੀਆਂ ਵੱਲੋਂ ਗੁਰਦੁਆਰਾ ਭਾਈ ਜਗਤਾ ਜੀ ਵਿਖੇ ਪਾਠ ਦੇ ਭੋਗ ਪਾਏ ਗਏ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

# ਮੈਰੀਟੋਰੀਅਸ ਸਕੂਲ ਵਿਖੇ ਪੜ੍ਹਦਾ ਵਿਦਿਆਰਥੀ ਲਾਪਤਾ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਮੈਰੀਟੋਰੀਅਸ ਸਕੂਲ ਪਿੰਡ ਹਕੂਮਤ ਸਿੰਘ ਵਾਲਾ ਵਿਖੇ ਇੱਕ ਵਿਅਕਤੀ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਥਾਣਾ ਘੱਲ ਖੁਰਦ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ 365 ਆਈ ਪੀ ਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਹਰਜੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਬਾਜੇ ਕੇ ਥਾਣਾ ਨੰਦਗੜ੍ਹ ਜ਼ਿਲ੍ਹਾ ਬਠਿੰਡਾ ਨੇ ਦੱਸਿਆ ਕਿ ਉਸ ਦਾ ਲੜਕਾ ਨਵਦੀਪ ਸਿੰਘ ਉਮਰ ਕਰੀਬ 17 ਸਾਲ ਜੋ ਮੈਰੀਟੋਰੀਅਸ ਸਕੂਲ ਪਿੰਡ ਹਕੂਮਤ ਸਿੰਘ ਵਾਲਾ ਵਿਖੇ ਪੜ੍ਹਦਾ ਸੀ, ਜਿਸ ਦਾ 29 ਨਵੰਬਰ 2022 ਨੂੰ ਸਵੇਰੇ ਸਾਢੇ 9 ਵਜੇ ਤੋਂ ਸਾਢੇ 11 ਵਜੇ ਤੱਕ ਪੇਪਰ ਸੀ। ਵਕਤ ਕਰੀਬ 2.55 ਵਜੇ ਉਸ ਦੇ ਫੋਨ 'ਤੇ ਫੋਨ ਨੰਬਰ 83605-42836 ਤੋਂ ਫੋਨ ਆਇਆ ਕਿ ਨਵਦੀਪ ਸਿੰਘ ਕੋਲੋਂ ਪੇਪਰ ਵਿੱਚ ਪਰਚੀ ਫੜੀ ਗਈ ਸੀ, ਜਿਸ ਨੂੰ ਕਮਰਾ ਨੰਬਰ 10 ਵਿੱਚ ਬੁਲਾਇਆ ਗਿਆ ਸੀ, ਜੋ ਦੁਬਾਰਾ ਹੋਸਟਲ ਵਿੱਚ ਨਹੀਂ ਆਇਆ ਤੇ ਕੰਧ ਤੋਂ ਛਾਲ ਮਾਰ ਕੇ ਭੱਜ ਗਿਆ ਹੈ। ਨਵਦੀਪ ਸਿੰਘ, ਜੋ ਸਕੂਲ ਤੋਂ ਭੱਜ ਗਿਆ, ਪਰ ਘਰ ਵਾਪਸ ਨਹੀਂ ਪਹੁੰਚਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸੁਖਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ।

# ਚਿੱਟੇ ਦੀ ਓਵਰਡੋਜ਼ ਲੈਣ ਨਾਲ ਨੌਜਵਾਨ ਦੀ ਮੌਤ

**ਜਲਾਲਾਬਾਦ (ਦਹੂਜਾ)** : ਜਲਾਲਾਬਾਦ ਦੇ ਪਿੰਡ ਧੁਨਕਿਆਂ 'ਚ ਚਿੱਟੇ ਦੀ ਓਵਰਡੋਜ਼ ਲੈਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਜਾਣ ਦੀ ਸੂਚਨਾ ਹੈ।



ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਟਮ ਲਈ ਫ਼ਾਜ਼ਿਲਕਾ ਭੇਜ ਦਿੱਤਾ ਗਿਆ। ਮਿਲੀ ਜਾਣਕਾਰੀ ਅਨੁਸਾਰ 26 ਸਾਲਾ ਪਿੰਡ ਧੁਨਕਿਆਂ ਵਾਸੀ ਲਵਪ੍ਰੀਤ ਸਿੰਘ ਪੁੱਤਰ ਜਸਬੀਰ ਸਿੰਘ ਪਿੰਡ ਚੱਕ ਖੀਵਾ ਵਾਲੀ ਸੜਕ 'ਤੇ ਇੱਕ ਕਿਸਾਨ ਦੀ ਖੇਤ ਵਾਲੀ ਮੋਟਰ 'ਤੇ ਬੇਹੋਸ਼ ਨਜ਼ਰ ਆਇਆ। ਜਦ ਲੋਕਾਂ ਨੇ ਉਸ ਦੀ ਨਬਜ਼ ਚੈੱਕ ਕੀਤੀ ਤਾਂ ਪਤਾ ਚੱਲਿਆ ਕਿ ਉਸ ਦੀ ਮੌਤ ਹੋ ਚੁੱਕੀ ਸੀ ਅਤੇ ਮੂੰਹ ਚੋਂ ਝੱਗ ਨਿਕਲ ਰਹੀ ਸੀ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਦਾ ਇੱਕ 4 ਸਾਲ ਦਾ ਬੱਚਾ ਵੀ ਹੈ। ਉਧਰ ਘੁਬਾਇਆ ਚੌਕੀ ਦੇ ਇੰਚਾਰਜ ਬਲਕਾਰ ਸਿੰਘ ਨਾਲ ਫੋਨ 'ਤੇ ਹੋਈ ਗੱਲ ਦੌਰਾਨ ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੇ ਪਿਤਾ ਜਸਬੀਰ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਧਾਰਾ 304 ਦੇ ਅਧੀਨ ਪਰਚਾ ਕੀਤਾ ਗਿਆ ਹੈ ਤੇ ਮ੍ਰਿਤਕ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਆਖਿਰਕਾਰ ਸਬ ਡਵੀਜ਼ਨ ਜਲਾਲਾਬਾਦ 'ਚ ਕਦ ਤੱਕ ਨੌਜਵਾਨਾਂ ਦੀ ਨਸ਼ਿਆਂ ਕਾਰਨ ਮੌਤ ਹੁੰਦੀ ਰਹੇਗੀ, ਜਦਕਿ ਪੁਲਸ ਪ੍ਰਸ਼ਾਸਨ ਵੱਲੋਂ ਸ਼ਿਕੰਜਾ ਵੀ ਕੱਸਿਆ ਜਾ ਰਿਹਾ ਹੈ, ਪਰ ਫਿਰ ਵੀ ਕੁਝ ਸਮਾਜ ਵਿਰੋਧੀ ਅਨਸਰ ਚਿੱਟਾ ਵੇਚਣੋਂ ਬਾਜ਼ ਨਹੀ ਆ ਰਹੇ। ਜਨਤਾ ਨੇ ਪੁਲਸ ਪ੍ਰਸ਼ਾਸਨ ਅੱਗੇ ਅਪੀਲ ਕੀਤੀ ਹੈ ਕਿ ਇਨ੍ਹਾਂ ਤਸਕਰਾਂ 'ਤੇ ਹੋਰ ਨਕੇਲ ਕੱਸੀ ਜਾਵੇ।

# ਖੇਡ ਕਿੱਟਾਂ ਤੋਂ ਬਿਨਾਂ ਪੰਜਾਬ ਪੱਧਰੀ ਸਕੂਲ ਖੇਡਾਂ ਕਰਾਉਣਾ ਫੋਕੀ ਸ਼ੋਹਰਤ ਦੇ ਤੁਲ : ਜੀ ਟੀ ਯੂ

**ਖੇਡਾਂ ਵਾਸਤੇ ਫੰਡ ਮੁਹੱਈਆ ਕਰਵਾਏ ਪੰਜਾਬ ਸਰਕਾਰ : ਚਾਹਲ**

**ਬੇਮੌਸਮੀ ਖੇਡਾਂ ਬੱਚਿਆਂ ਦੀ ਸਿਹਤ ਨਾਲ ਖਿਲਵਾੜ : ਭੁੱਟੋ**



**ਜ਼ੀਰਾ (ਨਰਿੰਦਰ ਅਨੇਜਾ)**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਸਕੱਤਰ ਕੁਲਦੀਪ ਸਿੰਘ ਦੌੜਕਾ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈੱਸ ਸਕੱਤਰ ਸੁਰਜੀਤ ਮੁਹਾਲੀ, ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਭੁੱਟੋ, ਸੂਬਾ ਕਮੇਟੀ ਮੈਂਬਰ ਨੀਰਜ ਯਾਦਵ, ਜਨਰਲ ਸਕੱਤਰ ਜਗਸੀਰ ਸਿੰਘ ਗਿੱਲ, ਵਿੱਤ ਸਕੱਤਰ ਬਲਵਿੰਦਰ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਰਾਜੀਵ ਹਾਂਡਾ, ਸਹਿਨਾਜ਼ ਨਰੂਲਾ, ਬਲਵਿੰਦਰ ਕੌਰ ਬਹਿਲ, ਸੰਜੇ ਚੌਧਰੀ, ਸੰਦੀਪ ਟੰਡਨ, ਸੁਰਿੰਦਰ ਨਰੂਲਾ, ਰਾਜਿੰਦਰ ਰਾਜਾ ਆਦਿ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਸਕੂਲੀ ਬੱਚਿਆਂ ਦੀਆਂ ਪੰਜਾਬ ਪੱਧਰੀ ਖੇਡਾਂ 6 ਦਸੰਬਰ ਤੋਂ 10 ਦਸੰਬਰ ਤੱਕ ਅਨੰਦਪੁਰ ਸਾਹਿਬ ਵਿਖੇ ਕਰਵਾਈਆਂ ਜਾ ਰਹੀਆਂ ਹਨ, ਵਿੱਚ 23 ਜ਼ਿਲ੍ਹਿਆਂ ਦੇ 6500 ਬੱਚੇ ਬਿਨਾਂ ਖੇਡ ਕਿੱਟਾਂ ਤੇ ਸਹੂਲਤਾਂ ਤੋਂ ਖੇਡ ਰਹੇ ਹਨ, ਜਿਸ 'ਤੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਸਖਤ ਇਤਰਾਜ਼ ਕੀਤਾ ਹੈ। ਆਗੂਆਂ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਤਿਆਰੀ ਤੇ ਬਿਨਾਂ ਸਹੂਲਤਾਂ ਤੋਂ ਖੇਡਾਂ ਕਰਾਉਣੀਆਂ ਫੋਕੀ ਬੱਲੇ ਬੱਲੇ ਕਰਾਉਣ ਦੇ ਤੁਲ ਹੈ, ਉਲਟਾ ਖੇਡਾਂ ਕਰਾਉਣ ਲਈ ਤੇ ਬੱਚਿਆਂ ਨੂੰ ਵਰਦੀਆਂ ਤੱਕ ਦੇਣ ਲਈ ਇਲਾਕਿਆਂ ਦੇ ਪਤਵੰਤਿਆਂ ਤੋਂ ਪੈਸੇ ਦੀ ਮੰਗ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਵੀ ਜੋ ਸੈਂਟਰ ਤੇ ਬਲਾਕ ਪੱਧਰ ਦੀਆਂ ਖੇਡਾਂ ਹੋਈਆਂ ਸਨ, ਵਿੱਚ ਅਧਿਆਪਕਾਂ ਦੀਆਂ ਜੇਬਾਂ ਵਿੱਚੋਂ ਪੈਸੇ ਕੱਢਵਾ ਕੇ ਹੀ ਕਰਵਾਈਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸਕੂਲਾਂ ਵਿੱਚ ਬੱਚਿਆਂ ਦੀਆਂ ਖੇਡਾਂ ਹੋਣੀਆਂ ਜ਼ਰੂਰੀ ਹਨ, ਨਾਲੋਂ ਨਾਲ ਪਹਿਲਾਂ ਉਨ੍ਹਾਂ ਦਾ ਪ੍ਰਬੰਧ ਕੀਤਾ ਜਾਣਾ ਜ਼ਰੂਰੀ ਹੈ। ਆਗੂਆਂ ਨੇ ਕਿਹਾ ਕਿ ਪਹਿਲਾਂ ਖੇਡਾਂ ਵਾਸਤੇ ਫੰਡ ਤੇ ਤਿਆਰੀ ਜ਼ਰੂਰੀ ਹੈ। ਪੰਜਾਬ ਸਰਕਾਰ ਸਾਲਾਨਾ ਖੇਡ ਕੈਲੰਡਰ ਜਾਰੀ ਕਰੇ ਤੇ ਉਸ ਅਨੁਸਾਰ ਹੀ ਖੇਡਾਂ ਕਰਵਾਈਆਂ ਜਾਣ, ਬੇਮੌਸਮੀ ਖੇਡਾਂ ਕਰਵਾਉਣ ਕਾਰਨ ਬੱਚਿਆਂ ਦੀ ਪੜ੍ਹਾਈ ਵੀ ਖਰਾਬ ਹੋ ਰਹੀ ਹੈ ਤੇ ਖੇਡਾਂ ਦੀ ਵੀ ਖਾਨਾਪੂਰਤੀ ਕੀਤੀ ਜਾ ਰਹੀ ਹੈ। ਇਸ ਸਮੇਂ ਸੀਨੀਅਰ ਮੀਤ ਪ੍ਰਧਾਨ ਗੁਰਚਰਨ ਸਿੰਘ ਕਲਸੀ, ਭੁਪਿੰਦਰ ਸਿੰਘ, ਹਰਪਾਲ ਸਿੰਘ, ਰਾਜਿੰਦਰ ਰਾਜਾ, ਬਲਜਿੰਦਰ ਸਿੰਘ, ਇਕਬਾਲ ਸਿੰਘ, ਜਨਕ ਰਾਜ ਚੋਪੜਾ, ਸੁਖਵਿੰਦਰ ਸਿੰਘ, ਪ੍ਰੇਮ ਸਿੰਘ, ਪਾਰਸ ਸ਼ਰਮਾ, ਗੁਰਲਾਬ ਸਿੰਘ, ਜਸਵੀਰ ਸਿੰਘ, ਨਿਸ਼ਾਨ ਸਿੰਘ, ਪੁਸ਼ਪਿੰਦਰ ਲੱਕੀ ਆਦਿ ਅਧਿਆਪਕ ਆਗੂ ਹਾਜ਼ਰ ਸਨ।

# 'ਪੈਨਸ਼ਨਰਜ਼ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ 'ਤੇ ਸੰਘਰਸ਼ ਤੇਜ਼ ਕੀਤਾ ਜਾਵੇਗਾ'



**ਦੋਰਾਹਾ (ਹਰਮਿੰਦਰ ਸੇਠ)**

ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੋਰਾਹਾ ਦੀ ਪਵਨ ਕੁਮਾਰ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ ਮਹੀਨਾਵਾਰ ਮੀਟਿੰਗ ਵਿੱਚ 16 ਨਵੰਬਰ ਨੂੰ ਲੁਧਿਆਣਾ ਵਿਖੇ ਤੇ 29 ਨਵੰਬਰ ਨੂੰ ਮੋਹਾਲੀ ਵਿਖੇ ਪੰਜਾਬ ਸਰਕਾਰ ਦੀਆਂ ਪੈਨਸ਼ਨਰਜ਼ ਵਿਰੋਧੀ ਨੀਤੀਆਂ ਤੇ ਉਨ੍ਹਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕਰਨ ਵਿਰੁੱਧ ਹੋਈਆਂ ਰੈਲੀਆਂ ਵਿੱਚ ਦੋਰਾਹਾ ਤੋਂ ਵੱਡੀ ਗਿਣਤੀ 'ਚ ਪੈਨਸ਼ਨਰਜ਼ ਵੱਲੋਂ ਕੀਤੀ ਸ਼ਿਰਕਤ 'ਤੇ ਤਸੱਲੀ ਪ੍ਰਗਟ ਕੀਤੀ ਗਈ।

ਪਵਨ ਕੁਮਾਰ ਕੌਸ਼ਲ ਨੇ ਆਪਣੇ ਸੰਬੋਧਨ ਵਿੱਚ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਵਿੱਚ ਆ ਰਹੀਆਂ ਅੜਚਣਾਂ ਦਾ ਵਰਨਣ ਕਰਦੇ ਹੋਏ ਮੁਲਾਜ਼ਮਾਂ ਨੂੰ ਮਿਲ ਰਹੀ ਪੈਨਸ਼ਨ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ 1982 ਤੋਂ ਪਹਿਲਾਂ ਬਹੁਤ ਘੱਟ ਵਿਭਾਗਾਂ ਅੰਦਰ ਨਾ-ਮਾਤਰ ਪੈਨਸ਼ਨ ਮਿਲਦੀ ਸੀ, ਪ੍ਰੰਤੂ 17 ਦਸਬੰਰ 1982 ਨੂੰ ਮਾਨਯੋਗ ਸੁਪਰੀਮ ਕੋਰਟ ਨੇ ਸੇਵਾਮੁਕਤ ਅਧਿਕਾਰੀਆਂ ਤੇ ਪੈਨਸ਼ਨਰਾਂ ਨੂੰ ਮਾਣ ਤੇ ਮਰਿਆਦਾ ਦੀ ਗਰੰਟੀ ਦੇਣ ਵਾਲਾ ਇੱਕ ਇਤਿਹਾਸਕ ਫੈਸਲਾ ਸੁਣਾਇਆ ਸੀ। ਇੱਕ ਫੈਸਲੇ ਮੁਤਾਬਕ ਪੈਨਸ਼ਨ ਕੋਈ ਖੈਰਾਤ ਨਹੀਂ, ਇਹ ਮੁਲਾਜ਼ਮ ਦਾ ਅਧਿਕਾਰ ਹੈ, ਇਸ ਦੇ ਬਾਵਜੂਦ ਸ੍ਰੀ ਬਾਜਪਾਈ ਸਰਕਾਰ ਨੇ 2004 ਤੋਂ ਇਹ ਮਿਲਦੀ ਪੈਨਸ਼ਨ ਸਕੀਮ ਰੱਦ ਕਰ ਦਿੱਤੀ ਸੀ। ਮੀਟਿੰਗ ਨੂੰ ਰਣਜੀਤ ਸਿੰਘ ਟਿਵਾਣਾ, ਦਲੀਪ ਸਿੰਘ, ਦਰਸ਼ਨ ਸਿੰਘ, ਕਮਲਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰ ਨੇ ਆਉਂਦੇ ਸਮੇਂ ਦੌਰਾਨ ਮੰਗਾਂ ਨਾ ਮੰਨੀਆਂ ਤਾਂ ਪੈਨਸ਼ਨਰਜ਼ ਜਾਇੰਟ ਫਰੰਟ ਵੱਲੋਂ ਦਿੱਤੇ ਜਾਣ ਵਾਲੇ ਅਗਲੇ ਸੰਘਰਸ਼ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਇਆ ਜਾਵੇਗਾ।

4-DEC-PAGE-9.qxd 12/3/2022 9:41 PM Page 1



# ਸੇਬਾਂ ਦਾ ਭਰਿਆ ਟਰੱਕ ਪਲਟਿਆ, ਰਾਹਗੀਰ ਮਦਦ ਦੀ ਬਜਾਏ ਸੇਬ ਚੁੱਕ ਕੇ ਚਲਦੇ ਬਣੇ



ਹਾਦਸਾਗ੍ਰਸਤ ਟਰੱਕ ਦੀ ਤਸਵੀਰ ਤੇ ਹਾਦਸੇ ਸੰਬੰਧੀ ਦੱਸਦੇ ਪ੍ਰੋਫੈਸਰ ਧਰਮਜੀਤ ਸਿੰਘ ਜਲਵੇੜਾ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ਼ਨੀਵਾਰ ਤੜਕੇ ਸਰਹਿੰਦ-ਰਾਜਪੁਰਾ ਜੀ. ਟੀ. ਰੋਡ 'ਤੇ ਪਿੰਡ ਰਜਿੰਦਰਗੜ੍ਹ ਨੂੰ ਮੁੜਦੇ ਕੱਟ ਨਜ਼ਦੀਕ ਇਨਸਾਨੀਅਤ ਉਦੋਂ ਸ਼ਰਮਸਾਰ ਹੁੰਦੀ ਨਜ਼ਰ ਆਈ, ਜਦੋਂ ਸੇਬਾਂ ਦਾ ਭਰਿਆ ਟਰੱਕ ਪਲਟਣ ਕਾਰਨ ਜ਼ਖਮੀ ਹੋਏ ਟਰੱਕ ਸਵਾਰਾਂ ਦੀ ਮੱਦਦ ਕਰਨ ਦੀ ਬਜਾਏ ਰਾਹਗੀਰਾਂ ਨੇ ਸੇਬਾਂ ਦੀਆਂ ਪੇਟੀਆਂ ਚੁੱਕ ਕੇ ਲਿਜਾਣ ਨੂੰ ਤਰਜੀਹ ਦਿੱਤੀ। ਭਰੇ ਮਨ ਨਾਲ ਟਰੱਕ ਦੇ ਮਾਲਕ ਕੁਲਜਿੰਦਰ ਸਿੰਘ ਵਾਸੀ ਬਟਾਲਾ ਨੇ ਦੱਸਿਆ ਕਿ ਉਸ ਨੇ ਆਪਣੇ ਟਰੱਕ 'ਚ ਕਸ਼ਮੀਰ ਤੋਂ ਇੱਕ ਵਪਾਰੀ ਦੀਆਂ ਸੇਬਾਂ ਦੀਆਂ 1260 ਪੇਟੀਆਂ ਲੱਦੀਆਂ ਸਨ, ਜਿਨ੍ਹਾਂ ਨੂੰ ਉਹ ਬਿਹਾਰ 'ਚ ਛੱਡਣ ਲਈ ਉਹ ਤੇ ਉਸ ਦਾ ਡਰਾਈਵਰ ਜਾ ਰਹੇ ਸਨ ਤੇ ਤੜਕੇ ਕਰੀਬ ਸਵਾ ਚਾਰ ਵਜੇ ਜੀ. ਟੀ. ਰੋਡ 'ਤੇ ਰਜਿੰਦਰਗੜ੍ਹ ਵਾਲੇ ਕੱਟ ਨਜ਼ਦੀਕ ਅੱਗੇ ਜਾ ਰਹੀ ਇੱਕ ਕਾਰ ਵੱਲੋਂ ਅਚਾਨਕ ਬਰੇਕ ਲਗਾ ਦਿੱਤੀ ਗਈ, ਜਿਸ 'ਤੇ ਸੰਤੁਲਨ ਵਿਗੜਨ ਕਾਰਨ ਟਰੱਕ ਪਲਟ ਗਿਆ ਤੇ ਸੇਬਾਂ ਦੀਆਂ ਪੇਟੀਆਂ ਸੜਕ 'ਤੇ ਖਿੱਲਰ ਗਈਆਂ ਅਤੇ ਉਸ ਦੇ ਤੇ ਟਰੱਕ ਚਾਲਕ ਦੋਵਾਂ ਦੇ ਸੱਟਾਂ ਲੱਗੀਆਂ, ਜਿਸ ਤੋਂ ਬਾਅਦ ਉਹ ਇੱਕ ਆਟੋ 'ਚ ਸਵਾਰ ਹੋ ਕੇ ਡਾਕਟਰੀ ਸਹਾਇਤਾ ਲੈਣ ਲਈ ਚਲੇ ਗਏ ਤੇ ਜਦੋਂ ਉਹ ਦਵਾਈ ਲੈ ਕੇ ਵਾਪਸ ਟਰੱਕ ਕੋਲ ਪਹੁੰਚੇ ਤਾਂ ਸੇਬ ਚੁੱਕ ਕੇ ਲਿਜਾਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਸਨ ਤੇ ਲੋਕ ਆਪਣੀਆਂ ਕਾਰਾਂ ਰੋਕ-ਰੋਕ ਕੇ ਪੇਟੀਆਂ ਚੁੱਕ ਕੇ ਲਿਜਾ ਰਹੇ ਸਨ ਅਤੇ ਲੋਕਾਂ ਵੱਲੋਂ 90 ਫੀਸਦੀ ਦੇ ਕਰੀਬ ਸੇਬ ਲੁੱਟ ਲਏ ਗਏ।

ਹਾਦਸੇ ਬਾਰੇ ਪਤਾ ਲੱਗਣ 'ਤੇ ਟਰੱਕ ਸਵਾਰਾਂ ਦੀ ਮੱਦਦ ਲਈ ਪਹੁੰਚੇ ਇਲਾਕੇ ਦੇ ਉੱਘੇ ਸਮਾਜ ਸੇਵਕ ਧਰਮਜੀਤ ਸਿੰਘ ਮਾਨ ਜਲਵੇੜ੍ਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿੰਨੇ ਸ਼ਰਮ ਦੀ ਗੱਲ ਹੈ ਕਿ ਜ਼ਖਮੀਆਂ ਦੀ ਮੱਦਦ ਕਰਨ ਦੀ ਬਜਾਏ ਲੋਕ ਸੇਬ ਚੁੱਕ ਕੇ ਤੁਰਦੇ ਬਣੇ।


# ਅਰਸ਼ਪ੍ਰੀਤ ਸਿੰਘ ਨੇ ਸਟੇਟ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ



**ਬਰੇਟਾ (ਰੀਤਵਾਲ)**-ਪਿਛਲੇ ਦਿਨੀਂ ਸਟੇਟ ਪੱਧਰ 'ਤੇ ਕਰਵਾਈਆਂ ਗਈਆਂ ਸਕੂਲ ਖੇਡਾਂ ਦੌਰਾਨ ਕਰਾਟੇ ਦੇ ਮੁਕਾਬਲਿਆਂ ਵਿੱਚ ਗਿਆਨ ਸਾਗਰ ਕੌਨਵੈਂਟ ਸਕੂਲ ਕਾਹਨਗੜ੍ਹ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਸ ਵਿੱਚ ਅਰਸ਼ਪ੍ਰੀਤ ਸਿੰਘ ਨੌਵੀਂ ਕਲਾਸ ਦੇ ਵਿਦਿਆਰਥੀ ਨੇ ਆਈਆਂ ਵੱਖ ਵੱਖ ਸਕੂਲਾਂ ਦੀਆਂ ਟੀਮਾਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਉਸ ਨੂੰ ਗੋਲਡ ਮੈਡਲ ਨਾਲ ਨਿਵਾਜਿਆ ਗਿਆ ਅਤੇ ਹੁਣ ਇਸ ਬੱਚੇ ਦੀ ਸਲੈਕਸ਼ਨ ਨੈਸ਼ਨਲ ਪੱਧਰ (ਭਾਰਤ ਲੈਵਲ ਦੀਆਂ ਸਕੂਲੀ ਖੇਡਾਂ) ਲਈ ਕੀਤੀ ਗਈ, ਜੋ ਕਿ ਆਪਣੇ ਸਭ ਲਈ ਬਹੁਤ ਮਾਣ ਵਾਲੀ ਗੱਲ ਹੈ। ਸਾਰੇ ਇਲਾਕਾ ਨਿਵਾਸੀਆਂ, ਸਮੁੱਚੀ ਮੈਨੇਜਮੈਂਟ, ਕੋਚ ਤੇ ਸਮੂਹ ਸਟਾਫ਼ ਵਿੱਚ ਖੁਸ਼ੀ ਦੀ ਲਹਿਰ ਹੈ। ਸਕੂਲ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਵਿਦਿਆਰਥੀ ਅਰਸ਼ਪ੍ਰੀਤ ਸਿੰਘ ਨੂੰ ਟਰਾਫ਼ੀ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਅਤੇ ਸਮੂਹ ਸਟਾਫ਼ ਤੇ ਮਾਪਿਆ ਨੂੰ ਵਧਾਈ ਦਿੱਤੀ, ਨਾਲ ਹੀ ਗਿਆਨ ਸਾਗਰ ਸਕੂਲ ਦੇ ਕਰਾਟੇ ਕੋਚ ਅਮਨਦੀਪ ਸਿੰਘ ਦੇ ਸਿਰ ਇਸ ਜਿੱਤ ਦਾ ਸਿਹਰਾ ਬੰਨ੍ਹਿਆ। ਸਕੂਲ ਚੇਅਰਮੈਨ ਰਾਮਪਾਲ ਸਿੰਘ ਸੇਖੋਂ ਨੇ ਬੱਚੇ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਅੱਗੇ ਨੈਸ਼ਨਲ ਪੱਧਰ 'ਤੇ ਖੇਡਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਪੁਲਸ ਲਾਠੀਚਾਰਜ ਨੇ ਮੁੱਖ ਮੰਤਰੀ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਕੀਤਾ : ਛਾਜਲੀ

## ਮਜ਼ਦੂਰਾਂ 'ਤੇ ਲਾਠੀਚਾਰਜ ਦੀ ਲਿਬਰੇਸ਼ਨ ਵੱਲੋਂ ਸਖ਼ਤ ਸ਼ਬਦਾਂ 'ਚ ਨਿੰਦਾ



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਪੰਜਾਬ ਦੀਆਂ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਵੱਡੀ ਗਿਣਤੀ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਆਪਣੀਆਂ ਹੱਕੀ ਮੰਗਾਂ ਮਨਾਉਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਦਿੱਤੇ ਧਰਨੇ ਪ੍ਰਦਰਸ਼ਨ ਦੌਰਾਨ ਮਜ਼ਦੂਰਾਂ 'ਤੇ ਕੀਤੇ ਪੁਲਸ ਲਾਠੀਚਾਰਜ ਦੀ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਕਿਹਾ ਕਿ ਪੁਲਸ ਵੱਲੋਂ ਮਜ਼ਦੂਰਾਂ 'ਤੇ ਜਬਰੀ ਲਾਠੀਚਾਰਜ ਕਾਰਨ ਮੁੱਖ ਮੰਤਰੀ ਭਗਵੰਤ ਮਾਨ ਦਾ ਮਜ਼ਦੂਰ ਵਿਰੋਧੀ ਚਿਹਰਾ ਸਾਹਮਣੇ ਆ ਚੁੱਕਾ ਹੈ। ਕਾਮਰੇਡ ਛਾਜਲੀ ਨੇ ਲਾਠੀਚਾਰਜ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਆਪ ਖੁਦ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗਾਂ ਸੱਦ ਕੇ ਭੱਜ ਰਿਹਾ ਹੈ ਤੇ ਬੀਤੇ ਮਹੀਨਿਆਂ 'ਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਹੋਈ ਮੀਟਿੰਗ ਵੀ ਬੇਸਿੱਟਾ ਰਹੀ ਸੀ, ਜਿਸ ਕਾਰਨ ਮਜ਼ਦੂਰਾਂ ਅੰਦਰ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਮੰਨਵਾਉਣ ਲਈ ਧਰਨਾ ਪ੍ਰਦਰਸ਼ਨ ਕਰਨਾ ਮਜ਼ਦੂਰਾਂ ਦਾ ਸੰਵਿਧਾਨਕ ਹੱਕ ਹੈ। ਪੰਜਾਬ ਸਰਕਾਰ ਵਿੱਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸਮੇਤ ਹੋਰ ਕਈ ਵਿਧਾਇਕ ਮਜ਼ਦੂਰ ਪਰਿਵਾਰਾਂ ਦਾ ਹਿੱਸਾ ਨੇ, ਉਨ੍ਹਾਂ ਨੇ ਵੀ ਇਸ ਕਾਂਡ 'ਤੇ ਜ਼ੁਬਾਨ ਬੰਦ ਕਰ ਰੱਖੀ ਹੈ, ਕਿਉਂਕਿ ਵੋਟਾਂ ਵੇਲੇ ਮਜ਼ਦੂਰਾਂ ਨਾਲ ਝੂਠੇ ਵਾਅਦੇ ਕਰਕੇ ਲਾਲੀਪੋਪ ਦਿੱਤਾ ਜਾਂਦਾ ਹੈ, ਪਰ ਸਰਕਾਰ ਬਣਨ ਉਪਰੰਤ ਵਾਅਦਿਆਂ ਨੂੰ ਪੂਰਾ ਨਾ ਕਰਨਾ ਲੋਕਾਂ ਨਾਲ ਧੋਖਾਧੜੀ ਹੈ। ਉਨ੍ਹਾਂ ਮੰਗ ਮੰਗ ਕੀਤੀ ਕਿ ਮਜ਼ਦੂਰਾਂ ਦੇ ਲਾਠੀਚਾਰਜ ਕਰਵਾਉਣ ਵਾਲੇ ਸੰਗਰੂਰ ਦੇ ਐੱਸ.ਐੱਸ.ਪੀ. ਨੂੰ ਤੁਰੰਤ ਬਰਖਾਸਤ ਕਰਕੇ ਮਜ਼ਦੂਰਾਂ ਨੂੰ ਇਨਸਾਫ ਦਿਵਾਇਆ ਜਾਵੇ, ਜੇਕਰ ਪੰਜਾਬ ਸਰਕਾਰ ਵੱਲੋਂ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਜਲਦ ਪੂਰਾ ਨਾ ਕੀਤਾ ਤਾਂ ਸਾਂਝੇ ਮੋਰਚੇ ਨਾਲ ਤਾਲਮੇਲ ਕਰਕੇ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਆਰਜ਼ੀ ਤੌਰ 'ਤੇ ਮਜ਼ਦੂਰਾਂ ਦੇ ਖਾਤਿਆਂ 'ਚ ਡੀ ਸੀ ਰੇਟਾਂ 'ਤੇ ਮਿਹਨਤਾਨਾ ਪਾਇਆ ਜਾਵੇ : ਬੱਲੀ, ਚੌਹਾਨ

**ਮਾਨਸਾ (ਰੀਤਵਾਲ)**-ਹਰ ਸਾਲ ਹਾੜ੍ਹੀ ਤੇ ਸਾਉਣੀ ਦੇ ਸੀਜ਼ਨ ਦੌਰਾਨ ਮਾਰਕਿਟ ਕਮੇਟੀਆਂ ਅਧੀਨ ਆਰਜ਼ੀ ਤੌਰ 'ਤੇ ਕੰਮ ਕਰਦੇ ਮਜ਼ਦੂਰ, ਸਫਾਈ ਸੇਵਕ, ਚੌਕੀਦਾਰ, ਵਾਟਰ ਕੈਰੀਅਰ ਆਦਿ ਨੂੰ ਡੀ ਸੀ ਰੇਟ ਵੀ ਨਹੀਂ ਦਿੱਤੇ ਜਾਂਦੇ। ਡੀ ਸੀ ਰੇਟਾਂ ਮੁਤਾਬਕ ਪ੍ਰਤੀ ਦਿਨ 350 ਰੁਪਏ ਇੱਕ ਦਿਨ ਮਿਹਨਤ, ਮਜ਼ਦੂਰੀ ਬਣਦੀ ਹੈ। ਸੀਜ਼ਨ ਦੌਰਾਨ ਕੰਮ ਕਰਦੇ ਮਜ਼ਦੂਰਾਂ ਨੂੰ 5-7 ਹਜ਼ਾਰ ਦੇ ਲਗਭਗ ਹੀ ਰੁਪਏ ਦਿੱਤੇ ਜਾਂਦੇ ਹਨ। ਇਹ ਸਿਲਸਿਲਾ ਅਧਿਕਾਰੀਆਂ ਤੇ ਠੇਕੇਦਾਰਾਂ ਦੀ ਮਿਲੀ-ਭੁਗਤ ਕਾਰਨ ਸੂਬੇ ਭਰ ਵਿੱਚ ਜਾਰੀ ਹੈ। ਇਸ ਨੂੰ ਲੈ ਕੇ ਸੰਵਿਧਾਨ ਬਚਾਓ ਮੰਚ ਦੇ ਆਗੂ ਐਡਵੋਕੇਟ ਬਲਕਰਨ ਸਿੰਘ ਬੱਲੀ ਤੇ ਉੱਘੇ ਸਮਾਜ ਸੇਵੀ ਸੀ.ਪੀ.ਆਈ. ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਸੀਜ਼ਨ ਦੌਰਾਨ ਮਜ਼ਦੂਰ ਲਗਭਗ 2 ਮਹੀਨੇ ਧੂੜ-ਮਿੱਟੀ ਵਿੱਚ 12-15 ਘੰਟੇ ਕੰਮ ਕਰਦਾ ਹੈ, ਉਨ੍ਹਾਂ ਨੂੰ ਬਣਦੀ ਮਿਹਨਤ ਨਹੀਂ ਦਿੱਤੀ ਜਾਂਦੀ। ਇਹ 2 ਮਹੀਨਿਆਂ ਦੇ ਮਿਹਨਤ ਨਾਲ ਉਸ ਨੇ 6 ਮਹੀਨੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਜ਼ਦੂਰਾਂ ਨੇ ਦੱਸਿਆ ਹੈ ਕਿ ਸੀਜ਼ਨ ਦੌਰਾਨ ਉਨ੍ਹਾਂ ਨੂੰ 5-7 ਹਜ਼ਾਰ ਰੁਪਏ ਹੀ 2 ਮਹੀਨਿਆਂ ਦੀ ਮਿਹਨਤ ਦੇ ਦਿੱਤੇ ਜਾਂਦੇ ਹਨ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ, ਮੰਡੀ ਬੋਰਡ ਦੇ ਸੈਕਟਰੀ, ਮੰਡੀ ਬੋਰਡ ਦੇ ਆਡੀਸ਼ਨਲ ਸੈਕਟਰੀ, ਡਿਪਟੀ ਕਮਿਸ਼ਨਰ ਮਾਨਸਾ ਤੇ ਲੇਬਰ ਕਮਿਸ਼ਨਰ ਪੰਜਾਬ ਨੂੰ ਅਪੀਲ ਕੀਤੀ ਹੈ ਕਿ ਮਾਰਕਿਟ ਕਮੇਟੀਆਂ ਤੇ ਹੋਰ ਅਦਾਰਿਆਂ ਵਿੱਚ ਆਰਜ਼ੀ ਤੌਰ 'ਤੇ ਕੰਮ ਕਰਦੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਡੀ ਸੀ ਰੇਟਾਂ 'ਤੇ ਮਿਹਨਤਤਾਨਾ ਪਾਉਣ ਦੀ ਲਿਖਤੀ ਤੌਰ 'ਤੇ ਅਧਿਕਾਰੀਆਂ ਨੂੰ ਪੱਤਰ ਜਾਰੀ ਕੀਤੇ ਜਾਣ ਤੇ ਮਜ਼ਦੂਰਾਂ ਦੇ ਖਾਤਿਆਂ ਵਿੱਚ ਇਹ ਬਣਦੀ ਰਾਸ਼ੀ ਪਾਈ ਜਾਵੇ। ਘੱਟ ਮਜ਼ਦੂਰੀ ਦੇਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ।

## ਕਾਤਰਾਂ

### ਸੁਖਬੀਰ ਬਾਦਲ ਵੱਲੋਂ ਨਵੀਆਂ ਨਿਯੁਕਤੀਆਂ ਸ਼ਲਾਘਾਯੋਗ ਕਦਮ : ਹਨੀ

**ਛਾਜਲੀ (ਜਸਵੀਰ ਲਾਡੀ)**-ਅਕਾਲੀ ਦਲ ਦੇ ਸੀਨੀਅਰ ਆਗੂ ਉਪਿੰਦਰ ਸਿੰਘ ਹਨੀ ਨੇ ਚੋਣਵੇਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੀ ਮਜ਼ਬੂਤੀ ਲਈ ਨਵੀਆਂ ਨਿਯੁਕਤੀਆਂ ਕਰਨਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਉਨ੍ਹਾ ਕਿਹਾ ਕਿ ਬਲਦੇਵ ਸਿੰਘ ਮਾਨ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਲਾਹਕਾਰ ਕਮੇਟੀ ਮੈਂਬਰ ਬਣਾਉਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ ਪਾਰਟੀ ਦੀਆਂ ਉਪਰਲੀਆ ਰਣਨੀਤੀਆ ਬਣਾਉਣ ਲਈ ਸਹਾਈ ਹੋਣਗੇ ਕਿਉਂਕਿ ਬਲਦੇਵ ਸਿੰਘ ਮਾਨ ਦਾ ਸਿਆਸਤ ਵਿੱਚ ਲੰਮਾ ਤਜਰਬਾ ਹੈ ਜੋ ਇੱਕ ਚੰਗੇ ਸਲਾਹਕਾਰ ਵਜੋਂ ਉੱਭਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਗੇ। ਇਸ ਮੌਕੇ ਉਨ੍ਹਾ ਦੇ ਨਾਲ ਹਰਨੇਕ ਸਿੰਘ ਪੂੰਨੀਆ, ਸੰਸਾਰ ਸਿੰਘ ਬੋਲਾ, ਗੰਗਾ ਸਿੰਘ, ਸਿਰੀਰਾਮ ਸਿੰਘ, ਹਰੇਰਾਮ ਸਿੰਘ ਧਾਲੀਵਾਲ, ਰਾਜਾ ਸਿੰਘ ਸਹਾਰਨ ਅਤੇ ਜੱਗੀ ਜੱਟ ਨੇ ਵੀ ਬਲਦੇਵ ਸਿੰਘ ਮਾਨ ਨੂੰ ਵਧਾਈ ਦਿੱਤੀ।

### ਵਿਦਿਆਰਥਣਾਂ ਨੂੰ ਸੈਨਟਰੀ ਪੈਡ ਵੰਡੇ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਵੜਿੰਗ ਖੇੜਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਭਾਰਤੀਯ ਸਟੇਟ ਬੈਂਕ ਦੀ ਸੀ.ਐੱਸ.ਆਰ. ਐਕਟੀਵਿਟੀ ਦੇ ਤਹਿਤ ਵਿਦਿਆਰਥਣਾਂ ਨੂੰ ਹਾਈਜੀਨ ਦੇ ਮਹੱਤਵ ਨੂੰ ਸਮਝਾਉਣ ਲਈ ਸੈਨਟਰੀ ਪੈਡ ਵੰਡੇ ਗਏ। ਭਾਰਤੀਯ ਸਟੇਟ ਬੈਂਕ ਦੇ ਖੇਤਰੀ ਵਪਾਰਕ ਦਫ਼ਤਰ ਸ਼੍ਰੀ ਮੁਕਤਸਰ ਸਾਹਿਬ ਵਿੱਚ ਤਾਇਨਾਤ ਸ਼੍ਰੀ ਸੁਨੀਲ ਭੁਟੀਆ ਪ੍ਰਬੰਧਕ (ਮਾਨਵ ਸੰਸਾਧਨ ਤੇ ਪ੍ਰਸ਼ਾਸਨ), ਬੈਂਕ ਅਧਿਕਾਰੀ ਕੁਲਦੀਪ ਸਿੰਘ ਮਦਾਨ, ਸ਼੍ਰੀਮਤੀ ਸੁਰਿੰਦਰਜੀਤ ਕੌਰ ਸ਼ਾਖਾ ਪ੍ਰਬੰਧਕ ਭਾਰਤੀਯ ਸਟੇਟ ਬੈਂਕ ਵੜਿੰਗ ਖੇੜਾ ਵੱਲੋਂ ਸਕੂਲ ਸਟਾਫ਼ ਨੂੰ ਵਿਦਿਆਰਥਣਾਂ ਨੂੰ ਵੰਡਣ ਲਈ ਸੈਨਟਰੀ ਪੈਡ ਭੇਟ ਕੀਤੇ ਗਏ। ਇਸ ਮੌਕੇ ਸਕੂਲ ਦਾ ਸਟਾਫ਼ ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਅਮਨਦੀਪ ਕੌਰ, ਸ਼ਿਲਪਾ, ਅਮਨਦੀਪ ਕੌਰ, ਕਰਮਜੀਤ ਕੌਰ ਆਦਿ ਹਾਜ਼ਰ ਸਨ।

### ਚੈੱਕ ਬਾਊਂਸ ਦੇ ਮਾਮਲੇ 'ਚ ਸਾਲ ਦੀ ਸਜ਼ਾ ਤੇ ਜੁਰਮਾਨਾ

**ਸੰਗਰੂਰ (ਪ੍ਰਵੀਨ ਸਿੰਘ)**-ਮਾਨਯੋਗ ਅਦਾਲਤ ਸ੍ਰੀਮਤੀ ਅਰਪਨਾ, ਜੁਡੀਸ਼ੀਅਲ ਮਜਿਸਟ੍ਰੇਟ ਫਸਟ ਕਲਾਸ, ਸੁਨਾਮ ਵੱਲੋਂ ਚੈੱਕ ਬਾਊਂਸ ਦੇ ਕੇਸ ਦਾ ਫੈਸਲਾ ਸੁਣਾਉਂਦਿਆਂ ਦੋਸ਼ੀ ਜਸਵਿੰਦਰ ਸਿੰਘ ਪੁੱਤਰ ਜਰਨੈਲ ਸਿੰਘ ਪ੍ਰੋਪਰਾਇਟਰ ਮੈ/ਸ ਪ੍ਰਿੰਸ ਪੈਸਟੀਸਾਈਡਜ਼ ਸਲੇਮਗੜ੍ਹ ਤਹਿਸੀਲ ਮੂਣਕ ਜ਼ਿਲ੍ਹਾ ਸੰਗਰੂਰ ਨੂੰ 193300 ਰੁਪਏ ਦਾ ਚੈੱਕ ਬਾਊਂਸ ਹੋਣ ਦੇ ਕੇਸ ਵਿੱਚ ਸੀਨੀਅਰ ਐਡਵੋਕੇਟ ਅਨਿਲ ਕੁਮਾਰ ਸਿੰਗਲਾ ਤੇ ਵਿਵੇਕ ਸਿੰਗਲਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਇੱਕ ਸਾਲ ਦੀ ਸਜ਼ਾ ਤੇ 193300 ਰੁਪਏ ਬਤੌਰ ਮੁਆਵਜ਼ਾ ਮੁੱਦਈ ਕਰਾਪ ਆਰਗੈਨਿਕਸ ਪ੍ਰਾਈਵੇਟ ਲਿਮਟਿਡ ਸੂਲਰ ਘਰਾਟ (ਕੋਪਲ) ਨੂੰ ਅਦਾ ਕਰਨ ਦਾ ਹੁਕਮ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕੋਪਲ ਕੰਪਨੀ ਦੇ ਡਾਇਰੈਕਟਰ ਸ੍ਰੀ ਨਵੀਨ ਬਾਂਸਲ ਨੇ ਦੱਸਿਆ ਕਿ ਪ੍ਰਿੰਸ ਪੈਸਟੀਸਾਈਡਜ਼ ਸਲੇਮਗੜ੍ਹ ਨੂੰ ਕੰਪਨੀ ਵੱਲੋਂ ਕੀੜੇਮਾਰ ਦਵਾਈਆਂ ਸਪਲਾਈ ਕੀਤੀਆਂ ਗਈਆਂ ਸਨ, ਜਿਸ ਬਦਲੇ ਫਰਮ ਦੇ ਮਾਲਕ ਜਸਵਿੰਦਰ ਸਿੰਘ ਨੇ 14 ਜੁਲਾਈ 2017 ਨੂੰ 193300 ਦਾ ਚੈੱਕ ਦਿੱਤਾ ਸੀ। ਜਦੋਂ ਇਹ ਚੈੱਕ ਬੈਂਕ ਵਿੱਚ ਲਾਇਆ ਗਿਆ ਤਾਂ ਫਰਮ ਦੇ ਖਾਤੇ ਵਿੱਚ ਪੈਸੇ ਨਾ ਹੋਣ 'ਤੇ ਇਹ ਚੈੱਕ ਬਾਊਂਸ ਹੋ ਗਿਆ ਤਾਂ ਉਨ੍ਹਾਂ ਨੇ ਇਹ ਮਾਮਲਾ ਸੀਨੀਅਰ ਐਡਵੋਕੇਟ ਅਨਿਲ ਕੁਮਾਰ ਸਿੰਗਲਾ ਰਾਹੀਂ ਮਾਨਯੋਗ ਅਦਾਲਤ ਦੇ ਧਿਆਨ ਵਿੱਚ ਲਿਆਂਦਾ। ਮਾਨਯੋਗ ਅਦਾਲਤ ਨੇ ਵਕੀਲ ਅਨਿਲ ਕੁਮਾਰ ਸਿੰਗਲਾ ਦੀਆਂ ਦਲੀਲਾਂ ਤੋਂ ਬਾਅਦ ਦੋਸ਼ੀ ਧਿਰ ਨੂੰ ਇੱਕ ਸਾਲ ਦੀ ਸਜ਼ਾ ਤੇ 193300 ਰੁਪਏ ਬਤੌਰ ਮੁਆਵਜ਼ਾ ਕੋਪਲ ਕੰਪਨੀ ਨੂੰ ਅਦਾ ਕਰਨ ਦਾ ਹੁਕਮ ਕੀਤਾ।

### ਨਸ਼ੀਲੀਆਂ ਗੋਲੀਆਂ ਸਣੇ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਥਾਨਕ ਪੁਲਸ ਵੱਲੋਂ 600 ਪਾਬੰਦੀਸ਼ੁਦਾ ਗੋਲੀਆਂ ਟਰਾਮਾਡੋਲ ਸਣੇ ਇੱਕ ਐਕਟਿਵਾ ਸਵਾਰ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਕੀਤੇ ਗਏ ਦਾਅਵੇ ਅਨੁਸਾਰ ਪਿੰਡ ਡੇਰਾ ਮੀਰ ਮੀਰਾਂ ਨੇੜਿਓਂ ਲੰਘਦੀ ਭਾਖੜਾ ਨਹਿਰ ਦੇ ਪੁਲ ਕੋਲ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ, ਜਿਸ ਦੌਰਾਨ ਚਿੱਟੇ ਰੰਗ ਦੇ ਐਕਟਿਵਾ ਸਕੂਟਰ 'ਤੇ ਆ ਰਹੇ ਕਥਿਤ ਵਿਅਕਤੀ ਦਪਿੰਦਰ ਸਿੰਘ ਵਾਸੀ ਪਿੰਡ ਲਟੌਰ ਨੂੰ ਪੁਲਸ ਪਾਰਟੀ ਵੱਲੋਂ ਸ਼ੱਕ ਦੇ ਆਧਾਰ 'ਤੇ ਰੋਕਿਆ ਗਿਆ, ਜਿਸ ਉਪਰੰਤ ਸਬ-ਇੰਸਪੈਕਟਰ ਸਪਿੰਦਰ ਸਿੰਘ ਨੇ ਉਕਤ ਸਕੂਟਰ ਅੱਗੇ ਹੁੱਕ ਨਾਲ ਟੰਗੇ ਬੈਗ ਦੀ ਜਦੋਂ ਤਲਾਸ਼ੀ ਕੀਤੀ ਤਾਂ ਬੈਗ 'ਚੋਂ 600 ਪਾਬੰਦੀਸ਼ੁਦਾ ਗੋਲੀਆਂ ਟਰਾਮਾਡੋਲ ਬਰਾਮਦ ਹੋਈਆਂ, ਜਿਸ 'ਤੇ ਦਪਿੰਦਰ ਸਿੰਘ ਨੂੰ ਅ/ਧ 22 ਐਨ.ਡੀ.ਪੀ.ਐਸ. ਐਕਟ ਤਹਿਤ ਗ੍ਰਿਫਤਾਰ ਕਰ ਲਿਆ।

# ਸੜਕ ਹਾਦਸੇ 'ਚ ਟਰੈਕਟਰ ਚਾਲਕ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਵਾਪਰੇ ਸੜਕ ਹਾਦਸੇ 'ਚ ਇੱਕ ਟਰੈਕਟਰ ਚਾਲਕ ਨੌਜਵਾਨ ਦੀ ਮੌਤ ਹੋ ਗਈ ਤੇ ਇੱਕ ਜ਼ਖ਼ਮੀ ਹੋ ਗਿਆ। ਸਿਵਲ ਹਸਪਤਾਲ ਫ਼ਤਹਿਗੜ੍ਹ ਸਾਹਿਬ ਵਿਖੇ ਜ਼ੇਰੇ ਇਲਾਜ ਕਿਸਾਨ ਗੁਰਦੀਪ ਸਿੰਘ ਵਾਸੀ ਪਿੰਡ ਖੁਰਚਨਪੁਰ (ਅੰਬਾਲਾ) ਨੇ ਪੁਲਸ ਨੂੰ ਦੱਸਿਆ ਕਿ ਆਪਣੇ ਅਰਜੁਨ ਟਰੈਕਟਰ-ਟਰਾਲੀ 'ਤੇ ਗੰਨਾ ਲੱਦ ਕੇ ਉਹ ਸਲਾਣਾ ਸ਼ੂਗਰ ਮਿੱਲ 'ਚ ਗੰਨਾ ਸੁੱਟਣ ਲਈ ਜਾ ਰਹੇ ਸਨ ਤੇ ਟਰੈਕਟਰ ਨੂੰ ਉਸ ਦੇ ਪਿੰਡ ਦਾ ਹੀ ਵਸਨੀਕ 26 ਸਾਲਾ ਨੌਜਵਾਨ ਹਰਜੀਤ ਸਿੰਘ ਚਲਾ ਰਿਹਾ ਸੀ ਤੇ ਸਰਹਿੰਦ ਨੇੜਲੇ ਪਿੰਡ ਭੱਟਮਾਜਰਾ ਕੋਲ ਪਹੁੰਚਣ 'ਤੇ ਇੱਕ ਤੇਜ਼ ਰਫਤਾਰ ਟਰੱਕ ਨੇ ਉਨ੍ਹਾਂ ਦੀ ਟਰਾਲੀ ਨੂੰ ਪਿੱਛੋਂ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਤੇ ਟਰੈਕਟਰ ਚਾਲਕ ਹਰਜੀਤ ਸਿੰਘ ਬੁੜ੍ਹਕ ਕੇ ਸੜਕ 'ਤੇ ਡਿੱਗ ਪਏ, ਜਿਸ ਕਾਰਨ ਉਸ ਦੇ ਸੱਟਾਂ ਵੱਜੀਆਂ ਅਤੇ ਹਰਜੀਤ ਸਿੰਘ ਦਾ ਸਿਰ ਸੜਕ 'ਤੇ ਵੱਜਣ ਕਾਰਨ ਉਸ ਦੀ ਮੌਤ ਹੋ ਗਈ। ਥਾਣਾ ਸਰਹਿੰਦ ਦੀ ਪੁਲਸ ਨੇ ਟਰੱਕ ਦੇ ਅਣਪਛਾਤੇ ਚਾਲਕ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

# ਵੱਖ-ਵੱਖ ਸੰਸਥਾਵਾਂ ਨੇ ਮਨਾਇਆ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

**ਸਮਰਾਲਾ (ਸੁਰਜੀਤ ਸਿੰਘ)**

ਰਿਟਾਇਰ ਲੈਕਚਰਾਰ ਬਿਹਾਰੀ ਲਾਲ ਸੱਦੀ ਦੇ ਵਿਸ਼ੇਸ਼ ਸੱਦੇ ਉੱਤੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਦਫ਼ਤਰ ਵਿਖੇ ਇਲਾਕੇ ਦੀਆਂ ਵੱਖ ਵੱਖ ਸੰਸਥਾਵਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਉਨ੍ਹਾਂ ਦੀ ਗੁਰਬਾਣੀ, ਸੰਦੇਸ਼ ਤੇ ਜੀਵਨ ਉੱਤੇ ਵਿਚਾਰਾਂ ਕਰਕੇ ਮਨਾਇਆ ਗਿਆ। ਇਸ ਵਿਚਾਰ ਚਰਚਾ ਵਿੱਚ ਸਭ ਤੋਂ ਪਹਿਲਾਂ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਪ੍ਰਧਾਨ ਜਥੇਦਾਰ ਅਮਰਜੀਤ ਸਿੰਘ ਬਾਲਿਓਂ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ। ਉਨ੍ਹਾ ਤੋਂ ਉਪਰੰਤ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ, ਜਿਨ੍ਹਾਂ ਵਿੱਚ ਡਾ. ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਧਾਰਨ ਕਰਨ ਦੀ ਲੋੜ ਹੈ ਤੇ ਉਨ੍ਹਾਂ ਦੀ ਕੁਰਬਾਨੀ ਸਾਨੂੰ ਹਰ ਧਰਮ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ, ਜਿਨ੍ਹਾਂ ਨੇ ਆਪਣਾ ਬਲੀਦਾਨ ਹਿੰਦੂ ਕੌਮ ਦੀ ਰੱਖਿਆ ਕਰਦੇ ਹੋਏ ਦਿੱਲੀ ਜਾ ਕੇ ਸੀਸ ਭੇਟ ਕੀਤਾ। ਉਨ੍ਹਾਂ ਤੋਂ ਇਲਾਵਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਸਮਰਾਲਾ ਦੇ ਸਰਪ੍ਰਸਤ ਕਮਾਡੈਂਟ ਰਸ਼ਪਾਲ ਸਿੰਘ, ਬ੍ਰਹਮਣ ਸਭਾ ਸਮਰਾਲਾ ਦੇ ਪ੍ਰਧਾਨ ਮੰਗਤ ਰਾਏ, ਅਧਿਆਪਕ ਚੇਤਨਾ ਮੰਚ ਦੇ ਸਕੱਤਰ ਪ੍ਰਿੰ. ਮਨੋਜ ਕੁਮਾਰ, ਡੀ.ਟੀ.ਐੱਫ. ਆਗੂ ਦਲਜੀਤ ਸਿੰਘ ਰਿਐਤ, ਲੇਖਕ ਮੰਚ ਦੇ ਮੀਤ ਪ੍ਰਧਾਨ ਅਵਤਾਰ ਸਿੰਘ ਉਟਾਲਾਂ, ਬਲਵੰਤ ਸਿੰਘ (ਸਾਬਕਾ ਬੈਂਕ ਮੈਨੇਜਰ), ਪੈਨਸ਼ਨਰਜ਼ ਮਹਾਂ ਸੰਘ ਪੰਜਾਬ ਦੇ ਪ੍ਰਧਾਨ ਮਾ. ਪ੍ਰੇਮ ਸਾਗਰ ਸ਼ਰਮਾ, ਸੰਤੋਖ ਸਿੰਘ ਨਾਗਰਾ, ਧਨਵੰਤ ਸਿੰਘ ਬਾਠ, ਮਾ. ਕੁਲਭੂਸ਼ਨ ਕੁਮਾਰ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਸਮੁੱਚੇ ਪ੍ਰੋਗਰਾਮ ਦਾ ਸਟੇਜ ਸੰਚਾਲਨ ਦੀਪ ਦਿਲਬਰ ਨੇ ਬਾਖੂਬੀ ਕੀਤਾ। ਪੰਜਾਬੀ ਸਾਹਿਤ ਸਭਾ ਸਮਰਾਲਾ ਦੇ ਸਰਪ੍ਰਸਤ ਤੇ ਸ੍ਰੀ ਬ੍ਰਹਮਣ ਸਭਾ ਪੰਜਾਬ ਦੇ ਜਨਰਲ ਸਕੱਤਰ ਬਿਹਾਰੀ ਲਾਲ ਸੱਦੀ ਨੇ ਜਿੱਥੇ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਸਿਜਦਾ ਕੀਤਾ, ਉੱਥੇ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਤੇ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਲਾਗੂ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ। ਇਸ ਮੌਕੇ ਸਾਰੀਆਂ ਜਥੇਬੰਦੀਆਂ ਦੇ ਅਹੁਦੇਦਾਰਾਂ ਨੂੰ ਸਿਰਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰੋਗਰਾਮ 'ਚ ਉਪਰੋਕਤ ਬੁਲਾਰਿਆਂ ਤੋਂ ਇਲਾਵਾ ਮਾ. ਪ੍ਰੇਮ ਨਾਥ, ਦਰਸ਼ਨ ਸਿੰਘ ਕੰਗ, ਡਾ. ਤਰਕਜੋਤ ਸਿੰਘ ਐੱਸ. ਐੱਮ. ਓ. ਸਮਰਾਲਾ, ਸਵਿੰਦਰ ਸਿੰਘ, ਸੁਰਿੰਦਰ ਸ਼ਰਮਾ, ਲੈਕ. ਵਿਜੈ ਕੁਮਾਰ ਸ਼ਰਮਾ ਪ੍ਰਧਾਨ ਅਧਿਆਪਕ ਚੇਤਨਾ ਮੰਚ ਸਮਰਾਲਾ, ਇੰਦਰਜੀਤ ਸਿੰਘ ਕੰਗ, ਕਾਮਰੇਡ ਭਜਨ ਸਿੰਘ, ਕਾਮਰੇਡ ਬੰਤ ਸਿੰਘ ਸਮਰਾਲਾ, ਰਵਿੰਦਰ ਕੌਰ, ਜਸਪ੍ਰੀਤ ਕੌਰ, ਸੁਖਵਿੰਦਰ ਕੌਰ, ਬੰਤ ਸਿੰਘ ਖਾਲਸਾ, ਜੁਗਲ ਕਿਸ਼ੋਰ ਸਾਹਨੀ, ਚਰਨ ਦਾਸ ਸੱਦੀ ਉਟਾਲਾਂ, ਪਰਮਜੀਤ ਸਿੰਘ ਮਾਛੀਵਾੜਾ, ਪ੍ਰੇਮਵੀਰ ਸੱਦੀ ਸਰਪੰਚ ਉਟਾਲਾਂ, ਕੁਲਦੀਪ ਸਿੰਘ ਉਟਾਲਾਂ, ਸੁਖਵਿੰਦਰ ਸ਼ਰਮਾ, ਸਤਿੰਦਰ ਕੁਮਾਰ ਪਾਲਾ, ਘੋਲਾ ਸਮਰਾਲਾ ਤੇ ਸੋਹਣਜੀਤ ਕੋਟਾਲਾ ਆਦਿ ਵੱਡੀ ਗਿਣਤੀ 'ਚ ਲੋਕ ਸ਼ਾਮਲ ਹੋਏ।



# ਭਾਜਪਾ ਵੱਲੋਂ ਨਗਰ ਕੌਂਸਲ ਦੇ ਸਾਰੇ ਵਾਰਡਾਂ 'ਤੇ ਚੋਣ ਲੜਨ ਦੀ ਤਿਆਰੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਤੇ ਜ਼ਿਲ੍ਹਾ ਪ੍ਰਧਾਨ ਭਾਰਤ ਭੂਸ਼ਨ ਦੇ ਨਿਰਦੇਸ਼ਾਂ ਅਨੁਸਾਰ ਮੰਡਲ ਪ੍ਰਧਾਨ ਸੰਜੀਵ ਗਰਗ ਦੀ ਅਗਵਾਈ ਹੇਠ ਮੰਡਲ ਰਾਮਪੁਰਾ ਫੂਲ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਧੀਰਜ ਦੱਧਾਹੂਰ ਪ੍ਰਦੇਸ ਕਾਰਜਕਾਰਨੀ ਮੈਂਬਰ ਤੇ ਪ੍ਰਭਾਰੀ ਰਾਮਪੁਰਾ ਫੂਲ ਨਗਰ ਕੌਂਸਲ ਚੋਣ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਨਗਰ ਕੌਂਸਲ ਰਾਮਪੁਰਾ ਫੂਲ ਦੇ ਸਾਰੇ 21 ਵਾਰਡ ਨੂੰ ਜਿੱਤ ਕੇ ਪ੍ਰਧਾਨਗੀ ਹਾਸਲ ਕਰਨ ਲਈ ਧੀਰਜ ਦੱਧਾਹੂਰ ਵੱਲੋਂ ਜ਼ਰੂਰੀ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਮੰਡਲ ਰਾਮਪੁਰਾ ਫੂਲ ਦੇ ਸਾਰੇ ਮੈਂਬਰਾਂ ਤੇ ਬੀ ਜੇ ਪੀ ਦੇ ਸਾਰੇ ਸੀਨੀਅਰ ਆਗੂਆਂ ਨੇ ਵਿਸ਼ਵਾਸ ਦੁਆਇਆ ਕਿ ਉਹ ਸਾਰੀਆਂ 21 ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਲਈ ਤਨ ਤੇ ਮਨ ਨਾਲ ਕੰਮ ਕਰਨਗੇ। ਇਸ ਮੌਕੇ ਮੱਖਣ ਜਿੰਦਲ ਸੂਬਾ ਕਾਰਜਕਾਰਨੀ ਮੈਂਬਰ, ਵਿਵੇਕ ਗਰਗ ਸੂਬਾ ਕਾਰਜਕਾਰਨੀ ਮੈਂਬਰ, ਗੁਰਪ੍ਰੀਤ ਗੋਰਾ ਓਬੀਸੀ ਮੋਰਚਾ, ਅਮਰਜੀਤ ਸ਼ਰਮਾ ਵਿਧਾਨ ਸਭਾ ਇੰਚਾਰਜ, ਨਰਿੰਦਰ ਮੋਹਣ ਬਰਨਾਲਾ, ਲਸਮਣ ਦਾਸ ਜ਼ਿਲ੍ਹਾ ਸੈਕਟਰੀ, ਗੋਬਿੰਦ ਕੁਮਾਰ ਜ਼ਿਲ੍ਹਾ ਸੈਕਟਰੀ, ਸੰਜੇ ਤਨਵਰ ਪ੍ਰਦੇਸ ਕਾਰਜਕਾਰਨੀ ਐੱਸ ਸੀ ਮੋਰਚਾ, ਕ੍ਰਿਸ਼ਨ ਕੁਮਾਰ ਪ੍ਰਧਾਨ ਜ਼ਿਲ੍ਹਾ ਓਬੀਸੀ ਮੋਰਚਾ, ਨਾਜਰ ਸਿੰਘ ਜ਼ਿਲ੍ਹਾ ਜਰਨਲ ਸੈਕਟਰੀ ਐੱਸ ਸੀ ਮੋਰਚਾ, ਗੁਰਪਾਲ ਸਿੰਘ ਜ਼ਿਲ੍ਹਾ ਜਰਨਲ ਸੈਕਟਰੀ ਓਬੀਸੀ ਮੋਰਚਾ, ਮਹੇਸ਼ ਕੁਮਾਰ ਤੇ ਸੱਤਪਾਲ ਸ਼ਰਮਾ ਹਾਜ਼ਰ ਸਨ।

# ਪੱਤਰਕਾਰ ਨਿਰਮਲਾ ਸਿੰਗਲਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ



**ਲਹਿਰਾਗਾਗਾ (ਪੱਤਰ ਪ੍ਰੇਰਕ)**-ਵੱਖ-ਵੱਖ ਪੰਜਾਬੀ ਅਖ਼ਬਾਰਾਂ ਅਤੇ 'ਨਵਾਂ ਜ਼ਮਾਨਾ' ਅਖ਼ਬਾਰ ਦੀ ਪੱਤਰਕਾਰ ਸੇਵਾ ਕਰਕੇ ਲੰਮੇ ਸਮੇਂ ਤੋਂ ਨਿਡਰ ਅਤੇ ਬੇਧੜਕ ਆਵਾਜ਼, ਪੱਤਰਕਾਰ ਸ੍ਰੀਮਤੀ ਨਿਰਮਲਾ ਸਿੰਗਲਾ (63) ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ। ਪੱਤਰਕਾਰ ਨਿਰਮਲਾ ਸਿੰਗਲਾ ਜੀ ਦੀ ਮੌਤ ਉਪਰ ਹਲਕਾ ਵਿਧਾਇਕ ਬਰਿੰਦਰ ਗੋਇਲ, ਮੈਡਮ ਕਾਂਤਾ ਗੋਇਲ, ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਜੀਵਨ ਕੁਮਾਰ ਰੱਬੜ, ਸੰਜੀਵ ਕੁਮਾਰ ਸੰਜੇ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਲਹਿਰਾਗਾਗਾ, ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਜਗਦੀਸ਼ ਰਾਏ ਠੇਕੇਦਾਰ, ਸਮਾਜ ਸੇਵੀ ਪ੍ਰਧਾਨ ਸੰਜੀਵ ਕੁਮਾਰ ਰੋਡਾ, ਕਾਮਰੇਡ ਮਹਿੰਦਰ ਸਿੰਘ ਬਾਗੀ, ਮਾਲਵਾ ਪ੍ਰੈੱਸ ਕਲੱਬ ਅਤੇ ਸਿਟੀ ਪ੍ਰੈੱਸ ਕਲੱਬ ਦੇ ਆਗੂਆਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨਾਲ ਹਮਦਰਦੀ ਦਾ ਇਜਹਾਰ ਕੀਤਾ ਹੈ।

# ਅਵਾਰਾ ਕੁੱਤੇ ਨੂੰ ਬਚਾਉਂਦਿਆਂ ਦੋ ਮੋਟਰਸਾਈਕਲਾਂ ਦੀ ਟੱਕਰ, ਚਾਰ ਜ਼ਖਮੀ




**ਜਗਰਾਉਂ (ਅਮਿਤ ਖੰਨਾ)**-ਸ਼ੁੱਕਰਵਾਰ ਦੁਪਹਿਰ 12 ਵਜੇ ਦੇ ਕਰੀਬ ਪਿੰਡ ਲੰਮਾ ਜੱਟਪੁਰਾ ਦੇ ਮਾਣੂੰਕੇ ਰੋਡ 'ਤੇ ਇੱਕ ਆਵਾਰਾ ਕੁੱਤੇ ਨੂੰ ਬਚਾਉਣ ਦੀ ਕੋਸ਼ਿਸ਼ ਦੌਰਾਨ ਦੋ ਮੋਟਰਸਾਈਕਲ ਸਵਾਰਾਂ ਦੀ ਆਪਸ 'ਚ ਟੱਕਰ ਹੋ ਗਈ ਤੇ ਇਸ ਹਾਦਸੇ 'ਚ 4 ਵਿਅਕਤੀ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਜਗਰਾਉਂ ਵਿਖੇ ਦਾਖਲ ਕਰਵਾਇਆ ਗਿਆ। ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ 'ਚ ਜ਼ੇਰੇ ਇਲਾਜ ਨੌਜਵਾਨ ਨਾਲ ਮੌਜੂਦ ਔਰਤ ਬਲਵੀਰ ਕੌਰ ਨੇ ਦੱਸਿਆ ਕਿ ਉਹ ਪਿੰਡ ਮਾਣੂੰਕੇ ਦੀ ਵਸਨੀਕ ਹੈ। ਉਸ ਦਾ ਭਤੀਜਾ ਆਪਣੇ ਮੋਟਰਸਾਈਕਲ 'ਤੇ ਪਿੰਡ ਵੱਲ ਆ ਰਿਹਾ ਸੀ ਤਾਂ ਅਚਾਨਕ ਇੱਕ ਕੁੱਤਾ ਆ ਗਿਆ, ਜਿਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤਾਂ ਸਾਹਮਣੇ ਤੋਂ ਆ ਰਹੇ ਇੱਕ ਹੋਰ ਮੋਟਰਸਾਈਕਲ ਨਾਲ ਉਸ ਦੀ ਟੱਕਰ ਹੋ ਗਈ। ਔਰਤ ਬਲਵੀਰ ਕੌਰ ਨੇ ਦੱਸਿਆ ਕਿ ਦੋਵੇਂ ਮੋਟਰਸਾਈਕਲ ਸਵਾਰ ਕੁੱਤੇ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਜੋ ਸੜਕ ਦੇ ਵਿਚਕਾਰ ਆ ਗਿਆ, ਜਿਸ ਕਾਰਨ ਦੋਵੇਂ ਮੋਟਰਸਾਈਕਲ ਸਵਾਰ ਆਪਸ ਵਿੱਚ ਟਕਰਾ ਗਏ ਤੇ ਚਾਰੇ ਮੋਟਰਸਾਈਕਲ ਸਵਾਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਗਿਆ ਹੈ। ਐਮਰਜੈਂਸੀ ਵਾਰਡ ਦੇ ਡਾਕਟਰ ਨੇ ਦੱਸਿਆ ਕਿ ਸੜਕ ਹਾਦਸੇ ਵਿੱਚ ਜ਼ਖਮੀ ਹੋਈਆਂ ਦੋ ਔਰਤਾਂ ਅਮਨਪ੍ਰੀਤ ਕੌਰ, ਗੁਰਦੀਪ ਕੌਰ, ਦੋ ਵਿਅਕਤੀ ਗੁਰਪ੍ਰੀਤ ਸਿੰਘ ਤੇ ਅਰਸ਼ਦੀਪ ਸਿੰਘ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ ਤੇ ਡਾਕਟਰਾਂ ਨੇ ਉਨ੍ਹਾਂ ਨੂੰ ਤੁਰੰਤ ਮੁੱਢਲੀ ਸਹਾਇਤਾ ਦਿੱਤੀ।

# ਮਾਰਕਿਟ ਕਮੇਟੀ ਦੇ ਸਕੱਤਰ 'ਤੇ ਕਾਰਵਾਈ ਦੀ ਮੰਗ ਨੂੰ ਲੈ ਕੇ ਆੜ੍ਹਤੀਆਂ ਵੱਲੋਂ ਹੜਤਾਲ

**ਬਰੇਟਾ (ਰੀਤਵਾਲ)**-ਮਾਰਕਿਟ ਕਮੇਟੀ ਬਰੇਟਾ ਵੱਲੋਂ ਆੜ੍ਹਤੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਲਗਾਉਂਦੇ ਹੋਏ ਆੜ੍ਹਤੀਆ ਐਸੋਸੀਏਸ਼ਨ ਬਰੇਟਾ ਵੱਲੋਂ ਤਿੰਨ ਦਿਨਾਂ ਲਈ ਹੜਤਾਲ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਆੜ੍ਹਤੀਆ ਐਸੋਸੀਏਸ਼ਨ ਬਰੇਟਾ ਦੀ ਇੱਕ ਹੰਗਾਮੀ ਮੀਟਿੰਗ ਪ੍ਰਧਾਨ ਜਤਿੰਦਰ ਮੋਹਨ ਗਰਗ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਸਮੂਹ ਆੜ੍ਹਤੀਆਂ ਨੇ ਭਾਗ ਲਿਆ। ਇਸ ਮੀਟਿੰਗ ਵਿੱਚ ਆੜ੍ਹਤੀਆਂ ਨੇ ਮਾਰਕਿਟ ਕਮੇਟੀ ਬਰੇਟਾ ਦੇ ਸਕੱਤਰ 'ਤੇ ਗੰਭੀਰ ਦੋਸ਼ ਲਗਾਉਂਦੇ ਹੋਏ ਕਿਹਾ ਕਿ ਸਕੱਤਰ ਵੱਲੋਂ ਆਏ ਦਿਨ ਆੜ੍ਹਤੀਆਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਬੇਵਜ੍ਹਾ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਝੋਨੇ ਦੇ ਸੀਜ਼ਨ ਦੌਰਾਨ ਵੀ ਚੈਕਿੰਗ ਦੇ ਬਹਾਨੇ ਸਕੱਤਰ ਵੱਲੋਂ ਆੜ੍ਹਤੀਆਂ ਨੂੰ ਪ੍ਰੇਸ਼ਾਨ ਕੀਤਾ ਗਿਆ ਤੇ ਇੱਕ ਆੜ੍ਹਤੀ ਤੋਂ ਚੈਕਿੰਗ ਕਰਕੇ ਕਾਰਵਾਈ ਦਾ ਡਰਾਵਾ ਦੇ ਕੇ ਰਿਸ਼ਵਤ ਵੀ ਵਸੂਲੀ ਗਈ, ਜਿਸ ਮਾਮਲੇ ਸਬੰਧੀ ਆਉਣ ਵਾਲੇ ਦਿਨਾਂ ਵਿੱਚ ਖੁਲਾਸੇ ਕੀਤੇ ਜਾਣਗੇ। ਆੜ੍ਹਤੀ ਆਗੂਆਂ ਨੇ ਦੋਸ਼ ਲਗਾਇਆ ਕਿ ਸਕੱਤਰ ਵੱਲੋਂ ਹੁਣ ਮਜ਼ਦੂਰਾਂ ਨੂੰ ਗੁੰਮਰਾਹ ਕਰਕੇ ਮਾਹੌਲ ਖਰਾਬ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸਕੱਤਰ ਦੀ ਇਸ ਕਾਰਗੁਜ਼ਾਰੀ ਤੋਂ ਤੰਗ ਆ ਕੇ ਹੜਤਾਲ ਦਾ ਫੈਸਲਾ ਕਰਨਾ ਪਿਆ। ਆੜ੍ਹਤੀ ਐਸੋਸੀਏਸ਼ਨ ਵੱਲੋਂ ਮੰਡੀ ਬੋਰਡ ਦੇ ਉੱਚ ਅਧਿਕਾਰੀਆਂ ਤੇ ਮੁੱਖ ਮੰਤਰੀ ਪੰਜਾਬ ਨੂੰ ਸ਼ਿਕਾਇਤ ਭੇਜ ਕੇ ਸਕੱਤਰ ਖਿਲਾਫ ਜਾਂਚ ਕਰਕੇ ਕਾਰਵਾਈ ਕਰਨ ਦੀ ਮੰਗ ਵੀ ਕੀਤੀ ਗਈ ਹੈ। ਇਸ ਮੀਟਿੰਗ ਵਿੱਚ ਮੇਹਰ ਸਿੰਘ ਖੰਨਾ, ਰਾਜੇਸ਼ ਸਿੰਗਲਾ, ਲਛਮਣ ਦਾਸ, ਸੁਖਦੇਵ ਸਿੰਘ, ਅਮਨਦੀਪ ਸਿੰਗਲਾ, ਦਲਵੀਰ ਸਿੰਘ ਕਾਲਾ ਜਵੰਧਾ, ਰਾਜ ਮਿੱਤਲ, ਅਮਿਤ ਕੁਮਾਰ ਤੇ ਹੋਰ ਆੜ੍ਹਤੀ ਮੌਜੂਦ ਸਨ। ਜਦ ਇਸ ਮਾਮਲੇ ਨੂੰ ਲੈ ਕੇ ਮਾਰਕਿਟ ਕਮੇਟੀ ਦੇ ਸਕੱਤਰ ਮਨਮੋਹਨ ਸਿੰਘ ਨਾਲ ਰਾਬਿਤਾ ਕਾਇਮ ਕੀਤਾ ਤਾਂ ਉਨ੍ਹਾ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਇਹ ਸਭ ਗੱਲਾਂ ਝੂਠ ਹਨ।

# ਜੀ ਐੱਸ ਟੀ ਵਿਭਾਗ ਵੱਲੋਂ ਮੈਰਿਜ ਪੈਲੇਸਾਂ ਦੇ ਮਾਲਕਾਂ ਤੇ ਹਿੱਸੇਦਾਰਾਂ ਨਾਲ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਕਰ ਕਮਿਸ਼ਨਰ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦਫਤਰ ਸਹਾਇਕ ਕਮਿਸ਼ਨਰ ਰਾਜ ਕਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹੇ ਵਿੱਚ ਪੈਂਦੇ ਮੈਰਿਜ ਪੈਲੇਸਾਂ ਦੇ ਮਾਲਕਾਂ ਤੇ ਹਿੱਸੇਦਾਰਾਂ ਨਾਲ ਜ਼ਿਲ੍ਹਾ ਪ੍ਰਬੰਧਕੀ ਦਫਤਰ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਨਰੇਸ਼ ਕੁਮਾਰ ਖੋਖਰ ਸਹਾਇਕ ਕਮਿਸ਼ਨਰ ਰਾਜ ਕਰ ਤੇ ਮਨਜਿੰਦਰ ਸਿੰਘ ਰਾਜ ਕਰ ਅਫਸਰ ਤੋਂ ਇਲਾਵਾ ਸਮੂਹ ਸਟਾਫ ਮੌਜੂਦ ਸੀ। ਮੀਟਿੰਗ ਵਿੱਚ ਪਹੁੰਚੇ ਸਮੂਹ ਵਪਾਰੀਆਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਤੇ ਟੈਕਸ ਵਿੱਚ ਵਾਧਾ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਨਾਲ ਹੀ ਅਣ-ਰਜਿਸਟਰਡ ਮੈਰਿਜ ਪੈਲੇਸਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਜੀ. ਐੱਸ. ਟੀ. ਐਕਟ ਅਧੀਨ ਜਲਦ ਰਜਿਸਟਰਡ ਕਰਵਾਉਣ।

ਇਸ ਮੌਕੇ ਸੁਨੀਲ ਵਾਟਸ, ਨਰਿੰਦਰ ਕੁਮਾਰ, ਬਲਤੇਜ ਸਿੰਘ, ਗੌਰਵ ਨਾਗਪਾਲ, ਜਗਮੀਤ ਸਿੰਘ, ਰਮਨਦੀਪ ਸਿੰਘ, ਹਰਚਰਨ ਸਿੰਘ, ਵਿਸ਼ਾਲ ਗੋਇਲ, ਬਲਰਾਜ ਭੁੱਲਰ, ਦਿਨੇਸ਼ ਕੁਮਾਰ, ਪਦਮ ਸੇਨ ਬਾਂਸਲ, ਰਮਿੰਦਰ ਸਿੰਘ, ਰਮੇਸ਼ ਕੁਮਾਰ ਤੇ ਗਗਨਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਰਿਜ ਪੈਲੇਸਾਂ ਦੇ ਮਾਲਕ ਤੇ ਹਿੱਸੇਦਾਰ ਮੌਜੂਦ ਸਨ। ਮੀਟਿੰਗ ਵਿੱਚ ਪਹੁੰਚੇ ਮੈਰਿਜ ਪੈਲੇਸਾਂ ਦੇ ਮਾਲਕਾਂ ਤੇ ਹਿੱਸੇਦਾਰਾਂ ਵੱਲੋਂ ਆਉਣ ਵਾਲੇ ਸਮੇਂ ਦੌਰਾਨ ਜੀ.ਐੱਸ.ਟੀ. ਮਾਲੀਆ ਵਧਾਉਣ ਸਬੰਧੀ ਯਕੀਨ ਦਿਵਾਇਆ ਗਿਆ।

# ਡੀ ਏ ਵੀ ਸਕੂਲ ਦੀਆਂ ਕੁਸ਼ਤੀ 'ਚ ਮੈਡਲ ਪ੍ਰਾਪਤ ਵਿਦਿਆਰਥਣਾਂ ਨੂੰ ਪ੍ਰਤੀ ਮਹੀਨਾ ਵਜ਼ੀਫਾ ਲਗਾਇਆ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਡੀ ਏ ਵੀ ਸਕੂਲ ਪਾਤੜਾਂ ਦੀਆਂ ਹੋਣਹਾਰ ਵਿਦਿਆਰਥਣਾਂ ਮਹਿਕ ਤੇ ਸਲੋਨੀ ਨੇ ਉਸ ਸਮੇਂ ਇਲਾਕੇ ਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕਰ ਦਿੱਤਾ, ਜਦੋਂ ਉਨ੍ਹਾਂ ਨੇ ਕੁਸ਼ਤੀ ਮੁਕਾਬਲਿਆਂ ਵਿੱਚ ਵਿਸ਼ੇਸ਼ ਉਪਲੱਬਧੀ ਹਾਸਲ ਕੀਤੀ।

ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਆਯੋਜਤ ਖੇਡਾਂ ਵਤਨ ਪੰਜਾਬ ਦੀਆਂ ਦੇ 72 ਤੇ 55 ਕਿੱਲੋ ਭਾਰ ਵਰਗ ਮੁਕਾਬਲਿਆਂ ਵਿੱਚ ਡੀਏਵੀ ਸਕੂਲ ਦੀਆਂ ਇਹ ਦੋ ਵਿਦਿਆਰਥਣਾਂ ਨੇ ਫਰੀਦਕੋਟ ਦੇ ਕੁਸ਼ਤੀ ਮੁਕਾਬਲਿਆਂ ਵਿੱਚ ਬ੍ਰਾਊਨਜ ਮੈਡਲ ਪ੍ਰਾਪਤ ਕੀਤੇ। ਇਸ ਦੇ ਤਹਿਤ ਇਨ੍ਹਾਂ ਦੋਨਾਂ ਵਿਦਿਆਰਥਣਾਂ ਨੂੰ ਪੰਜਾਬ ਸਰਕਾਰ ਵੱਲੋਂ ਪ੍ਰਤੀ ਮਹੀਨਾ ਪੰਜ-ਪੰਜ ਹਜ਼ਾਰ ਵਜ਼ੀਫਾ ਲਗਾਇਆ ਗਿਆ ਹੈ।

ਸਕੂਲ ਪ੍ਰਿੰਸੀਪਲ ਮੀਨਾ ਥਾਪਰ ਨੇ ਇਨ੍ਹਾਂ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਸ ਦਾ ਸਿਹਰਾ ਇਨ੍ਹਾਂ ਦੀ ਤੇ ਇਨ੍ਹਾਂ ਦੇ ਅਧਿਆਪਕਾਂ ਰਵਿੰਦਰ ਸਿੰਘ ਤੇ ਅਮਨਦੀਪ ਕੌਰ ਦੀ ਸਖਤ ਮਿਹਨਤ ਦੇ ਸਿਰ ਜਾਂਦਾ ਹੈ।

# ਉਸਾਰੀ ਅਧੀਨ ਓਵਰਬ੍ਰਿਜ ਦੇ ਬੰਦ ਪਏ ਕੰਮ ਦਾ ਡੀ ਸੀ ਵੱਲੋਂ ਜਾਇਜ਼ਾ



**ਬੁਢਲਾਡਾ (ਅਸ਼ੋਕ ਲਾਕੜਾ)**-ਨੈਸ਼ਨਲ ਹਾਈਵੇ 148 ਬੀ ਦੇ ਤਹਿਤ ਬੁਢਲਾਡਾ ਵਿਖੇ ਓਵਰਬ੍ਰਿਜ ਤੇ ਹੋਰ ਕੰਮਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਬਲਦੀਪ ਕੌਰ ਨੇ ਇਨ੍ਹਾਂ ਕੰਮਾਂ ਦੀ ਦੇਖ-ਰੇਖ ਕਰ ਰਹੇ ਵਿਭਾਗੀ ਅਧਿਕਾਰੀਆਂ ਨੂੰ ਜਲਦੀ ਮੁਕੰਮਲ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਓਵਰਬ੍ਰਿਜ ਦੇ ਕੰਮ ਬੰਦ ਹੋਣ ਨਾਲ ਜਿੱਥੇ ਸ਼ਹਿਰ ਵਾਸੀਆਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਉਥੇ ਆਵਾਜਾਈ ਵਿੱਚ ਵਿਘਨ ਪੈਂਦਾ ਹੈ। ਡਿਪਟੀ ਕਮਿਸ਼ਨਰ ਨੇ ਓਵਰਬ੍ਰਿਜ ਦੇ ਨਿਰਮਾਣ ਕਾਰਜਾਂ ਲਈ ਜੁੜੇ ਅਧਿਕਾਰੀਆਂ ਤੋਂ ਓਵਰਬ੍ਰਿਜ ਦੇ ਬੰਦ ਪਏ ਕੰਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਆਦੇਸ਼ ਜਾਰੀ ਕਰਦਿਆਂ ਕਿਹਾ ਕਿ ਵਕਫ਼ ਬੋਰਡ ਤੋਂ ਐਕਵਾਇਰ ਕੀਤੀ ਜ਼ਮੀਨ ਦੀ ਅਦਾਇਗੀ ਦੇ ਮਸਲੇ ਨੂੰ ਹੱਲ ਕਰਨ ਲਈ ਸਬੰਧਤ ਧਿਰ ਨੂੰ ਬੁਲਾ ਕੇ ਮੀਟਿੰਗ ਸੱਦੀ ਜਾਵੇ, ਤਾਂ ਜੋ ਸਬੰਧਤ ਧਿਰ ਨਾਲ ਗੱਲਬਾਤ ਕਰਕੇ ਮਸਲੇ ਦਾ ਨਿਪਟਾਰਾ ਕੀਤਾ ਜਾ ਸਕੇ ਅਤੇ ਓਵਰਬ੍ਰਿਜ ਦੇ ਬੰਦ ਪਏ ਕੰਮ ਨੂੰ ਮੁੜ ਤੋਂ ਚਾਲੂ ਕਰਕੇ ਸਮੇਂ ਨਾਲ ਨਿਪਟਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਵਕਫ਼ ਬੋਰਡ ਦੇ ਸੀ.ਈ.ਓ. ਸ੍ਰੀ ਲਤੀਫ ਅਹਿਮਦ ਦੇ ਧਿਆਨ 'ਚ ਸਾਰਾ ਮਾਮਲਾ ਲਿਆਂਦਾ ਗਿਆ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਟੀ. ਬੈਨਿਥ, ਸ੍ਰੀ ਸੰਜੀਵ ਠਾਕੁਰ ਜੇ ਈ ਨੈਸ਼ਨਲ ਹਾਈਵੇ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।


# ਨਸ਼ਾ ਸਮੱਗਲਰਾਂ ਤੇ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ : ਸੰਧੂ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਸ਼ਾ ਵੇਚਣ ਜਾਂ ਖ਼ਰੀਦਣ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸਿਟੀ ਥਾਣਾ ਮੁਖੀ ਗੁਰਵਿੰਦਰ ਸਿੰਘ ਸੰਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਕੀਤੀਆਂ ਗਈਆਂ ਹਦਾਇਤਾਂ ਤੇ ਉੱਚ ਪੁਲਸ ਅਫ਼ਸਰਾਂ ਦੇ ਹੁਕਮ ਮੁਤਾਬਿਕ ਕਿਸੇ ਵੀ ਤਰ੍ਹਾਂ ਦੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨਾਲ ਹੁਣ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਉਨ੍ਹਾ ਇਹ ਵੀ ਕਿਹਾ ਕਿ ਨਸ਼ੇ ਵਾਲਿਆਂ ਦੀ ਹਮਾਇਤ 'ਤੇ ਕੋਈ ਵਿਅਕਤੀ ਅੱਗੇ ਨਾ ਆਵੇ, ਜੇਕਰ ਕੋਈ ਮੋਹਤਬਰ ਵਿਅਕਤੀ ਨਸ਼ਾ ਵੇਚਣ ਜਾਂ ਖ਼ਰੀਦਣ ਵਾਲੇ ਦੇ ਮਗਰ ਆਵੇਗਾ ਤਾਂ ਉਹ ਵੀ ਉਸ ਦੇ ਬਰਾਬਰ ਦਾ ਭਾਗੀਦਾਰ ਸਮਝਿਆ ਜਾਵੇਗਾ ਅਤੇ ਉਸ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬੁਲਟ ਮੋਟਰਸਾਈਕਲ 'ਤੇ ਪਟਾਕੇ ਮਾਰਨ, ਬਿਨਾਂ ਨੰਬਰੀ ਵਾਹਨ, ਟਰੈਕਟਰਾਂ 'ਤੇ ਉੱਚੀ ਆਵਾਜ਼ ਕਰਨ ਵਾਲਿਆਂ ਤੇ ਕਾਲੇ ਸ਼ੀਸ਼ਿਆਂ ਵਾਲੀਆਂ ਗੱਡੀਆਂ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਤੇ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਵਾਹਨ ਜ਼ਬਤ ਕੀਤੇ ਜਾਣਗੇ।

# ਸਿਰਸਾ 'ਚ ਇੱਕੋ ਸਮੇਂ ਜਨ ਸਿਹਤ ਵਿਭਾਗ ਦੇ ਚਾਰ ਅਧਿਕਾਰੀ ਜੇਲ੍ਹ ਪੁੱਜੇ, ਹੋਰਾਂ ਦੀ ਗ੍ਰਿਫਤਾਰੀ ਬਾਕੀ

## ਜਲ ਸਪਲਾਈ ਕਰਨ ਵਾਲੇ ਟਿਊਬਵੈਲਾਂ ਵਿੱਚ ਜਾਅਲੀ ਕੇਬਲ ਲਾਉਣ ਦੇ ਹਨ ਮਾਮਲੇ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਵਿੱਚ ਜਲ ਸਪਲਾਈ ਕਰਨ ਵਾਲੇ ਟਿਊਬਵੈਲਾਂ ਵਿੱਚ ਜਾਅਲੀ ਕੇਬਲ ਲਾਉਣ ਦੇ ਮਾਮਲੇ ਵਿੱਚ ਪੁਲਸ ਵਿਭਾਗ ਦੀ ਐਸ ਆਏ ਟੀ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਐਕਸੀਅਨ,ਐਸ ਡੀ ਓ ਅਤੇ ਜੇ ਈ ਨੂੰ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦੇ ਰਿਮਾਂਡ 'ਤੇ ਲਿਆ ਗਿਆ ਹੈ। ਪੁਲਸ ਹੁਣ ਉਨ੍ਹਾਂ ਅਧਿਕਾਰੀਆਂ ਤੋਂ ਜਾਅਲੀ ਕੇਬਲ ਬਾਰੇ ਜਾਣਕਾਰੀ ਲਵੇਗੀ।ਇਸ ਤੋਂ ਇਲਾਵਾ ਠੇਕੇਦਾਰ ਵੱਲੋਂ ਆਪਣੀ ਤਰਫੋਂ ਕੰਮ ਅਲਾਟ ਨਾ ਹੋਣ 'ਤੇ ਵੀ ਕੇਬਲ ਵਿਛਾਉਣ ਦਾ ਕੰਮ ਕਿਵੇਂ ਕੀਤਾ ਗਿਆ। ਇਸ ਦੇ ਨਾਲ ਹੀ ਇਸ ਮਾਮਲੇ ਦੇ ਹੋਰ ਦੋਸ਼ੀਆਂ ਬਾਰੇ ਵੀ ਜਾਂਚ ਕੀਤੀ ਜਾਵੇਗੀ।ਜਨ ਸਿਹਤ ਵਿਭਾਗ ਦੇ ਚਾਰ ਅਧਿਕਾਰੀਆਂ ਦੀ ਇੱਕੋ ਸਮੇਂ ਗ੍ਰਿਫ਼ਤਾਰੀ ਨੇ ਇਹ ਉਮੀਦ ਬਰਕਰਾਰ ਰੱਖਣ ਦਾ ਕੰਮ ਕੀਤਾ ਹੈ ਕਿ ਸੱਚ ਨੂੰ ਕਾਨੂੰਨ ਤੋਂ ਬਹੁਤੀ ਦੇਰ ਛੁਪਾਇਆ ਨਹੀਂ ਜਾ ਸਕਦਾ।ਜ਼ਿਕਰਯੋਗ ਹੈ ਕਿ ਮਾਮਲਾ ਸਾਹਮਣੇ ਆਉਣ 'ਤੇ ਠੇਕੇਦਾਰਾਂ ਨੇ ਨਕਲੀ ਕੇਬਲ ਨੂੰ ਅਸਲੀ ਨਾਲ ਬਦਲ ਦਿੱਤਾ ਅਤੇ ਬਦਲੀ ਹੋਈ ਕੇਬਲ ਨੂੰ ਸਾੜ ਕੇ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਕੀਤੀ।ਪੁਲਸ ਨੇ ਇੱਕ ਐਕਸੀਅਨ,ਐਸ ਡੀ ਓ ਅਤੇ ਦੋ ਜੇ ਈ ਨੂੰ ਗ੍ਰਿਫ਼ਤਾਰ ਕੀਤਾ ਸੀ। ਥਾਣਾ ਸਿਟੀ ਸਿਰਸਾ ਨੇ ਜਨ ਸਿਹਤ ਵਿਭਾਗ ਦੇ ਤਤਕਾਲੀ ਐਸ ਡੀ ਓ ਬਲਵੰਤ ਪੂਨੀਆ ਦੀ ਸ਼ਿਕਾਇਤ 'ਤੇ ਫਰਜ਼ੀ ਕੇਬਲ ਮਾਮਲੇ ਵਿੱਚ ਐਫ ਆਈ ਆਰ ਦਰਜ ਕੀਤੀ ਸੀ, ਜਿਸ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਜੇ ਈ ਸੀਤਾਰਾਮ, ਐਸ ਡੀ ਓ ਮੋਹਨ ਲਾਲ, ਐਸ ਡੀ ਓ ਕਾਲੂਰਾਮ ਅਤੇ ਜਨ ਸਿਹਤ ਵਿਭਾਗ ਦੇ ਐਕਸੀਅਨ ਰਣਜੀਤ ਸਿੰਘ ਮਲਿਕ ਨੂੰ ਗ੍ਰਿਫ਼ਤਾਰ ਕਰ ਲਿਆ।ਵਿਭਾਗ ਵੱਲੋਂ ਇਸ ਮਾਮਲੇ ਵਿੱਚ ਐਸ ਡੀ ਓ ਅਸ਼ੀਸ਼ ਗਰਗ, ਐਸ ਡੀ ਓ ਆਂਚਲ ਜੈਨ, ਜੇ ਈ ਊਸ਼ਾ ਰਾਣੀ ਨੂੰ ਵੀ ਮੁਲਜ਼ਮ ਬਣਾਇਆ ਗਿਆ ਹੈ।ਉਕਤ ਸਾਰੇ ਅਧਿਕਾਰੀ ਪਬਲਿਕ ਹੈਲਥ ਸਿਰਸਾ ਨਾਲ ਸੰਬੰਧਤ ਹਨ। ਜਦੋਂ ਕਿ ਮਕੈਨੀਕਲ ਵਿਭਾਗ ਪਬਲਿਕ ਹੈਲਥ ਵੱਲੋਂ 15 ਵਿੱਚੋਂ 7 ਟਿਊਬਵੈੱਲ ਲਾਏ ਗਏ ਸਨ।ਜਾਂਚ ਦੌਰਾਨ ਕੇਬਲ ਜਾਅਲੀ ਪਾਏ ਜਾਣ ਕਾਰਨ ਇਸ ਮਾਮਲੇ ਵਿੱਚ ਠੇਕੇਦਾਰਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਜਨ ਸਿਹਤ ਵਿਭਾਗ ਸਿਰਸਾ ਦੇ ਤਤਕਾਲੀ ਐਸ ਡੀ ਓ ਬਲਵੰਤ ਪੂਨੀਆ ਦੀ ਤਰਫ਼ੋਂ ਮੈਸਰਜ਼ ਐਚ ਐਸ ਠੇਕੇਦਾਰ ਮੈਸਰਜ਼ ਗਣੇਸ਼ ਕੰਸਟਰਕਸ਼ਨ, ਠੇਕੇਦਾਰ ਹਰਮੀਤ ਸਿੰਘ, ਠੇਕੇਦਾਰ ਰਣਧੀਰ ਸਿੰਘ ਅਤੇ ਠੇਕੇਦਾਰ ਸੁਖਵਿੰਦਰ ਸਿੰਘ ਦੇ ਨਾਂ ਪੁਲਸ ਨੂੰ ਦਿੱਤੇ ਗਏ ਸਨ। ਜਦੋਂਕਿ ਠੇਕੇਦਾਰ ਸੰਦੀਪ ਸ਼ੇਰਾ ਮਕੈਨੀਕਲ ਡਵੀਜ਼ਨ ਮਾਮਲੇ ਵਿੱਚ ਮੁਲਜ਼ਮ ਹੈ। ਇਸ ਦੇ ਲਈ ਪੁਲਸ ਨੇ ਛਾਪੇਮਾਰੀ ਸ਼ੁਰੂ ਕਰ ਰੱਖੀ ਹੈ। ਗ੍ਰਿਫਤਾਰ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਾਰਵਾਈ ਜਾਰੀ ਹੈ। ਇਥੇ ਇਹ ਦੱਸ ਦੇਈਏ ਕਿ ਨੋਹਰੀਆ ਬਾਜ਼ਾਰ ਵਾਸੀ ਨੀਤੂ ਕੁਮਾਰ ਨੇ ਇਹ ਮਾਮਲਾ ਸ਼ਿਕਾਇਤ ਨਿਵਾਰਨ ਕਮੇਟੀ ਕੋਲ ਰੱਖਿਆ ਸੀ। ਜਿਸ ਤੋਂ ਬਾਅਦ ਗ੍ਰਹਿ ਮੰਤਰੀ ਅਨਿਲ ਵਿੱਜ ਨੇ 31 ਦਸੰਬਰ, 2021 ਨੂੰ ਸਿਰਸਾ ਵਿੱਚ ਨਿਵਾਰਨ ਕਮੇਟੀ ਦੀ ਮੀਟਿੰਗ ਵਿੱਚ ਜਾਅਲੀ ਕੇਬਲਾਂ ਦੀ ਵਰਤੋਂ ਕਰਨ ਲਈ ਸੰਬੰਧਤ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ।

# ਬੇਨਿਯਮੀਆਂ ਕਰਨ ਵਾਲੇ ਡੀ ਈ ਓ ਦੀ ਬਦਲੀ ਰਿਹਾਇਸ਼ ਨੇੜੇ ਕਰਨ ਦੀ ਡੀ ਟੀ ਐੱਫ ਵੱਲੋਂ ਸਖ਼ਤ ਨਿਖੇਧੀ



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**

ਪਿਛਲੇ ਦਿਨੀਂ ਸੰਗਰੂਰ ਜ਼ਿਲ੍ਹੇ ਵਿੱਚ ਵਿੱਦਿਅਕ ਟੂਰਾਂ ਦੀ ਪ੍ਰਵਾਨਗੀ ਦੇ ਮਸਲੇ ਤੋਂ ਬਾਅਦ ਸਮੁੱਚੇ ਪੰਜਾਬ ਵਿੱਚ ਵਾਪਰੇ ਘਟਨਾਕ੍ਰਮ ਤੋਂ ਬਾਅਦ ਵਿਭਾਗ ਨੇ ਲੋਕ-ਰੋਹ ਨੂੰ ਸ਼ਾਂਤ ਕਰਨ ਲਈ ਤਤਕਾਲੀ ਡੀ.ਈ.ਓ. (ਐਲੀ. ਤੇ ਸੈਕੰ.) ਕੁਲਤਰਨਜੀਤ ਸਿੰਘ ਦੀ ਬਦਲੀ 26 ਨਵੰਬਰ ਨੂੰ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਕਰ ਦਿੱਤੀ ਸੀ, ਪ੍ਰੰਤੂ ਉਹ ਬਦਲੀ ਲਾਗੂ ਨਹੀਂ ਕੀਤੀ ਗਈ ਤੇ 30 ਨਵੰਬਰ ਨੂੰ ਇਹ ਬਦਲੀ ਰੱਦ ਕਰਕੇ ਉਕਤ ਅਧਿਕਾਰੀ ਦੀ ਤਾਇਨਾਤੀ ਉਸ ਦੀ ਰਿਹਾਇਸ਼ ਦੇ ਨੇੜੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਕਰਨ ਦੇ ਹੁਕਮ ਜਾਰੀ ਕੀਤੇ ਗਏ। ਇਸ 'ਤੇ ਪ੍ਰਤੀਕਿਰਿਆ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ ਤੇ ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ ਨੇ ਕਿਹਾ ਕਿ ਸੰਗਰੂਰ ਵਿਖੇ ਆਪਣੇ ਕਾਰਜਕਾਲ ਦੌਰਾਨ ਉਕਤ ਅਧਿਕਾਰੀ ਦੀ ਕਾਰਜ-ਸ਼ੈਲੀ ਬੇਹੱਦ ਢਿੱਲੀ ਰਹੀ। ਉਸ ਨੇ ਆਪਣਾ ਸਾਰਾ ਕਾਰਜਕਾਲ ਸਿਰਫ ਅਧਿਆਪਕਾਂ ਦੇ ਮਸਲਿਆਂ ਨੂੰ ਹੀ ਨਹੀਂ ਲਮਕਾਇਆ, ਬਲਕਿ ਵਿਦਿਆਰਥੀਆਂ ਤੇ ਜਨਤਕ ਸਿੱਖਿਆ ਦੇ ਹੱਕ ਵਿੱਚ ਫੈਸਲੇ ਲੈਣ ਤੋਂ ਤਰਕਹੀਣ ਤਰੀਕੇ ਨਾਲ ਪਾਸਾ ਵੱਟਿਆ। ਉਸ ਨੇ ਨਾ ਸਿਰਫ਼ ਜਨਤਕ ਸਿੱਖਿਆ ਦਾ ਨੁਕਸਾਨ ਕੀਤਾ, ਬਲਕਿ ਬੱਚਿਆਂ ਦੇ ਅਧਿਕਾਰਾਂ ਦਾ ਘਾਣ ਵੀ ਕੀਤਾ। ਉਸ ਨੇ ਬਿਨਾਂ ਸਿਰ-ਪੈਰ ਦੇ ਪੱਤਰ ਜਾਰੀ ਕੀਤੇ ਤੇ ਬਹੁਤ ਸਾਰੀਆਂ ਬੇਨਿਯਮੀਆਂ ਵੀ ਕੀਤੀਆਂ। ਜਥੇਬੰਦੀਆਂ ਨੂੰ ਮੀਟਿੰਗ ਦਾ ਸਮਾਂ ਦੇ ਕੇ ਸਾਰੇ ਸਟਾਫ਼ ਸਮੇਤ ਦਫ਼ਤਰ 'ਚੋਂ ਗ਼ੈਰ-ਹਾਜ਼ਰ ਵੀ ਹੋਇਆ। ਅਧਿਆਪਕ ਆਗੂਆਂ 'ਤੇ ਝੂਠੀ ਐੱਫ.ਆਈ.ਆਰ. ਦਰਜ ਕਰਵਾਉਣ ਤੇ ਜਬਰੀ ਬਦਲੀਆਂ ਕਰਵਾਉਣ ਵਿੱਚ ਮੁੱਖ ਭੂਮਿਕਾ ਨਿਭਾਈ, ਜਿਸ ਤੋਂ ਬਾਅਦ ਪੂਰੇ ਪੰਜਾਬ ਵਿੱਚ ਰੋਸ-ਮੁਜ਼ਾਹਰੇ ਹੋਏ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਸੀ ਕਿ ਸਰਕਾਰ ਉਕਤ ਅਧਿਕਾਰੀ ਦਾ ਰਿਕਾਰਡ ਦੇਖ ਕੇ ਉਸ ਨੂੰ ਆਪਣੀ ਕਾਰਜਸ਼ੈਲੀ ਸੁਧਾਰਨ ਦਾ ਸਖ਼ਤ ਸੰਦੇਸ਼ ਦਿੰਦੀ, ਪਰ ਸਰਕਾਰ ਨੇ ਇਸ ਦੇ ਬਿਲਕੁਲ ਉਲਟ ਕਰਦਿਆਂ ਉਸ ਦੀ ਬਦਲੀ ਬਿਲਕੁਲ ਨੇੜੇ ਕਰਕੇ ਉਸ ਨੂੰ 'ਇਨਾਮ' ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਜਨਤਕ ਸਿੱਖਿਆ ਸਬੰਧੀ ਸੁਹਿਰਦਤਾ ਦੇ ਦਾਅਵੇ ਕਰ ਰਹੀ ਹੈ, ਪ੍ਰੰਤੂ ਅਜਿਹੇ ਕਦਮਾਂ ਤੋਂ ਸਰਕਾਰ ਦਾ ਅਸਲੀ ਚਿਹਰਾ ਸਾਹਮਣੇ ਆਉਂਦਾ ਹੈ। ਅਜਿਹਾ ਹੋਣ ਨਾਲ ਪੰਜਾਬ ਵਿੱਚ ਕੰਮ ਕਰਨ ਵਾਲੇ ਸਾਰੇ ਅਧਿਕਾਰੀਆਂ ਕਰਮਚਾਰੀਆਂ ਨੂੰ ਗਲਤ ਸੰਦੇਸ਼ ਜਾਵੇਗਾ, ਜੋਕਿ ਪੰਜਾਬ ਦੇ ਭਲੇ ਵਿੱਚ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਹੋਏ ਘਟਨਾਕ੍ਰਮ ਦੇ ਮੱਦੇਨਜ਼ਰ ਉਕਤ ਅਧਿਕਾਰੀ ਨੂੰ ਮੁਅੱਤਲ ਕਰਕੇ ਉਸ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

## 18 ਨੂੰ ਖਾਲਸਾ ਸਕੂਲ 'ਚ ਮਨਾਇਆ ਜਾਵੇਗਾ ਪੈਨਸ਼ਨਰ ਡੇ : ਭਜਨ ਗਿੱਲ



ਮੋਗਾ (ਅਮਰਜੀਤ ਬੱਬਰੀ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਕਮੇਟੀ ਦੀ ਪੈਨਸ਼ਨਰ ਡੇ ਮਨਾਉਣ ਸੰਬੰਧੀ ਮੀਟਿੰਗ ਨੇਚਰ ਪਾਰਕ ਮੋਗਾ ਵਿਖੇ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਠਾਕਰ ਸਿੰਘ ਨੇ ਦੱਸਿਆ ਕਿ ਇਸ ਸਾਲ ਮੋਗਾ ਜ਼ਿਲ੍ਹੇ ਦੇ ਪੈਨਸ਼ਨਰਾਂ ਵੱਲੋਂ ਪੈਨਸ਼ਨਰ ਡੇ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮੋਗਾ ਵਿਖੇ 18 ਦਸੰਬਰ ਨੂੰ 11 ਵਜੇ ਤੋਂ 2 ਵਜੇ ਤੱਕ ਮਨਾਇਆ ਜਾਵੇਗਾ। ਇਸ ਮੌਕੇ ਸੁਰਿੰਦਰ ਰਾਮ ਕੁੱਸਾ ਨੇ ਦੱਸਿਆ ਕਿ ਸੁਪਰੀਮ ਕੋਰਟ ਨੇ 17 ਦਸੰਬਰ 1982 ਨੂੰ ਇੱਕ ਇਤਿਹਾਸਕ ਫੈਸਲਾ ਦਿੰਦੇ ਹੋਏ ਮੁਲਾਜ਼ਮਾਂ ਦੀ ਸੇਵਾ ਮੁਕਤੀ ਬਾਅਦ ਪੈਨਸ਼ਨ ਨੂੰ ਜਰੂਰੀ ਹੱਕ ਕਹਿੰਦੇ ਹੋਏ ਕਿਹਾ ਕਿ ਪੈਨਸ਼ਨ ਕੋਈ ਖੈਰਾਤ ਨਹੀਂ, ਇਹ ਇੱਕ ਮੁਲਾਜ਼ਮ ਦੁਆਰਾ ਆਪਣੇ ਨੌਕਰੀ ਦਾਤਾ ਦੀ ਸੇਵਾ ਵਿੱਚ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਕੰਮ ਕਰਨ ਬਦਲੇ ਬੁਢਾਪੇ ਵਿੱਚ ਸਮਾਜਕ ਸੁਰੱਖਿਆ ਪ੍ਰਦਾਨ ਕਰਨ ਲਈ ਉਸ ਨੂੰ ਪਹਿਲਾਂ ਮਿਲ ਰਹੀ ਤਨਖਾਹ ਦਾ ਬਦਲ ਹੈ। ਇਸ ਫੈਸਲੇ ਦੀ ਰੋਸ਼ਨੀ ਵਿੱਚ ਹੀ ਸਮੂਹ ਪੈਨਸ਼ਨਰ ਇਹ ਦਿਨ ਪੈਨਸ਼ਨਰ ਡੇ ਦੇ ਤੌਰ 'ਤੇ ਮਨਾਉਂਦੇ ਆ ਰਹੇ ਹਨ। ਇਸ ਸਮੇਂ ਗਿਆਰਾਂ ਮੈਂਬਰੀ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਇੰਦਰਜੀਤ ਸਿੰਘ, ਪ੍ਰੇਮ ਕੁਮਾਰ, ਪ੍ਰੀਤਮ ਸਿੰਘ ਕੈਂਥ, ਚਮਕੌਰ ਸਿੰਘ, ਦਲਬਾਰਾ ਸਿੰਘ, ਬਲਵੀਰ ਸਿੰਘ, ਆਤਮਾ ਸਿੰਘ ਚੜਿੱਕ, ਜਗਜੀਤ ਸਿੰਘ, ਅਮਰ ਸਿੰਘ ਰਣੀਆਂ, ਬਲਵਿੰਦਰ ਸਿੰਘ ਗਿੱਲ ਅਤੇ ਬਲੌਰ ਸਿੰਘ ਹੈਲਥ ਵਿਭਾਗ ਸ਼ਾਮਲ ਕੀਤੇ ਗਏ। ਬਿੱਕਰ ਸਿੰਘ ਮਾਛੀਕੇ, ਬਚਿੱਤਰ ਸਿੰਘ ਮਟਵਾਣੀ, ਸੁਖਮੰਦਰ ਸਿੰਘ, ਨਾਇਬ ਸਿੰਘ ਨੇ ਦੱਸਿਆ ਕਿ ਪੈਨਸ਼ਨਰ ਡੇ 'ਤੇ 80 ਸਾਲ ਅਤੇ 90 ਸਾਲ ਦੀ ਸ਼ਾਨਦਾਰ ਉਮਰ ਪੂਰੀ ਕਰਨ ਵਾਲੇ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਸਮਾਗਮ ਤੇ ਮੁੱਖ ਮਹਿਮਾਨ ਠਾਕੁਰ ਸਿੰਘ ਸੂਬਾ ਪ੍ਰਧਾਨ ਹੋਣਗੇ। ਮੀਟਿੰਗ ਨੇ ਇੱਕ ਮਤੇ ਰਾਹੀਂ ਸੰਗਰੂਰ ਵਿਖੇ ਮਜ਼ਦੂਰਾਂ 'ਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਮਜ਼ਦੂਰਾਂ ਦੀਆਂ ਜਾਇਜ਼ ਮੰਗਾਂ ਮੰਨੀਆਂ ਜਾਣ।

# ਜਥੇਦਾਰ ਬਾਬਾ ਹਨੂੰਮਾਨ ਸਿੰਘ ਦੇ ਜਨਮ ਦਿਹਾੜੇ 'ਤੇ ਲਗਾਏ ਮੈਡੀਕਲ ਕੈਂਪ 'ਚ 1496 ਯੂਨਿਟ ਖ਼ੂਨ ਇਕੱਤਰ



ਮੁਹਾਲੀ (ਗੁਰਜੀਤ ਬਿੱਲਾ)-ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਅਮਰ ਸ਼ਹੀਦ ਜਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਭਾਈ ਗੁਰਪ੍ਰੀਤ ਸਿੰਘ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ਼ਹੀਦ ਬਾਬਾ ਹਨੂੰਮਾਨ ਸਿੰਘ ਦਾ ਜੀਵਨ ਬਿਰਤਾਂਤ ਅਤੇ ਉਨ੍ਹਾਂ ਦੁਆਰਾ ਦੇਸ਼, ਕੌਮ ਅਤੇ ਧਰਮ ਖਾਤਰ ਅੰਗਰੇਜ਼ਾਂ ਨਾਲ ਕੀਤੀ ਜੰਗ ਅਤੇ ਇਸ ਅਸਥਾਨ 'ਤੇ ਹਜ਼ਾਰਾਂ ਸਿੰਘਾਂ ਸਮੇਤ ਸ਼ਹੀਦੀ ਪ੍ਰਾਪਤ ਕਰਨ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਭਾਈ ਜੁਝਾਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਲੁਧਿਆਣੇ ਵਾਲੇ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਮੀਰੀ ਪੀਰੀ ਖਾਲਸਾ ਜੱਥਾ ਜਗਾਧਰੀ ਵਾਲੇ, ਭਾਈ ਮਹਿਲ ਸਿੰਘ ਦਾ ਇੰਟਰਨੈਸ਼ਨਲ ਕਵੀਸ਼ਰੀ ਜੱਥਾ, ਸ਼੍ਰੋਮਣੀ ਪ੍ਰਚਾਰਕ ਭਾਈ ਸੰਦੀਪ ਸਿੰਘ ਅਨੰਦਪੁਰ ਸਾਹਿਬ ਵਾਲੇ, ਸ਼੍ਰੋਮਣੀ ਪ੍ਰਚਾਰਕ ਭਾਈ ਜਤਿੰਦਰ ਸਿੰਘ ਦਮਦਮੀ ਟਕਸਾਲ, ਭਾਈ ਕੁਲਦੀਪ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ, ਭਾਈ ਅਮਰਜੀਤ ਸਿੰਘ ਖਾਲਸਾ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ।

ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਹਰ ਵਿਭਾਗ ਦੇ ਮਾਹਿਰ ਡਾਕਟਰਾਂ ਦੁਆਰਾ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸ੍ਰੀ ਦਰਬਾਰ ਸਾਹਿਬ ਦੀ ਅੰਦਰੋਂ ਵਿਸ਼ੇਸ਼ ਰੂਪ ਨਾਲ ਫੁੱਲਾਂ ਨਾਲ ਸਜਾਵਟ ਕੀਤੀ ਗਈ ਸੀ। ਸ੍ਰੀ ਦਰਬਾਰ ਸਾਹਿਬ ਨੂੰ ਬਾਹਰੋਂ ਅਤੇ ਗੇਟ ਤੱਕ ਦੇ ਰਸਤੇ ਨੂੰ ਰੰਗ ਬਿਰੰਗੀਆਂ ਲਾਈਟਾਂ ਨਾਲ ਬਹੁਤ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਕਈ ਤਰ੍ਹਾਂ ਦੀਆਂ ਮਿਠਾਈਆਂ, ਪਕਵਾਨਾਂ ਅਤੇ ਗੁਰੂ ਕਾ ਲੰਗਰ ਸੰਗਤਾਂ ਨੂੰ ਸਾਰਾ ਦਿਨ ਅਤੁੱਟ ਵਰਤਾਇਆ ਗਿਆ। ਬ੍ਰਹਮਲੀਨ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਹੰਸਾਲੀ ਵਾਲਿਆਂ ਦੇ ਬਚਨਾਂ ਸਦਕਾ ਜਥੇਦਾਰ ਬਾਬਾ ਹਨੂੰਮਾਨ ਸਿੰਘ ਦੀ ਯਾਦ ਵਿੱਚ ਸਮੂਹ ਮਾਨਵਤਾ ਦੇ ਭਲੇ ਲਈ ਵਿਸ਼ਾਲ ਖ਼ੂਨਦਾਨ ਕੈਂਪ ਦੀ ਅਰੰਭਤਾ ਸਵੇਰੇ 8:00 ਵਜੇ ਕੀਤੀ ਗਈ। ਇਸ ਖ਼ੂਨਦਾਨ ਕੈਂਪ ਵਿੱਚ ਪੀ ਜੀ ਆਈ, ਜਨਰਲ ਹਸਪਤਾਲ ਸੈਕਟਰ 16, ਸਰਕਾਰੀ ਹਸਪਤਾਲ ਸੈਕਟਰ 32, ਰੋਟਰੀ ਬਲੱਡ ਬੈਂਕ ਸੈਕਟਰ 37, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਹਸਪਤਾਲ ਸੋਹਾਣਾ, ਸਿਵਲ ਹਸਪਤਾਲ ਮੋਹਾਲੀ, ਸਿਵਲ ਹਸਪਤਾਲ ਖਰੜ, ਮੈਕਸ ਹਸਪਤਾਲ ਮੋਹਾਲੀ ਅਤੇ ਆਈ ਵੀ ਵਾਈ ਹਸਪਤਾਲ ਦੇ ਬਲੱਡ ਬੈਂਕ ਦੀਆਂ ਟੀਮਾਂ ਨੇ ਲੋੜਵੰਦਾਂ ਵਾਸਤੇ ਖ਼ੂਨ ਇਕੱਤਰ ਕੀਤਾ। ਸ਼ਰਧਾਲੂਆਂ ਵਿੱਚ ਖ਼ੂਨਦਾਨ ਕਰਨ ਲਈ ਬਹੁਤ ਹੀ ਜਿਆਦਾ ਉਤਸ਼ਾਹ ਸੀ। ਇਨ੍ਹਾਂ ਸਾਰੀਆਂ ਬਲੱਡ ਬੈਂਕਾਂ ਦੀਆਂ ਟੀਮਾਂ ਵੱਲੋਂ ਕੁੱਲ 1496 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸ ਦੌਰਾਨ ਸਾਰੇ ਖ਼ੂਨਦਾਨੀਆਂ ਨੂੰ ਹਰ ਵਾਰ ਦੀ ਤਰ੍ਹਾਂ ਪ੍ਰਬੰਧਕ ਕਮੇਟੀ ਵੱਲੋਂ ਦੇਸੀ ਘਿਉ ਦੀ ਪੰਜੀਰੀ, ਸਨਮਾਨ ਚਿੰਨ ਅਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਗਿਆ।

ਇਸ ਖ਼ੂਨਦਾਨ ਕੈਂਪ ਵਿੱਚ ਸੰਤ ਬਾਬਾ ਮਹਿੰਦਰ ਸਿੰਘ ਲੰਗਰਾਂ ਵਾਲੇ, ਸੰਤ ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲੇ ਅਤੇ ਕਈ ਸੰਤ, ਮਹਾਂ ਪੁਰਸ਼ਾਂ ਨੇ ਖ਼ੂਨਦਾਨੀਆਂ ਨੂੰ ਆਪ ਆ ਕੇ ਆਸ਼ੀਰਵਾਦ ਦਿੱਤਾ। ਕਈ ਉੱਘੀ ਸਿਆਸੀ ਆਗੂ, ਧਾਰਮਿਕ ਸਖਸ਼ੀਅਤਾਂ, ਪਿੰਡ ਅਤੇ ਇਲਾਕੇ ਦੇ ਪਤਵੰਤੇ ਸੱਜਣ ਉਚੇਚੇ ਤੌਰ 'ਤੇ ਇਸ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਪੁੱਜੇ ਹੋਏ ਸਨ। ਸਮੂਹ ਖ਼ੂਨਦਾਨੀਆਂ, ਡਾਕਟਰਾਂ ਅਤੇ ਆਏ ਹੋਏ ਪਤਵੰਤੇ ਸੱਜਣਾਂ ਦਾ ਭਾਈ ਜਗਮੋਹਣ ਸਿੰਘ ਕਾਹਲੋਂ, ਭਾਈ ਸੁਰਜੀਤ ਸਿੰਘ, ਪਰਵਿੰਦਰ ਸਿੰਘ ਸੋਹਾਣਾ ਅਤੇ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਇਸ ਸਾਰੇ ਸਮਾਗਮ ਦਾ ਕਈ ਟੀ ਵੀ ਚੈਨਲਾਂ ਵੱਲੋਂ ਸਿੱਧਾ ਪ੍ਰਸਾਰਣ ਕੀਤਾ ਗਿਆ। ਪ੍ਰਬੰਧਕ ਕਮੇਟੀ ਦੇ ਮੁੱਖੀ ਹਰਜਿੰਦਰ ਸਿੰਘ ਅਤੇ ਸਤਵਿੰਦਰ ਸਿੰਘ ਸੋਢੀ ਨੇ ਦੱਸਿਆ ਕਿ ਖ਼ੂਨਦਾਨ ਮਹਾਂ ਦਾਨ ਹੈ। ਉਨ੍ਹਾਂ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨਾ ਚਾਹੀਦਾ ਹੈ ਤਾਂ ਕਿ ਅਨਮੋਲ ਜਿੰਦਗੀਆਂ ਨੂੰ ਲੋੜ ਪੈਣ ਤੇ ਖ਼ੂਨ ਦੇ ਕੇ ਬਚਾਇਆ ਜਾ ਸਕੇ। ਨੌਜਵਾਨਾਂ ਨੂੰ ਇਸ ਦੇ ਨਾਲ ਨਾਲ ਨਸ਼ਿਆਂ ਤੋਂ ਵੀ ਬਚਾਅ ਰੱਖਣਾ ਚਾਹੀਦਾ ਹੈ ਤਾਂ ਜੋ ਇੱਕ ਸਿਹਤਮੰਦ ਅਤੇ ਨਰੋਏ ਸਮਾਜ ਦਾ ਨਿਰਮਾਣ ਹੋ ਸਕੇ।

## ਪੁਰਾਣੀ ਪੈਨਸ਼ਨ ਬਹਾਲੀ ਦਾ ਵਿਸਥਾਰਤ ਨੋਟੀਫਿਕੇਸ਼ਨ ਜਾਰੀ ਕਰੇ ਮਾਨ ਸਰਕਾਰ : ਅਲੀਸ਼ੇਰ



ਮਾਨਸਾ (ਆਤਮਾ ਸਿੰਘ ਪਮਾਰ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਮਾਨਸਾ ਦੇ ਜ਼ਿਲ੍ਹਾ ਕਨਵੀਨਰ ਦਰਸ਼ਨ ਸਿੰਘ ਅਲੀਸ਼ੇਰ ਨੇ ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਨਵੀਂ ਪੈਨਸ਼ਨ ਸਕੀਮ ਅਧੀਨ ਆਉਂਦੇ ਲੱਖਾਂ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜੋ ਕਿ ਸਰਕਾਰ ਦਾ ਇੱਕ ਸ਼ਲਾਘਾਯੋਗ ਕਦਮ ਹੈ। ਪਰ ਇਸ ਪੱਤਰ ਦੇ ਨਾਲ ਹੀ ਸਰਕਾਰ ਨੇ ਇਹ ਵੀ ਕਿਹਾ ਸੀ ਕਿ ਲਾਗੂ ਕੀਤੀ ਗਈ ਪੁਰਾਣੀ ਪੈਨਸ਼ਨ ਦੇ ਨਿਯਮ ਅਤੇ ਸ਼ਰਤਾਂ ਬਾਅਦ ਵਿੱਚ ਜਾਰੀ ਕੀਤੀਆਂ ਜਾਣਗੀਆਂ। ਪੰਜਾਬ ਦੇ ਲੱਖਾਂ ਮੁਲਾਜ਼ਮਾਂ ਦੇ ਮਨਾਂ ਵਿੱਚ ਹੁਣ ਦੁਚਿੱਤੀ ਦੀ ਸਥਿਤੀ ਪੈਦਾ ਹੋ ਗਈ ਹੈ ਕਿ ਸ਼ਰਤਾਂ ਕੀ ਹੋਣਗੀਆਂ, ਜੀ.ਪੀ.ਐੱਫ. ਦੀ ਕਟੌਤੀ ਕਦੋਂ ਤੋਂ ਸ਼ੁਰੂ ਹੋਵੇਗੀ, ਐੱਨ ਐੱਸ ਡੀ ਐੱਲ ਕੋਲ ਜਮ੍ਹਾਂ ਪੈਸਾ ਕਿਵੇਂ ਅਤੇ ਕਦੋਂ ਮਿਲੇਗਾ? ਲੱਖਾਂ ਮੁਲਾਜ਼ਮ ਇਹਨਾਂ ਸਵਾਲਾਂ ਦੇ ਜੁਆਬ ਤਲਾਸ਼ਣ ਵਿਚ ਜੁਟ ਗਏ ਹਨ।

ਇਸ ਮੌਕੇ ਕਰਮਜੀਤ ਸਿੰਘ ਤਾਮਕੋਟ ਅਤੇ ਗੁਰਪ੍ਰੀਤ ਸਿੰਘ ਦਲੇਲਵਾਲਾ ਨੇ ਕਿਹਾ ਕਿ ਅਜਿਹੇ ਸੁਆਲ ਮੁਲਾਜ਼ਮਾਂ ਲਈ ਪਰੇਸ਼ਾਨੀ ਦਾ ਸਬੱਬ ਬਣ ਰਹੇ ਹਨ। ਇਸ ਲਈ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਨਿਯਮ ਤੇ ਸ਼ਰਤਾਂ ਵਾਲਾ ਵਿਸਥਾਰਤ ਨੋਟੀਫਿਕੇਸ਼ਨ ਸਰਕਾਰ ਜਲਦੀ ਜਾਰੀ ਕਰੇ, ਤਾਂ ਜੋ ਤਤਕਾਲ ਸਮੇਂ ਵਿੱਚ ਸੇਵਾਮੁਕਤ ਹੋ ਰਹੇ ਮੁਲਾਜ਼ਮਾਂ ਨੂੰ ਵੀ ਇਸ ਦਾ ਫਾਇਦਾ ਮਿਲ ਸਕੇ। ਦੁਚਿੱਤੀ ਦੀ ਹਾਲਤ ਵਿੱਚ ਮੁਲਾਜ਼ਮਾਂ ਨੂੰ ਦੁਆਰਾ ਫਿਰ ਸੰਘਰਸ਼ ਦਾ ਰਸਤਾ ਅਪਣਾਉਣਾ ਪੈ ਸਕਦਾ ਹੈ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਕੁਰੜ 'ਚ ਐਥਲੈਟਿਕ ਮੀਟ



ਮਹਿਲ ਕਲਾਂ (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)-ਨਾਮਵਰ ਵਿੱਦਿਅਕ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਵਿਖੇ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਅਥਲੈਟਿਕ ਮੀਟ ਦਾ ਆਯੋਜਨ ਕਰਵਾਇਆ ਗਿਆ। ਇਸ ਐਥਲੈਟਿਕ ਮੀਟ ਦਾ ਅਰੰਭ ਮਾਰਚ ਪਾਸਟ ਕਰਕੇ ਕੀਤਾ ਗਿਆ। ਇਸ ਉਪਰੰਤ 100, 200, 400 ਮੀਟਰ ਦੌੜਾਂ, ਰਿਲੇਅ ਰੇਸ, ਲੰਮੀ ਛਾਲ ਦੇ ਮੁਕਾਬਲੇ ਕਰਵਾਏ ਗਏ। ਸਰਪੰਚ ਮਨਜੀਤ ਕੌਰ ਕੁਰੜ, ਪੰਚ ਮਲਕੀਤ ਸਿੰਘ, ਮਾਸਟਰ ਬੂਟਾ ਸਿੰਘ ਨੇ ਜੇਤੂਆਂ ਨੂੰ ਸਨਮਾਨਤ ਕੀਤਾ। ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ ਡੀ ਸੁਖਵਿੰਦਰ ਕੌਰ ਧਾਲੀਵਾਲ ਕਿਹਾ ਕਿ ਪੜ੍ਹਾਈ ਦੇ ਨਾਲ ਖੇਡਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਇੱਕ ਅਹਿਮ ਅੰਗ ਹਨ। ਇਹ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਕਰਦੀਆਂ ਹਨ। ਇਸ ਮੌਕੇ ਬੱਚਿਆਂ ਦੀ ਮਟਕਾ ਰੇਸ, ਸਪੂਨ ਰੇਸ, ਇੰਟਰ ਹਾਊਸ ਰੱਸਾਕਸ਼ੀ, ਖੋ-ਖੋ, ਵਾਲੀਬਾਲ ਅਤੇ ਅਧਿਆਪਕਾਂ ਦੀ ਰੱਸਾਕਸ਼ੀ ਵੀ ਖਿੱਚ ਦਾ ਕੇਂਦਰ ਰਹੀ। ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਕਿਹਾ ਕਿ ਖੇਡਾਂ ਦੌਰਾਨ ਬੱਚਿਆਂ ਵਿਚ ਲੁਕੀ ਹੋਈ ਪ੍ਰਤਿਭਾ ਦੇਖਣ ਨੂੰ ਮਿਲਦੀ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰਦੀਪ ਸਿੰਘ, ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਜੇਤੂਆਂ ਨੂੰ ਵਧਾਈ ਦਿੰਦਿਆਂ ਵਿੱਦਿਆ, ਖੇਡਾਂ ਦੇ ਖੇਤਰ 'ਚ ਹੋਰ ਵਧੇਰੇ ਲਗਨ, ਮਿਹਨਤ ਨਾਲ ਮੱਲਾਂ ਮਾਰਨ ਲਈ ਉਤਸ਼ਾਹਤ ਕੀਤਾ।

## ਸ਼ਹੀਦ ਭਾਈ ਦਿਆਲਾ ਜੀ ਸਕੂਲ ਦੇ ਖਿਡਾਰੀਆਂ ਹੈਂਡਬਾਲ 'ਚ ਦੂਜਾ ਸਥਾਨ ਜਿੱਤਿਆ



ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)-ਇਲਾਕੇ ਦੀ ਮਸ਼ਹੂਰ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਦੀਆਂ ਖਿਡਾਰਣਾਂ ਸਿਮਰਨ ਕੌਰ ਤੇ ਖੁਸ਼ਪ੍ਰੀਤ ਕੌਰ ਨੇ 66ਵੀਆਂ ਪੰਜਾਬ ਸਕੂਲ ਖੇਡਾਂ ਹੈਂਡਬਾਲ ਅੰਡਰ-17 ਲੜਕੀਆਂ, ਜੋ ਕਿ ਫਰੀਦਕੋਟ ਵਿਖੇ ਹੋਈਆਂ, ਵਿੱਚ ਭਾਗ ਲੈ ਕੇ ਦੂਜਾ ਸਥਾਨ ਹਾਸਲ ਕੀਤਾ। ਜੇਤੂ ਖਿਡਾਰਨਾਂ ਦਾ ਸਕੂਲ ਪਹੁੰਚਣ 'ਤੇ ਸਕੂਲ ਮੁਖੀ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਖਿਡਾਰਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਡੀ.ਪੀ.ਈ. ਹਰਪ੍ਰੀਤ ਸਿੰਘ, ਭੁਪਿੰਦਰ ਕੌਰ, ਕੁਲਵਿੰਦਰ ਕੌਰ ਤੋਂ ਇਲਾਵਾ ਸਮੂਹ ਸਟਾਫ ਵੀ ਹਾਜ਼ਰ ਸੀ।

## ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਨਗਰ ਕੀਰਤਨ ਦਾ ਸਵਾਗਤ



ਜਗਰਾਉਂ (ਅਮਿਤ ਖੰਨਾ)-ਜਗਰਾਉਂ ਵਿਖੇ ਕੋਠੇ ਸ਼ੇਰਜੰਗ ਬਾਬਾ ਬਹਾਦਰ ਸਿੰਘ ਗੁਰਦੁਆਰਾ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿੱਚ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋ ਕੇ ਜਗਰਾਉਂ ਵਿੱਚ ਪਰਿਕਰਮਾ ਕਰਦਾ ਹੋਇਆ ਮਨਕੂ ਐਗਰੀਕਲਚਰ ਦੀ ਦੁਕਾਨ 'ਤੇ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਤੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਵੱਲੋਂ ਨਗਰ ਕੀਰਤਨ ਦਾ ਸਵਾਗਤ ਕੀਤਾ ਗਿਆ, ਜਿਸ ਵਿੱਚ ਪੰਜ ਪਿਆਰਿਆਂ ਨੂੰ ਸਿਰੋਪਾ ਪਾ ਕੇ ਤੇ ਸੰਗਤਾਂ ਵਿੱਚ ਲੱਡੂ ਵਰਤਾਏ ਗਏ ਅਤੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਮੁਖੀ ਭਾਈ ਜਸਵੀਰ ਸਿੰਘ ਦਾ ਵੀ ਧੰਨਵਾਦ ਕੀਤਾ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਭਜਨਗੜ੍ਹ ਸਾਹਿਬ ਤੋਂ ਵਾਪਸ ਗੁਰਦੁਆਰਾ ਬਾਬਾ ਬਹਾਦਰ ਸਿੰਘ ਵਿਖੇ ਪਹੁੰਚਿਆ। ਇਸ ਮੌਕੇ ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਮਨਕੂ, ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ, ਕਸ਼ਮੀਰੀ ਲਾਲ, ਹਰਨੇਕ ਸਿੰਘ ਸੋਈ, ਪ੍ਰੀਤਮ ਸਿੰਘ ਗੰਦੂ, ਕਰਨੈਲ ਸਿੰਘ ਧੰਜਲ, ਅਮਰਜੀਤ ਸਿੰਘ ਘਟੌੜੇ ਤੇ ਮੁਹੱਲਾ ਕਿਸ਼ੋਰ ਚੰਦ ਦੀ ਸੰਗਤ ਅਤੇ ਝਾਂਸੀ ਰਾਣੀ ਚੌਂਕ ਦੀ ਮਾਰਕੀਟ ਆਦਿ ਸਮੂਹ ਸੰਗਤਾਂ ਹਾਜ਼ਰ ਸਨ।

## ਐੱਸ ਆਰ ਐੱਸ ਵਿੱਦਿਆਪੀਠ ਵੱਲੋਂ ਬੱਚਿਆਂ ਦਾ ਵਿੱਦਿਅਕ ਟੂਰ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਬੀਤੇ ਦਿਨ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵੱਲੋਂ ਜਮਾਤ ਪਹਿਲੀ ਤੋਂ ਪੰਜਵੀਂ ਤੱਕ ਦੇ ਵਿਦਿਆਰਥੀਆਂ ਦਾ ਟੂਰ ਛੱਤਬੀੜ ਚਿੜੀਆ ਘਰ ਲਿਜਾਇਆ ਗਿਆ। ਕੋਵਿਡ-19 ਦੇ ਚੱਲਦਿਆਂ ਕਾਫੀ ਲੰਮੇ ਸਮੇਂ ਤੋਂ ਬਾਅਦ ਬੱਚੇ ਇਸ ਟੂਰ 'ਤੇ ਜਾਣ ਲਈ ਬਹੁਤ ਖੁਸ਼ ਦਿਖਾਈ ਦੇ ਰਹੇ ਸਨ। ਬੱਚਿਆਂ ਨੇ ਟੂਰ 'ਤੇ ਜਾਣ ਲਈ ਵਧ-ਚੜ੍ਹ ਕੇ ਹਿੱਸਾ ਲਿਆ। ਬੱਚਿਆਂ ਨੇ ਇਸ ਟੂਰ 'ਤੇ ਜਾ ਕੇ ਬਹੁਤ ਅਨੰਦ ਮਾਣਿਆ। ਬੱਚਿਆਂ ਨੂੰ ਛੱਤਬੀੜ ਚਿੜੀਆ ਘਰ, ਰਾਕ ਗਾਰਡਨ ਤੇ ਸੁਖਨਾ ਝੀਲ ਆਦਿ ਕਈ ਥਾਵਾਂ 'ਤੇ ਲਿਜਾਇਆ ਗਿਆ, ਜਿੱਥੇ ਬੱਚਿਆਂ ਨੇ ਬਹੁਤ ਹੀ ਆਨੰਦ ਮਾਣਿਆ। ਵਿਦਿਆਰਥੀਆਂ ਨੂੰ ਜੰਗਲੀ ਜਾਨਵਰ ਵੀ ਦਿਖਾਏ ਗਏ ਤੇ ਉਨ੍ਹਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ। ਬੱਚਿਆਂ ਨੇ ਇਸ ਟੂਰ ਤੋਂ ਬਹੁਤ ਕੁਝ ਸਿੱਖਿਆ। ਸਕੂਲ ਦੁਆਰਾ ਬੱਚਿਆਂ ਨੂੰ ਖਾਣ-ਪੀਣ ਲਈ ਵੀ ਕਈ ਚੀਜ਼ਾਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਮਿਸ ਮਿਲੀ ਬੋਸ ਤੇ ਚੇਅਰਮੈਨ ਅਮਿਤ ਸਿੰਗਲਾ ਨੇ ਬੱਚਿਆਂ ਨੂੰ ਭਵਿੱਖ ਵਿੱਚ ਵੀ ਅਜਿਹੇ ਸਿੱਖਿਆਦਾਇਕ ਟੂਰ 'ਤੇ ਜਾਣ ਲਈ ਪ੍ਰੇਰਿਤ ਕੀਤਾ।

## ਨਨਕਾਣਾ ਸਾਹਿਬ ਸਕੂਲ ਦੇ ਵਿਦਿਆਰਥੀਆਂ ਨੇ ਜਿੱਤੇ ਸੋਨੇ ਦੇ ਤਗਮੇ



ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੇ ਵਿਦਿਆਰਥੀਆਂ ਨੇ ਸਹੋਦਿਆ ਸਕੂਲ ਕੰਪਲੈਕਸ ਲੁਧਿਆਣਾ ਈਸਟ ਵੱਲੋਂ ਕਰਵਾਏ ਖੇਡ ਮੁਕਾਬਲਿਆਂ ਵਿੱਚ ਸੋਨੇ ਤੇ ਕਾਂਸੀ ਦੇ ਤਮਗੇ ਜਿੱਤ ਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸੁਪੀਰੀਅਰ ਵਰਲਡ ਸਕੂਲ ਗੜ੍ਹੀ ਤਰਖਾਣਾ ਵਿਖੇ ਵੱਖ-ਵੱਖ ਖੇਡ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਸਮਰਾਲਾ ਦੇ ਅੰਡਰ-17 ਵਰਗ ਦੇ ਵਿਦਿਆਰਥੀ ਅਮਨਦੀਪ ਸਿੰਘ ਨੇ ਸ਼ਾਟ-ਪੁੱਟ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨੇ ਦਾ ਤਮਗਾ, ਲੰਮੀ ਛਾਲ ਵਿੱਚ ਕੁਲਦੀਪ ਯਾਦਵ ਤੇ ਡਿਸਕਸ ਥਰੋਅ ਵਿੱਚ ਗੁਰਤੇਸ਼ਵਰ ਸਿੰਘ ਨੇ ਤੀਸਰਾ ਸਥਾਨ ਹਾਸਲ ਕਰਕੇ ਕਾਂਸੀ ਦੇ ਤਮਗੇ ਜਿੱਤੇ। ਸਕੂਲ ਦੇ ਪ੍ਰਿੰਸੀਪਲ ਮਾਲਇੰਦਰ ਸਿੰਘ ਤੇ ਸਮੂਹ ਸਟਾਫ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਵਾਗਤ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਕੂਲ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਬਾਬਾ ਫ਼ਰੀਦ ਕਾਲਜ 'ਚ 'ਮਹਿਲਾ ਸਸ਼ਕਤੀਕਰਨ' ਬਾਰੇ ਸੈਮੀਨਾਰ

ਬਠਿੰਡਾ (ਪਰਵਿੰਦਰ ਜੀਤ ਸਿੰਘ) ਵਿਦਿਆਰਥੀਆਂ ਨੂੰ ਔਰਤਾਂ ਦੇ ਸਸ਼ਕਤੀਕਰਨ ਬਾਰੇ ਜਾਗਰੂਕ ਕਰਨ ਬਾਰੇ ਬਾਬਾ ਫ਼ਰੀਦ ਕਾਲਜ ਦੇ ਵੂਮੈਨ ਡਿਵੈਲਪਮੈਂਟ ਸੈੱਲ ਵੱਲੋਂ 'ਮਹਿਲਾ ਸਸ਼ਕਤੀਕਰਨ' ਬਾਰੇ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਮੁੱਖ ਉਦੇਸ਼ ਔਰਤਾਂ ਦੀ ਸਵੈ-ਮੁੱਲ ਦੀ ਭਾਵਨਾ, ਉਨ੍ਹਾਂ ਦੀਆਂ ਆਪਣੀਆਂ ਚੋਣਾਂ ਨੂੰ ਨਿਰਧਾਰਤ ਕਰਨ ਵਿੱਚ ਉਨ੍ਹਾਂ ਦੀ ਯੋਗਤਾ ਅਤੇ ਆਪਣੇ ਤੇ ਦੂਜਿਆਂ ਲਈ ਸਮਾਜਿਕ ਬਦਲਾਅ ਨੂੰ ਪ੍ਰਭਾਵਿਤ ਕਰਨ ਦੇ ਉਨ੍ਹਾਂ ਦੇ ਅਧਿਕਾਰ ਨੂੰ ਉਤਸ਼ਾਹਤ ਕਰਨਾ ਸੀ। ਇਸ ਸੈਮੀਨਾਰ ਲਈ ਵੂਮੈਨ ਡਿਵੈਲਪਮੈਂਟ ਸੈੱਲ ਨੇ ਪਿੰਡ ਮਾਣਕ ਖ਼ਾਨਾ ਦੀ ਨੌਜਵਾਨ ਮਹਿਲਾ ਸਰਪੰਚ ਸ਼ੇਸ਼ਨਦੀਪ ਕੌਰ ਨੂੰ ਮੁੱਖ ਬੁਲਾਰੇ ਵਜੋਂ ਸੱਦਾ ਦਿੱਤਾ। ਇਸ ਗਤੀਵਿਧੀ ਦੀ ਕੋਆਰਡੀਨੇਟਰ ਸ਼੍ਰੀਮਤੀ ਸਮਨਦੀਪ ਕੌਰ ਤੇ ਸ਼੍ਰੀਮਤੀ ਅੰਜੂ ਬਾਲਾ ਨੇ ਮਹਿਮਾਨ ਬੁਲਾਰੇ ਦਾ ਨਿੱਘਾ ਸਵਾਗਤ ਕੀਤਾ। ਸਰਪੰਚ ਸ਼ੇਸ਼ਨਦੀਪ ਕੌਰ ਨੇ ਆਪਣੇ ਭਾਸ਼ਣ ਵਿੱਚ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤੇ ਉਨ੍ਹਾਂ ਨੂੰ ਸਰਪੰਚ ਵਜੋਂ ਆਪਣੀਆਂ ਪ੍ਰਾਪਤੀਆਂ ਤੇ ਲੜਕੀਆਂ ਦੇ ਅਧਿਕਾਰਾਂ ਬਾਰੇ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਮਾਰਗ ਦਰਸ਼ਨ ਕੀਤਾ ਕਿ ਕਿਸ ਤਰ੍ਹਾਂ ਕਿਸੇ ਵੀ ਰਾਸ਼ਟਰ ਦੀ ਤਰੱਕੀ ਲਈ ਮਹਿਲਾ ਸਸ਼ਕਤੀਕਰਨ ਤੇ ਸਮਾਨਤਾ ਸਭ ਤੋਂ ਮਹੱਤਵਪੂਰਨ ਲੋੜਾਂ ਹਨ।

ਇਸ ਮੌਕੇ ਐਗਰੀਕਲਚਰ ਵਿਭਾਗ ਦੇ ਡੀਨ ਡਾ. ਵਿਨੀਤ ਚਾਵਲਾ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਅਸਲ ਜੀਵਨ ਦੀਆਂ ਉਦਾਹਰਨਾਂ ਦਿੱਤੀਆਂ ਕਿ ਕਿਵੇਂ ਇੱਕ ਔਰਤ ਹਰ ਇੱਕ ਦੇ ਜੀਵਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਨ੍ਹਾ ਦੱਸਿਆ ਕਿ ਵੂਮੈਨ ਡਿਵੈਲਪਮੈਂਟ ਸੈੱਲ ਔਰਤਾਂ ਦੇ ਸਮਾਜਿਕ, ਕਾਨੂੰਨੀ ਤੇ ਸੰਵਿਧਾਨਕ ਅਧਿਕਾਰਾਂ ਬਾਰੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਕਈ ਹੋਰ ਸੈਮੀਨਾਰ ਕਰਨ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਔਰਤਾਂ ਨੂੰ ਵੱਖ-ਵੱਖ ਕਿਸਮਾਂ ਦੀ ਹਿੰਸਾ ਜਿਵੇਂ ਜਿਨਸੀ, ਸਰੀਰਕ ਤੇ ਮਾਨਸਿਕ ਬਾਰੇ ਜਾਣੂ ਕਰਵਾ ਕੇ ਲਿੰਗ ਪੱਖਪਾਤ ਤੇ ਸ਼ੋਸ਼ਣ ਨੂੰ ਰੋਕਿਆ ਜਾ ਸਕੇ ਅਤੇ ਉਨ੍ਹਾਂ ਨੂੰ ਇਸ ਵਿਰੁੱਧ ਲੜਨ ਲਈ ਗਿਆਨ ਤੇ ਤਾਕਤ ਨਾਲ ਤਿਆਰ ਕੀਤਾ ਜਾ ਸਕੇ। ਅੰਤ ਵਿੱਚ ਉਨ੍ਹਾਂ ਨੇ ਬਾਬਾ ਫ਼ਰੀਦ ਕਾਲਜ ਦੇ ਵੂਮੈਨ ਡਿਵੈਲਪਮੈਂਟ ਸੈੱਲ ਵੱਲੋਂ ਭਾਗੀਦਾਰਾਂ ਤੇ ਮਹਿਮਾਨ ਬੁਲਾਰੇ ਦਾ ਧੰਨਵਾਦ ਕੀਤਾ। ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਵੀ ਵੂਮੈਨ ਡਿਵੈਲਪਮੈਂਟ ਸੈੱਲ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੈਨਸ਼ਨ ਵੰਡ ਸਮਾਗਮ



ਮੱਖੂ (ਰਛਪਾਲ ਸਿੰਘ ਸੰਧੂ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਟੀਮ ਵੱਲੋਂ ਮੱਖੂ ਇਲਾਕੇ ਨਾਲ ਸੰਬੰਧਤ 50 ਲੋੜਵੰਦ ਪਰਵਾਰਾਂ ਨੂੰ ਆਰਥਿਕ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ। ਸੰਸਥਾ ਵੱਲੋਂ ਗੁਰਦੁਆਰਾ ਬਾਬਾ ਕਰਮ ਚੰਦ ਬਾਠਾਂ ਵਾਲਾ ਵਿਖੇ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਵਿੱਚ ਇਹ ਚੈੱਕ ਟਰੱਸਟ ਦੇ ਜ਼ਿਲ੍ਹਾ ਫਿਰੋਜ਼ਪੁਰ ਇਕਾਈ ਦੇ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਅਮਰਜੀਤ ਕੌਰ ਛਾਬੜਾ, ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ, ਮੱਖੂ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਅਤੇ ਉਨ੍ਹਾਂ ਨਾਲ ਟੀਮ ਦੇ ਹੋਰ ਅਹੁਦੇਦਾਰਾਂ ਵੱਲੋਂ ਦਿੱਤੇ ਗਏ। ਇਸ ਸਮਾਗਮ ਵਿੱਚ ਹਰਭਜਨ ਸਿੰਘ ਕਾਹਲੋਂ, ਮਨਮੋਹਨ ਸਿੰਘ ਢਿੱਲੋਂ ਯੂ ਐਸ ਏ ਤੇ ਡਾ. ਗੁਰਵਿੰਦਰ ਸਿੰਘ ਮੱਖੂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਕਈ ਹੋਰ ਮੁੱਦਿਆਂ 'ਤੇ ਵੀ ਵਿਚਾਰ ਚਰਚਾ ਹੋਈ। ਸੰਸਥਾ ਦੇ ਜ਼ਿਲ੍ਹਾ ਇਸਤਰੀ ਵਿੰਗ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੱਖੂ ਦੇ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਅਤੇ ਬਲਾਕ ਪ੍ਰਧਾਨ ਬਹਾਦਰ ਸਿੰਘ ਭੁੱਲਰ ਨੇ ਦੱਸਿਆ ਕਿ ਸੰਸਥਾ ਦੇ ਮੈਨੇਜਿੰਗ ਟਰੱਸਟੀ ਡਾ. ਐਸ ਪੀ ਸਿੰਘ ਓਬਰਾਏ ਲੋੜਵੰਦਾਂ ਲਈ ਆਸ ਦੀ ਕਿਰਨ ਬਣ ਗਏ ਹਨ, ਜੋ ਹਰ ਮਹੀਨੇ ਆਪਣੀ ਜੇਬ ਵਿੱਚੋਂ ਬਗੈਰ ਕਿਸੇ ਤੋਂ ਮਾਲੀ ਮਦਦ ਲਏ ਹਜ਼ਾਰਾਂ ਲੋੜਵੰਦਾਂ ਨੂੰ ਕਰੋੜਾਂ ਰੁਪਏ ਵੰਡਦੇ ਹਨ। ਉਨ੍ਹਾ ਕਿਹਾ ਕਿ ਸੰਸਥਾ ਵੱਲੋਂ ਜਿੱਥੇ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ, ਉੱਥੇ ਗਰੀਬਾਂ ਲਈ ਮੈਡੀਕਲ ਸੇਵਾ ਤੇ ਸਿੱਖਿਆ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਸਿਵਲ ਹਸਪਤਾਲ ਫਿਰੋਜ਼ਪੁਰ ਵਿੱਚ ਗੁਰਦਿਆਂ ਦੇ ਮਰੀਜ਼ਾਂ ਲਈ ਡਾਇਲਸਿਸ ਮਸ਼ੀਨਾਂ ਲਗਾਈਆਂ ਗਈਆਂ, ਜਿੱਥੇ ਡਾਇਲਸਿਸ ਮੁਫ਼ਤ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਅੰਦਰ ਫਿਰੋਜ਼ਪੁਰ, ਤਲਵੰਡੀ ਭਾਈ ਅਤੇ ਮੱਖੂ ਵਿੱਚ ਦੋ ਆਧੁਨਿਕ ਤਕਨੀਕ ਨਾਲ ਲੈਸ ਲੈਬੋਰਟਰੀਆਂ ਵੀ ਖੋਲ੍ਹੀਆਂ ਗਈਆਂ ਹਨ, ਜਿੱਥੇ ਬਹੁਤ ਘੱਟ ਰੇਟਾਂ 'ਤੇ ਮਨੁੱਖੀ ਸਰੀਰ ਦੀਆਂ ਬਿਮਾਰੀਆਂ ਦੇ ਟੈਸਟ ਕੀਤੇ ਜਾਂਦੇ ਹਨ। ਇਸ ਮੌਕੇ ਮੁੱਖ ਮਹਿਮਾਨ ਹਰਭਜਨ ਸਿੰਘ ਕਾਹਲੋਂ ਨੇ ਲੋੜਵੰਦਾਂ ਦੀ ਭਲਾਈ ਲਈ ਸ਼ੁਰੂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਕਤਨਾ, ਜ਼ਿਲ੍ਹਾ ਪ੍ਰਧਾਨ ਇਸਤਰੀ ਵਿੰਗ ਅਮਰਜੀਤ ਕੌਰ ਛਾਬੜਾ, ਬਹਾਦਰ ਸਿੰਘ ਭੁੱਲਰ ਬਲਾਕ, ਦਵਿੰਦਰ ਸਿੰਘ ਛਾਬੜਾ ਪ੍ਰਧਾਨ ਮੱਖੂ, ਕਿਰਨ ਪੇਂਟਰ, ਜਤਿੰਦਰ ਸਿੰਘ ਅਤੇ ਮਨਪ੍ਰੀਤ ਸਿੰਘ ਸਮੇਤ ਕਈ ਹੋਰ ਅਹੁਦੇਦਾਰ ਮੌਜੂਦ ਸਨ।

# ਬਾਬਾ ਫਰੀਦ ਸਕੂਲ ਵਿਖੇ ਖੇਡਾਂ ਸ਼ਾਨੋ-ਸ਼ੌਕਤ ਨਾਲ ਸਮਾਪਤ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਵੱਲੋਂ ਦੁਆਰਾ ਕਰਵਾਈਆਂ ਜਾ ਰਹੀਆਂ 66ਵੀਆਂ ਸਕੂਲ ਖੇਡਾਂ ਦੇ ਸੂਬਾ ਪੱਧਰੀ ਅੰਡਰ 19 ਸਾਲ ਲੜਕਿਆਂ ਵਿੱਚ ਨੈੱਟਬਾਲ ਦੇ ਮੁਕਾਬਲੇ ਜ਼ਿਲ੍ਹਾ ਸਿੱਖਿਆ ਅਫ਼ਸਰ ਮਲਕੀਤ ਸਿੰਘ ਖੋਸਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਕਪਿਲ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਏ। ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਨੇ ਭਾਗ ਲਿਆ। ਨੈੱਟਬਾਲ ਮੁਕਾਬਲਿਆਂ ਦੇ ਸਮਾਪਤੀ ਸਮਾਰੋਹ ਵਿੱਚ ਮਲਕੀਤ ਸਿੰਘ ਖੋਸਾ ਜ਼ਿਲ੍ਹਾ ਸਿੱਖਿਆ ਅਫਸਰ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨਾਂ ਨਾਲ ਕਪਿਲ ਸ਼ਰਮਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਲੈਕਚਰਾਰ ਰਾਵਿੰਦਰ ਸਿੰਘ ਲੁਹਾਰਾ, ਲੈਕਚਰਾਰ ਪਵਨ ਕੁਮਾਰ, ਲੈਕਚਰਾਰ ਗੁਰਭੇਜ ਸਿੰਘ ਵੀ ਹਾਜ਼ਰ ਸਨ। ਇਨ੍ਹਾਂ ਮੁਕਾਬਲਿਆਂ ਵਿੱਚ ਬਰਨਾਲਾ ਦੀ ਟੀਮ ਨੇ ਪਹਿਲਾ ਸਥਾਨ, ਸ੍ਰੀ ਮੁਕਤਸਰ ਸਾਹਿਬ ਵੱਲੋਂ ਖੇਡੀ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਦੀ ਟੀਮ ਨੇ ਦੂਸਰਾ ਸਥਾਨ ਅਤੇ ਤਰਨਤਾਰਨ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਮੁੱਖ ਮਹਿਮਾਨ ਮਲਕੀਤ ਸਿੰਘ ਖੋਸਾ ਨੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੰਦੇ ਹੋਏ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਹਰਜੀਤ ਸਿੰਘ ਬਰਾੜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਆਏ ਮਹਿਮਾਨਾਂ ਨੂੰ ਸਕੂਲ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ। ਸਾਰੇ ਮੁਕਾਬਲਿਆਂ ਵਿੱਚ ਤਰਸੇਮ ਸਿੰਘ ਪੀ ਟੀ ਆਈ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਈ।

ਇਸ ਮੌਕੇ ਪ੍ਰਿੰਸੀਪਲ ਪਰਮਜੀਤ ਕੌਰ, ਨਰੇਸ਼ ਕੁਮਾਰ ਡੀ ਪੀ ਈ, ਮਨਪ੍ਰੀਤ ਸਿੰਘ ਕੋਚ ਨੈੱਟਬਾਲ, ਗੁਰਮੇਲ ਸਿੰਘ ਲੁਹਾਰਾ ਡੀ ਪੀ ਈ, ਤਰਸੇਮ ਸਿੰਘ ਪੀ ਟੀ, ਸੁਖਵਿੰਦਰ ਸਿੰਘ ਪੀ ਟੀ, ਲੈਕਚਰਾਰ ਅਜੀਤਪਾਲ ਸਿੰਘ, ਲਖਵਿੰਦਰ ਸਿੰਘ, ਜਸਵਿੰਦਰ ਸਿੰਘ, ਸੁਖਰਾਜ ਸਿੰਘ, ਬੇਅੰਤ ਕੌਰ, ਸਰਬਜੀਤ ਕੌਰ, ਨਿਸ਼ਾ ਤੋਮਰ, ਗੁਰਜੋਤ ਸਿੰਘ ਸੁਖਨਾ ਅਬਲ, ਸ਼ਿਵਰਾਜ ਸਿੰਘ, ਬਲਕਰਨ ਸਿੰਘ ਐਚ ਓ ਡੀ, ਕੋਆਰਡੀਨੇਟਰ ਹਰਜੀਤ ਕੌਰ, ਕੋਆਰਡੀਨੇਟਰ ਪ੍ਰੀਤੀ ਬੇਦੀ, ਇੰਦਰਾ ਰਾਣੀ, ਵੀਰਪਾਲ ਕੌਰ, ਜਗਮੀਤ ਸਿੰਘ, ਸੁਖਦੀਪ ਸਿੰਘ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਕਸਬਾ ਐਲਨਾਬਾਦ ਪਹੁੰਚੀ ਕਿਸਾਨ ਅੰਦੋਲਨ ਦੀ ਮਸ਼ਾਲ ਯਾਤਰਾ



ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)-ਕਿਸਾਨ ਅੰਦੋਲਨ ਨੂੰ ਲੈ ਕੇ ਪੰਜਾਬ ਤੋਂ ਸ਼ੁਰੂ ਹੋਈ ਮਸ਼ਾਲ ਯਾਤਰਾ ਦਾ ਕਸਬਾ ਐਲਨਾਬਾਦ ਪਹੁੰਚਣ ਤੇ ਭਰਵਾਂ ਸਵਾਗਤ ਮਕੀਤਾ ਗਿਆ। ਪੱਗੜੀ ਸੰਭਾਲ ਜੱਟਾ ਕਿਸਾਨ ਸੰਘਰਸ਼ ਸਮਿਤੀ ਦੇ ਸੂਬਾਈ ਪ੍ਰਧਾਨ ਮਨਦੀਪ ਨਾਥਵਾਨ ਨੇ ਆਖਿਆ ਕਿ 9 ਦਸੰਬਰ 2021 ਨੂੰ ਸਰਕਾਰ ਨੇ 1 ਸਾਲ ਤੋਂ ਚੱਲੇ ਆ ਰਹੇ ਕਿਸਾਨ ਅੰਦੋਲਨ ਦੀਆਂ ਕੁਝ ਸ਼ਰਤਾਂ ਮੰਨ ਕੇ ਇਸ ਅੰਦੋਲਨ ਨੂੰ ਖਤਮ ਕਰਵਾ ਦਿਤਾ ਸੀ ਅਤੇ ਇੱਕ ਕਮੇਟੀ ਬਣਾ ਕੇ ਕਿਸਾਨਾਂ ਦੀਆਂ ਹੋਰ ਮੰਗਾਂ ਨੂੰ ਜਲਦੀ ਤੋਂ ਜਲਦੀ ਪੂਰਾ ਕਰਨ ਦਾ ਵਾਅਦਾ ਕੀਤਾ ਸੀ ਪਰ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਇਹ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਕਿਸਾਨਾਂ ਨਾਲ ਕੀਤੀ ਗਈ ਵਾਅਦਾ ਖ਼ਿਲਾਫ਼ੀ ਦੇ ਖ਼ਿਲਾਫ਼ ਕਿਸਾਨਾਂ ਨੇ ਇੱਕ ਵਾਰ ਫਿਰ ਲਾਮਬੰਦ ਹੋ ਕੇ ਟਿਕਰੀ ਬਾਰਡਰ 'ਤੇ ਧਰਨਾ ਸ਼ੁਰੂ ਕਰਨ ਲਈ ਪੰਜਾਬ ਤੋਂ ਮਸ਼ਾਲ ਮਾਰਚ ਕੱਢਿਆ ਹੈ।ਇਹ ਮਸ਼ਾਲ ਮਾਰਚ 28 ਨਵੰਬਰ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸਮਾਧੀ ਹੁਸੈਨੀਵਾਲਾ ਤੋਂ ਸ਼ੁਰੂ ਹੋਇਆ ਹੈ ਅਤੇ 10 ਦਸੰਬਰ ਨੂੰ ਇਹ ਮਸ਼ਾਲ ਯਾਤਰਾ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਵਿੱਚੋਂ ਲੰਘਦੀ ਹੋਈ ਟਿਕਰੀ ਬਾਰਡਰ 'ਤੇ ਪਹੁੰਚੇਗੀ ਅਤੇ ਉੱਥੇ ਕਿਸਾਨ ਅੰਦੋਲਨ ਨੂੰ ਮੁੜ ਸ਼ੁਰੂ ਕਰਨ ਲਈ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

ਇਸ ਮਸ਼ਾਲ ਯਾਤਰਾ ਦਾ ਐਲਨਾਬਾਦ ਦੇ ਪਿੰਡ ਮੌਜੂਖੇੜਾ ਪਹੁੰਚਣ 'ਤੇ ਸਰਪੰਚ ਨੁਮਾਇੰਦੇ ਸੁਰਿੰਦਰ ਸਿੰਘ ਸਿੱਧੂ ਨੇ ਸ਼ਾਨਦਾਰ ਸਵਾਗਤ ਕਰਦਿਆ ਕਿਸਾਨਾਂ ਨੂੰ ਇੱਕ ਵਾਰ ਫਿਰ ਇਕੱਠੇ ਹੋ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਅਪੀਲ ਕੀਤੀ।

## ...ਸ.ਫ਼ਾ 5 ਦੇ ਬਾਕੀ

### ਗੈਂਗਸਟਰ ਠੇਹਟ ਦੀ...

ਬਿਸ਼ਨੋਈ ਗੈਂਗ ਦੇ ਰੋਹਿਤ ਗੋਦਾਰਾ ਨੇ ਹੱਤਿਆ ਦੀ ਜ਼ਿੰਮੇਵਾਰੀ ਲਈ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਟਵੀਟ ਅਨੁਸਾਰ ਰੋਹਿਤ ਗੋਦਾਰਾ ਨੇ ਟਵਿਟ ਕਰਕੇ ਕਿਹਾ-ਆਨੰਦਪਾਲ ਅਤੇ ਬਲਬੀਰ ਦੀ ਹੱਤਿਆ ਦਾ ਬਦਲਾ ਲੈ ਲਿਆ ਗਿਆ ਹੈ। ਇਸ ਹੱਤਿਆ ਦੀ ਪੂਰੀ ਜ਼ਿੰਮੇਵਾਰੀ ਰੋਹਿਤ ਗੋਦਾਰਾ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ਲੈਂਦਾ ਹੈ।

ਐੱਸ ਪੀ ਕੁੰਵਰ ਰਾਸ਼ਟਰਦੀਪ ਨੇ ਕਿਹਾ ਕਿ ਰਾਜੂ ਠੇਹਟ ਦੀ ਹੱਤਿਆ ਦੌਰਾਨ ਸੀ ਸੀ ਟੀ ਵੀ ਕੈਮਰਿਆਂ ਦੇ ਅਧਾਰ 'ਤੇ ਹੱਤਿਆ ਕਾਂਡ 'ਚ ਚਾਰ ਨੌਜਵਾਨ ਸ਼ਾਮਲ ਹੋਣ ਦੀ ਗੱਲ ਸਾਹਮਣੇ ਆਈ ਹੈ। ਸੀ ਸੀ ਟੀ ਵੀ 'ਚ ਦਿਖਾਈ ਦੇ ਰਿਹਾ ਕਿ ਇੱਕ ਨੌਜਵਾਨ ਰਾਜੂ ਨਾਲ ਗੱਲਬਾਤ ਕਰ ਰਿਹਾ ਹੈ। ਇਸ ਤਰ੍ਹਾਂ ਲੱਗ ਰਿਹਾ ਹੈ ਕਿ ਦੋਵੇਂ ਇੱਕ-ਦੂਜੇ ਨੂੰ ਜਾਣਦੇ ਹਨ। ਤੇਜਾ ਸੈਨਾ ਸਮੇਤ ਵੱਖ-ਵੱਖ ਸੰਗਠਨਾਂ ਨੇ ਐੱਸ ਕੇ ਹਸਪਤਾਲ ਦੀ ਮੋਰਚਰੀ ਤੋਂ ਠੇਹਟ ਦਾ ਮ੍ਰਿਤਕ ਸਰੀਰ ਲੈਣ ਤੋਂ ਇਨਕਾਰ ਕਰਦੇ ਹੋਏ ਸੀਕਰ ਬੰਦ ਦਾ ਐਲਾਨ ਕਰ ਦਿੱਤਾ। ਵਰਕਰਾਂ ਨੇ ਸ਼ਹਿਰ 'ਚ ਘੁੰਮ ਕੇ ਬਾਜ਼ਾਰ ਵੀ ਬੰਦ ਕਰਵਾ ਦਿੱਤੇ। ਉਨ੍ਹਾਂ ਦੀ ਮੰਗ ਹੈ ਕਿ ਪਹਿਲਾਂ ਠੇਹਠ ਦੇ ਹਤਿਆਰਿਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਮੰਗ ਪੂਰੀ ਨਾ ਹੋਣ ਤੱਕ ਸੀਕਰ ਨੂੰ ਅਣਮਿੱਥੇ ਸਮੇਂ ਲਈ ਬੰਦ ਕਰਨ ਦੇ ਅੰਦੋਲਨ ਦੀ ਚੇਤਾਵਨੀ ਵੀ ਦਿੱਤੀ ਹੈ। ਵਰਕਰਾਂ ਨੇ ਜਦੋਂ ਸ਼ਹਿਰ 'ਚ ਘੁੰਮ ਕੇ ਬੰਦ ਕਰਵਾਉਣਾ ਸ਼ੁਰੂ ਕੀਤਾ ਤਾਂ ਵਪਾਰੀਆਂ ਨੇ ਖੁਦ ਹੀ ਆਪਣੀਆਂ ਦੁਕਾਨਾਂ ਬੰਦ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੱਤਿਆ ਕਾਂਡ ਤੋਂ ਬਾਅਦ ਸ਼ਹਿਰ 'ਚ ਦਹਿਸ਼ਤ ਦਾ ਮਾਹੌਲ ਦੇਖਿਆ ਜਾ ਰਿਹਾ ਹੈ।

### ਸੁਪਰੀਮ ਕੋਰਟ ਵੱਲੋਂ ਐੱਨ...

ਕੋਈ ਵੱਡਾ ਸਵਾਲ ਹੁੰਦਾ ਹੈ ਤਾਂ ਅਦਾਲਤਾਂ ਵੀ ਇਸ ਮੁੱਦੇ ਨੂੰ ਦੇਖ ਸਕਦੀਆਂ ਹਨ। ਚੀਫ ਜਸਟਿਸ ਜਸਟਿਸ ਡੀ ਵਾਈ ਚੰਦਰਚੂੜ ਦੀ ਮੌਜੂਦਗੀ 'ਚ ਐੱਲ ਐੱਮ ਸਿੰਘਵੀ ਮੈਮੋਰੀਅਲ 'ਚ ਭਾਸ਼ਣ ਦਿੰਦੇ ਹੋਏ ਧਨਖੜ ਨੇ ਕਿਹਾ ਕਿ ਸੰਵਿਧਾਨ ਦੀ ਪ੍ਰਸਤਾਵਨਾ 'ਚ 'ਅਸੀਂ ਭਾਰਤ ਦੇ ਲੋਕ' ਦਾ ਜ਼ਿਕਰ ਹੈ ਅਤੇ ਸੰਸਦ ਲੋਕਾਂ ਦੀ ਇੱਛਾ ਨੂੰ ਦਰਸਾਉਂਦੀ ਹਾਂ। ਉਨ੍ਹਾ ਕਿਹਾ ਕਿ ਇਸ ਦਾ ਮਤਲਬ ਹੈ ਕਿ ਤਾਕਤ ਲੋਕਾਂ, ਉਨ੍ਹਾਂ ਦੇ ਫਤਵੇ ਅਤੇ ਉਨ੍ਹਾਂ ਦੀ ਜ਼ਮੀਰ ਵਿਚ ਰਹਿੰਦੀ ਹੈ।

### ਪਵਿੱਤਰ ਸਿੰਘ ਦਾ...

1911 ਏ ਵਨ, ਕੋਲ 9 ਐੱਮ ਐੱਮ ਪੀ ਏ ਕੇ) ਅਤੇ 34 ਕਾਰਤੂਸ ਬਰਾਮਦ ਕੀਤੇ ਹਨ। ਮੁਲਜ਼ਮ ਵਿਰੁੱਧ ਪਹਿਲਾਂ ਵੀ ਐੱਨ ਡੀ ਪੀ ਐੱਸ ਐਕਟ ਅਧੀਨ ਅਹਿਮਦਗੜ੍ਹ ਅਤੇ ਲੁਧਿਆਣਾ ਵਿਖੇ ਮਾਮਲੇ ਦਰਜ ਹਨ, ਜਿਸ ਉਪਰੰਤ ਨਸ਼ਿਆਂ ਦੀ ਤਸਕਰੀ ਸਮੇਤ ਪੰਮੀ ਨੇ ਹਥਿਆਰਾਂ ਦੀ ਸਪਲਾਈ ਵੀ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਦੌਰਾਨ ਹੋਰ ਵੀ ਕਈ ਅਹਿਮ ਖੁਲਾਸੇ ਹੋਣ ਦੀ ਆਸ ਹੈ।

### ਸਬਜ਼ੀ ਵਾਲੇ ਦਾ ਤਰਾਜੂ...

ਦੁਕਾਨ ਲਾਉਂਦਾ ਸੀ। ਦੁਕਾਨਦਾਰਾਂ ਦਾ ਦੋਸ਼ ਹੈ ਕਿ ਦੀਵਾਨ ਰਾਕੇਸ਼ ਕਲਿਆਣਪੁਰ ਥਾਣੇ ਦੇ ਦਰੋਗਾ ਸ਼ਾਦਾਬ ਨਾਲ ਮੌਕੇ 'ਤੇ ਆਏ ਅਤੇ ਉਨ੍ਹਾ ਪਹਿਲਾ ਲੱਡੂ ਨੂੰ ਬਹੁਤ ਕੁੱਟਿਆ, ਫਿਰ ਅਚਾਨਕ ਤਰਾਜੂ ਚੁੱਕ ਕੇ ਪਿੱਛੇ ਰੇਲਵੇ ਲਾਇਨ 'ਤੇ ਸੁੱਟ ਦਿੱਤਾ। ਇਸ ਦੌਰਾਨ ਸਬਜ਼ੀ ਵਾਲਾ ਪੁਲਸ ਦੀਵਾਨ ਅੱਗੇ ਹੱਥ ਜੋੜ ਕੇ ਬੇਨਤੀ ਕਰਦਾ ਰਿਹਾ, 'ਤਰਾਜੂ ਨਾ ਸੁੱਟੋ, ਮੈਂ ਦੁਕਾਨ ਹਟਾ ਲੈਂਦਾਂ', ਪਰ ਦੀਵਾਨ ਨੇ ਉਸ ਦੀ ਇੱਕ ਨਾ ਸੁਣੀ ਤਰਾਜੂ ਸਮੇਤ ਕੁਝ ਸਮਾਨ ਚੁੱਕ ਕੇ ਰੇਲਵੇ ਪਟੜੀ 'ਤੇ ਸੁੱਟ ਦਿੱਤਾ। ਲੱਡੂ ਜਲਦੀ ਨਾਲ ਆਪਣਾ ਤਰਾਜੂ ਲੈਣ ਰੇਲਵੇ ਪਟੜੀ 'ਤੇ ਪਹੁੰਚਿਆ, ਉਸ ਸਮੇਂ ਰੇਲ ਗੱਡੀ ਆ ਗਈ ਅਤੇ ਉਸ ਦੇ ਦੋਵੇਂ ਪੈਰ ਕੱਟਦੀ ਚਲੀ ਗਈ।

## 3 ਸੱਟੇਬਾਜ਼ 3585 ਰੁਪਏ ਦੀ ਨਕਦੀ ਸਮੇਤ ਕਾਬੂ

ਜਲਾਲਾਬਾਦ (ਦਹੂਜਾ)-ਥਾਣਾ ਸਿਟੀ ਪੁਲਿਸ ਨੇ 3 ਸੱਟੇਬਾਜ਼ਾਂ ਨੂੰ 3585 ਰੁਪਏ ਦੀ ਨਕਦੀ ਸਮੇਤ ਗ੍ਰਿਫਤਾਰ ਕੀਤਾ ਹੈ। ਜਾਂਚ ਅਧਿਕਾਰੀ ਮਹਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਸੀ ਕਿ ਸਤਨਾਮ ਸਿੰਘ ਪੁੱਤਰ ਦੌਲਾ ਸਿੰਘ ਵਾਸੀ ਦੁੱਲਾ ਰਾਏ ਉਤਾੜ ਜਲਾਲਾਬਾਦ ਅਤੇ ਮਹੇਸ਼ ਸਿੰਘ ਉਰਫ਼ ਲਾਡੀ ਚੋਪੜਾ ਗੀਟੀਆਂ 'ਤੇ ਸੱਟਾ ਲਗਾ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ ਅਤੇ ਅਤੇ ਕਹਿ ਰਹੇ ਹਨ ਉਨ੍ਹਾਂ ਕੋਲ 1 ਰੁਪਈਆ ਸੱਟਾ ਲਗਾਓ, ਸੱਟਾ ਆਉਣ ਦੀ ਸੂਰਤ ਵਿੱਚ, 1 ਰੁਪਏ ਦੇ ਬਦਲੇ 80 ਰੁਪਏ ਦਿੱਤੇ ਜਾਣਗੇ ਅਤੇ ਸੱਟਾ ਨਾ ਆਉਣ ਦੀ ਸੂਰਤ ਵਿੱਚ ਸਾਰੇ ਪੈਸੇ ਹਜ਼ਮ ਕਰ ਲਏ ਜਾਣਗੇ। ਜੋ ਅੱਜ ਵੀ ਐਫ ਐਫ ਰੋਡ ਟਿਵਾਣਾ ਮੌੜ ਜਲਾਲਾਬਾਦ ਵਿਖੇ ਸੱਟਾ ਲਗਾ ਕੇ ਭੋਲੇ ਭਾਲੇ ਲੋਕਾਂ ਨਾਲ ਠੱਗੀ ਮਾਰ ਰਹੇ ਹਨ। ਪੁਲਸ ਨੇ ਛਾਪਾ ਮਾਰ ਕੇ ਦੋਵਾਂ ਨੂੰ 320 ਰੁਪਏ ਅਤੇ 3 ਗੀਟੀਆਂ ਸਮੇਤ ਕਾਬੂ ਕਰ ਲਿਆ, ਜਿਨ੍ਹਾਂ 'ਤੇ ਧਾਰਾ 13ਏ/3/67 ਜੂਆ ਐਕਟ ਅਤੇ ਧਾਰਾ 420 ਅਧੀਨ ਪਰਚਾ ਦਰਜ ਕੀਤਾ ਗਿਆ ਹੈ। ਤਫਤੀਸ਼ੀ ਅਫਸਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਜੇ ਕੁਮਾਰ ਪੁੱਤਰ ਰਜਿੰਦਰ ਕੁਮਾਰ ਵਾਸੀ ਗਲੀ ਨੰਬਰ 12 ਠਾਕਰ ਅਬਾਦੀ ਅਬੋਹਰ ਸੱਟਾ ਲਿਖਣ ਦਾ ਕੰਮ ਕਰਦਾ ਹੈ। ਜੇਕਰ ਹੁਣੇ ਛਾਪਾ ਮਾਰਿਆ ਜਾਵੇ ਤਾਂ ਇਸ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਛਾਪਾ ਮਾਰ ਕੇ ਉਸ ਨੂੰ 3265 ਰੁਪਏ ਦੀ ਨਕਦੀ ਸਮੇਤ ਕਾਬੂ ਕਰ ਲਿਆ, ਜਿਸ 'ਤੇ ਧਾਰਾ 13ਏ/3/67 ਜੂਆ ਐਕਟ ਅਧੀਨ ਪਰਚਾ ਦਰਜ ਕੀਤਾ ਗਿਆ ਹੈ।

### ਭਾਰਤ-ਪਾਕਿ ਸਰਹੱਦ ਤੋਂ...

ਆਈ ਜੀ ਸ੍ਰੀ ਵੀ ਕੇ ਬਾਵੇਲਾ ਨੇ ਦੱਸਿਆ ਕਿ ਜਵਾਨਾਂ ਨੇ ਬੀਤੀ ਰਾਤ ਲਗਭਗ 12 ਵੱਜ ਕੇ 5 ਮਿੰਟ 'ਤੇ ਡਰੋਨ ਦੀ ਆਵਾਜ਼ ਸੁਣੀ, ਜਿਸ ਤੋਂ ਜਵਾਨ ਅਲਰਟ ਹੋ ਗਏ ਅਤੇ ਡਰੋਨ ਦਾ ਪਿੱਛਾ ਕੀਤਾ। ਇਸ ਦੌਰਾਨ ਜਵਾਨਾਂ ਨੇ ਫਾਇਰਿੰਗ ਵੀ ਕੀਤੀ, ਪਰ ਡਰੋਨ ਵਾਪਸ ਪਰਤਣ 'ਚ ਸਫ਼ਲ ਹੋ ਗਿਆ। ਸਰਚ ਅਭਿਆਨ ਦੌਰਾਨ ਜਵਾਨਾਂ ਨੂੰ 10 ਪੈਕੇਟ ਹੈਰੋਇਨ, ਇਕ ਪਿਸਤਲ, ਦੋ ਮੈਗਜ਼ੀਨ ਅਤੇ 50 ਜ਼ਿੰਦਾ ਰੌਂਦ ਬਰਾਮਦ ਹੋਏ। ਪੰਜਾਬ ਪੁਲਸ ਨਾਲ ਫਿਰ ਤੋਂ ਸਰਚ ਅਭਿਆਨ ਚਲਾਇਆ ਗਿਆ, ਜਿਸ ਤੋਂ ਬਾਅਦ ਉੱਥੋਂ 20 ਹੋਰ ਪੈਕੇਟ ਬਰਾਮਦ ਹੋਏ ਤੇ ਕੁਲ 26 ਕਿਲੋ 850 ਗ੍ਰਾਮ ਹੈਰੋਇਨ ਬਰਾਮਦ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ। ਫਾਜ਼ਿਲਕਾ ਦੇ ਐੱਸ ਐੱਸ ਪੀ ਭੁਪਿੰਦਰ ਸਿੰਘ ਨੇ ਕਿਹਾ ਕਿ ਹਾਲੇ ਪੁਲਸ ਦੀ ਜਾਂਚ ਅਤੇ ਸਰਚ ਅਭਿਆਨ ਜਾਰੀ ਹੈ ਅਤੇ ਜਲਦ ਹੀ ਖੇਪ ਲੈਣ ਆਏ ਸ਼ੱਕੀਆਂ ਦਾ ਵੀ ਪਤਾ ਲਗਾਇਆ ਜਾਵੇਗਾ। ਹੈਰੋਇਨ ਦਾ ਅੰਤਰਰਾਸ਼ਟਰੀ ਬਾਜ਼ਾਰ ਵਿਚ ਮੁੱਲ 134 ਕਰੋੜ ਰੁਪਏ ਦੱਸਿਆ ਜਾ ਰਿਹਾ ਹੈ।

### ਬਠਿੰਡਾ 'ਚ ਲੁੱਟ-ਖੋਹ ...

ਗ੍ਰਿਫ਼ਤਾਰ ਕਰ ਲਿਆ ਹੈ। ਜ਼ਿਕਰਯੋਗ ਹੈ ਕਿ ਰਾਮਪੁਰਾ ਮੰਡੀ ਦੀ ਰਾਇਲ ਅਸਟੇਟ ਕਾਲੋਨੀ 'ਚ ਬੀਤੀ 26 ਨਵੰਬਰ ਨੂੰ ਚਾਰ ਅਣਪਛਾਤੇ ਲੋਕਾਂ ਨੇ ਪੁਰਸ਼ੋਤਮ ਕੁਮਾਰ ਦੇ ਘਰ ਅੰਦਰ ਦਾਖਲ ਹੋ ਕੇ ਲੁੱਟ ਦੀ ਨੀਅਤ ਨਾਲ ਪਹਿਲਾਂ ਉਨ੍ਹਾ ਨੂੰ ਕੁੱਟਿਆ, ਫਿਰ ਪੁਰਸ਼ੋਤਮ ਦੀ ਕ੍ਰੇਟਾ ਕਾਰ ਲੈ ਗਏ। ਥਾਣਾ ਰਾਮਪੁਰਾ 'ਚ ਹੱਤਿਆ ਦੀ ਕੋਸ਼ਿਸ਼ ਸਮੇਤ ਆਈ ਪੀ ਸੀ ਦੀਆਂ ਹੋਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ।

### ਚੋਣ ਨਤੀਜਿਆਂ ਤੋਂ...


ਸਥਾਨਾਂ 'ਤੇ ਬੱਕਰਿਆਂ ਦਾ ਇੰਤਜ਼ਾਮ ਚੋਣਾਂ ਜਿੱਤਣ ਵਾਲਾ ਨੇਤਾ ਨਹੀਂ, ਬਲਕਿ ਉਸ ਦੇ ਸਮਰਥਨ ਕਰਦੇ ਹਨ। ਬੱਕਰੀਆਂ ਪਾਲਣ ਵਾਲਿਆਂ ਦਾ ਕਹਿਣਾ ਹੈ ਕਿ 100 ਬੱਕਰਿਆਂ ਦੀ ਅਡਵਾਂਸ ਬੁਕਿੰਗ ਮਿਲੀ ਹੈ। ਖੇਤਰ ਦੇ ਹੋਰ ਵੀ ਬਹੁਤ ਸਾਰੇ ਚਰਵਾਹਿਆਂ ਨੂੰ ਇਸ ਤਰ੍ਹਾਂ ਦੇ ਆਰਡਰ ਮਿਲੇ ਹਨ। ਇਹ ਤਾਂ ਤੈਅ ਹੈ ਕਿ ਮੀਟ ਬਣੇਗਾ ਤੇ ਬੱਕਰਿਆਂ ਦੀ ਜਾਨ ਜਾਵੇਗੀ।

## ਮੀਤ ਹੇਅਰ ਨੇ ਧੂਰੀ ਪਿੰਡ 'ਚ ਤੀਸਰਾ ਕਬੱਡੀ ਕੱਪ ਦਾ ਪੋਸਟਰ ਕੀਤਾ ਰਿਲੀਜ਼



ਧੂਰੀ (ਰਾਜੇਸ਼ਵਰ ਪਿੰਟੂ)-ਬਾਬਾ ਚੇਤਨ ਮੁਨੀ ਜੀ ਸਪੋਰਟਸ ਕਲੱਬ, ਨਗਰ ਪੰਚਾਇਤ, ਨਗਰ ਨਿਵਾਸੀ ਅਤੇ ਐਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ 'ਧੂਰੀ ਪਿੰਡ ਦਾ ਤੀਸਰਾ ਕਬੱਡੀ ਕੱਪ' ਨਵੀਂ ਅਨਾਜ ਮੰਡੀ ਧੂਰੀ ਵਿਖੇ 8 ਦਸੰਬਰ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ। ਅੱਜ ਇਸ ਖੇਡ ਮੇਲੇ ਦਾ ਪੋਸਟਰ ਪੰਜਾਬ ਦੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਰਿਲੀਜ਼ ਕਰਦਿਆਂ ਕਲੱਬ ਪ੍ਰਬੰਧਕਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਕਲੱਬ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਲੜੀਵਾਰ ਕਰਵਾਏ ਜਾ ਰਹੇ ਖੇਡ ਮੇਲੇ ਸ਼ਲਾਘਾਯੋਗ ਕਦਮ ਹਨ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਪੰਜਾਬ ਵਿੱਚ ਖੇਡਾਂ ਕਰਵਾ ਕੇ ਖੇਡਾਂ ਨੂੰ ਪ੍ਰਫੁੱਲਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਕਲੱਬ ਦੇ ਪ੍ਰਧਾਨ ਤਲਵਿੰਦਰ ਸਿੰਘ ਨੀਟੂ ਮੰਡੇਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ ਪਿੰਡ ਓਪਨ ਮੇਲੇ ਵਿੱਚ ਜਿੱਥੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਕਾਲਾ ਧੂਰੀ ਪਿੰਡ ਦਾ ਸਵਿਫਟ ਕਾਰ ਨਾਲ ਸਨਮਾਨ ਕੀਤਾ ਜਾਵੇਗਾ, ਉਥੇ ਬੈਸਟ ਰੇਡਰ ਅਤੇ ਜਾਫੀ ਨੂੰ ਐਲ ਈ ਡੀ ਨਾਲ ਸਨਮਾਨਤ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਖੇਡ ਮੇਲੇ ਦਾ ਪਹਿਲਾ ਇਨਾਮ 71 ਹਜ਼ਾਰ ਰੁਪਏ 'ਆਪ' ਆਗੂ ਸਤਿੰਦਰ ਸਿੰਘ ਚੱਠਾ ਅਤੇ ਦੂਸਰਾ ਇਨਾਮ 51 ਹਜ਼ਾਰ ਰੁਪਏ ਵੀਜ਼ਾ ਮਾਹਰ ਜਗਸੀਰ ਸਿੰਘ ਜੱਗੀ ਢੀਂਡਸਾ ਦੀ ਐੱਜ ਕੰਸਲਟੈਂਟ ਧੂਰੀ ਵੱਲੋਂ ਸਪਾਂਸਰ ਕੀਤੇ ਗਏ ਹਨ, ਦਿੱਤੇ ਜਾਣਗੇ।

## ਸਹਿਯੋਗੀ ਸੰਸਥਾਵਾਂ ਨਾਲ ਮਿਲ ਕੇ ਨਗਰ ਨਿਗਮ ਨੇ ਲਗਾਇਆ ਖ਼ੂਨਦਾਨ ਕੈਂਪ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਨਗਰ ਨਿਗਮ ਕਮਿਸ਼ਨਰ ਅਤੇ ਮੇਅਰ ਦੀ ਰਹਿਨੁਮਾਈ ਹੇਠ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਦਿੰਦੇ ਨਗਰ ਨਿਗਮ ਬਠਿੰਡਾ ਵੱਲੋਂ ਸਮਾਜ ਸੇਵੀ ਸੰਸਥਾ ਅਤੇ ਐਚ ਡੀ ਐਫ ਸੀ ਬੈਂਕ ਦੇ ਸਹਿਯੋਗ ਨਾਲ ਇਕ ਵਿਸ਼ਾਲ ਖ਼ੂਨਦਾਨ ਕੈਂਪ ਦਾ ਆਯੋਜਨ ਸਥਾਨਕ ਨਗਰ ਨਿਗਮ ਵਿਖੇ ਕੀਤਾ ਗਿਆ। ਚੀਫ ਸੈਨਟਰੀ ਇੰਸਪੈਕਟਰ ਸੰਦੀਪ ਕਟਾਰੀਆ ਅਤੇ ਸਫਾਈ ਸੇਵਕ ਯੂਨੀਅਨ ਪ੍ਰਧਾਨ ਵਿਕਰਮ ਵਿੱਕੀ ਦੀ ਪ੍ਰਧਾਨਗੀ ਵਿੱਚ ਲਗਾਏ ਇਸ ਕੈਂਪ ਦੌਰਾਨ ਨਗਰ ਨਿਗਮ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਵਲੋਂ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ 51 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਨਗਰ ਨਿਗਮ ਚੀਫ ਇੰਜੀਨੀਅਰ ਸੰਦੀਪ ਗੁਪਤਾ ਅਤੇ ਰਿਟਾਇਰਡ ਜੇਲ੍ਹ ਸੁਪਰਡੈਂਟ ਕੈਲਾਸ਼ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਖ਼ੂਨਦਾਨ ਕਰਕੇ ਇਸ ਕੈਂਪ ਦੀ ਸ਼ੁਰੂਆਤ ਕੀਤੀ ਗਈ। ਮੇਅਰ ਰਮਨ ਗੋਇਲ ਨੇ ਇਸ ਮੌਕੇ ਲੋਕਾਂ ਨੂੰ ਜਾਗਰੂਕ ਕਰਦੇ ਕਿਹਾ ਕਿ ਹਰ ਇਕ ਮਨੁੱਖ ਨੂੰ ਖ਼ੂਨਦਾਨ ਕਰਨਾ ਲਾਜ਼ਮੀ ਹੈ ਤਾਂ ਕਿ ਐਮਰਜੈਂਸੀ ਵੇਲੇ ਪੀੜਤ ਲੋਕਾਂ ਦੀਆਂ ਜ਼ਿੰਦਗੀਆਂ ਬਚਾਈਆਂ ਜਾ ਸਕਣ। ਸਫਾਈ ਸੇਵਕ ਪ੍ਰਧਾਨ ਵਿਕਰਮ ਵਿੱਕੀ ਨੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਕਿਹਾ ਕਿ ਹਰ ਇਕ ਮਨੁੱਖ ਨੂੰ ਖ਼ੂਨਦਾਨ ਕਰਕੇ ਆਪਣਾ ਮਾਨਵਤਾ ਦਾ ਫਰਜ਼ ਨਿਭਾਉਣਾ ਚਾਹੀਦਾ ਹੈ। ਇਸ ਮੌਕੇ ਸਮਾਜ ਸੇਵੀ ਸੰਸਥਾ ਲਾਈਫ ਸੇਵਿੰਗ ਹੈਲਥ ਕੇਅਰ ਸੋਸਾਇਟੀ ਦੇ ਮੈਂਬਰ ਅਤੇ ਐਚ ਡੀ ਐਫ ਸੀ ਬੈਂਕ ਦੇ ਅਧਿਕਾਰੀ ਸ਼ਾਮਲ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

4-DEC-PAGE-11-Majha-22.qxd 12/3/2022 9:49 PM Page 1



# ਕਿਸਾਨਾਂ ਦਾ ਡੀ ਸੀ ਦਫ਼ਤਰ ਅੱਗੇ ਪੱਕਾ ਮੋਰਚਾ 8ਵੇਂ ਦਿਨ 'ਚ ਦਾਖਲ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਡੀਸੀ ਦਫ਼ਤਰ ਅੱਗੇ ਲੱਗਾ ਮੋਰਚਾ ਅੱਠਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਇਸ ਮੌਕੇ ਮੋਰਚੇ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਫਤਿਹ ਸਿੰਘ ਪਿੱਦੀ, ਰੇਸ਼ਮ ਸਿੰਘ ਘੁਰਕਵਿੰਡ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਬਹਾਨੇਬਾਜ਼ੀ ਤੇ ਝੂਠ ਬੋਲਣ ਵਿਚ ਕੇਂਦਰ ਸਰਕਾਰ ਨੂੰ ਵੀ ਮਾਤ ਪਾ ਰਹੀ ਹੈ। ਸਰਕਾਰ ਵੱਲੋਂ ਕਾਮਨ ਲੈਂਡ ਐਕਟ ਵਿੱਚ ਕੀਤੀ ਸੋਧ ਜੁਮਲਾ ਮੁਸ਼ਤਰਕਾ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਐੱਸ. ਡੀ. ਐੱਮ. ਪੱਟੀ ਦਫ਼ਤਰ ਅੱਗੇ ਪਿਛਲੇ ਚਾਰ ਮਹੀਨੇ ਤੋਂ ਸੀਤੋ ਨੌਬਾਦ ਰੋਹੀ ਸਮੇਤ ਹੋਰ ਹੱਕੀ ਮੰਗਾਂ ਨੂੰ ਲੈ ਕੇ ਧਰਨਾ ਲੱਗਾ ਹੈ ਪਰ ਸਰਕਾਰ ਅਤੇ ਪ੍ਰਸ਼ਾਸਨ ਟਾਲਮਟੋਲ ਦੀ ਨੀਤੀ ਅਪਨਾ ਰਿਹਾ ਹੈ ਜੋ ਕਿ ਅਤਿ ਨਿੰਦਣਯੋਗ ਹੈ। ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਦਸੂਹਾ ਕੋਆਪ੍ਰੇਟਿਵ ਬੈਂਕ ਵਿਚ ਹੋਏ ਕਰੋੜਾਂ ਦੇ ਘਪਲੇ ਦੀ ਜਾਂਚ ਕਰ ਕੇ ਕਿਸਾਨਾਂ ਨੂੰ ਨਿਆਂ ਦਿੱਤਾ ਜਾਵੇ। ਜ਼ਿਲ੍ਹੇ 'ਚ ਟੁੱਟੀਆਂ ਸੜਕਾਂ ਦੀ ਮੁਰੰਮਤ ਕੀਤੀ ਜਾਵੇ, ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਸਰਕਾਰੀ ਦਫ਼ਤਰਾਂ 'ਚ ਫੈਲਿਆ ਭ੍ਰਿਸ਼ਟਾਚਾਰ ਬੰਦ ਕੀਤਾ ਜਾਵੇ, ਪ੍ਰਾਈਵੇਟ ਸਕੂਲਾਂ 'ਚ ਮਾਪਿਆਂ ਦੀ ਹੋ ਰਹੀ ਲੁੱਟ-ਖੋਹ ਬੰਦ ਕੀਤੀ ਜਾਵੇ, ਸਰਕਾਰੀ ਹਸਪਤਾਲਾਂ ਦੀ ਖ਼ਸਤਾ ਹਾਲਤ ਨੂੰ ਸੁਧਾਰਿਆ ਜਾਵੇ, ਪ੍ਰਾਈਵੇਟ ਨਹਿਰੀ ਪ੍ਰਾਜੈਕਟ ਰੱਦ ਕੀਤੇ ਜਾਣ, ਧਰਤੀ ਹੇਠ ਜ਼ਹਿਰੀਲਾ ਪਾਣੀ ਭੇਜਣ ਵਾਲੀਆਂ ਫੈਕਟਰੀਆਂ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇ, ਸਸਤੀ ਰੇਤ ਮੁਹੱਈਆ ਕਰਵਾਈ ਜਾਵੇ, ਨਸ਼ਾ ਖ਼ਤਮ ਕੀਤਾ ਜਾਵੇ, ਸਰਕਾਰੀ ਦਫ਼ਤਰਾਂ 'ਚ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ। ਇਸ ਮੌਕੇ ਮੇਹਰ ਸਿੰਘ ਤਲਵੰਡੀ, ਦਿਲਬਾਗ ਸਿੰਘ ਪਹੂਵਿੰਡ, ਨਿਰੰਜਣ ਸਿੰਘ ਬਰਗਾੜੀ, ਕੁਲਵੰਤ ਸਿੰਘ ਢੋਟੀਆਂ, ਸੁਖਵਿੰਦਰ ਸਿੰਘ ਦੁੱਗਲਵਾਲਾ, ਬਲਜਿੰਦਰ ਸਿੰਘ ਸ਼ੇਰੋਂ, ਸੁਖਚੈਨ ਸਿੰਘ ਜੰਡ, ਸੁੱਚਾ ਸਿੰਘ ਵੀਰਮ, ਚਰਨ ਸਿੰਘ ਬੈਂਕਾ, ਗਿਆਨ ਸਿੰਘ ਚੋਹਲਾ ਸਾਹਿਬ, ਰਣਯੋਧ ਸਿੰਘ ਗੱਗੋਬੂਆ, ਰਣਜੀਤ ਸਿੰਘ ਚੀਮਾ, ਬਲਜੀਤ ਸਿੰਘ ਮਾਹਣੇਕੇ, ਰੂਪ ਸਿੰਘ ਸੈਦੋ, ਜਸਵੰਤ ਸਿੰਘ ਧਾਰੀਵਾਲ, ਫਤਿਹ ਸਿੰਘ ਵਲਟੋਹਾ, ਹਰਜਿੰਦਰ ਸਿੰਘ ਸਿੱਧਵਾਂ ਆਦਿ ਆਗੂ ਹਾਜ਼ਰ ਸਨ।

# ਵਜ਼ੀਫੇ ਬੰਦ ਕਰਕੇ ਕੇਂਦਰ ਸਰਕਾਰ ਨੇ ਘੱਟ ਗਿਣਤੀਆਂ ਵਿਰੋਧੀ ਹੋਣ ਦਾ ਸਬੂਤ ਦਿੱਤੇ : ਡੀ ਟੀ ਐੱਫ



ਤਰਨਤਾਰਨ (ਪ੍ਰਿਤਪਾਲ ਸਿੰਘ)-ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਦੇ ਘੱਟ ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਵਜ਼ੀਫੇ ਕੇਂਦਰ ਸਰਕਾਰ ਦੁਆਰਾ ਬੰਦ ਕੀਤੇ ਜਾਣ ਨਾਲ ਇਸਦਾ ਘੱਟ ਗਿਣਤੀਆਂ ਵਿਰੋਧੀ ਚਿਹਰਾ ਬੇਨਕਾਬ ਹੋ ਗਿਆ ਹੈ। ਇਸ ਸਬੰਧੀ ਵਿਸਥਾਰਤ ਜਾਣਕਾਰੀ ਦਿੰਦਿਆਂ ਡੈਮੋਕਰੇਟਿਕ ਟੀਚਰ ਫਰੰਟ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਨਛੱਤਰ ਸਿੰਘ ਤਰਨ ਤਾਰਨ, ਪ੍ਰਤਾਪ ਸਿੰਘ ਠੱਠਗੜ੍ਹ, ਕੰਵਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਸਾਲ 2022-23 ਤੋਂ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਦੇ ਘੱਟ ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫੇ ਵਿੱਚੋਂ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੇ ਵਜ਼ੀਫੇ ਨੂੰ ਬੰਦ ਕਰ ਦਿੱਤਾ ਗਿਆ ਹੈ। ਘੱਟ ਗਿਣਤੀ ਮੰਤਰਾਲੇ ਵੱਲੋਂ ਇਹ ਵਜ਼ੀਫਾ ਬੰਦ ਕਰਨ ਪਿੱਛੇ ਸਿੱਖਿਆ ਅਧਿਕਾਰ ਕਾਨੂੰਨ ਤਹਿਤ ਮਿਲ ਰਹੀ ਮੁਫ਼ਤ ਸਿੱਖਿਆ ਦਾ ਤਰਕ ਦਿੱਤਾ ਗਿਆ ਹੈ, ਜੋ ਕਿ ਘੱਟ ਗਿਣਤੀਆਂ ਨੂੰ ਸਿੱਖਿਆ ਵਿੱਚ ਵਿਸ਼ੇਸ਼ ਸਹੂਲਤਾਂ ਦੇਣ ਦੀ ਨੀਤੀ ਤੋਂ ਪਿੱਛੇ ਹਟਣ ਦਾ ਸੰਕੇਤ ਹੈ। ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੇ ਆਗੂ [illegible] ਸਿੰਘ ਚੋਹਲਾ, ਦਿਲਬਾਗ ਸਿੰਘ ਚੋਹਲਾ, ਅਮਰਦੀਪ ਸ਼ਰਮਾ, ਸਰਬਜੀਤ ਸਿੰਘ ਕਾਜ਼ੀਕੋਟ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਰਾਜਵਿੰਦਰ ਕੌਰ, ਸੀਮਾ ਰਾਣੀ, ਰੇਖਾ ਰਾਣੀ, ਸਿੰਬਲਪ੍ਰੀਤ ਸਿੰਘ ਸਹੋਤਾ, ਜਸਕੀਰਤ ਸਿੰਘ, ਪ੍ਰਿੰਸਦੀਪ ਸਿੰਘ, ਜੋਰਾ ਸਿੰਘ, ਬਲਰਾਜ ਸਿੰਘ ਨੇ ਮੰਗ ਕੀਤੀ ਕਿ ਪਹਿਲਾਂ ਵਾਂਗ ਹੀ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਘੱਟ-ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਜ਼ੀਫੇ ਜਾਰੀ ਕੀਤੇ ਜਾਣ।

# ਪੰਜਾਬ ਸਰਕਾਰ ਕਿਸਾਨਾਂ ਦੀ ਜੁਮਲਾ ਮੁਸ਼ਤਰਕਾ ਜ਼ਮੀਨ ਹੜੱਪਣ ਦੀ ਕੋਸ਼ਿਸ਼ 'ਚ : ਕਿਸਾਨ ਆਗੂ



ਅੰਮ੍ਰਿਤਸਰ (ਜਸਬੀਰ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿੱਚ ਪੰਜਾਬ ਦੇ 9 ਜ਼ਿਲ੍ਹਾ ਡੀਸੀ ਦਫ਼ਤਰਾਂ 'ਤੇ ਸ਼ੁਰੂ ਕੀਤੇ ਗਏ ਲੰਬੇ ਸਮੇਂ ਦੇ ਮੋਰਚੇ ਸੱਤਵੇਂ ਦਿਨ ਵਿੱਚ ਪਹੁੰਚ ਗਏ ਹਨ। ਅੰਮ੍ਰਿਤਸਰ ਮੋਰਚੇ 'ਤੇ ਵੱਖ-ਵੱਖ ਪਿੰਡਾਂ ਤੋਂ ਚੱਲੇ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਨੇ ਜਥੇ ਦੇ ਰੂਪ ਵਿਚ ਮੋਰਚੇ ਵਿਚ ਸ਼ਿਰਕਤ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਲੋਕਾਂ ਦੀ ਜੁਮਲਾ ਮੁਸ਼ਤਰਕਾ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜਥੇਬੰਦੀ ਲੋਕ ਹਿੱਤਾਂ ਦੇ ਪੱਖ ਵਿਚ ਅਤੇ ਸਰਕਾਰ ਦੇ ਇਸ ਫੈਸਲੇ ਦੇ ਵਿਰੁੱਧ ਖੜੀ ਹੈ ਅਤੇ ਇਸਦੇ ਪੱਕੇ ਹੱਲ ਤੱਕ ਸੰਘਰਸ਼ ਕਰੇਗੀ।

ਇਸ ਤੋਂ ਇਲਾਵਾ ਢੇਰ ਸਾਰੀਆਂ ਮੰਗਾਂ ਦਾ ਕਿਸਾਨ ਆਗੂਆਂ ਨੇ ਜ਼ਿਕਰ ਕੀਤਾ ਜਿਨ੍ਹਾਂ ਦੇ ਮੱਦੇਨਜ਼ਰ ਇਹ ਕਿਸਾਨ ਮੋਰਚੇ ਵਿੱਢੇ ਗਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਖਜ਼ਾਨਚੀ ਕੰਧਾਰਾ ਸਿੰਘ, ਜ਼ਿਲ੍ਹਾ ਆਗੂ ਬਲਦੇਵ ਸਿੰਘ ਬੱਗਾ, ਲਖਵਿੰਦਰ ਸਿੰਘ ਡਾਲਾ, ਗੁਰਦੇਵ ਸਿੰਘ ਗੱਗੋਮਾਹਲ, ਬਾਜ਼ ਸਿੰਘ ਸਾਰੰਗੜਾ, ਅਮਰਦੀਪ ਸਿੰਘ ਗੋਪੀ, ਕੰਵਰਦਲੀਪ ਸੈਦੋਲੇਹਲ, ਅੰਗਰੇਜ਼ ਸਿੰਘ ਸਹਿੰਸਰਾ, ਗੁਰਲਾਲ ਸਿੰਘ ਕੱਕੜ, ਸੁਖਜਿੰਦਰ ਸਿੰਘ ਹਰੜ, ਪ੍ਰਭਜੋਤ ਸਿੰਘ ਗੁੱਜਰਪੁਰਾ, ਸਾਬ੍ਹ ਸਿੰਘ ਕੱਕੜ, ਕੁਲਬੀਰ ਸਿੰਘ ਲੋਪੋਕੇ, ਗੁਰਦਾਸ ਸਿੰਘ ਵਿਛੋਆ, ਕੁਲਵੰਤ ਸਿੰਘ ਰਾਜਾਤਾਲ, ਜਸਮੀਤ ਸਿੰਘ ਰਾਣੀਆਂ, ਗੁਰਤੇਜ ਸਿੰਘ ਜਠੌਲ ਅਤੇ ਹੋਰ ਸੀਨੀਅਰ ਜ਼ੋਨ ਆਗੂਆਂ ਨੇ ਸੰਬੋਧਨ ਕੀਤਾ ਅਤੇ ਭਰਪੂਰ ਗਿਣਤੀ ਵਿਚ ਕਿਸਾਨ, ਮਜ਼ਦੂਰ ਅਤੇ ਬੀਬੀਆਂ ਨੇ ਹਾਜ਼ਰੀ ਭਰੀ।


# ਯਾਦਗਾਰੀ ਹੋ ਨਿੱਬੜਿਆ ਸਟੱਡੀ ਸਰਕਲ ਵੱਲੋਂ ਕਰਵਾਇਆ ਯੁਵਕ ਮੇਲਾ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ-ਤਰਨਤਾਰਨ ਜ਼ੋਨ ਦੇ ਖੇਤਰ ਪੱਟੀ ਵੱਲੋਂ ਭਾਈ ਬਲਵਿੰਦਰ ਸਿੰਘ ਪੱਟੀ ਦੇ ਵਿਸ਼ੇਸ਼ ਸਹਿਯੋਗ ਦੇ ਨਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪੱਟੀ ਵਿਖੇ ਅੰਤਰ-ਸਕੂਲ ਯੁਵਕ ਮੇਲਾ ਕਰਵਾਇਆ ਗਿਆ। ਇਸ ਯੁਵਕ ਮੇਲੇ 10 ਸਕੂਲਾਂ ਦੇ ਲੱਗਭਗ 300 ਵਿਦਿਆਰਥੀਆਂ ਨੇ ਭਾਗ ਲਿਆ। ਜ਼ਿਲ੍ਹਾ ਪ੍ਰਧਾਨ ਮਾਸਟਰ ਦਰਬਾਰਾ ਸਿੰਘ ਨੇ ਦੱਸਿਆ ਕਿ ਇਨ੍ਹਾਂ ਵਿਦਿਆਰਥੀਆਂ ਦੇ ਆਪਸ ਵਿੱਚ ਕਵਿਤਾ, ਭਾਸ਼ਣ, ਗੁਰਬਾਣੀ ਕੰਠ, ਸੁੰਦਰ ਲਿਖਾਈ, ਦਸਤਾਰ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸ਼ੀਲਡਾਂ, ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਸਭ ਤੋਂ ਪ੍ਰਭਾਵਸ਼ਾਲੀ ਸਕੂਲ ਦੇ ਆਡੀਟੋਰੀਅਮ ਵਿੱਚ ਕਰਵਾਇਆ ਗਿਆ ਕੁਇਜ਼ ਮੁਕਾਬਲਾ ਸੀ ਜਿਸ ਵਿੱਚ 7 ਸਕੂਲਾਂ ਦੀਆਂ ਟੀਮਾਂ ਦਾ ਆਪਸੀ ਮੁਕਾਬਲਾ ਕਰਵਾਇਆ ਗਿਆ। ਇਸ ਸਮੇਂ ਹਰਜਿੰਦਰ ਸਿੰਘ ਮਾਣਕਪੁਰਾ ਵੱਲੋਂ ਬੱਚਿਆਂ ਨਾਲ ਸਵਾਲ ਜਵਾਬ ਕੀਤੇ ਗਏ। ਭਾਈ ਬਲਵਿੰਦਰ ਸਿੰਘ ਪੱਟੀ ਨੇ ਵਿਦਿਆਰਥੀਆਂ ਨੂੰ ਉੱਚ ਮਿਹਨਤਾਂ ਕਰਕੇ ਚੰਗੇ ਅਹੁਦਿਆਂ 'ਤੇ ਪਹੁੰਚਣ ਦੀ ਪ੍ਰੇਰਨਾ ਕੀਤੀ। ਸਟੱਡੀ ਸਰਕਲ ਵੱਲੋਂ ਇਸ ਕਾਰਜ ਲਈ ਸਹਿਯੋਗ ਦੇਣ ਲਈ ਸਕੂਲ ਦੇ ਪ੍ਰਿੰ. ਨੌਰੂ ਸ਼ਰਮਾ, ਅਧਿਆਪਕ ਜਗਜੀਤ ਸਿੰਘ, ਓਂਕਾਰ ਸਿੰਘ ਅਤੇ ਗੁਰਭੇਜ ਸਿੰਘ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਤਰਨਤਾਰਨ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਦਰਬਾਰਾ ਸਿੰਘ, ਬਲਕਾਰ ਸਿੰਘ, ਕੰਵਲਜੀਤ ਸਿੰਘ ਬੁਰਜ, ਹਰਜਿੰਦਰ ਸਿੰਘ ਮਾਣਕਪੁਰਾ, ਰਣਜੀਤ ਸਿੰਘ ਵਾਂ, ਵਿਸ਼ਾਲ, ਸਾਜਨ ਸਿੰਘ, ਸਿਕੰਦਰ ਸਿੰਘ, ਗੁਰਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਅਮਨਪ੍ਰੀਤ ਕੌਰ ਬਰਵਾਲਾ ਅਤੇ ਭਾਈ ਗੁਰਨਿਸ਼ਾਨ ਸਿੰਘ ਪੱਟੀ ਅਤੇ ਸਮੂਹ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਮੌਜੂਦ ਸਨ।

# ਹਰ ਸ਼ਨੀਵਾਰ ਦਿਵਿਆਂਗਜਨਾਂ ਤੇ ਬਜ਼ੁਰਗਾਂ ਲਈ ਹੋਵੇਗਾ ਰਾਖਵਾਂ : ਡੀ ਸੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਦਿਵਿਆਂਗਜਨਾਂ ਅਤੇ ਬਜ਼ੁਰਗਾਂ ਦੀ ਸਹਾਇਤਾ ਲਈ ਜ਼ਿਲ੍ਹੇ ਵਿੱਚ ਕੰਮ ਕਰ ਰਹੇ 41 ਸੇਵਾ ਕੇਂਦਰਾਂ ਵਿੱਚ ਹਰੇਕ ਸ਼ਨੀਵਾਰ ਸ਼ਾਮ 3 ਵਜੇ ਤੋਂ 5 ਵਜੇ ਤੱਕ ਇਕ ਕਾਊਂਟਰ ਰਾਖਵਾਂ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਸੂਦਨ ਨੇ ਦੱਸਿਆ ਕਿ ਦਿਵਿਆਂਗਜਨਾਂ ਅਤੇ ਬਜ਼ੁਰਗਾਂ ਲਈ ਅਧਾਰ ਕਾਰਡ ਸਰਵਿਸ ਕਾਊਂਟਰ ਰਾਖਵਾਂ ਰੱਖਿਆ ਗਿਆ ਅਤੇ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਹੈ ਕਿ ਇਨ੍ਹਾਂ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ ਤਾਂ ਜੋ ਇਸ ਵਰਗ ਨੂੰ ਕਿਸੇ ਕਿਸਮ ਦੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਸ਼੍ਰੀ ਸੂਦਨ ਨੇ ਦਿਵਿਆਂਗਜਨਾਂ ਅਤੇ ਬਜ਼ੁਰਗਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਅਧਾਰ ਕਾਰਡ ਦੇ ਕੰਮ ਲਈ ਸਬੰਧਤ ਦਸਤਾਵੇਜ਼ ਜਿਵੇਂ ਕਿ ਲਾਇਸੈਂਸ, ਪਾਸਪੋਰਟ, ਰਾਸ਼ਨ ਕਾਰਡ, ਆਰਮਜ਼ ਲਾਇਸੈਂਸ, ਬੈਂਕ ਦੀ ਕਾਪੀ, ਵੋਟਰ ਕਾਰਡ, ਪਾਸਪੋਰਟ ਫੋਟੋਆਂ ਅਤੇ ਸਬੰਧਤ ਫਾਰਮ ਨੂੰ ਜੋ ਕਿ ਕੌਂਸਲਰ, ਸਰਪੰਚ ਜਾਂ ਕਿਸੇ ਗਜ਼ਟਿਡ ਅਧਿਕਾਰੀ ਪਾਸੋਂ ਤਸਦੀਕ ਕੀਤਾ ਹੋਵੇ, ਨਾਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਵਾਰ-ਵਾਰ ਚੱਕਰ ਨਾ ਮਾਰਨੇ ਪੈਣ।

# ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਦਾ ਇਕ ਹੋਰ ਮਾਅਰਕਾ

ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ) - ਵਾਹਿਗੁਰੂ ਇੰਟਰ-ਪ੍ਰਾਈਜ਼ਿਜ਼ ਜੋ ਕਿ ਇਲਾਕੇ ਵਿਚ ਵੀਜ਼ੇ ਲਗਵਾਉਣ ਵਿੱਚ ਪਹਿਲੀ ਕਤਾਰ ਵਿੱਚ ਨਜ਼ਰ ਆਉਂਦੀ ਹੈ ਅਤੇ ਅਬਰੌਡ ਦੇ ਸਟੱਡੀ ਵੀਜ਼ੇ ਲਗਵਾਉਣ ਵਿੱਚ ਸਮਾਜ ਵਿਚ ਨਾਮਣਾ ਖੱਟ ਚੁੱਕੀ ਹੈ, ਨੇ ਇਕ ਹੋਰ ਮਾਅਰਕਾ ਮਾਰਦਿਆਂ ਗੁਰਸ਼ਰਨ ਕੌਰ ਦਾ ਯੂ. ਕੇ. ਦਾ ਸਪੌਸ ਵੀਜ਼ਾ ਲਗਵਾ ਕੇ ਨਵਾਂ ਮੁਕਾਮ ਹਾਸਲ ਕੀਤਾ। ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਦੇ ਐੱਮ. ਡੀ. ਰਾਜਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਗੁਰਸ਼ਰਨ ਕੌਰ ਅਤੇ ਉਸਦੇ ਪਤੀ ਗਗਨਦੀਪ ਸਿੰਘ ਦਾ ਯੂ. ਕੇ. ਦਾ ਸਟੱਡੀ ਵੀਜ਼ਾ ਹਾਸਲ ਕੀਤਾ ਹੈ ਜਿਸ 'ਤੇ ਵਿਦਿਆਰਥੀ ਅਤੇ ਉਸ ਦੇ ਮਾਪੇ ਬਹੁਤ ਖੁਸ਼ ਹਨ। ਸੰਸਥਾ ਦੇ ਐੱਮਡੀ ਨੇ ਦੱਸਿਆ ਕਿ ਵਿਦੇਸ਼ਾਂ ਵਿਚ ਭੇਜੇ ਗਏ ਵਿਦਿਆਰਥੀ ਜਿੱਥੇ ਵੱਖ-ਵੱਖ ਯੂਨੀਵਰਸਿਟੀਆਂ/ਕਾਲਜਾਂ ਵਿੱਚ ਪੜ੍ਹਾਈ ਕਰ ਰਹੇ ਹਨ ਉਥੇ ਬਣਦੇ ਸਮੇਂ ਅੰਦਰ ਆਪਣਾ ਕੰਮ ਵੀ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਜਨਵਰੀ ਇਨਟੇਕ ਲਈ ਸੰਸਥਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਗੁਰਸ਼ਰਨ ਕੌਰ ਤੇ ਉਸਦੇ ਪਤੀ ਨੇ ਸਮੇਤ ਪਰਿਵਾਰ ਵਾਹਿਗੁਰੂ ਇੰਟਰਪ੍ਰਾਈਜ਼ਿਜ਼ ਅਤੇ ਉਸ ਦੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ!



# ਸਰਕਾਰੀ ਹਾਈ ਸਕੂਲ ਪਾਖਰਪੁਰਾ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



ਮਜੀਠਾ (ਸੋਇਮ ਆਨੰਦ)-ਸ਼ਹੀਦ ਭਗਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ਰਜਿ: ਇੰਡੋ ਕੈਨੇਡਾ ਅੰਮ੍ਰਿਤਸਰ ਦੇ ਸਹਿਯੋਗ ਨਾਲ ਪਿਛਲੇ ਵਿੱਦਿਅਕ ਸਾਲ ਦੌਰਾਨ ਸਾਲਾਨਾ ਨਤੀਜਿਆਂ 'ਚ ਵੱਖ-ਵੱਖ ਸਥਾਨ ਹਾਸਲ ਕਰਨ ਵਾਲੇ ਸਰਕਾਰੀ ਹਾਈ ਸਕੂਲ ਪਾਖਰਪੁਰਾ ਵਿਖੇ ਸੁਸਾਇਟੀ ਦੇ ਚੇਅਰਮੈਨ ਤੇ ਉੱਘੇ ਸਮਾਜ ਸੇਵੀ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਨੇ ਪੜ੍ਹਾਈ ਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਇਸੇ ਸਕੂਲ ਵਿਚੋਂ ਹੀ ਉਨ੍ਹਾਂ ਨੇ ਆਪਣੀ ਮੁੱਢਲੀ ਸਿੱਖਿਆ ਲਈ ਹੈ ਤੇ ਇਸ ਸਕੂਲ ਨਾਲ ਉਨ੍ਹਾਂ ਦਾ ਦਿਲੋਂ ਮੋਹ ਹੈ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਨਾਲ ਅਪਣੇ ਪੁਰਾਣੇ ਸਮੇਂ ਦੀਆਂ ਗੱਲਾਂ ਵੀ ਸਾਂਝੀਆਂ ਕੀਤੀਆਂ ਤੇ ਕਿਹਾ ਆਉਣ ਵਾਲੇ ਸਮੇਂ ਵਿੱਚ ਇਸ ਸਕੂਲ ਦੀ ਬੇਹਤਰੀ ਲਈ ਮਦਦ ਕਰਦੇ ਰਹਾਂਗੇ। ਇਸ ਮੌਕੇ ਸ਼ਹੀਦ ਭਗਤ ਸਿੰਘ ਸੁਸਾਇਟੀ ਦੇ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ ਦਾ ਸਕੂਲ ਦੇ ਹੈੱਡ ਮਾਸਟਰ ਸਤਨਾਮ ਸਿੰਘ ਬੋਪਾਰਾਏ ਨੇ ਨਿਸ਼ਾਨ ਚਿੰਨ੍ਹ ਤੇ ਸਿਰੋਪਾ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ ਜੰਤਿਦਰ ਕੁਮਾਰ, ਰਿਸ਼ੀ ਸ਼ਰਮਾ, ਗੁਰਵਿੰਦਰ ਕੌਰ, ਸੁਨੀਤਾ ਰਾਣੀ, ਰਮਿੰਦਰ ਕੌਰ, ਸ਼ਵੇਤਾ, ਡੀ. ਪੀ. ਆਈ. ਮਿਲਾਪ ਸਿੰਘ, ਗੁਰਚਰਨ ਸਿੰਘ, ਪਰਮਿੰਦਰ ਸਿੰਘ, ਮੰਜੂ ਬਾਲਾ, ਰਣਦੀਪ ਕੌਰ, ਤਰਵਿੰਦਰ ਸਿੰਘ, ਬਲਜਿੰਦਰ ਸਿੰਘ ਸੇਵਾਦਾਰ ਤੇ ਮਾਲੀ ਰਾਮ ਬਹਾਦਰ ਮੌਜੂਦ ਸੀ।

# ਦਸਤਾਰਬੰਦੀ ਮੁਕਾਬਲੇ 'ਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



ਤਰਨਤਾਰਨ (ਪ੍ਰਿਤਪਾਲ ਸਿੰਘ)-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਪੱਟੀ ਵਿਖੇ ਅੰਤਰ ਸਕੂਲ ਮੇਲਾ ਕਰਵਾਇਆ ਗਿਆ ਜਿਸ ਵਿੱਚ ਦਸਤਾਰਬੰਦੀ ਪ੍ਰਤੀਯੋਗਤਾ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ 10 ਸਕੂਲਾਂ ਨੇ ਭਾਗ ਲਿਆ। ਇਸ ਯੁਵਕ ਮੇਲੇ ਦੇ ਪ੍ਰਬੰਧਕ, ਜਨਰਲ ਸਕੱਤਰ ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਯੂਕੇ, ਗੁਰ ਨਿਸ਼ਾਨ ਸਿੰਘ ਪੱਟੀ ਅਤੇ ਗੁਰਪ੍ਰੀਤ ਸਿੰਘ ਤਰਨਤਾਰਨ ਉਚੇਚੇ ਤੌਰ 'ਤੇ ਮੌਜੂਦ ਸਨ। ਸਕੂਲ ਪ੍ਰਿੰ. ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰਤੀਯੋਗਤਾ ਸੀਨੀਅਰ ਅਤੇ ਜੂਨੀਅਰ ਵਿੰਗ ਦੇ ਵਿਚਕਾਰ ਕਰਵਾਈ ਗਈ ਜਿਸ ਵਿੱਚ ਮਾਊਂਟ ਲਿਟਰਾ ਜ਼ੀ ਸਕੂਲ ਦੇ ਜੂਨੀਅਰ ਵਿੰਗ ਦੇ ਅਨਮੋਲਦੀਪ ਸਿੰਘ ਜਮਾਤ ਸੱਤਵੀਂ ਦੇ ਵਿਦਿਆਰਥੀ ਨੇ ਦਸਤਾਰਬੰਦੀ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ, ਵਿਕਰਮਜੀਤ ਸਿੰਘ ਨੇ ਦੂਸਰਾ ਸਥਾਨ ਹਾਸਿਲ ਕੀਤਾ। ਵਿਕਰਮਜੀਤ ਸਿੰਘ ਨੇ ਭਾਈ ਤਾਰੂ ਸਿੰਘ ਗੁਰਮਿਤ ਪ੍ਰਚਾਰ ਸੁਸਾਇਟੀ ਵਲੋਂ ਪਿੰਡ ਅਲਾਦੀਨ ਵਿਖੇ ਕਰਵਾਏ ਗਏ 'ਦਸਤੂਰ-ਏ-ਦਸਤਾਰ' ਪ੍ਰਤੀਯੋਗਤਾ ਵਿੱਚ ਦੂਸਰਾ ਸਥਾਨ ਹਾਸਲ ਕੀਤਾ ਸੀ ਜੋ ਕਿ ਬੜੇ ਹੀ ਮਾਣ ਵਾਲੀ ਗੱਲ ਹੈ। ਇਸ ਮੌਕੇ ਸਕੂਲ ਦੇ ਚੇਅਰਮੇਨ ਗੁਰਵੰਤ ਸਿੰਘ, ਪ੍ਰਿੰ, ਗਗਨ ਸ਼ਰਮਾ, ਡਾਇਰੈਕਟਰ ਕੁਲਦੀਪ ਸਿੰਘ ਨੇ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਤੇ ਵਧਾਈ ਦਿੱਤੀ ਅਤੇ ਹੋਰ ਤਰੱਕੀ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

# ਖੇਤ ਮਜ਼ਦੂਰਾਂ 'ਤੇ ਲਾਠੀਚਾਰਜ ਕਰਨਾ ਨਿੰਦਣਯੋਗ : ਜਸਬੀਰ ਝਬਾਲ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਗੁਰਨਾਮ ਸਿੰਘ ਤਲਵੰਡੀ ਅਤੇ ਜ਼ਿਲਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਖੇਤ ਮਜ਼ਦੂਰਾਂ ਅਤੇ ਅੱਠ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਆਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਘਰ ਦਾ ਕੁੰਡਾ ਖੜਕਾਉਣ ਲਈ ਜਾ ਰਹੇ ਸਨ ਤਾਂ ਉੱਥੇ ਜਬਰਨ ਪੰਜਾਬ ਪੁਲਸ ਦੇ ਕਰਮਚਾਰੀਆਂ ਨੇ ਨਿਹੱਥੇ ਹੱਕ ਮੰਗਦੇ ਮਜ਼ਦੂਰਾਂ ਉੱਤੇ ਲਾਠੀਆਂ ਦਾ ਮੀਂਹ ਵਰ੍ਹਾ ਕੇ ਬਹੁਤ ਸਾਰੇ ਮਜ਼ਦੂਰਾਂ ਨੂੰ ਜ਼ਖਮੀ ਕਰ ਦਿੱਤਾ ਗਿਆ। ਇਸ ਤਸ਼ੱਦਦ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਮਜ਼ਦੂਰ ਵਿਰੋਧੀ ਚਿਹਰਾ ਨੰਗਾ ਹੋ ਗਿਆ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਮਜ਼ਦੂਰਾਂ ਦੀਆਂ ਮੰਨੀਆਂ ਮੰਗਾਂ ਨੂੰ ਲਾਗੂ ਕਰਾਉਣ ਲਈ ਹੱਕ ਮੰਗਦੇ ਮਜ਼ਦੂਰਾਂ ਉੱਤੇ ਤਸ਼ੱਦਦ ਕਰਨਾ ਗੈਰ-ਕਾਨੂੰਨੀ ਹੈ। ਸਾਡੀ ਜਥੇਬੰਦੀ ਸਰਕਾਰ ਦੇ ਇਸ ਘਿਨਾਉਣੇ ਕਾਰਨਾਮੇ ਦੀ ਨਿੰਦਾ ਕਰਦੀ ਹੈ ਅਤੇ ਹੱਕ ਮੰਗਦੇ ਮਜ਼ਦੂਰਾਂ ਨਾਲ ਸੰਘਰਸ਼ ਕਰਨ ਦਾ ਅਹਿਦ ਕਰਦੀ ਹੈ।

ਇਸ ਮੌਕੇ ਉਨ੍ਹਾਂ ਨਾਲ ਸਤਨਾਮ ਸਿੰਘ ਕਲੇਰ, ਵਜ਼ੀਰ ਚੰਦ ਨੰਗਲੀ, ਜਗੀਰ ਸਿੰਘ ਸਰਜਾ, ਤਰਸੇਮ ਸਿੰਘ ਟਪਿਆਲਾ, ਗੁਰਦੇਵ ਸਿੰਘ ਬਰੀਕੀ, ਮਲਕੀਤ ਸਿੰਘ ਮਾਲਾਂਵਾਲੀ, ਹਰਪਾਲ ਸਿੰਘ ਮੀਰਾਕੋਟ, ਲਖਵਿੰਦਰ ਸਿੰਘ ਗੁੰਮਟਾਲਾ, ਤਰਸੇਮ ਸਿੰਘ ਬਾਠ ਅਤੇ ਮਨਦੀਪ ਕੌਰ ਖਿਆਲਾ ਆਦਿ ਹਾਜ਼ਰ ਸਨ।

# ਕਿਸਾਨ ਤੇ ਜਵਾਨ ਭਲਾਈ ਯੂਨੀਅਨ ਨੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਲਾਂ ਸੁਣੀਆਂ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਭਾਰਤ ਦੇ ਆਗੂ ਸੁਖਦੇਵ ਸਿੰਘ ਭੋਜਰਾਜ ਦੇ ਗ੍ਰਹਿ ਧਾਲੀਵਾਲ ਨਿਵਾਸ ਭੋਜਰਾਜ ਵਿਖੇ ਅਜੀਤ ਸਿੰਘ ਗਵਾਰਾ ਦੀ ਅਗਵਾਈ ਹੇਠ ਪਹੁੰਚੇ ਕਿਸਾਨੀ ਸੰਘਰਸ ਦੇ ਸ਼ਹੀਦ ਕਿਸਾਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਖਾਸਾਂਵਾਲਾ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ, ਰਜਿੰਦਰ ਸਿੰਘ ਭਗਠਾਣਾਂ ਤੁਲੀਆਂ, ਸੁਖਵਿੰਦਰ ਸਿੰਘ ਕਾਦੀਆਂ ਅਤੇ ਸਤਨਾਮ ਸਿੰਘ ਚੰਦੂ ਨੰਗਲ ਸੂਬਾ ਆਗੂ ਸ਼ਾਮਿਲ ਹੋਏ ਅਤੇ ਸ਼ਹੀਦ ਪਰਿਵਾਰਾਂ ਵਿੱਚੋਂ ਜਤਿੰਦਰ ਸਿੰਘ ਭਰੋਹਾਰਨੀ (ਕਾਹਨੂੰਵਾਨ), ਸੁਖਦੀਪ ਸਿੰਘ ਫਤਿਹ ਨੰਗਲ (ਧਾਰੀਵਾਲ), ਹਰਜੀਤ ਸਿੰਘ ਪੱਬਾਂਰਾਲੀ ਕਲਾਂ (ਫਤਿਹਗੜ੍ਹ ਚੂੜੀਆਂ), ਗੁਰਪ੍ਰੀਤ ਸਿੰਘ ਕਾਲਾ ਨੰਗਲ (ਗੁਰਦਾਸਪੁਰ), ਗੁਰਤਾਜ ਸਿੰਘ ਮੱਧਰਾ ( ਸ੍ਰੀ ਹਰਗੋਬਿੰਦਪੁਰ), ਜਸਕਰਨਪ੍ਰੀਤ ਸਿੰਘ ਭਿਖਾਰੀਵਾਲ (ਕਲਾਨੌਰ), ਕੁਲਬੀਰ ਸਿੰਘ ਬਾਂਗੋਵਾਣੀ (ਧਾਰੀਵਾਲ), ਰਣਬੀਰ ਸਿੰਘ ਲੱਧਾ ਮੁੰਡਾ (ਸ੍ਰੀ ਹਰਗੋਬਿੰਦਪੁਰ), ਅਮ੍ਰਿਤਜੋਤ ਸਿੰਘ ਗਵਾਰਾ (ਡੇਰਾ ਬਾਬਾ ਨਾਨਕ) ਅਤੇ ਸੁਖਦੀਪ ਕੌਰ ਵਡਾਲਾ ਬਾਂਗਰ (ਕਲਾਨੌਰ) ਸ਼ਾਮਿਲ ਹੋਏ। ਇਸ ਮੌਕੇ ਬੋਲਦਿਆਂ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਜਾਨਾਂ ਗਵਾਉਣ ਵਾਲੇ ਕਿਸਾਨਾਂ ਦੀ ਸ਼ਹਾਦਤ ਨੂੰ ਭੁਲਾਇਆ ਨਹੀਂ ਜਾਵੇਗਾ। ਸ਼ਹੀਦਾਂ ਦੇ ਵਾਰਸਾਂ ਨੂੰ ਮੁਆਵਜ਼ਾ ਰਾਸ਼ੀ ਅਤੇ ਸਰਕਾਰੀ ਨੌਕਰੀਆਂ ਦਿਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਵੱਡੀ ਪੱਧਰ ਤੇ ਉਪਰਾਲੇ ਕਰ ਰਿਹਾ ਹੈ ਪਰ ਪੰਜਾਬ ਸਰਕਾਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਦੇਣ ਪ੍ਰਤੀ ਸੁਹਿਰਦ ਨਹੀਂ ਹੈ।

ਭੋਜਰਾਜ ਨੇ ਅੱਗੇ ਕਿਹਾ ਕਿ 1000 ਦੇ ਕਰੀਬ ਕਿਸਾਨ ਸ਼ਹੀਦ ਹੋਏ ਹਨ ਜਿਨ੍ਹਾਂ ਵਿੱਚੋਂ 634 ਪਰਿਵਾਰਾਂ ਨੂੰ ਹੀ ਮੁਆਵਜ਼ਾ ਮਿਲਿਆ ਅਤੇ ਸਿਰਫ 326 ਪਰਿਵਾਰਾਂ ਨੂੰ ਹੀ ਸਰਕਾਰੀ ਨੌਕਰੀਆਂ ਮਿਲੀਆਂ ਹਨ ਅਤੇ ਬਹੁਤੇ ਪਰਿਵਾਰ ਨੌਕਰੀਆਂ ਅਤੇ ਮੁਅਵਜ਼ਾ ਰਾਸ਼ੀ ਤੋਂ ਵਾਂਝੇ ਹਨ। ਇਸ ਮੌਕੇ ਬੋਲਦਿਆਂ ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ ਨੇ ਕਿਹਾ ਕਿ 24 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਗੈਰ -ਰਾਜਨੀਤਕ ਨਾਲ ਫਰੀਦਕੋਟ ਵਿਖੇ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦੇ ਮੁਤਾਬਕ 31 ਦਸੰਬਰ ਤੋਂ ਪਹਿਲਾਂ ਪਹਿਲਾਂ ਰਹਿੰਦੇ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਅਤੇ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਦਿੱਤੇ ਜਾਣ ਨਹੀਂ ਤਾਂ ਮੁੱਖ ਮੰਤਰੀ ਦਾ ਘਿਰਾਓ ਕਰਾਂਗੇ। ਇਸ ਮੌਕੇ ਸੁਖਵਿੰਦਰ ਸਿੰਘ ਘੁੰਮਣ, ਜੋਗਿੰਦਰ ਸਿੰਘ ਰੰਧਾਵਾ, ਜਗਦੀਪ ਸਿੰਘ ਕਾਹਲੋਂ, ਬਲਵਿੰਦਰ ਸਿੰਘ, ਗੁਰਪਰੀਤ ਸਿੰਘ, ਪੂਰਨ ਸਿੰਘ ਚੌਹਾਨ, ਸਨਮਿੰਦਰ ਪਾਲ ਸਿੰਘ ਧਾਲੀਵਾਲ, ਨਿਰਮਲ ਸਿੰਘ ਅਤੇ ਜੋਗਾ ਸਿੰਘ ਕਿਸਾਨ ਆਗੂ ਹਾਜ਼ਰ ਸਨ।

# ਸੜਕਾਂ ਦੇ ਬਰਮਾਂ 'ਤੇ ਮਿੱਟੀ ਪਾਉਣ ਦੀ ਮੁਹਿੰਮ ਬੁਰੀ ਤਰ੍ਹਾਂ ਠੱਪ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਵੱਲੋਂ ਸੰਪਰਕ ਸੜਕਾਂ ਦੇ ਬਰਮਾਂ 'ਤੇ ਮਿੱਟੀ ਪਾਉਣ ਦੀ ਮੁਹਿੰਮ ਸ਼ੁਰੂ ਕਰਵਾਈ ਸੀ ਅਤੇ ਉਹ ਬੁਰੀ ਤਰ੍ਹਾਂ ਠੱਪ ਹੋ ਕੇ ਰਹਿ ਗਈ ਹੈ। ਇਥੋਂ ਤਕ ਕਿ ਦਿਹਾਤੀ ਸੜਕਾਂ ਦੇ ਬਰਮਾਂ ਨੂੰ ਕਿਸਾਨਾਂ ਵਲੋਂ ਆਪਣੇ ਖੇਤਾਂ ਵਿਚ ਮਿਲਾਉਣ ਨਾਲ ਸੜਕੀ ਹਾਦਸਿਆਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ ਅਤੇ ਜ਼ਿਲ੍ਹਾ ਪ੍ਰਸ਼ਾਸਨ ਇਸ ਪਾਸੇ ਕੋਈ ਵੀ ਧਿਆਨ ਨਹੀਂ ਦੇ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉਘੇ ਸਮਾਜ ਸੇਵੀ ਗੁਰਭੇਜ ਸਿੰਘ ਔਲਖ ਅਤੇ ਨੰਬਰਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਪਹਿਲਾਂ ਸੰਪਰਕ ਸੜਕਾਂ 'ਤੇ ਨਰੇਗਾ ਸਕੀਮ ਰਾਹੀ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਵਾਸਤੇ ਇਹ ਉਪਰਾਲਾ ਸ਼ੁਰੂ ਕੀਤਾ ਗਿਆ ਸੀ ਅਤੇ ਉਨ੍ਹਾਂ ਨੂੰ ਦਿਹਾੜੀ ਨਾ ਮਿਲਣ ਕਰਕੇ ਇਹ ਸਾਰਾ ਕੰਮਕਾਜ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਨੇ ਜ਼ਿਲਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਸੜਕ ਦੇ ਬਰਮਾਂ 'ਤੇ ਮਿੱਟੀ ਪਾਉਣ ਦਾ ਕੰਮ ਨੂੰ ਫੌਰੀ ਤੌਰ 'ਤੇ ਸੁਰਜੀਤ ਕੀਤਾ ਜਾਵੇ ਤਾਂ ਕਿ ਸੜਕੀ ਹਾਦਸਿਆਂ ਦੀ ਦਰ ਵਿਚ ਕਮੀ ਆ ਸਕੇ।

# ਪੇਂਡੂ ਡਿਸਪੈਂਸਰੀਆਂ 'ਚ ਦਵਾਈਆਂ ਤੇ ਸਟਾਫ ਦੀ ਘਾਟ ਪ੍ਰਤੀ ਸਰਕਾਰ ਅਵੇਸਲੀ ਕਿਉਂ

ਗੁਰਦਾਸਪੁਰ (ਜਨਕ ਮਹਾਜਨ)-ਦਿਹਾਤੀ ਖੇਤਰ ਦੀਆਂ ਸਿਹਤ ਡਿਸਪੈਂਸਰੀਆਂ 'ਚ ਦਵਾਈਆਂ ਤੇ ਮੁਲਾਜ਼ਮਾਂ ਦੀ ਘਾਟ ਨਾਲ ਮੌਜੂਦਾ ਸਰਕਾਰ 'ਤੇ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਫਿਰ ਵੀ ਪੰਜਾਬ ਸਰਕਾਰ ਇਸ ਪਾਸੇ ਕੋਈ ਵੀ ਧਿਆਨ ਨਹੀ ਦੇ ਰਹੀ। ਡਿਸਪੈਂਸਰੀਆਂ ਵਿਚ ਆ ਰਹੇ ਮਰੀਜ਼ਾਂ ਨੇ ਆਪਣੇ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਪਹਿਲੀਆਂ ਸਰਕਾਰਾਂ ਵੱਲੋਂ ਸਟਾਫ ਤੇ ਦਵਾਈਆਂ ਦੀ ਕੋਈ ਵੀ ਘਾਟ ਨਹੀਂ ਹੁੰਦੀ ਸੀ। ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਮਰੀਜ਼ਾਂ ਨੂੰ ਨਿਰਾਸ਼ਾ ਦੇ ਆਲਮ ਵਿਚੋਂ ਲੰਘਣਾ ਪੈ ਰਿਹਾ ਹੈ ਅਤੇ ਜਿਹੜਾ ਸਟਾਫ ਸੀ ਉਸ ਵਿਚੋਂ ਕੁਝ ਨੂੰ ਡੈਪੂਟੇਸ਼ਨ 'ਤੇ ਭੇਜ ਦਿੱਤਾ ਹੋਇਆ ਹੈ ਜਿਸ ਕਰਕੇ ਡਿਸਪੈਂਸਰੀਆਂ ਦੀ ਹਾਲਤ ਬਹੁਤ ਮਾੜੀ ਹੈ। ਉਨ੍ਹਾਂ ਦੱਸਿਆ ਕਿ ਮੁਹੱਲਾ ਕਲੀਨਿਕ ਵੀ ਦਿਹਾਤੀ ਖੇਤਰ ਵਿਚ ਸਿਹਤ ਸੇਵਾਵਾਂ ਦੇਣ ਤੋਂ ਅਸਮਰਥ ਜਾਪ ਰਹੇ ਹਨ ਅਤੇ ਇਥੋਂ ਤਕ ਕਿ ਇਸ ਹਲਕੇ ਅੰਦਰ ਪੈਂਦੀਆਂ ਡਿਸਪੈਂਸਰੀਆਂ 'ਚ ਦਵਾਈਆਂ ਅਤੇ ਸਟਾਫ ਦੀ ਬਹੁਤ ਜ਼ਿਆਦਾ ਘਾਟ ਹੈ। ਉਨ੍ਹਾਂ ਨੇ ਸਿਹਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਪੇਂਡੂ ਡਿਸਪੈਂਸਰੀਆਂ ਵਿਚ ਸਟਾਫ ਤੇ ਦਵਾਈਆਂ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਸਿਵਲ ਸਰਜਨ ਗੁਰਦਾਸਪੁਰ ਨੂੰ ਹਦਾਇਤਾਂ ਕੀਤੀਆਂ ਜਾਣ।

# ਕਿਸਾਨ ਕੁਦਰਤ ਪੱਖੀ ਤਕਨੀਕਾਂ ਅਪਨਾਉਣ ਨੂੰ ਤਰਜੀਹ ਦੇਣ : ਖੇਤੀਬਾੜੀ ਅਫਸਰ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕੁਦਰਤ ਦੇ ਅਹਿਮ ਹਿੱਸੇ ਮਿੱਟੀ, ਪਾਣੀ ਅਤੇ ਹਵਾ ਦੀ ਮਹੱਤਤਾ ਸਮਝ ਕੇ ਖੇਤੀ ਕਰ ਰਹੇ ਉੱਦਮੀ ਕਿਸਾਨਾਂ ਨਾਲ ਸਾਂਝ ਬਣਾ ਕੇ ਦੂਜੇ ਕਿਸਾਨ ਵੀ ਕੁਦਰਤ ਪੱਖੀ ਵਿਗਿਆਨਕ ਤਕਨੀਕਾਂ ਨੂੰ ਤਰਜੀਹ ਦੇਣ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖੇਤੀਬਾੜੀ ਅਫਸਰ ਪੱਟੀ ਡਾ. ਭੁਪਿੰਦਰ ਸਿੰਘ, ਡਾ. ਸੰਦੀਪ ਸਿੰਘ ਏਡੀਓ ਅਤੇ ਸਰਕਲ ਇੰਚਾਰਜ ਸੰਦੀਪ ਸਿੰਘ ਏਈਓ ਨੇ ਮੁੱਖ ਖੇਤੀਬਾੜੀ ਅਫਸਰ ਤਰਨਤਾਰਨ ਡਾ. ਸੁਰਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ ਤਹਿਤ ਪਰਾਲੀ ਪਰਬੰਧਨ ਤਕਨੀਕਾਂ ਸਬੰਧੀ ਨਿਰੀਖਣ ਮੌਕੇ ਪਿੰਡ ਮਨਿਹਾਲਾ ਜੈ ਸਿੰਘ ਵਿਖੇ ਕੀਤਾ। ਨਿਰੀਖਣ ਦੌਰਾਨ ਸੂਝਬੂਝ ਨਾਲ ਖੇਤੀ ਕਰ ਰਹੇ ਕਿਸਾਨ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਤਿੰਨ ਸਾਲਾਂ ਤੋਂ ਰਹਿੰਦ ਖੂੰਹਦ ਦਾ ਪਰਬੰਧਨ ਕਰ ਰਿਹਾ ਹੈ। ਇਸ ਨਾਲ ਖਾਦ ਅਤੇ ਜ਼ਹਿਰਾਂ ਦੀ ਵਰਤੋਂ ਤਾਂ ਘਟੀ ਹੀ ਹੈ, ਨਾਲ ਹੀ ਨਾਲ ਕਣਕ, ਝੋਨੇ, ਕਮਾਦ ਅਤੇ ਦੂਜੀਆਂ ਫਸਲਾਂ ਦੇ ਝਾੜ ਵਿੱਚ ਖਾਸਾ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਲੱਗਭੱਗ 17 ਏਕੜ ਦੀ ਸਾਂਝੀ ਖੇਤੀ ਕਰਦਾ ਹੈ। ਇਸ ਨੇ 10 ਏਕੜ ਵਿੱਚ ਕਣਕ ਅਤੇ 7 ਏਕੜ ਵਿੱਚ ਨਾਸ਼ਪਤੀ ਅਤੇ ਰਲੇਵੀਆਂ ਫਸਲਾਂ ਕਮਾਦ, ਸਰ੍ਹੋਂ ਅਤੇ ਸਬਜ਼ੀਆਂ ਦੀ ਕਾਸ਼ਤ ਕੀਤੀ ਹੈ ਜਿਸ ਨਾਲ ਇਸਦੀ ਘਰੇਲੂ ਅਤੇ ਵਪਾਰਕ ਲੋੜ ਪੂਰੀ ਹੋ ਜਾਂਦੀ ਹੈ। ਸ਼ੁਰੂਆਤ ਦੌਰਾਨ ਤਿੰਨ ਏਕੜ ਵਿੱਚ ਰਹਿੰਦ-ਖੂੰਹਦ ਪਰਬੰਧਨ ਨੂੰ ਅਪਣਾਇਆ ਜਿਸ ਦੇ ਬਿਹਤਰ ਨਤੀਜੇ ਮਿਲਣ 'ਤੇ ਪੂਰੇ ਖੇਤ ਹੀ ਅੱਗ ਰਹਿਤ ਕਰ ਦਿੱਤੇ ਗਏ ਹਨ।


ਖੇਤੀਬਾੜੀ ਵਿੱਚ ਦੋ ਸਾਲਾ ਕੋਰਸ ਪਾਸ ਅੰਮ੍ਰਿਤਪਾਲ ਜੋ ਖੇਤੀ ਇਨਪੁਟਸ ਦਾ ਡੀਲਰ ਵੀ ਹੈ, ਦੀ ਦੂਜੇ ਕਿਸਾਨ ਵੀਰਾਂ ਨੂੰ ਵੀ ਅਪੀਲ ਹੈ ਕਿ ਚੰਗੇ ਝਾੜ ਲਈ ਜਿਥੇ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਾਈ ਜਾਵੇ ਉਥੇ ਮਿੱਟੀ, ਪਾਣੀ ਅਤੇ ਹਵਾ ਦੀ ਸਲਾਮਤੀ ਲਈ ਕਣਕ ਝੋਨੇ ਥੱਲੇ ਰਕਬਾ ਘਟਾ ਕੇ ਬਾਗ ਅਤੇ ਦੂਜੀਆਂ ਫਸਲਾਂ ਹੇਠ ਲਿਆਈਏ। ਇਸ ਮੌਕੇ ਖੇਤੀ ਤਕਨੀਕ ਪ੍ਰਬੰਧਕ ਗੁਰਦੇਵ ਸਿੰਘ ਮਾਣਕਪੁਰਾ ਅਤੇ ਦਿਲਬਾਗ ਸਿੰਘ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

# ਬਾਬਾ ਭੈਰੋਨਾਥ, ਹਨੂੰਮਾਨ ਤੇ ਮਾਤਾ ਵੈਸ਼ਨੋ ਦੇਵੀ ਦੀਆਂ ਮੂਰਤੀਆਂ ਸਥਾਪਤ

ਗੁਰਦਾਸਪੁਰ (ਜਨਕ ਮਹਾਜਨ)-ਪਿੰਡ ਨਵਾਂ ਸ਼ਾਲਾ ਦੇ ਮਾਤਾ ਵੈਸ਼ਨੋ ਦੇਵੀ ਦੇ ਮੰਦਿਰ ਵਿਖੇ ਸੰਚਾਲਕਾ ਸੁਰਜੀਤ ਕੌਰ ਨੇ ਦੱਸਿਆ ਕਿ ਪੰਡਿਤ ਅਸ਼ਵਨੀ ਕੁਮਾਰ, ਰਿੰਕੂ ਪੰਡਿਤ, ਰਮੇਸ਼ ਪੰਡਿਤ ਅਤੇ ਉਮੇਸ਼ ਪੰਡਿਤ ਆਦਿ ਨੇ ਮੰਤਰਾਂ ਦੇ ਉਚਾਰਨ ਨਾਲ ਬਾਬਾ ਭੈਰੋਨਾਥ, ਹਨੂੰਮਾਨ ਅਤੇ ਮਾਤਾ ਵੈਸ਼ਨੋ ਦੀਆਂ ਮੂਰਤੀਆਂ ਦੀ ਸਥਾਪਨਾ ਕਰਵਾਈ ਗਈ ਹੈ। ਸੁਰਜੀਤ ਕੌਰ ਨੇ ਦੱਸਿਆ ਕਿ ਮਾਤਾ ਦੇ ਮੰਦਿਰ ਦੀ 1993 ਵਿਚ ਉਸਾਰੀ ਕਰਵਾਈ ਸੀ ਅਤੇ ਉਸ ਤੋਂ ਬਾਅਦ ਮੂਰਤੀ ਸਥਾਪਨਾ ਨਹੀਂ ਹੋ ਸਕੀ ਅਤੇ ਹੁਣ ਪਰਿਵਾਰ ਦੇ ਸਹਿਯੋਗ ਨਾਲ ਤੇ ਵਿਦਵਾਨ ਪੰਡਿਤਾਂ ਰਾਹੀਂ ਵਿਧੀ ਮੁਤਾਬਕ ਮੂਰਤੀ ਸਥਾਪਨਾ ਕਰਵਾਈ ਗਈ ਅਤੇ ਦੋ ਦਿਨ ਹਵਨ ਯੱਗ ਤੋਂ ਬਾਅਦ ਇਹ ਕਾਰਜ ਪੂਰਨ ਤੌਰ 'ਤੇ ਸੰਪੂਰਨ ਹੋਇਆ ਹੈ।

ਇਸ ਧਾਰਮਿਕ ਸਮਾਗਮ ਦੌਰਾਨ ਪਹੁੰਚੇ ਵਿਦਵਾਨ ਪੰਡਿਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਲਬੀਰ ਸਿੰਘ, ਪਲਵਿੰਦਰ ਸਿੰਘ, ਸੁਰਜੀਤ ਕੌਰ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ।

# ਠੇਕੇਦਾਰ ਬਲਵਿੰਦਰ ਸਿੰਘ ਮਿੰਟੂ ਨੂੰ ਸਦਮਾ, ਮਾਤਾ ਦਾ ਦਿਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਠੇਕੇਦਾਰ ਬਲਵਿੰਦਰ ਸਿੰਘ ਮਿੰਟੂ ਨੂੰ ਉਸ ਵੇਲੇ ਗਹਿਰਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਗੁਰਮੀਤ ਕੌਰ ਦਾ ਦਿਲ ਦੀ ਧੜਕਣ ਬੰਦ ਹੋਣ ਕਾਰਨ ਦਿਹਾਂਤ ਹੋ ਗਿਆ। ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਝਬਾਲ ਵਿਖੇ ਕਰ ਦਿੱਤਾ ਗਿਆ। ਇਸ ਮੌਕੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ, ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ, ਚੇਅਰਮੈਨ ਹਰਵੰਤ ਸਿੰਘ, ਚੇਅਰਮੈਨ ਰਮਨ ਕੁਮਾਰ ਸ਼ਰਮਾ, ਬਾਬਾ ਗੁਰਜੀਤ ਸਿੰਘ ਸੋਨੀ, ਠੇਕੇਦਾਰ ਰਣਜੀਤ ਸਿੰਘ ਰਾਣਾ, ਐੱਸਡੀਓ ਨਰਿੰਦਰ ਸਿੰਘ, ਜਸਵੰਤ ਸਿੰਘ ਝਬਾਲ, ਐੱਸਆਈ ਕਸ਼ਮੀਰ ਸਿੰਘ, ਲੇਖਕ ਜਸਬੀਰ ਸਿੰਘ, ਇੰਸ. ਦਿਲਬਾਗ ਸਿੰਘ, ਬਾਬਾ ਗੁਰਨਾਮ ਸਿੰਘ ਸੱਲੋ, ਕਰਤਾਰ ਸਿੰਘ, ਬੀਰ ਸਿੰਘ ਫੌਜੀ, ਸੁੱਚਾ ਸਿੰਘ, ਅਮਰੀਕ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ ਨੰਦਾ, ਗੁਰਮੀਤ ਸਿੰਘ, ਸਾਹਿਬ ਸਿੰਘ ਸਾਬਾ, ਬਲਕਾਰ ਸਿੰਘ, ਸਵਰਨ ਸਿੰਘ, ਕੁਲਵੰਤ ਸਿੰਘ, ਭੋਲਾ ਸਿੰਘ, ਕਾਮਰੇਡ ਬਲਕਾਰ ਸਿੰਘ ਮੁਗਲਾਨੀ, ਨਰਿੰਦਰ ਸਿੰਘ, ਮੈਂਬਰ ਪੰਚਾਇਤ ਕਰਮ ਸਿੰਘ, ਹਰਭਜਨ ਸਿੰਘ, ਗੁਰਦੀਪ ਸਿੰਘ ਅਤੇ ਗੁਰਜਿੰਦਰ ਸਿੰਘ ਨੇ ਪੀੜਤ ਪਰਿਵਾਰ ਨਾਲ ਦੁੱਖ ਦਾ ਇਜ਼ਹਾਰ ਕੀਤਾ।

# ਸਕੂਲ 'ਚ ਟ੍ਰੈਫਿਕ ਨਿਯਮਾਂ ਸੰਬੰਧੀ ਐਜੂਕੇਸ਼ਨ ਸੈੱਲ ਵੱਲੋਂ ਸੈਮੀਨਾਰ



ਟਾਂਗਰਾ (ਲਾਡੀ ਮੱਲ੍ਹੀ)-ਐਕਸੀਡੈਂਟਾਂ ਨਾਲ ਜਾ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਪੁਲਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਐਜੂਕੇਸ਼ਨ ਸੈੱਲ ਨੇ ਦਾਤਾ ਬੰਦੀਛੋੜ ਪਬਲਿਕ ਸਕੂਲ ਅੱਡਾ ਬਾਉਲੀ (ਹਲਕਾ ਅਟਾਰੀ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਾਨਯੋਗ ਐੱਸਐੱਸਪੀ ਸਵੱਪਨ ਸ਼ਰਮਾ ਆਈਪੀਐੱਸ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਏਐੱਸਆਈ ਕਮਲਜੀਤ, ਏਐੱਸਆਈ ਰਣਜੀਤ ਸਿੰਘ ਨੇ ਬੱਚਿਆਂ ਨੂੰ ਟਰੈਫਿਕ ਬਾਰੇ ਜਾਣਕਾਰੀ ਦਿੱਤੀ ਕਿ 16 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਬਿਨਾਂ ਲਾਇਸੈਂਸ ਕੋਈ ਵੀ ਵਹੀਕਲ ਨਾ ਚਲਾਉ ਅਤੇ 18 ਸਾਲ ਤੋਂ ਉਪਰ ਲਾਇਸੈਂਸ ਵਾਲੇ ਵਿਅਕਤੀ ਨੂੰ ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਜ਼ਰੂਰ ਪਾਉ/ਫੋਰ ਵੀਲਰ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਉ, ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਨਾ ਕਰੋ ਅਤੇ ਟਰੈਫਿਕ ਸੰਬੰਧੀ ਹੋਰ ਵੀ ਕਈ ਜਾਣਕਾਰੀਆਂ ਦਿੱਤੀਆਂ ਗਈਆਂ ਤਾਂ ਜੋ ਐਕਸੀਡੈਂਟਾਂ ਤੋਂ ਬਚਾ ਹੋ ਸਕੇ ਅਤੇ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਲੜਕੀਆਂ ਨੂੰ ਹੈਲਪਲਾਈਨ 181/112 ਤੋਂ ਜਾਣੂ ਕਰਵਾਇਆ ਅਤੇ ਸਕੂਲ ਆਉਂਦੇ ਜਾਂਦੇ ਸਮੇਂ ਰਸਤੇ ਵਿੱਚ ਕਿਸੇ ਅਣਜਾਣ ਵਿਅਕਤੀ ਕੋਲੋਂ ਕੋਈ ਚੀਜ਼ ਲੈ ਕੇ ਨਹੀਂ ਖਾਣੀ, ਬਾਰੇ ਵੀ ਪ੍ਰੇਰਿਤ ਕੀਤਾ ਅਤੇ ਸਾਂਝ ਕੇਂਦਰ ਦੀਆਂ ਸਹੂਲਤਾਂ ਬਾਰੇ ਵੀ ਜਾਗਰੂਕ ਕੀਤਾ ਅਤੇ ਵੱਧ ਰਹੇ ਨਸ਼ੇ, ਕ੍ਰਾਈਮ ਨੂੰ ਰੋਕਣ ਲਈ ਪੁਲਸ ਦੀ ਮਦਦ ਕਰਨ ਲਈ ਕਿਹਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ ਅਤੇ ਹੋਰ ਅਧਿਆਪਕ ਸਾਹਿਬਾਨ ਵੀ ਹਾਜ਼ਰ ਸਨ।

# ਕੈਬਨਿਟ ਮੰਤਰੀ ਧਾਲੀਵਾਲ ਵੱਲੋਂ ਪਿੰਡ ਰੰਗੀਲਪੁਰ 'ਚ ਵਿਰਾਸਤੀ ਨੈਚੁਰਲ ਫਾਰਮ ਦਾ ਦੌਰਾ

ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)-ਪੇਂਡੂ ਵਿਕਾਸ ਅਤੇ ਪੰਚਾਇਤਾਂ, ਖੇਤੀਬਾੜੀ ਤੇ ਕਿਸਾਨ ਭਲਾਈ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਬਟਾਲਾ ਨੇੜਲੇ ਪਿੰਡ ਰੰਗੀਲਪੁਰ ਵਿੱਚ ਬਣੇ ਵਿਰਾਸਤੀ ਨੈਚੁਰਲ ਫਾਰਮ ਦਾ ਦੌਰਾ ਕੀਤਾ ਗਿਆ। ਇਸ ਮੌਕੇ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਹਲਕਾ ਵਿਧਾਇਕ ਬਟਾਲਾ, ਡਾ. ਹਿਮਾਂਸ਼ੂ ਅਗਰਵਾਲ ਡਿਪਟੀ ਕਮਿਸ਼ਨਰ ਗੁਰਦਾਸਪੁਰ, ਸਤਿੰਦਰ ਸਿੰਘ ਐੱਸਐੱਸਪੀ ਬਟਾਲਾ, ਐਡਵੋਕੈਟ ਜਗਰੂਪ ਸਿੰਘ ਸੇਖਵਾਂ ਜ਼ਿਲਾ ਇੰਚਾਰਜ ਆਪ ਪਾਰਟੀ, ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ ਬਟਾਲਾ, ਮਨਮੋਹਨ ਸਿੰਘ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਤੇ ਵਿਰਾਸਤੀ ਨੈਚੁਰਲ ਫਾਰਮ ਦੇ ਮਾਲਕ ਗੁਰਮੱਖ ਸਿੰਘ ਕਲਸੀ ਤੇ ਹਰਵਿੰਦਰ ਸਿੰਘ ਕਲਸੀ ਵੀ ਮੌਜੂਦ ਸਨ। ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ ਅਗਾਂਹਵਧੂ ਕਿਸਾਨ ਗੁਰਮੱਖ ਸਿੰਘ ਕਲਸੀ ਵੱਲੋਂ ਬਣਾਏ ਗਏ ਵਿਰਾਸਤੀ ਨੈਚੁਰਲ ਫਾਰਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਖੇਤੀਬਾੜੀ ਦੇ ਮੁੱਖ ਧੰਦੇ ਦੇ ਨਾਲ ਅਜਿਹੇ ਸਾਰਥਕ ਕਾਰਜ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਦੇ ਢੰਗ ਤਰੀਕਿਆਂ ਨੂੰ ਅਪਨਾ ਕੇ ਇਨ੍ਹਾਂ ਕਿਸਾਨ ਭਰਾਵਾਂ ਵਲੋਂ ਆਪਣੀਆਂ ਫਸਲਾਂ ਤੋਂ ਚੰਗਾ ਝਾੜ ਪ੍ਰਾਪਤ ਕੀਤਾ ਜਾ ਰਿਹਾ ਹੈ ਅਤੇ ਕੁਦਰਤੀ ਖੇਤੀ ਰਾਹੀਂ ਪੈਦਾ ਹੋਈ ਉਪਜ ਦਾ ਇਹ ਬਜ਼ਾਰ ਵਿਚੋਂ ਵਧੀਆ ਭਾਅ ਲੈ ਰਹੇ ਹਨ।

ਇਸ ਮੌਕੇ ਧਾਲੀਵਾਲ ਨੇ ਕਿਹਾ ਕਿ ਧਰਤੀ ਹੇਠਲਾ ਪਾਣੀ ਬਚਾਉਣ, ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਅਤੇ ਚੰਗੀ ਸਿਹਤ ਲਈ ਕੁਦਰਤੀ ਖੇਤੀ ਕਰਨਾ ਸਮੇਂ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਵਲੋਂ ਅਜਿਹੇ ਅਗਾਂਹਵਧੂ ਕਿਸਾਨਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਅੰਦਰ ਝੋਨੇ ਹੇਠੋਂ ਰਕਬਾ ਘਟਾ ਕੇ ਕਿਸਾਨਾਂ ਨੂੰ ਮੱਕੀ, ਮੂੰਗੀ, ਬਾਜਰਾ, ਗੰਨਾ ਤੇ ਕਪਾਹ ਆਦਿ ਫਸਲੀ ਵਿਭਿੰਨਤਾ ਨਾਲ ਜੋੜਨ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਕਿਸਾਨਾਂ ਨੂੰ ਮੁੜ ਆਪਣੇ ਵੱਡੇ-ਵਡੇਰਿਆਂ ਵਲੋਂ ਕੀਤੀ ਜਾਂਦੀ ਖੇਤੀ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਸਮੂਹ ਪਿੰਡ ਵਾਸੀਆਂ ਨੇ ਕੈਬਨਿਟ ਮੰਤਰੀ ਧਾਲੀਵਾਲ ਦਾ ਧੰਨਵਾਦ ਕੀਤਾ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਗੁਰਮੁੱਖ ਸਿੰਘ ਕਲਸੀ ਅਗਾਂਹਵਧੂ ਕਿਸਾਨ ਹਨ ਅਤੇ ਸਾਡੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਵਿਰਾਸਤੀ ਨੈਚੁਰਲ ਫਾਰਮ ਰਾਹੀਂ ਉਨਾਂ ਮਿਸਾਲ ਪੈਦਾ ਕੀਤੀ ਹੈ।

## ਕੁਦਰਤੀ ਖੇਤੀ ਕਰ ਰਹੇ ਅਗਾਂਹਵਧੂ ਕਿਸਾਨ ਭਰਾਵਾਂ ਦੇ ਯਤਨਾਂ ਦੀ ਕੀਤੀ ਭਰਵੀਂ ਸਰਾਹਨਾ



ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂ ਅਗਰਵਾਲ ਨੇ ਕਿਹਾ ਉਨਾਂ ਨੂੰ ਬਹੁਤ ਖੁਸ਼ੀ ਹੋਈ ਹੈ ਕਿ ਉਹ ਅੱਜ ਅਗਾਂਹਵਧੂ ਸੋਚ ਰੱਖਣ ਵਾਲੇ ਕਿਸਾਨਾਂ ਦੇ ਪਿੰਡ ਵਿੱਚ ਆਏ ਹਨ ਅਤੇ ਕਿਸਾਨੀ ਦੀ ਬਿਹਤਰੀ ਲਈ ਸ਼ਾਨਦਾਰ ਕੰਮ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਾਰਿਆਂ ਦੇ ਸਹਿਯੋਗ ਨਾਲ ਕੰਮ ਕੀਤਾ ਜਾਵੇਗਾ ਅਤੇ ਸਰਕਾਰ ਦੀ ਭਲਾਈ ਸਕੀਮਾਂ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਵਿੱਚ ਕੋਈ ਢਿੱਲਮੱਠ ਨਹੀਂ ਵਰਤੀ ਜਾਵੇਗੀ।

ਇਸ ਮੌਕੇ ਅਗਾਂਹਵਧੂ ਕਿਸਾਨ ਗੁਰਮੁੱਖ ਸਿੰਘ ਅਤੇ ਉਸਦਾ ਛੋਟਾ ਭਰਾ ਹਰਵਿੰਦਰ ਸਿੰਘ ਨੇ ਕੈਬਨਿਟ ਮੰਤਰੀ ਧਾਲੀਵਾਲ, ਵਿਧਾਇਕ ਸ਼ੈਰੀ ਕਲਸੀ ਤੇ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂ ਅਗਰਵਾਲ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਉਹ ਦੋਵੇਂ ਭਰਾ ਮਿਲ ਕੇ ਸਾਂਝੀ ਖੇਤੀ ਕਰ ਰਹੇ ਹਨ ਅਤੇ ਉਨ੍ਹਾਂ ਨੇ 22 ਏਕੜ ਦੀ ਆਪਣੀ ਖੇਤੀ ਵਿਚੋਂ ਅੱਧੀ ਤੋਂ ਵੱਧ 12 ਏਕੜ ਖੇਤੀ ਨੂੰ ਕੁਦਰਤੀ ਖੇਤੀ ਦੇ ਅਧੀਨ ਲੈ ਆਂਦਾ ਹੈ। ਕਿਸਾਨਾਂ ਭਰਾਵਾਂ ਵਲੋਂ ਆਪਣੀਆਂ ਫਸਲਾਂ ਤੋਂ ਚੰਗਾ ਝਾੜ ਪ੍ਰਾਪਤ ਕੀਤਾ ਜਾ ਰਿਹਾ ਹੈ ਅਤੇ ਕੁਦਰਤੀ ਖੇਤੀ ਰਾਹੀਂ ਪੈਦਾ ਹੋਈ ਉਪਜ ਦਾ ਇਹ ਬਜ਼ਾਰ ਨਾਲੋਂ ਦੁਗਣਾ ਭਾਅ ਲੈ ਰਹੇ ਹਨ।

ਕਿਸਾਨ ਗੁਰਮੁੱਖ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 5 ਸਾਲ ਪਹਿਲਾਂ 1 ਏਕੜ ਤੋਂ ਕੁਦਰਤੀ ਖੇਤੀ ਦੀ ਸ਼ੁਰੂਆਤ ਕੀਤੀ ਸੀ ਅਤੇ ਹੁਣ ਉਹ 12 ਏਕੜ ਵਿੱਚ ਕੁਦਰਤੀ ਖੇਤੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਵਾਲੇ ਖੇਤਾਂ ਵਿੱਚ ਉਹ ਕੋਈ ਖਾਦ ਜਾਂ ਰਸਾਇਣ ਨਹੀਂ ਪਾਉਂਦੇ ਅਤੇ ਨਾ ਹੀ ਕਿਸੇ ਕੀੜੇਮਾਰ ਦਵਾਈ ਅਤੇ ਨਦੀਨ ਨਾਸ਼ਕ ਦਾ ਇਸਤੇਮਾਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਰਾਹੀਂ ਕਣਕ, ਝੋਨਾ, ਮੱਕੀ, ਮਸਰ, ਮਾਂਹ, ਮੂੰਗੀ, ਸਰ੍ਹੋਂ, ਤਿੱਲ, ਕਮਾਦ, ਹਲਦੀ, ਮੱਡਲ, ਪਿਆਜ਼ ਦੀ ਪੈਦਾਵਾਰ ਕੀਤੀ ਜਾ ਰਹੀ ਹੈ।

ਇਸ ਮੌਕੇ ਸੰਦੀਪ ਮਲਹੋਤਰਾ ਡੀਡੀਪੀਓ, ਮਿਤਰਮਾਨ ਸਿੰਘ ਬੀਡੀਪੀਓ ਬਟਾਲਾ, ਗੁਰਜੀਤ ਸਿੰਘ ਬੀਡੀਪੀਓ, ਕਿਰਪਾਲ ਸਿੰਘ ਮੁੱਖ ਖੇਤੀਬਾੜੀ ਅਫਸਰ, ਦਲਜੀਤ ਸਿੰਘ ਬਮਰਾਹ ਪੰਚਾਇਤ ਸਕੱਤਰ, ਸਰਪੰਚ ਰਜਿੰਦਰ ਸਿੰਘ, ਨਵਦੀਪ ਸਿੰਘ, ਅਗਾਂਹਵਧੂ ਕਿਸਾਨ ਗੁਰਬਿੰਦਰ ਸਿੰਘ ਬਾਜਵਾ ਸਾਰਚੂਰ, ਪ੍ਰਭਜੋਤ ਸਿੰਘ, ਸਾਬਕਾ ਸਰਪੰਚ ਅਮਰੀਕ ਸਿੰਘ, ਦਵਿੰਦਰ ਸਿੰਘ ਸਾਬਕਾ ਸਰਪੰਚ, ਬਲਜੀਤ ਸਿੰਘ, ਕੁਲਵੰਤ ਸਿੰਘ, ਹਰਬਖਸ਼ ਸਿੰਘ, ਕਰਨਵੀਰ ਸਿੰਘ ਤੇ ਭੁਪਿੰਦਰ ਸਿੰਘ ਕਲਸੀ ਤੇ ਪਿੰਡ ਵਾਸੀ ਆਦਿ ਮੌਜੂਦ ਸਨ।

# ਤਿੰਨ ਦੁਕਾਨਾਂ ਅੱਗ ਨਾਲ ਸੜ ਕੇ ਹੋਈਆਂ ਸੁਆਹ

**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)** ਬੀਤੀ ਰਾਤ ਨੂਰਪੁਰਬੇਦੀ ਵਿਖੇ ਸਥਿਤ ਪੀਰ ਬਾਬਾ ਜਿੰਦਾ ਸ਼ਹੀਦ ਚੌਕ ਤੇ ਤਿੰਨ ਵੱਖ-ਵੱਖ ਅਸਾਮੀ ਦੁਕਾਨਾਂ ਨੂੰ ਅੱਗ ਲੱਗਣ ਕਾਰਨ ਦੁਕਾਨ ਦਾ ਸਾਰਾ ਸਾਮਾਨ ਸੜ ਕੇ ਸੁਆਹ ਹੋਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਦੀ ਜਾਣਕਾਰੀ ਦਿੰਦਿਆਂ ਹੋਇਆਂ ਨੂਰਪੁਰ ਬੇਦੀ ਦੇ ਥਾਣਾ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਕਰੀਬ ਉਹਨਾਂ ਨੂੰ ਡੇਢ ਵਜੇ ਫੋਨ ਆਇਆ ਕਿ ਨੂਰਪੁਰ ਬੇਦੀ ਮੁੱਖ ਮਾਰਗ ਤੇ ਸਥਿਤ ਪੀਰ ਬਾਬਾ ਜਿੰਦਾ ਤੇ ਸਥਿਤ ਤਿੰਨ ਅਲੱਗ-ਅਲੱਗ ਦੁਕਾਨਾਂ ਨੂੰ ਅੱਗ ਲੱਗੀ ਹੋਈ ਹੈ ਜਿਸ ਦੇ ਚਲਦਿਆਂ ਉਪਰੰਤ ਆਪਣੀ ਟੀਮ ਨੂੰ ਨਾਲ ਲੈ ਕੇ ਮੌਕੇ ਤੇ ਪਹੁੰਚ ਗਏ ਤੇ 1 ਘੰਟੇ ਦੀ ਮੁਸ਼ੱਕਤ ਤੋਂ ਬਾਦ ਅੱਗ ਤੇ ਕਾਬੂ ਪਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਤ ਸ਼ੁੱਕਾ ਮਸਾਲਾ ਵੇਚਣ ਵਾਲੇ ਦੁਕਾਨਦਾਰ ਰਾਮ ਲਾਲ ਪਲਾਸਟਿਕ ਦੇ ਦੁਕਾਨਦਾਰ ਨਰੇਸ਼ ਕੁਮਾਰ ਬਿੱਲਾ ਤੇ ਮਨਿਆਰੀ ਦੀ ਦੁਕਾਨ ਦੇ ਮਾਲਕ ਵਿਸਾਲ ਭਾਰਦਵਾਜ ਨੇ ਦੱਸਿਆ ਕੀ ਬੀਤੀ ਰਾਤ ਨੂੰ ਉਹਨਾਂ ਨੂੰ ਵੀ ਵੱਖ ਵੱਖ ਲੋਕਾਂ ਦੇ ਫੋਨ ਆਉਣ ਤੋਂ ਬਾਅਦ ਜਦੋਂ ਉਨ੍ਹਾਂ ਨੇ ਆਕੇ ਦੇਖਿਆ ਤਾਂ ਦੁਕਾਨਾਂ 'ਚ ਅੱਗ ਲੱਗੀ ਹੋਈ ਸੀ ਤੇ ਸਾਰਾ ਸਮਾਨ ਜਲ ਕੇ ਰਾਖ ਹੋ ਗਿਆ ਸੀ ਇਸ ਅੱਗ ਦੇ ਕਾਰਨ ਉਨ੍ਹਾਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮਦਦ ਦੀ ਗੁਹਾਰ ਲਗਾਈ ਹੈ। ਭਾਵੇਂ ਕਿ ਅੱਗ ਲੱਗਣ ਦੇ ਕਾਰਨ ਦਾ ਅਜੇ ਤੱਕ ਪਤਾ ਨਹੀਂ ਲੱਗਿਆ ਪਰੰਤੂ ਪੁਲਿਸ ਵੱਲੋਂ ਕੀਤੀ ਜਾਂਚ ਰਾਹੀਂ ਉਨ੍ਹਾਂ ਨੇ ਦੱਸਿਆ ਹੈ ਕਿ ਹੋ ਸਕਦਾ ਹੈ ਕਿ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਹੋ ਸਕਦਾ ਹੈ। ਪੀੜਤ ਦੁਕਾਨਦਾਰਾਂ ਦੀ ਮਦਦ ਦੇ ਲਈ ਅੱਗੇ ਆਏ ਹਰ ਦੁਕਾਨਦਾਰ ਤੇ ਸਮਾਜ ਸੇਵੀ ਅੱਗ ਦੀ ਘਟਨਾ ਸੰਬੰਧੀ ਪਤਾ ਲੱਗਣ 'ਤੇ ਸਵੇਰ ਸਾਰ ਹੀ ਅੱਡਾ ਮਾਰਕੀਟ ਦੇ ਦੁਕਾਨਦਾਰਾਂ ਅਤੇ ਇਲਾਕੇ ਦੇ ਸਮਾਜ ਸੇਵੀ ਗੌਰਵ ਰਾਣਾ ਬੱਬੂ ਚੱਡਾ ਮਾਸਟਰ ਗੁਰਨੈਬ ਸਿੰਘ ਜੇਤੇਵਾਲ ਆਰਕੇ ਬਾਵਾ ਰਾਣੂ ਬਾਂਸਲ ਵੈਲੀ ਸੰਜੇ ਸੈਣੀ ਲੋਕ ਮੌਕੇ 'ਤੇ ਪਹੁੰਚ ਗਏ ਸਨ। ਉਹਨਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਲਾਕੇ ਦੇ ਸਹਿਯੋਗ ਨਾਲ ਤੇ ਦੁਕਾਨਦਾਰਾਂ ਦੇ ਸਹਿਯੋਗ ਨਾਲ ਇਨ੍ਹਾਂ ਦੀ ਮੁੱਢਲੀ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ ਤੇ ਨਾਲ ਹੀ ਸਮਾਜ ਸੇਵੀ ਆਗੂਆਂ ਨੇ ਕਿਹਾ ਕਿ ਪੀੜਤ ਦੁਕਾਨਦਾਰਾਂ ਦੀ ਮਦਦ ਲਈ ਜਿਥੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੀਰ ਬਾਬਾ ਜਿੰਦਾ ਸ਼ਹੀਦ ਸੁਸਾਇਟੀ ਦੇ ਫੰਡ ਵਿੱਚੋਂ ਮਦਦ ਦੇਵੇਗੀ। ਉਥੇ ਹੀ ਹੋਰ ਦੁਕਾਨਦਾਰ ਅਤੇ ਇਲਾਕੇ ਦੇ ਲੋਕ ਆਪਣੇ ਪੱਧਰ 'ਤੇ ਮੱਦਦ ਲਈ ਜੁਟ ਗਏ ਹਨ। ਇਸ ਮੌਕੇ ਪੰਚਾਇਤ ਮੈਂਬਰ ਅਸ਼ੋਕ ਕੁਮਾਰ, ਆਗੂ ਵਿਜੇ ਪੁਰੀ ਕਾਂਗਰਸ ਦੇ ਸਾਬਕਾ ਪ੍ਰਧਾਨ ਆਦਿ ਪਹੁੰਚੇ। ਜਦ ਕਿ ਪ੍ਰਸ਼ਾਸ਼ਨ ਵੱਲੋਂ ਤਸੀਲਦਾਰ ਨੂਰਪੁਰਬੇਦੀ ਤੇ ਮਾਲ ਵਿਭਾਗ ਦੇ ਅਧਿਕਾਰੀ ਵੀ ਘਟਨਾ ਸਥਲ ਤੇ ਜਾਇਜਾ ਲੈਣ ਲਈ ਪਹੁੰਚੇ।



# ਚਿੱਟੇ ਕਬੂਤਰਾਂ ਦੀ ਨੀਲੇ ਅੰਬਰ ਵੱਲ ਪ੍ਰਵਾਜ਼ ਨਾਲ ਕਾਸੂਪੁਰ ਦਾ ਖੇਡ ਮੇਲਾ ਸ਼ੁਰੂ

**ਸ਼ਾਹਕੋਟ (ਗਿਆਨ ਸੈਦਪੁਰੀ)**-ਖੇਡ ਖੇਤਰ ਵਿੱਚ ਮਾਣ ਮੱਤਾ ਸਥਾਨ ਰੱਖਣ ਵਾਲੇ ਪਿੰਡ ਕਾਸੂਪੁਰ (ਸ਼ਾਹਕੋਟ) ਦਾ ਖੇਡ ਮੇਲਾ ਸ਼ਨਿੱਚਰਵਾਰ ਨੂੰ ਧੂਮ ਧੜੱਕੇ ਨਾਲ ਸ਼ੁਰੂ ਹੋ ਗਿਆ। ਚਾਨਣ ਸਿੰਘ ਚੰਦੀ ਪ੍ਰਦੁੱਮਣ ਸਿੰਘ ਚੰਦੀ ਯਾਦਗਾਰੀ ਸਪੋਰਟਸ ਕਲੱਬ ਕਾਸੂਪੁਰ ਵੱਲੋਂ ਪਿੰਡ ਦੇ ਸ਼ਾਨਦਾਰ ਖੇਡ ਸਟੇਡੀਅਮ ਵਿੱਚ ਇਹ ਖੇਡ ਮੇਲਾ 5 ਦਸੰਬਰ ਐਤਵਾਰ ਤੱਕ ਚੱਲੇਗਾ। ਪਹਿਲੇ ਦਿਨ ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਡਾ ਰਾਜਦੀਪ ਸਿੰਘ ਆਈ.ਏ.ਐਸ ਐਡੀਸ਼ਨਲ ਕਮਿਸ਼ਨਰ ਜਲੰਧਰ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਦੇ ਤੌਰ 'ਤੇ ਵਰਿੰਦਰਪਾਲ ਸਿੰਘ ਬਾਜਵਾ ਪੀ.ਸੀ.ਐਸ. ਏ.ਡੀ.ਸੀ. ਜਲੰਧਰ, ਵਿਕਰਾਂਤ ਬੰਘੇਤਰਾ ਆਈ.ਆਰ.ਐਸ, ਦਿਲਪ੍ਰੀਤ ਸਿੰਘ ਆਈ.ਪੀ.ਐਸ, ਪਰਮਵੀਰ ਸਿੰਘ ਡਾਇਰੈਕਟਰ ਅਜੀਤ ਪ੍ਰਕਾਸ਼ਨ ਸਮੂਹ ਅਤੇ ਸ੍ਰੀਮਤੀ ਊਸ਼ਾ ਮਾਹੀ ਵਾਈਸ ਪ੍ਰਿੰਸੀਪਲ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਨੇ ਖੇਡ ਮੇਲੇ ਵਿੱਚ ਸ਼ਿਰਕਤ ਕੀਤੀ। ਚਾਨਣ ਸਿੰਘ ਚੰਦੀ ਪ੍ਰਦੁੱਮਣ ਸਿੰਘ ਚੰਦੀ ਯਾਦਗਾਰੀ ਸਪੋਰਟਸ ਕਲੱਬ ਦੇ ਜਥੇਬੰਦਕ ਸਕੱਤਰ ਕੰਵਰਜੀਤ ਸਿੰਘ ਚੰਦੀ ਨੇ ਮੰਚ ਸੰਚਾਲਨ ਕਰਦਿਆਂ ਸ਼ਾਇਰਾਨਾ ਅੰਦਾਜ਼ ਵਿੱਚ ਸ਼ਬਦਾਂ ਦੀ ਸਵਾਗਤ ਕੀਤਾ। ਲਖਵੀ ਚੰਦੀ ਨੇ ਉਚੇਰ ਸ਼ਖ਼ਸੀਅਤਾਂ ਦੀ ਪ੍ਰਤੀਭਾ ਦੇ ਦੀਦਾਰ ਕਰਵਾਉਣ ਦੇ ਨਾਲ ਨਾਲ ਕਾਸੂਪੁਰ ਦੇ ਖੇਡ ਮੇਲੇ ਦੇ ਸ਼ਾਨਾਮੱਤੇ ਸਫ਼ਰ ਦੀ ਵੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਖੇਡਾਂ ਦੀ ਮਹੱਤਤਾ ਦੀ ਗੱਲ ਕਰਦਿਆਂ ਅਜੋਕੇ ਦੌਰ ਦੇ ਸਮਾਜਕ ਵਰਤਾਰੇ 'ਤੇ ਫਿਕਰਮੰਦੀ ਜ਼ਾਹਰ ਕੀਤੀ। ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਚੰਦੀ, ਡਾਇਰੈਕਟਰ ਭੁਪਿੰਦਰ ਸਿੰਘ ਥਿੰਦ ਦੀ ਅਗਵਾਈ ਵਿੱਚ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੇ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਚਿੱਟੇ ਕਬੂਤਰਾਂ ਦੀ ਅੰਬਰੀ ਉਡਾਰੀ ਨੇ ਵੱਖਰਾ ਨਜ਼ਾਰਾ ਪੇਸ਼ ਕੀਤਾ। ਇਸੇ ਦੌਰਾਨ ਵੱਖ ਵੱਖ ਸਕੂਲਾਂ ਦੇ ਬੱਚਿਆਂ ਦੇ ਮਾਰਚ ਪਾਸਟ ਕੀਤਾ। ਮੁੱਖ ਮਹਿਮਾਨ ਰਾਜਦੀਪ ਸਿੰਘ ਆਈ.ਏ.ਐਸ. ਨੇ ਮਾਰਚ ਪਾਸਟ ਤੋਂ ਸਲਾਮੀ ਲਈ। ਮਾਰਚ ਪਾਸਟ ਦੇ ਇੰਚਾਰਜ ਰਣਜੀਤ ਸਿੰਘ (ਫੁਲਵਾੜੀ ਸਕੂਲ) ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਬੁੱਕੇ ਭੇਟ ਕੀਤੇ। ਫੁਲਵਾੜੀ ਪਬਲਿਕ ਸਕੂਲ ਲੋਹੀਆਂ ਦੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੀ ਝਲਕ ਵਿਖਾਉਂਦਾ ਗਿੱਧਾ ਪੇਸ਼ ਕੀਤਾ। ਰਾਜਦੀਪ ਸਿੰਘ ਆਈ.ਏ.ਐਸ. ਨੇ ਆਪਣੇ ਸੰਖੇਪ ਸੰਬੋਧਨ ਵਿੱਚ ਕਿਹਾ ਕਿ ਉਹ ਆਪਣੇ ਆਪ ਨੂੰ ਭਾਗਾਂ ਵਾਲਾ ਮਹਿਸੂਸ ਕਰਦੇ ਹਨ ਕਿ ਉਹ ਅੱਜ ਸ਼ਹੀਦ-ਏ- ਆਜ਼ਮ ਭਗਤ ਸਿੰਘ ਸ਼ਹੀਦ ਊਧਮ ਸਿੰਘ ਦੇ ਸਮਰਪਿਤ ਸ਼ਾਨਦਾਰ ਟੂਰਨਾਮੈਂਟ ਦਾ ਹਿੱਸਾ ਬਣੇ ਹਨ। ਉਨ੍ਹਾਂ ਨੇ ਸਕੂਲੀ ਬੱਚਿਆਂ ਵੱਲੋਂ ਪੇਸ਼ ਕੀਤੇ ਸੱਭਿਆਚਾਰਕ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਪ੍ਰਬੰਧਕਾਂ ਦੇ ਉਪਰਾਲੇ ਨੂੰ ਵੀ ਸਲਾਹਿਆ। ਇਸੇ ਦੌਰਾਨ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨਾਂ ਦਾ ਸ਼ਾਲ ਤੇ ਟਰਾਫੀ ਦੇ ਕੇ ਸਨਮਾਨ ਕੀਤਾ ਗਿਆ। ਟੂਰਨਾਮੈਂਟ ਦੇ ਪਹਿਲੇ ਦਿਨ 70 ਕਿੱਲੋ ਭਾਰ ਵਰਗ ਦੀ ਕਬੱਡੀ ਅਤੇ ਵਾਲੀਬਾਲ ਓਪਨ ਦੇ ਬਹੁਤ ਸਾਰੇ ਮੁਕਾਬਲੇ ਹੋਏ। ਕਬੱਡੀ 70 ਕਿੱਲੋ ਭਾਰ ਵਰਗ ਵਿੱਚ ਫ਼ਤਿਹਗੜ੍ਹ ਦੀ ਟੀਮ ਨੇ ਗਿੱਦੜਪਿੰਡੀ ਦੀ ਟੀਮ ਨੂੰ ਹਰਾਇਆ। ਵਾਲੀਬਾਲ ਓਪਨ ਵਿੱਚ ਬਾਜਵਾ ਕਲਾਂ ਦੀ ਟੀਮ ਨੇ ਗੁੱਦਾਵਾਲ ਦੀ ਟੀਮ ਨੂੰ ਹਰਾਇਆ। ਖ਼ਾਲਸਾ ਕਾਲਜ ਜਲੰਧਰ ਅਤੇ ਸਿਧਾਂਵਾਲ ਦਰਮਿਆਨ ਹੋਏ ਮੈਚ ਵਿੱਚ ਖ਼ਾਲਸਾ ਕਾਲਜ ਦੀ ਟੀਮ ਜੇਤੂ ਰਹੀ। ਕਬੱਡੀ 70 ਕਿੱਲੋ ਭਾਰ ਵਰਗ ਦੇ ਇੱਕ ਹੋਰ ਦਿਲਚਸਪ ਮੈਚ ਵਿੱਚ ਸੈਦੋਵਾਲ ਨੇ ਪੂਨੀਆ ਨੂੰ ਹਰਾਇਆ। ਟੂਰਨਾਮੈਂਟ ਵੇਲੇ ਅਰਵਿੰਦਰ ਸਿੰਘ ਕੰਗ, ਗੁਰਪਾਲ ਸਿੰਘ ਕਿਲੀਵਾਲਾ ਅਤੇ ਜੀ.ਐਸ ਕਲੇਰ ਨੇ ਫ਼ਰਜ਼ ਨਿਭਾਏ। ਖੇਡ ਮੇਲੇ ਵਿੱਚ ਹੋਰਨਾਂ ਤੋਂ ਇਲਾਵਾ ਬੀ.ਡੀ.ਪੀ.ਓ ਸ਼ਾਹਕੋਟ ਪਿਆਰ ਸਿੰਘ, ਸਵਰਨ ਸਿੰਘ ਚੰਦੀ(ਕਨੇਡਾ), ਗੁਲਜ਼ਾਰ ਸਿੰਘ ਥਿੰਦ ਤੇ ਸੁਰਿੰਦਰਜੀਤ ਸਿੰਘ ਚੱਠਾ ਦੋਵੇਂ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਲਖਵਿੰਦਰ ਸਿੰਘ ਜੌਹਲ, ਯਸ਼ਪਾਲ ਗੁਪਤਾ, ਡਾ ਅਰਵਿੰਦਰ ਸਿੰਘ ਰੂਪਰਾ, ਕੇਵਲ ਸਿੰਘ ਰੂਪੇਵਾਲੀ ਸਾਬਕਾ ਐਮ.ਡੀ. ਸਹਿਕਾਰੀ ਬੈਂਕ ਜਲੰਧਰ, ਦਰਸ਼ਨ ਸਿੰਘ ਥਿੰਦ(ਯੂ.ਐਸ.ਏ), ਅਜੀਤ ਸਿੰਘ ਚੱਠਾ(ਕਨੇਡਾ), ਦੇਸ ਰਾਜ ਪਰਜੀਆਂ, ਸੁਖਵਿੰਦਰ ਸਿੰਘ ਟੋਨੀ, ਗੁਰਦੇਵ ਸਿੰਘ ਮੀਏਵਾਲ, ਬਿਅੰਤ ਸਿੰਘ ਮੀਏਵਾਲ, ਸੁਖਦੇਵ ਸਿੰਘ ਢੇਟ ਬਾਹਮਣੀਆਂ, ਜਿੰਮਖਾਨਾ ਕਲੱਬ ਜਲੰਧਰ ਦੇ ਮੁੱਖ ਕੋਚ ਜਤਿੰਦਰ ਸੈਨੀ, ਕੋਚ ਮਨਪ੍ਰੀਤ ਸਿੰਘ ਖਿੰਡਾ, ਕਰਾਟੇ ਕੋਚ ਦਲਜੀਤ ਸਿੰਘ, ਪ੍ਰੋਜ ਚੰਦਰ ਕਾਂਤਾ, ਪ੍ਰੋਜ ਹਰਮਨਪ੍ਰੀਤ ਕੌਰ(ਸਰਕਾਰੀ ਕਾਲਜ ਸ਼ਾਹਕੋਟ) ਡਾ ਨਿਰੰਜਣ ਸਿੰਘ, ਅਮਰਜੀਤ ਸੱਭਰਵਾਲ ਆਦਿ ਸ਼ਾਮਲ ਸਨ।



ਮੁੱਖ ਮਹਿਮਾਨ ਡਾ ਰਾਜਦੀਪ ਸਿੰਘ ਦਾ ਸਨਮਾਨ ਕਰਦੇ ਹੋਏ ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਚੰਦੀ, ਜਥੇਬੰਦਕ ਸਕੱਤਰ ਕੰਵਰਜੀਤ ਸਿੰਘ ਚੰਦੀ ਤੇ ਹੋਰ।

# ਸੇਂਟ ਸੋਲਜਰ ਵਿਦਿਆਰਥੀਆਂ ਨੇ ਮਨਾਇਆ ਏਡਜ਼ ਦਿਵਸ

ਜਲੰਧਰ, (ਉੱਭੀ)- ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਵਲੋਂ ਏਡਜ਼ ਦੇ ਪ੍ਰਤੀ ਜਾਗਰੂਕ ਕਰਣ ਦੇ ਮੰਤਵ ਨਾਲ ਵਿਸ਼ਵ ਏਡਜ਼ ਦਿਵਸ 'ਤੇ ਏਡਜ਼ ਜਾਗਰੂਕਤਾ ਰੈਲੀ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿੱਚ ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਮੰਡੀ ਬ੍ਰਾਂਚ ਦੇ ਵਿਦਿਆਰਥੀਆਂ ਨੇ ਹੱਥਾਂ ਵਿੱਚ ਏਡਜ਼ ਜਾਗਰੂਕਤਾ ਦੇ ਸੰਦੇਸ਼ ਫੜ ਭਾਗ ਲਿਆ। ਵਿਦਿਆਰਥੀਆਂ ਨੇ ਰੈਡ ਰਿਬਨ ਲਗਾ ਜਾਗਰੂਕਤਾ ਫੈਲਾਉਂਦੇ ਹੋਏ ਸਭ ਨੂੰ ਏਡਜ਼ ਵਰਗੀ ਖਤਰਨਾਕ ਬਿਮਾਰੀ ਦੇ ਪ੍ਰਤੀ ਜਾਗਰੂਕ ਕੀਤਾ। ਵਿਦਿਆਰਥੀਆਂ ਰਣਵੀਰ, ਪ੍ਰਿੰਸ, ਆਯੂਸ਼, ਰਾਘਵ, ਰਿਆ, ਜਿਆ, ਜਾਨਵੀ, ਸਾਰਥਿਕ, ਅਮਨ, ਪੂਜਾ, ਦਿਆ ਆਦਿ ਨੇ ਹੱਥਾਂ ਵਿੱਚ ਬੀ ਪਾਜ਼ਿਟਿਵ, ਟੇਸਟ ਨੈਗੇਟਿਵ, ਸਟਾਪ ਏਡਜ਼, ਏਡਜ਼ ਹਟਾਓ ਜ਼ਿੰਦਗੀ ਬਚਾਓ ਆਦਿ ਦੇ ਪੋਸਟਰ ਫੜ ਅਤੇ ਚਿਹਰੇ 'ਤੇ ਮਾਸਕ ਪਾ ਕੇ ਖਤਰਨਾਕ ਰੋਗ ਦੇ ਬਾਰੇ ਵਿੱਚ ਜਾਗਰੂਕਤਾ ਫੈਲਾਈ। ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਕਿਹਾ ਕਿ ਇਸ ਖਤਰਨਾਕ ਬਿਮਾਰੀ ਦੇ ਨਾਲ ਲੜਨ ਲਈ ਸਾਨੂੰ ਯੂਥ ਨੂੰ ਨਾਲ ਜੋੜ ਕੇ ਵੱਡੇ ਪੱਧਰ 'ਤੇ ਜਾਗਰੂਕ ਕਰਨਾ ਚਾਹੀਦਾ ਹੈ ਅਤੇ ਜ਼ਿਆਦਾ ਤੋਂ ਜ਼ਿਆਦਾ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ ਕਿਉਂਕਿ ਇਸ ਬਿਮਾਰੀ ਦਾ ਇੱਕਮਾਤਰ ਇਲਾਜ ਜਾਗਰੂਕਤਾ ਹੀ ਹੈ।



# ਸਤਲੁਜ ਵਰਲਡ ਸਕੂਲ ਵਿਖੇ ਚੌਥਾ ਸਾਲਾਨਾ ਖੇਡ ਮੇਲਾ



**ਡੇਰਾਬੱਸੀ (ਸੁਧੀਰ ਮਿਡਾ)**-ਸਥਾਨਕ ਸਤਲੁਜ ਵਰਲਡ ਸਕੂਲ ਵਿਖੇ ਦੋ ਰੋਜਾ ਸਾਲਾਨਾ ਖੇਡ ਮੇਲਾ ਕਰਵਾਇਆ ਗਿਆ। ਇਸ ਦਾ ਉਦਘਾਟਨ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕੀਤਾ। ਦੂਜੇ ਦਿਨ ਸੀ.ਬੀ.ਐਸ.ਈ.ਦੀ ਡਿਵੀਜਨਲ ਡਾਇਰੈਕਟਰ ਸ੍ਰੀਮਤੀ ਸਵੇਤਾ ਅਰੋੜਾ ਨੇ ਰੀਬਨ ਕੱਟ ਕੇ ਪ੍ਰੋਗਰਾਮ ਦਾ ਉਦਘਾਟਨ ਕੀਤਾ। ਕਾਲਜ ਚੇਅਰਮੈਨ ਗੌਰਵ ਗੋਇਲ, ਵਾਈਸ ਪ੍ਰਿੰਸੀਪਲ ਡੇਜੀ ਗੋਇਲ ਅਤੇ ਪ੍ਰਿੰਸੀਪਲ ਸੁਮਨ ਸ਼ਰਮਾ ਵੱਲੋਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਕੁਲਜੀਤ ਰੰਧਾਵਾ ਨੇ ਕਿਹਾ ਕਿ ਅਧਿਆਪਕ ਕਦੇ ਵੀ ਆਪਣੇ ਵਿਦਿਆਰਥੀਆਂ ਦਾ ਬੁਰਾ ਨਹੀਂ ਮਹਿਸੂਸ ਕਰ ਸਕਦੇ। ਮਾਪਿਆਂ ਨੂੰ ਵੀ ਅਧਿਆਪਕਾਂ ਨੂੰ ਉਹੀ ਸਤਿਕਾਰ ਦੇਣਾ ਚਾਹੀਦਾ ਹੈ ਜਿੰਨਾ ਇੱਕ ਵਿਦਿਆਰਥੀ ਨੂੰ ਅਧਿਆਪਕ ਨੂੰ ਦੇਣਾ ਚਾਹੀਦਾ ਹੈ। ਇਸ ਉਪਰੰਤ ਵੱਖ-ਵੱਖ ਤਰ੍ਹਾਂ ਦੀਆਂ ਦੌੜਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ। ਇਨ੍ਹਾਂ ਵਿੱਚ 200 ਮੀਟਰ, 400 ਮੀਟਰ ਦੌੜ, ਚੇਨ ਮੇਕਿੰਗ, ਰਿਲੇਅ ਅਤੇ ਹੂਲਾ-ਹੂਪ ਦੌੜ ਆਦਿ ਸ਼ਾਮਲ ਸਨ। ਵੱਖ-ਵੱਖ ਮੁਕਾਬਲਿਆਂ ਵਿੱਚ ਮਾਪਿਆਂ ਨੇ ਵੀ ਭਾਗ ਲਿਆ। ਸਾਰੀਆਂ ਖੇਡਾਂ ਵਿੱਚ ਅੱਵਲ ਸਥਾਨ ਹਾਸਲ ਕਰਨ ਵਾਲੇ ਖਿਡਾਰੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਦੇ ਕੇ ਨਿਵਾਜਿਆ ਗਿਆ। ਹਾਊਸ ਮੁਕਾਬਲਿਆਂ ਵਿੱਚ ਐਕਵਾ ਹਾਊਸ ਜੇਤੂ ਰਿਹਾ। ਪ੍ਰੋਗਰਾਮ ਦੇ ਅੰਤ ਵਿੱਚ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਲੋਕ ਨਾਚ ਭੰਗੜਾ ਪੇਸ਼ ਕੀਤਾ ਗਿਆ।

# ਵਿਦਿਆਰਥੀਆਂ ਨੂੰ ਪ੍ਰਵਾਸੀ ਪੰਜਾਬੀ ਦੀ ਮਦਦ ਨਾਲ ਜਰਸੀਆਂ ਕੀਤੀਆਂ ਭੇਟ

**ਅੱਡਾ ਸਰਾਂ (ਕਾਜਲ )** : ਸਰਕਾਰੀ ਐਲੀਮੈਂਟਰੀ ਸਕੂਲ ਬੁੱਢੀਪਿੰਡ ਵਿਚ ਹੋਏ ਸਮਾਗਮ ਦੌਰਾਨ ਪ੍ਰਵਾਸੀ ਪੰਜਾਬੀ ਪਰਿਵਾਰ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਬੂਟ ਅਤੇ ਜਰਸੀਆਂ ਭੇਟ ਕੀਤੀਆਂ ਗਈਆਂ।

ਸੁਮਨ ਰਾਣੀ ਦੀ ਅਗਵਾਈ ਵਿਚ ਹੋਏ ਸਮਾਗਮ ਦੌਰਾਨ ਮਨੀ ਸਿੰਘ ਕੈਨੇਡਾ ਦੇ ਪਰਿਵਾਰ ਵੱਲੋਂ ਸਰਦੀ ਦੇ ਮੌਸਮ ਨੂੰ ਦੇਖਦੇ ਹੋਏ ਬੱਚਿਆਂ ਨੂੰ ਬੂਟ ਅਤੇ ਜਰਸੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਇਲਾਕੇ ਵਿਚ ਇਸ ਮਿਸ਼ਨ ਦੀ ਵਾਗਡੋਰ ਸੰਭਾਲਣ ਵਾਲੇ ਕੋਚ ਪਾਲ ਸਿੰਘ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀ ਮਨੀ ਸਿੰਘ ਦੇ ਸਹਿਯੋਗ ਨਾਲ ਇਲਾਕੇ ਦੇ ਹੋਰ ਸਕੂਲਾਂ ਵਿਚ ਵੀ ਜਰਸੀਆਂ ਭੇਟ ਕੀਤੀਆਂ ਜਾਣਗੀਆਂ। ਇਸ ਮੌਕੇ ਸੁਖਵੀਰ ਸਿੰਘ ਚੌਹਾਨ, ਪ੍ਰਦੀਪ ਸਿੰਘ,ਦਲਵੀਰ ਸਿੰਘ,ਮਨਜੀਤ ਸਿੰਘ,ਉਂਕਾਰ ਸਿੰਘ, ਰਣਜੀਤ ਕੌਰ,ਸੰਦੀਪ ਕੁਮਾਰੀ,ਅਜੇ ਕੁਮਾਰ ਆਦਿ ਮੌਜੂਦ ਸਨ।



# ਜੋਸ਼ ਤੇ ਉਤਸ਼ਾਹ ਨਾਲ ਦੋਆਬਾ ਸਕੂਲ 'ਚ ਹੋਈ ਕਲਸਟਰ ਦੀ ਸ਼ੁਰੂਆਤ



**ਮਾਹਿਲਪੁਰ (ਸਫਰੀ)** ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਦੋਆਬਾ ਪਬਲਿਕ ਸਕੂਲ ਦੋਹਲਰੋਂ , ਮਾਹਿਲਪੁਰ ਵਿੱਚ ਚੇਅਰਪਰਸਨ ਹਰਪ੍ਰੀਤ ਕੌਰ ਦੀ ਅਗਵਾਈ ਹੇਠ ਤਿੰਨ ਦਿਨਾਂ ਖੋ-ਖੋ ਦੇ ਟੂਰਨਾਮੈਂਟ ਸ਼ੁਰੂ ਕਰਵਾਏ ਗਏ । ਮੈਨੇਜਿੰਗ ਡਾਇਰੈਕਟਰ ਹਰਜਿੰਦਰ ਸਿੰਘ ਗਿੱਲ ਨੇ ਮਾਣਮੱਤੇ ਪਲਾਂ ਬਾਰੇ ਦੱਸਿਆ ਕਿ ਸੀ.ਬੀ.ਐਸ.ਸੀ. ਕਲਸਟਰ ਅਠਾਰਾਂ ਖੋ-ਖੋ ਟੂਰਨਾਮੈਂਟ ਅੰਡਰ 19 ਲੜਕੇ ਤੇ ਲੜਕੀਆਂ ਦੋਆਬਾ ਸਕੂਲ ਮਾਹਿਲਪੁਰ ਵਿੱਚ ਪੂਰੇ ਜੋਸ਼ ਤੇ ਉਤਸ਼ਾਹ ਨਾਲ ਸ਼ੁਰੂ ਹੋਏ । ਜਿਸ ਦੀ ਪ੍ਰਧਾਨਗੀ ਐਸ. ਡੀ. ਐਮ. ਗੜ੍ਹਸ਼ੰਕਰ ਪ੍ਰੀਤਇੰਦਰ ਸਿੰਘ ਬੈਂਸ ਨੇ ਕੀਤੀ । ਉਹਨਾਂ ਨੇ ਗੁਬਾਰੇ ਤੇ ਸ਼ਾਂਤੀ ਦੇ ਪ੍ਰਤੀਕ ਕਬੂਤਰ ਉਡਾਏ । ਉਹਨਾਂ ਨੇ ਖਿਡਾਰੀਆਂ ਨੂੰ ਸੁੱਭ ਇੱਛਾਵਾਂ ਭੇਟ ਕੀਤੀਆਂ , ਮਾਰਚ- ਪਾਸਟ ਤੋਂ ਸਲਾਮੀ ਲਈ ਤੇ ਸਕੂਲ ਦੇ ਵਿਦਿਆਰਥੀ ਜੋਬਨਪ੍ਰੀਤ ਸਿੰਘ ਨੇ ਅਨੁਸਾਸ਼ਨ ਵਿੱਚ ਰਹਿ ਕੇ ਖੇਡਣ ਦੀ ਸਹੁੰ ਚੁੱਕਾਈ । ਸਕੂਲ ਦੇ ਵਿਦਿਆਰਥੀਆਂ ਵਲੋਂ ਰੰਗਾਰੰਗ ਪ੍ਰੋਗਰਾਮ ਲੋਕ ਨਾਚ ਗਿੱਧਾ ਪੇਸ਼ ਕੀਤਾ ਗਿਆ । ਡਾਇਰੈਕਟਰ ਗੁਰਿੰਦਰ ਸਿੰਘ ਬੈਂਸ ਤੇ ਇਸਮੀਤ ਸਿੰਘ ਬੈਂਸ ਨੇ ਖਿਡਾਰੀਆਂ ਨਾਲ ਜਾਣ - ਪਛਾਣ ਕੀਤੀ । ਮੈਚਾਂ ਵਿੱਚ ਸ੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ ਅੰਮ੍ਰਿਤਸਰ ਤੇ ਸੇਂਟ ਸੋਲਜਰ ਇਲਾਈਟ ਕੌਨਵੈਂਟ ਸਕੂਲ ਅੰਮ੍ਰਿਤਸਰ ਤੇ ਸ੍ਰੀ ਗੁਰੂ ਰਾਮ ਰਾਏ ਪਬਲਿਕ ਸਕੂਲ ਲੁਧਿਆਣਾ ਜੇਤੂ ਰਹੇ । ਇਸ ਮੌਕੇ 'ਤੇ ਪ੍ਰਿੰਸੀਪਲ ਅਰੁਣ ਗੁਪਤਾ , ਮੈਡਮ ਸੁਖਵਿੰਦਰ ਕੌਰ ਗਿੱਲ , ਆਬਜਰਬਰ ਸੰਜੀਵ ਕੁਮਾਰ, ਡੀ.ਪੀ. ਰਜਨੀ , ਕਮਲਪ੍ਰੀਤ ਸਿੰਘ , ਮਹਿੰਦਰ ਸਿੰਘ , ਪੂਜਾ ਰਾਣੀ , ਅਜੈ ਕੁਮਾਰੀ , ਸ਼ੈਲੀ ਸ਼ਰਮਾ , ਵਿਨੈ ਕੁਮਾਰ , ਦੀਪਿਕਾ , ਸੋਹੇਲ ਗਾਂਧੀ , ਕੁਲਵੰਤ ਸਿੰਘ , ਜਸਦੀਪ ਸਿੰਘ ਤੇ ਸਮੂਹ ਸਟਾਫ ਮੈਂਬਰ ਮੌਜੂਦ ਸਨ ।

# ਅਕਾਲ ਅਕੈਡਮੀ ਇੰਟਰਨੈਸ਼ਨਲ ਦਾ 27ਵਾਂ ਸਾਲਾਨਾ ਇਨਾਮ ਵੰਡ ਸਮਾਗਮ ਧੂਮਧਾਮ ਨਾਲ ਸੰਪੰਨ

**ਸੁਲਤਾਨਪੁਰ ਲੋਧੀ, ( ਹਨੀ )** ਅਕਾਲ ਅਕੈਡਮੀ ਇੰਟਰਨੈਸ਼ਨਲ ਸੁਲਤਾਨਪੁਰ ਲੋਧੀ ਦਾ 27ਵਾਂ ਸਾਲਾਨਾ ਇਨਾਮ ਵੰਡ ਸਮਾਗਮ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਆਮ ਆਦਮੀ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਇੰਚਾਰਜ ਸੱਜਣ ਸਿੰਘ ਚੀਮਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਐਸ ਡੀ ਐਮ ਚੰਦਰਾ ਜਯੋਤੀ ਸਿੰਘ ਨੇ ਸ਼ਮਾ ਰੋਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਸੱਭਿਆਚਾਰਕ ਪ੍ਰੋਗਰਾਮ ਵਿੱਚ ਸਕੂਲ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਵੱਖ-ਵੱਖ ਤਰ੍ਹਾਂ ਦੀਆਂ26 ਪੇਸ਼ਕਾਰੀਆਂ ਦਿੱਤੀਆਂ। ਸ਼ੁਰੂਆਤ ਉਨ੍ਹਾਂ ਸ਼ਬਦ ਗਾਇਨ ਤੋਂ ਕੀਤੀ ਅਤੇ ਉਪਰੰਤ ਸੁਆਗਤ ਡਾਂਸ, ਜਫਰਨਾਮਾ, ਜੂਨੀਅਰ ਮੁੰਡੇ-ਕੁੜੀਆਂ ਦਾ ਪੰਜਾਬੀ ਡਾਂਸ, ਕੁੜੀਆਂ ਦਾ ਰਾਧਾ ਕ੍ਰਿਸ਼ਨ ਡਾਂਸ, ਜੂਨੀਅਰ ਮੁੰਡੇ ਅਤੇ ਕੁੜੀਆਂ ਦੀ ਕੋਰਿਓਗਰਾਫੀ, ਮੁੰਡਿਆਂ ਦਾ ਪ੍ਰੇਰਕ ਡਾਂਸ, ਲੋਕ ਗੀਤ, ਹਰਿਆਣਵੀ ਲੋਕ ਡਾਂਸ, ਬੇਮਿਸਾਲ ਵਿਰਾਸਤ ਦਾ 27ਵਾਂ ਸਾਲ, ਜੰਗਲ ਡਾਂਸ, ਵਾਤਾਵਰਣ ਸੰਭਾਲ ਸੰਬੰਧੀ ਡਾਂਸ, ਗੱਤਕਾ, ਸੈਮੀ ਕਲਾਸੀਕਲ ਡਾਂਸ, ਕੁੜੀਆਂ ਦਾ ਗਰਬਾ, ਬੇਂਗੋਲੀ ਡਾਂਸ, ਭੰਗੜਾ, ਗਿੱਧਾ ਅਤੇ ਰਾਸ਼ਟਰੀ ਗੀਤ ਆਦਿ ਪੇਸ਼ ਕਰ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਸਕੂਲ ਦੇ ਵਾਇਸ ਪ੍ਰੈਜੀਡੈਂਟ ਕੁਲਵਿੰਦਰ ਸਿੰਘ ਜੱਜ ਨੇ ਸਮੂਹ ਮਹਿਮਾਨਾਂ ਨੂੰ ਜੀ ਆਇਆਂ ਆਖਿਆ। ਪ੍ਰਿੰਸੀਪਲ ਗਗਨਦੀਪ ਕੌਰ ਜੱਜ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ। ਸਕੂਲ ਦੇ ਪਿਛਲੇ ਸਾਲਾਂ ਵਿਚ ਅੱਵਲ ਰਹੇ ਬੱਚਿਆਂ ਨੂੰ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ। ਜੱਜ ਚਾਹਤ ਧੀਰ ਸਮਾਗਮ ਵਿੱਚ ਉਚੇਚੇ ਤੌਰ 'ਤੇ ਪੁੱਜੇ ਜਿਨ੍ਹਾਂ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕੀਤੀ। ਸਕੂਲ ਦੇ ਐਮ ਡੀ ਸੁਖਦੇਵ ਸਿੰਘ ਜੱਜ ਨੇ ਸਮੂਹ ਮਹਿਮਾਨਾਂ ਦਾ ਧੰਨਵਾਦ ਕੀਤਾ। ਪ੍ਰਬੰਧਕ ਕਮੇਟੀ ਵੱਲੋਂ ਆਪ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ, ਐਸ ਡੀ ਐਮ ਚੰਦਰਾ ਜੋਤੀ ਸਿੰਘ, ਮਾਨਯੋਗ ਜੱਜ ਚਾਹਤ ਧੀਰ ਤੋਂ ਇਲਾਵਾ ਪਤਵੰਤਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਪਣੇ ਸੰਬੋਧਨ ਵਿਚ ਚੀਮਾ ਨੇ ਪ੍ਰਬੰਧਕਾਂ ਵੱਲੋਂ ਕੀਤੇ ਗਏ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ ਦਾ ਪੜ੍ਹਾਈ ਦੇ ਨਾਲ-ਨਾਲ ਮਾਨਸਿਕ ਵਿਕਾਸ ਹੋਣਾ ਬਹੁਤ ਜਰੂਰੀ ਹੈ ਜੋ ਕਿ ਮਨੋਰੰਜਨ ਅਤੇ ਖੇਡਾਂ ਰਾਹੀਂ ਸੰਭਵ ਹੈ। ਉਨ੍ਹਾਂ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਪ੍ਰੋਗਰਾਮ ਲਈ ਉਨ੍ਹਾਂ ਨੂੰ ਸ਼ਾਬਾਸ਼ੀ ਦਿੰਦੇ ਹੋਏ ਕਿਹਾ ਕਿ ਇਸ ਦਾ ਸਿਹਰਾ ਪ੍ਰਬੰਧਕ ਕਮੇਟੀ, ਸਕੂਲ ਦੇ ਮਿਹਨਤੀ ਸਟਾਫ ਅਤੇ ਮਾਪਿਆਂ ਦੇ ਸਿਰ ਜਾਂਦਾ ਹੈ।



# ਕੁਸ਼ਤੀ ਮੁਕਾਬਲਿਆਂ 'ਚ ਮੈਡਲ ਜਿੱਤਣ ਵਾਲੇ ਚਾਰ ਪਹਿਲਵਾਨਾਂ ਦਾ ਕੀਤਾ ਸਨਮਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਬੀਤੇ ਦਿਨੀਂ ਸੂਬਾ ਪੱਧਰ 'ਤੇ ਹੋਏ ਵੱਖ-ਵੱਖ ਕੁਸ਼ਤੀ ਮੁਕਾਬਲਿਆਂ 'ਚ ਸੋਨੇ, ਚਾਂਦੀ ਅਤੇ ਕਾਂਸੇ ਦੇ ਮੈਡਲ ਜਿੱਤਣ ਵਾਲੇ ਚਾਰ ਪਹਿਲਵਾਨਾਂ ਨੂੰ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਕਲੱਬ ਪਰਮ ਨਗਰ ਫਗਵਾੜਾ ਵਿਖੇ ਪਹੁੰਚਣ 'ਤੇ ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਅਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਵਿੱਤ ਸਕੱਤਰ ਪੀ.ਆਰ. ਸੋਂਧੀ, ਰਵਿੰਦਰ ਨਾਥ ਕੋਚ, ਅਮਰੀਕ ਸਿੰਘ ਕੋਚ ਅਤੇ ਵਿਸ਼ਾਲ ਨੰਨ੍ਹਾ ਡੱਡਵਾਲ ਵਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪੀ.ਆਰ.ਓ. ਗੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਫਰੀਦਕੋਟ ਵਿਖੇ 29 ਨਵੰਬਰ ਨੂੰ ਕਰਵਾਈ ਗਈ ਪੰਜਾਬ ਸਕੂਲ ਰੈਸਲਿੰਗ ਚੈਂਪੀਅਨਸ਼ਿਪ ਦੌਰਾਨ ਅੰਡਰ-14 ਫਰੀ ਸਟਾਇਲ 62 ਕਿਲੋਗ੍ਰਾਮ ਭਾਰ ਵਰਗ ਦੇ ਮੁਕਾਬਲੇ 'ਚ ਪਹਿਲਵਾਨ ਤੇਜਸ ਨੇ ਅਤੇ 19 ਨਵੰਬਰ ਨੂੰ ਅੰਮ੍ਰਿਤਸਰ ਵਿਖੇ ਹੋਏ ਅੰਡਰ-19 ਫਰੀ ਸਟਾਇਲ 92 ਕਿਲੋਗ੍ਰਾਮ ਭਾਰ ਵਰਗ ਦੇ ਕੁਸ਼ਤੀ ਮੁਕਾਬਲੇ 'ਚ ਪਹਿਲਵਾਨ ਨਿਸ਼ਾਂਤ ਨੇ ਗੋਲਡ ਮੈਡਲ ਹਾਸਲ ਕੀਤੇ ਹਨ। ਇਸੇ ਤਰ੍ਹਾਂ 125 ਕਿਲੋਗ੍ਰਾਮ ਫਰੀ ਸਟਾਇਲ ਅਤੇ 130 ਕਿਲੋਗ੍ਰਾਮ ਕੁਸ਼ਤੀ ਮੁਕਾਬਲੇ 'ਚ ਪਹਿਲਵਾਨ ਜਸਟਿਨ ਸਿੱਧੂ ਨੇ ਦੋ ਸਿਲਵਰ ਮੈਡਲ ਹਾਸਲ ਕੀਤੇ ਜਦਕਿ 86 ਕਿਲੋਗ੍ਰਾਮ ਭਾਰ ਵਰਗ ਦੇ ਫਰੀ ਸਟਾਇਲ ਕੁਸ਼ਤੀ ਮੁਕਾਬਲੇ 'ਚ ਪਰਮਿੰਦਰ ਪਹਿਲਵਾਨ ਨੇ ਕਾਂਸੇ ਦਾ ਤਮਗਾ ਹਾਸਲ ਕੀਤਾ ਹੈ। ਇਹਨਾਂ ਚਾਰੇ ਪਹਿਲਵਾਨਾਂ ਨੂੰ ਫਗਵਾੜਾ ਪੁੱਜਣ ਤੇ ਸਨਮਾਨਤ ਕਰਦਿਆਂ ਹੌਸਲਾ ਅਫਜਾਈ ਕੀਤੀ ਗਈ ਹੈ। ਸਨਮਾਨਤ ਹੋਏ ਪਹਿਲਵਾਨਾਂ ਨੇ ਕਿਹਾ ਕਿ ਉਹ ਹੋਰ ਮਿਹਨਤ ਕਰਦੇ ਹੋਏ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਦਾ ਨਾਂਅ ਰੌਸ਼ਨ ਕਰਨਗੇ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲਾਨਾ ਮਹਾਨ ਕੀਰਤਨ ਦਰਬਾਰ



**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)** ਪਿੰਡ ਪੰਜੌੜਾ ਵਿਖੇ ਗੁਰਦੁਆਰਾ ਮਹਾਦਿਆਣਾ ਸਾਹਿਬ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀਆ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਗਤ ਗੁਰੂ, ਨਿੰਰਕਾਰੀ ਜੋਤ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਕਰਵਾਏ ਗਏ। ਇਸ ਮੌਕੇ ਪ੍ਰਧਾਨ ਨੰਬਰਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਸਮਾਗਮ ਦੌਰਾਨ 15 ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਗਏ। ਉਪਰੰਤ ਖੁੱਲੇ ਪੰਡਾਲ ਵਿਚ ਸੰਤ ਬਾਬਾ ਕਸਮੀਰ ਸਿੰਘ ਕੋਟ ਫਤੂਹੀ, ਸੰਤ ਬਾਬਾ ਜੋਗਿੰਦਰ ਸਿੰਘ ਅਟਾਰੀ, ਸੰਤ ਬਾਬਾ ਜਸਪਾਲ ਸਿੰਘ ਨੈਕੀ ਸਾਹਿਬ ਪੰਜੌੜਾ, ਸੰਤ ਬਾਬਾ ਜਗਤਾਰ ਸਿੰਘ ਕੋਟ ਫਤੂਹੀ, ਸਿੰਘ ਸਾਹਿਬ ਸਾਹਿਬ ਗਿਆਨੀ ਜਸਵੰਤ ਸਿੰਘ ਸਾਬਕਾ ਹੈਡ ਗ੍ਰੰਥੀ ਸ਼੍ਰੀ ਦਰਬਾਰ ਸਾਹਿਬ, ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਭਾਈ ਮਨਪ੍ਰੀਤ ਸਿੰਘ, ਭਾਈ ਸੁਰਜੀਤ ਸਿੰਘ ਵਾਰਿਸ ਇੰਟਰਨੈਸ਼ਨਲ ਢਾਡੀ ਜੱਥਾ, ਹਰੀ ਦਰਬਾਰ ਸੰਗੀਤਾ ਵਿਦਿਆਲਾ ਦੇ ਵਿਦਿਆਰਥੀ ਅਟਾਰੀ, ਭਾਈ ਅਮਰਜੀਤ ਸਿੰਘ ਹੈਡ ਗ੍ਰੰਥੀ ਪੰਜੌੜਾ ਆਦਿ ਗੁਰਬਾਣੀ ਗੁਰਇਤਿਹਾਸ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾ ਕਮੇਟੀ ਵੱਲੋਂ ਆਏ ਹੋਏ ਸੰਤ ਮਹਾਪੁਰਸਾ, ਰਾਗੀ ਜੱਥੇ ਅਤੇ ਪ੍ਰਮੁੱਖਸ਼ਖਸ਼ੀਅਤਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਨੰਬਰਦਾਰ ਭੁਪਿੰਦਰ ਸਿੰਘ, ਕਰਨੈਲ ਸਿੰਘ, ਸੁਰਿੰਦਰ ਸਿੰਘ, ਸੂਬੇਦਾਰ ਮਨਜੀਤ ਸਿੰਘ, ਜਥੇਦਾਰ ਪਰਮਜੀਤ ਸਿੰਘ ਪੰਜੌੜਾ, ਜਿੰਦਰ ਸਿੰਘ, ਹਰਪਾਲ ਸਿੰਘ, ਕਰਮਦੀਪ ਸਿੰਘ, ਪ੍ਰਭਦੀਪ ਸਿੰਘ, ਕਮਲਜੀਤ ਸਿੰਘ ਸਾਬਕਾ ਸਰਪੰਚ, ਜਥੇਦਾਰ ਬਲਜਿੰਦਰ ਸਿੰਘ ਪੰਚ, ਯੁਵਰਾਜ ਸਿੰਘ, ਜਥੇਦਾਰ ਰਣਜੀਤ ਸਿੰਘ, ਚਰਨਜੀਤ ਸਿੰਘ ਖਾਲਸਾ, ਜਗਤਾਰ ਸਿੰਘ ਰਾਜੂ, ਕੁਲਦੀਪ ਸਿੰਘ ਪਰਮਾਰ, ਚਰਨਜੀਤ ਸਿੰਘ ਸਾਬਕਾ ਸਰਪੰਚ, ਜਸਵੀਰ ਸਿੰਘ ਕੋਚ, ਅਜੈਬ ਸਿੰਘ ਪਰਮਾਰ ਤੋ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਨਸ਼ਾ ਸਮੱਗਲਰ ਤੋਂ 7 ਗ੍ਰਾਮ ਹੈਰੋਇਨ ਬਰਾਮਦ

**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਗੁਰਪ੍ਰੀਤ ਸਿੰਘ ਉੱਪ ਪੁਲਸ ਕਪਤਾਨ, ਸਬ- ਡਵੀਜਨ ਸ਼ਾਹਕੋਟ ਨੇ ਦੱਸਿਆ ਕਿ ਐਸ.ਆਈ. ਇਕਬਾਲ ਸਿੰਘ ਥਾਣਾ ਲੋਹੀਆਂ ਨੇ ਸਮੇਤ ਪੁਲਸ ਪਾਰਟੀ ਨਿਰਮਲ ਸਿੰਘ ਉਰਫ ਨਿੰਮਾ ਪੁੱਤਰ ਸਤਨਾਮ ਸਿੰਘ ਵਾਸੀ ਇਸਮਾਇਲਪੁਰ ਨੂੰ ਗ੍ਰਿਫਤਾਰ ਕਰ ਕੇ ਉਸ ਤੋਂ 7 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਉਸ ਖਿਲਾਫ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਮੁਲਜਮ ਖਿਲਾਫ ਪਹਿਲਾਂ ਵੀ ਮੁਕੱਦਮਾ ਨੰ. 16, ਮਿਤੀ 15 ਫਰਵਰੀ 2019 ਨੂੰ ਬਰਾਮਦਗੀ 25 ਗ੍ਰਾਮ ਹੈਰੋਇਨ, ਮੁਕੱਦਮਾ ਨੰ. 9 ਮਿਤੀ 18 ਜਨਵਰੀ 2014 ਨੂੰ ਤੇ 50 ਕਿਲੋ ਲਾਹਣ ਬਰਾਮਦ ਕੀਤੀ ਸੀ।

# ਅੰਤਰਰਾਸ਼ਟਰੀ ਅਪਾਹਜ ਦਿਵਸ ਸੰਬੰਧੀ ਕੀਤਾ ਜਾਗਰੂਕ

**ਡੇਰਾਬੱਸੀ (ਸੁਧੀਰ ਮਿਡਾ)**-ਅੰਤਰਾਸ਼ਟਰੀ ਅਪਾਹਿਜ ਦਿਵਸ ਹਰ ਸਾਲ 3 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆ ਡਾ. ਬਿਮਲ ਸ਼ਰਮਾ ਨੇ ਦੱਸਿਆ ਕਿ ਇਸ ਦਿਨ ਦਾ ਉਦੇਸ਼ ਸਮਾਜ ਅਤੇ ਵਿਕਾਸ ਦੇ ਸਾਰੇ ਖੇਤਰਾਂ ਵਿੱਚ ਅਪਾਹਜ ਵਿਅਕਤੀਆਂ ਦੇ ਅਧਿਕਾਰਾਂ ਅਤੇ ਭਲਾਈ ਨੂੰ ਉਤਸ਼ਾਹਿਤ ਕਰਨਾ ਅਤੇ ਰਾਜਨੀਤਕ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਜੀਵਨ ਦੇ ਹਰ ਪਹਿਲੂ ਵਿੱਚ ਅਪਾਹਜ ਵਿਅਕਤੀਆਂ ਦੀ ਸਥਿਤੀ ਬਾਰੇ ਜਾਗਰੂਕਤਾ ਵਧਾਉਣਾ ਹੈ । ਇਸ ਦਿਨ ਦਾ ਮੁੱਖ ਮਕਸਦ ਸਮਾਜ ਵਿੱਚ ਅਪਾਹਿਜ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣਾ ਅਤੇ ਉਨ੍ਹਾਂ ਪ੍ਰਤੀ ਵਿਤਕਰੇ ਨੂੰ ਖਤਮ ਕਰਨਾ ਅਤੇ ਉਹਨਾਂ ਲਈ ਬਰਾਬਰ ਦੇ ਮੌਕੇ ਪੈਦਾ ਕਰਨਾ ਹੈ। ਅਪਾਹਿਜ ਲੋਕ ਮਾੜੀ ਸਿਹਤ, ਸਿੱਖਿਆ ਵਿੱਚ ਬਰਾਬਰ ਮੌਕੇ ਦੀ ਘਾਟ ਅਤੇ ਕਈ ਵਾਰ ਕੰਮ ਵਿੱਚ ਵੀ ਪੀੜਤ ਹੁੰਦੇ ਹਨ। ਇਸ ਨਾਲ ਉਹਨਾਂ ਦੀ ਜੀਵਨ ਸ਼ੈਲੀ ਦੇ ਨਾਲ ਨਾਲ ਸਰੀਰਕ ਤੰਦਰੁਸਤੀ ਵੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਇਹ ਦਿਨ ਦੁਨੀਆਂ ਨੂੰ ਉਹਨਾਂ ਦੇ ਮੁੱਦਿਆ ਬਾਰੇ ਜਾਗਰੂਕ ਕਰਨ ਅਤੇ ਉਹਨਾਂ ਲਈ ਇੱਕ ਬਿਹਤਰ ਜਗ੍ਹਾਂ ਬਣਾਉਣ ਲਈ ਮਨਾਇਆ ਜਾਂਦਾ ਹੈ। ਡਾ. ਸ਼ਰਮਾ ਨੇ ਦੱਸਿਆ ਕਿ ਅੱਜ ਵਿਸ਼ਵ ਦੀ ਆਬਾਦੀ 7 ਬਿਲੀਅਨ ਤੋਂ ਵੱਧ ਹੈ ਅਤੇ ਇੱਕ ਬਿਲੀਅਨ ਤੋਂ ਵੱਧ ਲੋਕ ਜਾਂ ਦੁਨੀਆ ਦੀ ਲੱਗਭਗ 15 ਪ੍ਰਤੀਸ਼ਤ ਆਬਾਦੀ ਕਿਸੇ ਨਾ ਕਿਸੇ ਕਿਸਮ ਦੀ ਅਪਾਹਿਜਤਾ ਨਾਲ ਰਹਿੰਦੀ ਹੈ।

# ਵੋਟਰਾਂ ਨਾਲ ਕੀਤੇ ਵਾਅਦੇ ਕੀਤੇ ਜਾ ਰਹੇ ਨੇ ਪੂਰੇ-ਪ੍ਰੇਮ ਕੁਮਾਰ

**ਗੁਰਾਇਆ (ਬਿੰਦਰ ਸੁਮਨ)**- ਗੁਰਾਇਆ ਤੋ ਗੋਹਾਵਰ ਫਾਟਕ 'ਤੇ ਬਣ ਰਹੇ ਵਾਇਸ ਪਾਸ ਜੋ ਪੌਣੇ ਸੱਤ ਕਿਲੋਮੀਟਰ ਦੀ ਲੰਬਾਈ ਅਤੇ 18 ਫੁੱਟ ਦੀ ਚੌੜਾਈ ਹੈ ਜਿਸ 'ਤੇ ਦੋ ਕਰੋੜ 68 ਲੱਖ 85 ਹਜ਼ਾਰ ਦੀ ਲਾਗਤ ਦੇ ਨਾਲ ਪ੍ਰੀਮਿਕਸ ਪੈ ਰਹੀ ਹੈ, ਜਿਸ ਦਾ ਸ਼ੁੱਭ ਆਰੰਭ ਪ੍ਰਿੰਸੀਪਲ ਪ੍ਰੇਮ ਕੁਮਾਰ ਵਿਧਾਨ ਸਭਾ ਹਲਕਾ ਇੰਚਾਰਜ ਵਲੋਂ ਰੀਬਨ ਕੱਟ ਕੇ ਕੀਤਾ ਗਿਆ। ਪ੍ਰੇਮ ਕੁਮਾਰ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਨੇ ਜੋ ਵੋਟਾਂ ਸਮੇਂ ਵੋਟਰਾਂ ਨਾਲ ਵਾਅਦੇ ਕੀਤੇ ਸਨ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਨੂੰ ਇੱਕ ਰੰਗਲਾ ਪੰਜਾਬ ਬਣਾਉਣਾ ਹੈ। ਰੋਸ਼ਨ ਲਾਲ ਰੋਸ਼ੀ ਨੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਐਸ ਡੀ ਓ ਗੁਰਮੇਲ ਸਿੰਘ ਸੈਣੀ,ਹਰਨਦੀਪ ਸਿੰਘ ਜੇ ਈ, ਹਰਮੇਸ਼ ਲਾਲ ਕੌਂਸ਼ਲਰ, ਸੰਜੀਵ ਕੁਮਾਰ ਹੀਰ, ਰਾਹੁਲ ਪੁੰਜ, ਸੰਨੀ ਸਹੋਤਾ, ਗੁਰਵਿੰਦਰ ਸਿੰਘ ਨੌਰਾ, ਸੰਜੀਵ ਕੰਡਾ, ਲਵਪ੍ਰੀਤ ਸਿੰਘ ਧੀਗੜਾ, ਬਲਵਿੰਦਰ ਸਿੰਘ ਬਿੰਦੂ, ਪ੍ਰਸ਼ੋਤਮ ਲਾਲ,ਵਿੱਕੀ ਪੰਡਤ, ਸੁੱਖਾ ਵਡਾਲਾ, ਲਖਵੀਰ ਸਿੰਘ ਬਿਟਾ, ਸਰਬਜੀਤ ਸਹੋਤਾ, ਅਮਨ ਗਿੱਲ,ਸੋਡੀ ਰੁੜਕਾ,ਗਗਨ ਗੋਹਾਵਰ ਤੋ ਇਲਾਵਾ ਆਮ ਪਾਰਟੀ ਦੇ ਆਗੂ ਅਤੇ ਵਰਕਰ ਹਾਜ਼ਰ ਸਨ।



# ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ ਵਿਖੇ 'ਵਿਸ਼ਵ ਏਡਜ਼ ਦਿਵਸ' ਮੌਕੇ ਜਾਗਰੂਕਤਾ ਪ੍ਰੋਗਰਾਮ





**ਜਲੰਧਰ (ਇਕਬਾਲ ਉੱਭੀ)**-ਲਾਇਲਪੁਰ ਖਾਲਸਾ ਕਾਲਜ ਫ਼ਾਰ ਵਿਮੈਨ, ਜਲੰਧਰ ਅਜਿਹੀ ਸੰਸਥਾ ਹੈ ਜੋ ਗਲੋਬਲ ਸਿਟੀਜ਼ਨ ਬਣਾਉਣ ਵਿਚ ਯਕੀਨ ਰੱਖਦੀ ਹੈ। ਇਸ ਮਕਸਦ ਨੂੰ ਪੂਰਾ ਕਰਨ ਲਈ ਵਿਦਿਆਰਥੀਆਂ ਨੂੰ ਸਿਰਫ ਅਕਾਦਮਿਕ ਸਿੱਖਿਆ ਹੀ ਨਹੀਂ ਦਿੱਤੀ ਜਾਂਦੀ ਸਗੋਂ ਸਮਾਜ ਦੇ ਵਿਭਿੰਨ ਚਲੰਤ ਵਿਸ਼ਿਆਂ ਸੰਬੰਧੀ ਵੀ ਜਾਗਰੂਕ ਕਰਵਾਇਆ ਜਾਂਦਾ ਹੈ। ਇਸ ਵਿਰਾਸਤ ਨੂੰ ਅੱਗੇ ਵਧਾਉਂਦਿਆਂ ਕਾਲਜ ਦੇ ਐਨ.ਐਸ.ਐਸ. ਵਿਭਾਗ ਤੇ ਰੈਡ ਰਿਬਨ ਕਲੱਬ ਵੱਲੋਂ ਸਾਂਝੇ ਤੌਰ ਤੇ ਏਡਜ਼/ ਐਚ. ਆਈ ਵੀ. ਬਾਰੇ ਚੇਤਨਤਾ ਪੈਦਾ ਕਰਨ ਲਈ ਇਕ ਸਲੋਗਨ ਲੇਖਣ ਮੁਕਾਬਲਾ ਆਯੋਜਿਤ ਕੀਤਾ ਗਿਆ। ਕਾਲਜ ਪ੍ਰਿੰਸੀਪਲ ਮੈਡਮ ਡਾ. ਨਵਜੋਤ ਨੇ ਜਿਥੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਇਸ ਵਿਸ਼ੇ ਸੰਬੰਧੀ ਵਿਸਤ੍ਰਿਤ ਜਾਣਕਾਰੀ ਸਾਂਝੀ ਕੀਤੀ, ਉਥੇ ਇਸ ਪ੍ਰੋਗਰਾਮ ਨੂੰ ਆਯੋਜਿਤ ਕਰਨ ਵਾਲੇ ਐਨ. ਐਸ. ਐਸ. ਵਿਭਾਗ ਦੇ ਅਧਿਆਪਕ ਇੰਚਾਰਜ ਮੈਡਮ ਮਨਪ੍ਰੀਤ ਕੌਰ, ਮੈਡਮ ਮਨਿਤਾ, ਮੈਡਮ ਆਤਮਾ ਸਿੰਘ ਦੀ ਪ੍ਰਸ਼ੰਸਾ ਵੀ ਕੀਤੀ।

# ਗੱਡੀਆਂ ਦੀ ਕੀਤੀ ਚੈਕਿੰਗ, ਕੱਟੇ ਚਲਾਨ

**ਅੱਡਾ ਸਰਾਂ, (ਜਸਵੀਰ ਕਾਜਲ)**-ਸਥਾਨਕ ਪੁਲਸ ਚੌਕੀ ਇੰਚਾਰਜ ਏ ਐੱਸ ਆਈ ਰਾਕੇਸ਼ ਕੁਮਾਰ ਨੇ ਆਪਣੀ ਪੁਲਸ ਪਾਰਟੀ ਨਾਲ ਬੀਤੀ ਰਾਤ ਮੋਟਰਸਾਈਕਲ, ਕਾਰਾਂ, ਗੱਡੀਆਂ ਆਦਿ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਅਧੂਰੇ ਕਾਰਜਾਂ ਵਲਿਆਂ ਦੇ ਚਲਾਨ ਕੱਟੇ । ਉਨ੍ਹਾਂ ਨੇ ਕਿਹਾ ਕਿ ਹਰੇਕ ਵਿਅਕਤੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੇ ਅਤੇ ਮੋਟਰਸਾਈਕਲ ਆਦਿ ਗੱਡੀਆਂ ਵਾਹਨਾਂ ਦੇ ਪੂਰੇ ਕਾਗਜਾਤ ਰੱਖੇ। ਸ਼ਰਾਰਤੀ ਅਨਸਰਾਂ ਤੇ ਮੋਟਰਸਾਈਕਲਾਂ ਦੇ ਪਟਾਕੇ ਪਾਉਣ ਵਾਲਿਆਂ ਨੂੰ ਵੀ ਨਹੀਂ ਬਖਸ਼ਿਆ ਜਾਵੇਗਾ।

# ਸਾਲਾਨਾ 8ਵਾਂ ਮਹਾਨ ਕੀਰਤਨ ਦਰਬਾਰ ਅੱਜ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪਧਿਆਣਾ ਵਿਖੇ ਕਲਗੀਧਰ ਨੌਜਵਾਨ ਸਭਾ ਪਧਿਆਣਾ, ਸਮੂਹ ਨਗਰ ਨਿਵਾਸੀਆਸ ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਧੰਨ ਧੰਨ ਸ਼੍ਰੀ ਗ੍ਰੰਥ ਸਾਹਿਬ ਜੀ ਛਤਰ ਛਾਇਆ ਹੇਠ ਕਲਗੀਧਰ ਨੌਜਵਾਨ ਸਭਾ, ਐਨ ਆਰ ਆਈ ਵੀਰਾਂ ਅਤੇ ਸਾਧ ਸੰਗਤ ਦੇ ਸਹਿਯੋਗ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਸ਼ਹੀਦ ਬਾਬਾ ਮਤੀ ਸਾਹਿਬ ਦੀ ਯਾਦ ਜੀ ਮਿੱਠੀ ਪਿਆਰੀ ਯਾਦ ਵਿਚ ਸਾਲਾਨਾ 8ਵਾਂ ਮਹਾਨ ਕੀਰਤਨ ਦਰਬਾਰ 4 ਦਸੰਬਰ ਨੂੰ ਸਵੇਰੇ 09 ਤੋਂ ਸ਼ਾਮ 04 ਵਜੇ ਤੱਕ ਪਿੰਡ ਪਧਿਆਣਾ ਦੀ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਬੰਧਕਾ ਨੇ ਦੱਸਿਆ ਕਿ ਸਾਲਾਨਾ 8ਵੇਂ ਮਹਾਨ ਕੀਰਤਨ ਦੌਰਾਨ ਭਾਈ ਸਰਵਣ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਾਹਿਬ, ਮੀਰੀ ਪੀਰੀ ਜਗਾਧਰੀ ਵਾਲੇ ਬੀਬੀਆ ਦਾ ਜੱਥਾ, ਭਾਈ ਜਸਕਰਨ ਸਿੰਘ ਲੁਧਿਆਣਾ, ਭਾਈ ਮਹਿਲ ਸਿੰਘ ਕਵੀਸ਼ਰੀ ਜੱਥਾ ਚੰਡੀਗੜ ਵਾਲੇ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸਮਾਗਮ ਦੋਰਾਨ ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋ ਸਟੇਜ ਸਕੱਤਰ ਦੀ ਸੇਵਾ ਕਰਨਗੇ।ਇਸ ਮੌਕੇ ਚਾਹ ਪੰਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਨਾਕਾ ਲਗਾ ਕੀਤੀ ਅਚਨਚੇਤ ਚੈਕਿੰਗ

**ਫਿਲੌਰ (ਨਿਰਮਲ)**-ਸਰਕਾਰੀ ਸਕੈਂਡਰੀ (ਕੰਨਿਆ) ਸਕੂਲ ਨੇੜੇ ਮੋਟਰਸਾਈਕਲ 'ਤੇ ਗੇੜੀਆਂ ਮਾਰਦੇ ਮਨਚਲਿਆ ਨੂੰ ਰੋਕ ਕੇ ਚੈਕਿੰਗ ਕੀਤੀ ਅਤੇ ਉਨ੍ਹਾਂ ਦੇ ਚਲਾਨ ਵੀ ਕੱਟੇ ਗਏ ਨਾਲ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਅੱਗੇ ਤੋਂ ਇੱਧਰ ਗੇੜੀਆਂ ਮਾਰਦੇ ਦੇਖੇ ਗਏ ਤਾਂ ਸੇਵਾ ਕੀਤੀ ਜਾਵੇਗੀ ਨਾਲ ਚਲਾਨ ਕੀਤੇ ਜਾਣਗੇ। ਇਸ ਮੌਕੇ ਕੁਝ ਨੌਜਵਾਨ ਵਾਹਨਾਂ ਦੇ ਕਾਗਜਪੱਤਰ ਦੇਖ ਕੇ ਚਲਾਨ ਵੀ ਕੀਤੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਥਾਣਾ ਮੁੱਖੀ ਫਿਲੌਰ ਇੰਸਪੈਕਟਰ ਸੁਰਿੰਦਰ ਕੁਮਾਰ ਨੇ ਕਿਹਾ ਕਿ ਪੱਕੇ ਤੌਰ 'ਤੇ ਮੁਲਾਜਮ ਤਾਇਨਾਤ ਕੀਤੇ ਜਾਣਗੇ। ਗਲਤ ਹਰਕਤਾਂ ਕਰਨ ਵਾਲਿਆ ਵਿਰੁੱਧ ਸਖ਼ਤ ਕਾਰਵਾਈ ਹੋਵੇਗੀ ਅਤੇ ਕਿਸੇ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ।

# ਮੰਢਾਲੀ ਦਾ ਸਾਲਾਨਾ ਮੇਲਾ 12 ਤੋਂ



**ਬਹਿਰਾਮ (ਅਵਤਾਰ ਕਲੇਰ)** ਦਰਬਾਰ ਸੱਯਦ ਉਲ ਸ਼ੇਖ ਬਾਬਾ ਅਬਦੁੱਲੇ ਸ਼ਾਹ ਕਾਦਰੀ ਜੀ ਰੌਜਾ ਸਰੀਫ ਮੰਢਾਲੀ ਵਿਖੇ , ਸਾਬਰ ਦਾਤਾ ਅਲੀ ਅਹਿਮਦ ਸਾਹ ਕਾਦਰੀ ਜੀ ਦਾ ਸਾਲਾਨਾ ਮੇਲਾ 12 ਤੋਂ 14 ਦਸੰਬਰ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ 12 ਦਸੰਬਰ ਨੂੰ ਨਿਸ਼ਾਨ ਸਾਹਿਬ ਦੀ ਰਸਮ ਅਤੇ ਚਿਰਾਗ ਰੋਸ਼ਨ ਕੀਤੇ ਜਾਣਗੇ । 13 ਦਸੰਬਰ ਨੂੰ ਪੰਜਾਬ ਦੇ ਮਸ਼ਹੂਰ ਕਲਾਕਾਰ ਆਪਣੀਆਂ ਹਾਜਰੀਆਂ ਭਰਨਗੇ । 14 ਦਸੰਬਰ ਨੂੰ ਚਾਦਰ ਦੀ ਰਸਮ ਹੋਵੇਗੀ । ਰੋਜਾਨਾ ਹੀ ਰਾਤ ਦੀ ਮਹਿਫਿਲ 'ਚ ਨਾਮਵਰ ਕਵਾਲ ਆਪਣੇ ਫਨ ਦਾ ਮੁਜਾਹਰਾ ਕਰਨਗੇ । ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ । ਦਾਤਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ । ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ , ਡਾ. ਸਤਨਾਮ ਪਰਸੋਵਾਲ , ਗੋਰਾ ਚੱਕ ਪ੍ਰੇਮਾ , ਚਰਨਜੀਤ , ਸੋਨੂੰ ਡਰਾਇਵਰ , ਬੰਟੀ ਮੰਢਾਲੀ ਆਦਿ ਹਾਜਰ ਸਨ ।


## ਜਨਮ ਦਿਨ ਮੁਬਾਰਕ



ਸਾਹਿਬ ਸਿੰਘ (ਆਦਮਪੁਰ)

## ਵਰ੍ਹੇਗੰਢ ਮੁਬਾਰਕ



ਬਲਵਿੰਦਰ ਕੌਰ ਵਾਸੀ ਪਿੰਡ ਦਿਹਾਣਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਵਿਆਹ ਦੀ 43ਵੀਂ ਵਰ੍ਹੇਗੰਢ ਮਨਾਈ।


# ਗੁਰੂ ਨਾਨਕ ਖਾਲਸਾ ਸਕੂਲਾਂ 'ਚ ਸਪੋਰਟਸ ਡੇ ਮਨਾਇਆ



**ਗੁਰਾਇਆ (ਬਿੰਦਰ ਸੁਮਨ)**- ਗੁਰੂ ਨਾਨਕ ਖਾਲਸਾ ਪਬਲਿਕ ਸਕੂਲ ਅਤੇ ਗੁਰੂ ਨਾਨਕ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਦਾ ਸਪੋਰਟਸ ਡੇ ਮਨਾਇਆ ਗਿਆ, ਜਿਸ ਵਿੱਚ ਸਕੂਲਾਂ ਦੇ ਵਿਦਿਆਰਥੀਆਂ ਦੇ ਵੱਖ ਵੱਖ ਤਰ੍ਹਾਂ ਦੇ ਖੇਡ ਮੁਕਾਬਲੇ ਕਰਵਾਏ ਗਏ। ਜੇਤੂ ਬੱਚਿਆਂ ਨੂੰ ਇਨਾਮਾਂ ਦੀ ਵੰਡ ਉਘੇ ਗੀਤਕਾਰ ਝਲਮਣ ਸਿੰਘ ਢੰਡਾ ਯੂਕੇ, ਰਜਿੰਦਰ ਸਿੰਘ ਸਰਕਾਰੀਆ ਯੂ ਐਸ ਏ ਤੇ ਦਲਜੀਤ ਸਿੰਘ ਢੰਡਾ ਵਲੋਂ ਸਾਂਝੇ ਤੌਰ 'ਤੇ ਕੀਤੀ ਗਈ। ਝਲਮਣ ਸਿੰਘ ਢੰਡਾ ਨੇ ਕਿਹਾ ਕਿ ਵਿਦਿਆਰਥੀ ਵਿਦਿਆ ਦੇ ਨਾਲ ਖੇਡਾਂ ਵੱਲ ਵੀ ਧਿਆਨ ਦੇਣ ਤਾਂ ਜੋ ਸਰੀਰ ਤੰਦਰੁਸਤ ਰਹਿ ਸਕੇ। ਇਸ ਮੌਕੇ ਪੁਜ਼ੀਸਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਪ੍ਰਦਾਨ ਕੀਤੇ ਗਆ। ਆਏ ਮਹਿਮਾਨਾਂ ਨੂੰ ਸਕੂਲ ਦੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਨਿੰਦਰ ਕੌਰ, ਪ੍ਰਿੰਸੀਪਲ ਜਸਵੀਰ ਕੌਰ ਤੋਂ ਇਲਾਵਾ ਸਕੂਲ ਦਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਅੰਗਹੀਣਾਂ ਪ੍ਰਤੀ ਸੋਚ ਬਦਲਣ ਦੀ ਜ਼ਰੂਰਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਮੇਂ ਸਮੇਂ ਤੇ ਸਰਕਾਰਾਂ ਸਮਾਜ ਦੇ ਲਈ ਬਿਹਤਰ ਕਰਨ ਦਾ ਯਤਨ ਕਰਦੀਆਂ ਹਨ। ਪਰ ਸਰਕਾਰੀ ਤੰਤਰ ਉਸ ਨੂੰ ਜ਼ਮੀਨੀ ਹਕੀਕਤ ਪ੍ਰਦਾਨ ਕਰਨ ਦੇ ਕਿਤੇ ਨਾ ਕਿਤੇ ਅਸਫਲ ਰਹਿੰਦਾ ਹੈ। ਕਈ ਅੰਗਹੀਣਾਂ ਨੂੰ ਅਕਸਰ ਪੈਨਸ਼ਨ ਜਾਂ ਹੋਰ ਸਰਕਾਰੀ ਸਹੂਲਤਾਂ ਪਾਉਣ ਲਈ ਸਰਕਾਰੀ ਦਫਤਰਾਂ ਦੇ ਚੱਕਰ ਕੱਢਣੇ ਪੈਂਦੇ ਹਨ ਅਤੇ ਉਸ ਦੇ ਪ੍ਰਭਾਵ ਨਾਲ ਕਈ ਅੰਗਹੀਣ ਵਿਅਕਤੀ ਸਹੂਲਤ ਪਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਜਿਹੜੀਆਂ ਯੋਜਨਾਵਾਂ ਸਰਕਾਰਾਂ ਦੁਆਰਾ ਬਣਾਈਆਂ ਜਾਂਦੀਆਂ ਹਨ ਉਹ ਅੰਗਹੀਣਾਂ ਤੱਕ ਪੁੱਜਦੀਆਂ ਹੀ ਨਹੀਂ। ਜੇ ਸਰਕਾਰੀ ਬਾਬੂ ਥੋੜੀ ਗੰਭੀਰਤਾ ਅਤੇ ਦੀਨ ਭਾਵਨਾ ਦਿਖਾਉਣ ਤਾਂ ਅੰਗਹੀਣ ਸਮਾਜ ਦੇ ਲਈ ਕਾਫੀ ਬਿਹਤਰ ਹੋਵੇਗਾ। ਇਕ ਅੰਗਹੀਣ ਵਿਅਕਤੀ ਪਹਿਲਾਂ ਤੋਂ ਹੀ ਬੇਬਸ ਹੈ ਉਪਰੋਂ ਉਸ ਨੂੰ ਸਰਕਾਰੀ ਦਰਵਾਜ਼ਿਆਂ ਦੇ ਚੱਕਰ ਕੱਟਣੇ ਪੈ ਜਾਣ ਤਾਂ ਉਹ ਵੈਸੇ ਹੀ ਪਰੇਸ਼ਾਨ ਹੋ ਕੇ ਬੈਠ ਜਾਂਦਾ ਹੈ। ਭਾਰਤ ਸਰਕਾਰ ਦੇ ਆਰ.ਪੀ.ਡਬਲਯੂ. ਐਕਟ-2016 ਦੇ ਅਨੁਸਾਰ 40 ਪ੍ਰਤੀਸ਼ਤ ਤੱਕ ਦੇ ਅੰਗਹੀਣ ਵਿਅਕਤੀ ਗੈਰ ਸਰਕਾਰੀ ਅਤੇ ਸਰਕਾਰੀ ਸੰਸਥਾਵਾਂ ਵਿੱਚ ਸਹੂਲਤਾਂ ਦੇ ਯੋਗ ਹਨ ਪਰ ਇਸ ਤਰ੍ਹਾਂ ਜ਼ਮੀਨੀ ਪੱਧਰ ਤੇ ਨਹੀਂ ਹੁੰਦਾ। ਇਕ ਪਾਸੇ ਤਾਂ 40 ਪ੍ਰਤੀਸ਼ਤ ਵਾਲੇ ਅੰਗਹੀਣ ਵਿਅਕਤੀ ਆਰ.ਪੀ.ਡਬਲਯੂ. ਐਕਟ-2016 ਦੇ ਅਨੁਸਾਰ ਸਾਰੀਆਂ ਸਹੂਲਤਾਂ ਦੇ ਯੋਗ ਮੰਨਦੀ ਹੈ, ਦੂਜੇ ਪਾਸੇ 40 ਪ੍ਰਤੀਸ਼ਤ (ਘੱਟ ਦ੍ਰਿਸ਼ਟੀ, ਗੂੰਗੇ ਅਤੇ ਬੌਲੇ) ਸ਼੍ਰੇਣੀ ਦੇ ਲੋਕਾਂ ਨੂੰ ਲਾਭ ਨਹੀਂ ਮਿਲਦਾ।ਇਸ ਸ਼੍ਰੇਣੀ ਦੇ ਲੋਕਾਂ ਨੂੰ ਨਾ ਪੈਨਸ਼ਨ ਦੀ ਸਹੂਲਤ ਹੈ ਅਤੇ ਨਾ ਹੀ ਰੇਲਵੇ ਪਾਸ ਦੀ ਸਹੂਲਤ ਹੈ। 3 ਦਿਸੰਬਰ ਨੂੰ ਪੂਰੇ ਸੰਸਾਰ ਵਿੱਚ ਅੰਗਹੀਣ ਦਿਵਸ ਮਨਾਇਆ ਜਾਂਦਾ ਹੈ। ਸਿਰਫ ਇਹ ਦਿਨ ਮਨਾਉਣ ਦੀ ਜਗ੍ਹਾ ਤੇ ਅੰਗਹੀਣਾਂ ਨੂੰ ਸਹੂਲਤਾਂ ਦੇਣਾ ਸੁਨਿਸ਼ਚਿਤ ਕਰਨ ਲਈ ਕੰਮ ਕੀਤੇ ਜਾਣ ਤਾਂ ਸ਼ਾਇਦ ਅੰਗਹੀਣਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਿਆ ਜਾ ਸਕੇਗਾ ਅਤੇ ਫਿਰ 3 ਦਸੰਬਰ ਦਾ ਦਿਨ ਮਨਾਇਆ ਜਾਣਾ ਸਾਰਥਕ ਹੋਵੇਗਾ।

ਆਰ.ਪੀ.ਡਬਲਯੂ. ਐਕਟ-2016 ਜਿਨ੍ਹਾਂ ਹੋਰ ਸ਼੍ਰੇਣੀਆਂ ਨੂੰ ਵਿਕਲਾਂਗਤਾ ਦੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ ਉਨਾਂ ਸ਼੍ਰੇਣੀ ਦੇ ਲੋਕਾਂ ਨੂੰ ਆਪਣਾ ਵਿਕਲਾਂਗਤਾ ਪ੍ਰਮਾਣ ਪੱਤਰ ਬਣਾਉਣ ਵਿੱਚ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਸਰਕਾਰ ਦੁਆਰਾ ਅੰਗਹੀਣਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੇ ਲਈ ਬਹੁਤ ਧੰਨਵਾਦ ਕਰਦੇ ਹਾਂ ਕਿ ਰੇਲਵੇ ਵਿਭਾਗ ਵਲੋਂ 40 ਪ੍ਰਤੀਸ਼ਤ ਘੱਟ (ਘੱਟ ਦ੍ਰਿਸ਼ਟੀ, ਗੂੰਗੇ ਅਤੇ ਬੌਲੇ) ਸ਼੍ਰੇਣੀ ਦੇ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਨਾਂ ਨੂੰ ਇਨ੍ਹਾਂ ਸਹੂਲਤਾਂ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦ ਹਾਂ ਕਿ 40 ਪ੍ਰਤੀਸ਼ਤ (ਘੱਟ ਦ੍ਰਿਸ਼ਟੀ, ਗੂੰਗੇ ਅਤੇ ਬੌਲੇ) ਸ਼੍ਰੇਣੀ ਦੇ ਲੋਕਾਂ ਨੂੰ ਆਰ.ਪੀ.ਡਬਲਯੂ. ਐਕਟ-2016 ਦੇ ਅਨੁਸਾਰ ਪੈਨਸ਼ਨ ਦੇ ਯੋਗ ਮੰਨਦੇ ਹੋਏ ਉਹਨਾਂ ਨੂੰ ਵੀ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇ।

# ਕੁਲਵਿੰਦਰ ਵਿਰਕ ਦੀਆਂ ਘਰ ਬਾਰੇ ਨਵੀਆਂ ਕਵਿਤਾਵਾਂ

*ਸਵੈ-ਕਥਨ : ਹਰ ਸੰਵੇਦਨਸ਼ੀਲ ਮਨੁੱਖ ਦੀ ਘਰ ਨਾਲ ਗਹਿਰੀ ਸਾਂਝ...ਪਰਵਾਸ ਭੋਗ ਰਹੇ ਵਾਸ਼ਿੰਦਿਆਂ ਲਈ ਤਾਂ ਇਹ ਸਾਂਝ ਹੋਰ ਵੀ ਵਧੇਰੇ ਭਾਵੁਕ...ਘਰ ਕਦੇ ਨਾਲ ਤੁਰ ਆਉਂਦਾ, ਕਦੇ ਬਹੁਤ ਪਿੱਛੇ ਰਹਿ ਜਾਂਦਾ...! ਸਿਰਜਣ-ਪਲਾਂ ਦੌਰਾਨ ਘਰ, ਪਿੰਡ, ਪਰਵਾਸ ਤੇ ਪੁਰਖਿਆਂ ਦੇ ਬਹੁਰੰਗੇ ਚਿੰਨ੍ਹ ਚੇਤਿਆਂ 'ਚ ਚੱਕਰ ਲਾਉਂਦੇ...ਮੱਥੇ 'ਤੇ ਉੱਕਰੇ ਕਈ ਸਵਾਲਾਂ ਦੇ ਰੂਬਰੂ ਕਰਵਾਉਂਦੇ...ਮੇਰੀ ਸੋਚ ਕਿ ਨਜ਼ਮ ਬੇਸ਼ੱਕ ਛੋਟੀ ਹੋਵੇ, ਪਰ ਸਾਰਥਕ ਹੋਵੇ, ਸੰਪੂਰਨ ਹੋਵੇ। ਮੇਰੀਆਂ ਇਨ੍ਹਾਂ ਨਜ਼ਮਾਂ ਦਾ ਪਾਠ ਕਰਦਿਆਂ ਆਪਣਾ ਘਰ ਤੁਹਾਨੂੰ ਕਿਸ ਭਾਵ 'ਚ ਚੇਤੇ ਆਇਆ, ਦੱਸਿਓ ਜ਼ਰੂਰ...!*

## ਕਦੇ ਪਰਤੇ ਹੀ ਨਾ...

ਕੁਝ ਲੋਕ
ਘਰੋਂ ਸਵੇਰੇ
ਨਿਕਲੇ ਸਨ ਕੰਮਾਂ 'ਤੇ
ਮੁੜ ਪਰਤੇ ਹੀ ਨਹੀਂ...
ਖੌਰੇ ਕਿਹੜੇ ਅੰਬਰਾਂ ਨੇ ਮੋਹ ਲਏ
ਖੌਰੇ ਕਿਨ੍ਹਾਂ ਦਿਸ਼ਾਵਾਂ ਨੇ ਖੋਹ ਲਏ...

ਬੜਾ ਚਿਰ ਹੋ ਗਿਆ-
ਪਰਵਾਰ ਕਲਪਦੇ,
ਜਵਾਕ ਤਰਸਦੇ,
ਰੂਹਾਂ,
ਬਰੂਹਾਂ
ਤੇ ਜੂਹਾਂ ਵੀ ਓਦਰੀਆਂ...

ਜਾਣ ਵਾਲਿਆਂ
ਹੁਣ ਨਾ ਮੁੜਨਾ
ਜਾਣ ਵਾਲਿਆਂ
ਕਦੇ ਨਾ ਮੁੜਨਾ...!

## ਖੌਰੇ ਕਿਵੇਂ ਪਰਤੇ ਹੋਣਗੇ...?

ਆਪੋ-ਆਪਣੇ ਘਰਾਂ ਨੂੰ
ਉਹ
ਖੌਰੇ ਕਿਵੇਂ ਪਰਤੇ ਹੋਣਗੇ....?
ਰਸਤੇ
ਅਤੇ ਚੌਰਸਤੇ
ਕਈ ਵਰ੍ਹੇ ਪਹਿਲਾਂ ਹੀ
ਅੰਨ੍ਹੇ ਹੋ ਗਏ ਸਨ....!
ਤਾਰਿਆਂ,
ਰੁੱਖਾਂ
ਤੇ ਪੰਛੀਆਂ-
ਇਨ੍ਹਾਂ ਸਾਰਿਆਂ ਦਾ
ਕਿਤੇ ਕੋਈ ਨਾਮੋ-ਨਿਸ਼ਾਨ ਵੀ ਤਾਂ ਨਹੀਂ...
ਬਸ ਖਲਾਅ ਹੀ ਖਲਾਅ...
ਤੇ ਇਸ ਖਲਾਅ ਦਾ ਲਗਾਤਾਰ
ਹੋ ਰਿਹਾ ਫੈਲਾਅ....!!

ਅਜਿਹੇ ਮਾਹੌਲ
ਤੇ ਮੌਸਮਾਂ ਦਰਮਿਆਨ
ਆਪੋ-ਆਪਣੇ ਘਰਾਂ ਨੂੰ
ਉਹ ਕਿਵੇਂ ਪਰਤੇ ਹੋਣਗੇ...?

## ਆਖਰ ਕਿਵੇਂ ਪਰਤੀਏ...?

ਘਰਾਂ ਨੂੰ ਪਰਤੀਏ
ਤਾਂ ਕਿਵੇਂ ਪਰਤੀਏ...?
ਬੁੱਢੇ ਬਾਪੂ
ਸਾਡੀ ਪੈੜ-ਚਾਲ ਨੂੰ
ਉਡੀਕਦੇ-ਉਡੀਕਦੇ
ਸਰੀਰਾਂ ਦੀ ਹੋਂਦ ਤੋਂ ਪਾਰ
ਕਦੋਂ ਦੇ ਚਲੇ ਗਏ...

ਮਾਵਾਂ ਵੀ ਤਾਂ
ਆਖਰੀ ਸਫਰ ਮੁਕਾ
ਕਬਰਾਂ ਅੰਦਰ
ਸੌਂ ਚੁੱਕੀਆਂ ਨੇ...!

ਘਰਾਂ ਦੇ ਖੂੰਜਿਆਂ 'ਚੋਂ
ਹਨੇਰਾ ਝਾਕਦਾ ਹੈ...

ਬਨੇਰਿਆਂ 'ਤੇ ਬੈਠੇ ਮਿੱਟੀ ਦੇ ਮੋਰ
ਬਾਪੂ ਨਾਲ ਹੀ
ਉੱਡ ਗਏ ਨੇ ਕਿਧਰੇ...

ਭੈਅ ਵੰਡਦੇ ਘਰਾਂ ਨੂੰ
ਪਰਤੀਏ
ਤਾਂ ਆਖਰ ਕਿਵੇਂ ਪਰਤੀਏ...??

## ਬੁੱਢਾ ਹੋ ਗਿਆ ਪਿੰਡ....

ਬੁੱਢਾ ਹੋ ਗਿਆ ਮੇਰਾ ਪਿੰਡ
ਹੁਣ ਆਖਰੀ ਸਾਹਾਂ 'ਤੇ ਹੈ...

ਚਿੱਟੀਆਂ ਜ਼ਹਿਰਾਂ ਨੇ
ਬੁੱਢੇ ਪਿੰਡ ਦੇ
ਕਮਜ਼ੋਰ ਸਰੀਰ ਦੀਆਂ
ਕਾਲੀਆਂ ਨਾੜਾਂ ਉਭਾਰ ਦਿੱਤੀਆਂ ਨੇ...

ਖਾਲੀ-ਖਾਲੀ ਨੈਣ,
ਕੀ ਦਿਨ ਤੇ ਕੀ ਰੈਣ,
ਕਿਧਰੇ ਹਉਕੇ,
ਕਿਧਰੇ ਵੈਣ...

ਉਂਝ
ਬਹੁਤ ਡੂੰਘੇ ਉੱਤਰ ਗਏ ਨੇ ਨੀਰ...

ਬੁੱਢੇ ਪਿੰਡ ਕੋਲ
ਸਿਵਾਏ ਯਾਦਾਂ ਦੇ ਸਰਮਾਏ ਤੋਂ
ਬਚਿਆ ਨਹੀਂ ਕੁਝ ਕੋਲ
ਨਵੀਂਆਂ ਨਸਲਾਂ ਨੂੰ ਦੇਣ ਲਈ ....

ਵੈਸੇ ਵੀ
ਬੁੱਢੇ ਹੋ ਗਏ ਮੇਰੇ ਪਿੰਡ ਦਾ
ਅੱਧਾ ਪਿੰਡਾ ਤਾਂ ਪਰਵਾਸ ਕਰ ਗਿਐ...
ਤੇ ਪਰਵਾਸੀ ਹੋ ਗਿਆ ਪੂਰ
ਇਸ ਬੁੱਢੇ ਦੇ ਨੈਣੀ
ਖਾਲੀਪਣ ਤੇ ਕੁਝ ਅਣਹੋਣੀਆਂ ਧਰ ਗਿਐ...

ਬਾਕੀ ਬਚੇ ਇਸ ਦੇ ਅੱਧੇ ਕੁ ਪਿੰਡੇ 'ਤੇ
ਯੂ ਪੀ, ਬਿਹਾਰ ਦੇ ਪਰਵਾਸੀਆਂ ਨੇ
ਆਪਣਾ ਡੇਰਾ ਜਮਾ ਲਿਐ,
ਬੁੱਢੇ ਹੋ ਗਏ ਮੇਰੇ ਪਿੰਡ ਦੇ ਪਿੰਡੇ ਨੂੰ
ਇਹਦੇ ਆਪਣੇ ਹੀ ਅੰਗਾਂ ਨੇ ਖਾ ਲਿਐ...!

## ਘਰ ਵੀ ਹੁਣ ਘਰ ਨਹੀਂ ਰਹੇ...

ਘਰ ਵੀ ਹੁਣ
ਘਰ ਨਹੀਂ ਰਹੇ...
ਪਹਿਰੇ 'ਤੇ ਚੁੱਪ
ਉਦਾਸ ਵਿਹੜੇ
ਥਬਾਕ, ਜਜ਼ਬੇ
ਤੇ ਵਿਸ਼ਵਾਸ ਤਿੜਕੇ-ਤਿੜਕੇ
ਖੰਭ ਲਾ ਕੇ ਉੱਡ ਗਈਆਂ ਕਿਧਰੇ
ਲਿਆਕਤਾਂ, ਨਜ਼ਾਕਤਾਂ...
ਘਰਾਂ 'ਚ ਹੁਣ
ਚੁੱਪ, ਉਦਾਸੀ
ਸਾੜੇ ਤੇ ਪਾੜੇ
ਸਮਾਧੀ ਲਾ ਕੇ ਬੈਠੇ ਹਨ...

## ਕੁਝ ਘਰਾਂ ਅੰਦਰ...

ਕੁਝ ਘਰਾਂ ਅੰਦਰ
ਅਣਦਿਸਦੇ ਬੂਹੇ ਹੁੰਦੇ
ਜਿਹੜੇ ਸਦਾ
ਬੰਦ ਹੀ ਰਹਿੰਦੇ
ਗੁਲਾਬੀ ਹਵਾਵਾਂ ਨੂੰ
ਅੰਦਰ ਆਉਣ ਦੀ ਮਨਾਹੀ ਹੁੰਦੀ...!

## ਕੀ ਪਤਾ...

ਕੀ ਪਤਾ ਮੈਂ ਕਦ ਤੁਰ ਜਾਵਾਂ
ਪੌਣਾਂ, ਪਾਣੀਆਂ
ਤੇ ਚਾਨਣੀਆਂ ਤੋਂ ਪਾਰ...
ਤੇ ਮੈਨੂੰ ਲੱਭਦੇ ਰਹਿ ਜਾਓ ਤੁਸੀਂ
ਆਪਣੇ ਅੰਦਰ, ਬਾਹਰ...
ਦਿਲ ਨੂੰ ਧਰਵਾਸ ਦੇਣ ਲਈ....

## ਕੁਝ ਲੋਕ

ਕੁਝ ਲੋਕ
ਘਰ 'ਚ ਹੋ ਕੇ ਵੀ
ਘਰ 'ਚ ਨਹੀਂ ਹੁੰਦੇ....

ਤੇ ਕੁਝ ਲੋਕ
ਜਿੱਥੇ ਜਾਂਦੇ ਹਨ
ਘਰ ਨੂੰ ਨਾਲ ਹੀ ਲੈ ਜਾਂਦੇ ਹਨ...!

## ਓਦਰੇ ਘਰ...

ਉਜਾੜ 'ਚ ਤਾਂ
ਇਕੱਲਾ ਰੁੱਖ ਵੀ ਓਦਰ ਜਾਂਦੈ-
ਮਾਂ ਅਕਸਰ ਆਖਿਆ ਕਰਦੀ ਸੀ...
ਪਰ ਮਾਂ !
ਉਜਾੜ,
ਤੇ ਇਕੱਲਤਾ ਦਾ ਸੰਤਾਪ ਤਾਂ ਹੁਣ
ਖਾਲੀ ਹੋ ਰਹੇ ਪੰਜਾਬ ਦੇ
ਲੱਖਾਂ ਘਰ ਵੀ ਭੋਗ ਰਹੇ ਨੇ...
ਇਨ੍ਹਾਂ ਓਦਰੇ ਘਰਾਂ ਦੀ ਸਾਰ
ਹੁਣ ਕੌਣ ਲਵੇ...??

## ਆਉਣਾ-ਜਾਣਾ

ਜਾਣ ਵੇਲੇ
ਲਿੱਪਾ-ਪੋਚੀ ਕਰ
ਚਿਹਰੇ ਨੂੰ
ਸੰਵਾਰਦੇ ਹਾਂ
ਬੜੀ ਗਹੁ ਨਾਲ
ਸ਼ੀਸ਼ੇ 'ਚ ਨਿਹਾਰਦੇ ਹਾਂ...

ਵਾਪਸੀ 'ਤੇ
ਕੱਪੜੇ ਵੀ
ਢੰਗ ਦੇ ਨਹੀਂ ਪਹਿਨਦੇ...!

ਫੋਨ : 78146 54133

ਆਖਰੀ ਸਫ਼ਾ ਦੀ ਬਾਕੀ

## ਸਾਹਿਤ ਸਮਾਜ ਦੇ ਵਿਵਹਾਰ ਵਿੱਚੋਂ ਹੀ ਉਪਜਦਾ ਹੈ ...

ਥੋੜ੍ਹ ਚਿਰੇ ਹੀ ਹੁੰਦੇ ਹਨ। ਟੁੱਟਣ ਵੇਲੇ ਮਨੁੱਖ ਫਿਰ ਇਕੱਲਤਾ ਅਤੇ ਮਾਨਸਿਕ ਅਵਸਾਦ ਭੋਗਦਾ ਹੈ।

ਵਿਸ਼ਵੀਕਰਨ ਕਰਕੇ ਪੰਜਾਬ ਵਿਚ ਵਿਆਪਕ ਪਰਿਵਰਤਨ ਹੋਏ ਹਨ। ਕੋਈ ਵੀ ਖੇਤਰ ਇਸ ਤੋਂ ਅਛੂਤਾ ਨਹੀਂ ਹੈ। ਪਰਵਾਰਕ ਰਿਸ਼ਤਿਆਂ ਵਿਚ ਬੇਗਾਨਗੀ ਤੇ ਇਕੱਲਤਾ ਭਾਰੂ ਹੋ ਰਹੀ ਹੈ। ਦੂਰੀਆਂ ਵਧ ਰਹੀਆਂ ਹਨ। ਆਉਣ ਵਾਲੀਆਂ ਪੀੜ੍ਹੀਆਂ ਲਈ ਆਉਣ ਵਾਲਾ ਸਮਾਂ ਬਹੁਤ ਭਿਅੰਕਰ ਹੋਣ ਵਾਲਾ ਹੈ, ਸਮਾਂ ਰਹਿੰਦੇ ਸਾਨੂੰ ਸਾਵਧਾਨ ਹੋਣਾ ਹੀ ਪਵੇਗਾ।

ਵਿਸ਼ਵੀਕਰਨ ਦੇ ਇਸ ਦੌਰ ਵਿਚ ਰਿਸ਼ਤਿਆਂ ਦੇ ਪੈ ਰਹੇ ਪ੍ਰਭਾਵਾਂ ਨੂੰ ਤੁਸੀਂ ਮੇਰੀਆਂ ਕਹਾਣੀਆਂ 'ਹਿਰਸ', 'ਮਾਵਾਂ ਤੇ ਧੀਆਂ ਰਲ ਬੈਠੀਆਂ', 'ਇਕ ਸਦੀਵੀ ਪਲ' ਤੇ 'ਇਕ ਦਿਨ' ਵਿਚ ਭਲੀ-ਭਾਂਤੀ ਮਹਿਸੂਸ ਕਰ ਸਕਦੇ ਹੋ।

**? ਕੀ ਤੁਹਾਡੀਆਂ ਕਹਾਣੀਆਂ ਦੇ ਪਾਤਰ ਤੁਹਾਡੀ ਨਿੱਜੀ ਜ਼ਿੰਦਗੀ, ਆਲੇ-ਦੁਆਲੇ ਤੋਂ ਹੁੰਦੇ ਜਾਂ ਕਲਪਿਤ।**

-ਤੁਹਾਡਾ ਇਹ ਸਵਾਲ ਬਹੁਤ ਅਹਿਮ ਹੈ। ਮੈਂ ਬਹੁਤ ਵਾਰ ਬਹੁਤ ਸਾਰੇ ਲੇਖਕਾਂ ਨੂੰ ਇਹ ਗੱਲ ਕਹਿੰਦਿਆਂ ਸੁਣਿਆ ਹੈ ਕਿ ਮੇਰੀ ਇਸ ਕਹਾਣੀ ਦਾ ਫਲਾਣਾ ਪਾਤਰ ਫਲਾਣਾ ਬੰਦਾ ਹੈ। ਇਹ ਅਜੇ ਵੀ ਜਿਉਂਦਾ ਹੈ ਜਾਂ ਫਿਰ ਆਪਣੇ ਪਾਤਰਾਂ ਬਾਰੇ ਗੱਲਾਂ ਕਰਦੇ ਵਕਤ ਉਹ ਰਚਨਾ ਦੀ ਸੱਚਾਈ ਨੂੰ ਪਕਿਆਉਣ ਖਾਤਰ ਦੱਸਦੇ ਹਨ ਕਿ ਘਟਨਾ ਹੂਬਹੂ ਇਸੇ ਤਰ੍ਹਾਂ ਵਾਪਰੀ ਸੀ, ਇਸ ਦਾ ਪਾਤਰ ਅਜੇ ਵੀ ਮੇਰੇ ਸੰਪਰਕ ਵਿਚ ਹੈ, ਪਰ ਮੇਰੀਆਂ ਰਚਨਾਵਾਂ ਵਿਚ ਜਿਹੜੇ ਪਾਤਰ ਹੁੰਦੇ ਹਨ, ਮੈਂ ਇਹ ਤਾਂ ਨਹੀਂ ਕਹਿੰਦੀ ਕਿ ਉਹ ਕਿਤੇ ਆਲੇ-ਦੁਆਲੇ ਹੁੰਦੇ ਹੀ ਨਹੀਂ, ਪਰ ਉਹ ਕੋਈ ਇਕ ਪਾਤਰ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਮੇਰੀ ਕਹਾਣੀ 'ਇਕ ਦਿਨ' ਹੀ ਪਾਤਰ ਆਸ਼ੂ ਕੋਈ ਇਕ ਔਰਤ ਪਾਤਰ ਨਹੀਂ, ਉਹ ਅਨੇਕਾਂ ਪਾਤਰ ਮਿਲਾ ਕੇ ਇਕ ਪਾਤਰ ਬਣਿਆ। ਉਸ ਵਿਚ ਮੈਂ ਖੁਦ ਵੀ ਕਿਤੇ ਨਾ ਕਿਤੇ ਸ਼ਾਮਲ ਹੋਵਾਂਗੀ ਤੇ ਮੇਰੇ ਵਰਗੀਆਂ ਸ਼ੈਆਂ ਔਰਤਾਂ ਦੀ ਕਹਾਣੀ ਕਹਿੰਦਾ ਹੈ ਮੇਰਾ ਇਹ ਪਾਤਰ। ਮੇਰੀਆਂ ਕਹਾਣੀਆਂ ਪਾਤਰ ਪ੍ਰਧਾਨ ਨਾ ਹੋ ਕੇ ਭਾਵਨਾ ਪ੍ਰਧਾਨ ਹੁੰਦੀਆਂ ਹਨ। ਇਸੇ ਲਈ ਮੇਰੀਆਂ ਕਹਾਣੀਆਂ ਦੇ ਪਾਤਰ ਨਿੱਜੀ ਜ਼ਿੰਦਗੀ ਵਿੱਚੋਂ ਹੋ ਕੇ ਵੀ ਮੇਰੀ ਸਿਰਜਣਾ 'ਚ ਆ ਕੇ ਕਾਲਪਨਿਕ ਬਣ ਜਾਂਦੇ ਹਨ। ਮੇਰਾ ਇਹ ਮੰਨਣਾ ਹੈ ਕਿ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਤੁਸੀਂ ਜਿਉਂ ਦਾ ਤਿਉਂ ਨਹੀਂ ਸਿਰਜ ਸਕਦੇ। ਜੇਕਰ ਏਦਾਂ ਹੁੰਦਾ ਹੈ ਤਾਂ ਫਿਰ ਉਸ ਵਿਚ ਸਿਰਜਣਾ ਕਰਨ ਵਾਲੇ ਦੀ ਕਲਾਤਮਿਕਤਾ ਕਿੱਥੇ ਰਹਿ ਜਾਂਦੀ ਹੈ। ਉਹ ਫਿਰ ਇਕ ਰੇਖਾ ਚਿੱਤਰ ਬਣ ਜਾਂਦਾ ਹੈ।

ਮੈਨੂੰ ਕੋਈ ਵੀ ਪਾਤਰ ਘੜਨ ਲਈ ਬਹੁਤ ਸਾਰੇ ਪਾਤਰਾਂ ਨੂੰ ਮਿਲਾ ਕੇ ਇੱਕ ਮੁਕੰਮਲ ਪਾਤਰ ਲੱਭਦਾ ਹੈ, ਜਿਸ ਰਾਹੀਂ ਮੈਂ ਇੱਛਤ ਯਥਾਰਥ ਨੂੰ ਕਲਾਤਮਿਕਤਾ ਨਾਲ ਆਪਣੀ ਰਚਨਾ ਵਿਚ ਲੈ ਕੇ ਆਉਂਦੀ ਹਾਂ। ਇਹੀ ਮੇਰੀ ਸਿਰਜਣਾ ਹੈ। ਇਸ ਤਰ੍ਹਾਂ ਮੇਰੇ ਪਾਤਰ ਕਾਲਪਨਿਕ ਹੋ ਕੇ ਯਥਾਰਥਕ ਲੱਗਦੇ ਹਨ।

**? ਕਹਾਣੀ ਸਿਰਜਣ ਲਈ ਤੁਸੀਂ ਕਿਹੜੀਆਂ ਬਿਰਤਾਂਤਕ ਜੁਗਤਾਂ ਨੂੰ ਵਰਤਣ ਲਈ ਤਰਜੀਹ ਦਿੰਦੇ ਹੋ।**

-ਸਮਾਜ ਵਿਚ ਵਾਪਰ ਰਹੇ ਵਰਤਾਰੇ ਨੂੰ ਇਕ ਲੇਖਕ ਆਮ ਲੋਕਾਂ ਨਾਲੋਂ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਦਾ ਹੈ। ਉਸ ਦੀ ਦ੍ਰਿਸ਼ਟੀ ਦ੍ਰਿਸ਼ਟ ਦੇ ਪਿੱਛੇ ਪਏ ਅਦ੍ਰਿਸ਼ ਤੱਕ ਪਹੁੰਚ ਕਰਦੀ ਹੈ। ਸਾਧਾਰਨ ਮਨੁੱਖ ਦੀ ਜਟਿਲ ਮਾਨਸਿਕਤਾ ਨੂੰ ਸਮਝਣ ਲਈ ਉਹ ਸਿਰਜਣਾ ਕਰਦਾ ਹੈ। ਆਪਣੀ ਸਿਰਜਣਾ ਨੂੰ ਲੇਖਕ ਜਿਹਨਾਂ ਜੁਗਤਾਂ ਰਾਹੀਂ ਫੈਲਾਉਂਦਾ ਹੈ, ਉਸ ਨੂੰ ਵਿਸਥਾਰ ਦਿੰਦਾ ਹੈ। ਉਹ ਉਸ ਦੀਆਂ ਬਿਰਤਾਂਤਕ ਜਾਂ ਗਲਪੀ ਜੁਗਤਾਂ ਕਹਾਉਂਦੀਆਂ ਹਨ। ਵੱਖ-ਵੱਖ ਵਿਸ਼ਿਆਂ ਨੂੰ ਨਿਭਾਉਣ ਲਈ ਲੇਖਕ ਵੱਖ-ਵੱਖ ਤਰ੍ਹਾਂ ਦੀਆਂ ਜੁਗਤਾਂ ਅਪਣਾ ਕੇ ਆਪਣੀ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਇਹ ਜੁਗਤਾਂ ਅੰਤਰਪਾਠ ਦੀ ਜੁਗਤ, ਫੋਕਸੀਕਰਨ, ਪਿੱਛਲਝਾਤ, ਚੇਤਨਾ ਪ੍ਰਵਾਹ, ਸਰਬ ਗਿਆਤਾ ਬਿਰਤਾਂਤਕਾਰ ਦੀ ਜੁਗਤ ਪਰਾ-ਬਿਰਤਾਂਤ ਤੇ ਉੱਤਮ ਪੁਰਖ ਦੀ ਜੁਗਤ ਹੋਰ ਵੀ ਬਹੁਤ ਸਾਰੀਆਂ ਜੁਗਤਾਂ ਬਿਰਤਾਂਤ ਸਿਰਜਣ ਲਈ ਲੇਖਕ ਵੱਲੋਂ ਵਰਤੀਆਂ ਜਾਂਦੀਆਂ ਹਨ।

ਜਿੱਥੋਂ ਤੱਕ ਮੇਰੀ ਰਚਨਾ ਵਿਚ ਬਿਰਤਾਂਤਕ ਜੁਗਤਾਂ ਦਾ ਸਵਾਲ ਹੈ, ਮੇਰੀਆਂ ਬਹੁਤੀਆਂ ਕਹਾਣੀਆਂ ਉੱਤਮਪੁਰਖੀ ਜੁਗਤ ਰਾਹੀਂ ਵਿਸਥਾਰ ਗ੍ਰਹਿਣ ਕਰਦੀਆਂ ਹਨ। ਉੱਤਮਪੁਰਖੀ ਕਹਾਣੀ ਪਾਠਕ ਨੂੰ ਆਪਣੇ ਨਾਲ ਜੋੜਨ ਵਿਚ ਜ਼ਿਆਦਾ ਸਹਾਈ ਹੁੰਦੀ ਹੈ। ਪਾਠਕ ਇਹ ਮਹਿਸੂਸ ਕਰਦਾ ਕਿ ਜਿਵੇਂ ਪਾਤਰ ਸਿੱਧਾ ਉਸ ਨੂੰ ਮੁਖਾਤਿਬ ਹੈ। ਇਸ ਜੁਗਤ ਰਾਹੀਂ ਯਥਾਰਥ ਦਾ ਜ਼ਿਆਦਾ ਬੋਧ ਕਰਵਾਇਆ ਜਾ ਸਕਦਾ ਹੈ। ਮੇਰੀਆਂ ਇਕ ਦਿਨ, ਭਲਾ ਆਦਮੀ, ਸੁਪਨ ਸੰਸਾਰ, ਕੰਧ 'ਤੇ ਟੰਗਿਆ ਸਕੈੱਚ, ਹਿਰਸ ਵਰਗੀਆਂ ਬਹੁਤੀਆਂ ਕਹਾਣੀਆਂ ਉੱਤਮ ਪੁਰਖੀ ਜੁਗਤ ਨਾਲ ਪੇਸ਼ ਹੋਈਆਂ ਹਨ। ਜਾਇਆਵੱਢੀ ਅਤੇ ਬਿਨਾਂ ਧੁੱਪ ਪ੍ਰਛਾਵੇਂ ਤੇ ਹੋਰ ਕਈ ਕਹਾਣੀਆਂ ਸਰਬ ਗਿਆਤਾ ਬਿਰਤਾਂਤਕਾਰ ਦੀ ਜੁਗਤ ਰਾਹੀਂ ਪੇਸ਼ ਹੋਈਆਂ ਹਨ। ਇਹਨਾਂ ਕਹਾਣੀਆਂ ਵਿਚ ਹੀ ਪਿੱਛਲਝਾਤ, ਚੇਤਨ, ਅਵਚੇਤਨ ਅਤੇ ਵਾਰਤਾਲਾਪੀ ਜੁਗਤਾਂ ਦੀ ਵਰਤੋਂ ਵੀ ਬਾਖ਼ੂਬੀ ਕੀਤੀ ਗਈ ਹੈ। ਉੱਤਮਪੁਰਖੀ ਸ਼ੈਲੀ ਵਿਚ ਰਚਿਤ ਮੇਰੀਆਂ ਕਹਾਣੀਆਂ ਪਾਤਰਾਂ ਦੇ ਹਨੇਰੇ ਕੋਨਿਆਂ ਤੱਕ ਪਹੁੰਚ ਬਣਾ ਕੇ ਉਹਨਾਂ ਦੀ ਮਾਨਸਿਕਤਾ ਨੂੰ ਸ਼ਬਦਾਂ ਵਿਚ ਪ੍ਰਗਟਾਉਣ ਦਾ ਜ਼ਰੀਆ ਬਣਦੀਆਂ ਹਨ।

**? ਤੁਸੀਂ ਆਪਣੀ ਸਾਹਿਤ ਸਿਰਜਣਾ ਨੂੰ ਆਪਣੇ ਨਿੱਜ ਨਾਲ ਕਿਵੇਂ ਜੁੜਿਆ ਹੋਇਆ ਮਹਿਸੂਸ ਕਰਦੇ ਹੋ।**

-ਅੱਜ ਦੀ ਔਰਤ ਆਪਣੀ ਸਵੈਪਛਾਣ ਅਤੇ ਸਵੈ ਹੋਂਦ ਕਾਇਮ ਕਰਨ ਵੱਲ ਰੁਚਿਤ ਹੈ। ਉਹ ਸਰੀਰਕ ਅਤੇ ਮਾਨਸਿਕ ਦੋਵਾਂ ਤਰ੍ਹਾਂ ਦੀ ਆਜ਼ਾਦੀ ਲਈ ਸੰਘਰਸ਼ਰਤ ਹੈ। ਅਰਧ ਨਾਰੀਸ਼ਵਰ ਦੇ ਸੰਕਲਪ ਦੇ ਬਾਵਜੂਦ ਸਾਡੇ ਸਮਾਜ ਵਿਚ ਔਰਤ ਹਮੇਸ਼ਾ ਦੁਜੈਲੀ ਸਥਾਨ 'ਤੇ ਹੀ ਰਹੀ ਹੈ। ਸਦੀਆਂ ਤੋਂ ਆਪਣੇ ਨਾਲ ਹੁੰਦੇ ਇਸ ਭੇਦਭਾਵ ਨੂੰ ਮਿਟਾਉਣ ਖਾਤਰ ਅਜੋਕੀ ਨਾਰੀ ਨੇ ਸਮਾਜ ਦੇ ਠੇਕੇਦਾਰਾਂ, ਜਿਹਨਾਂ ਨੇ ਆਪਣੇ ਸੁਆਰਥ ਖਾਤਰ ਔਰਤ ਨੂੰ ਹਮੇਸ਼ਾ ਪੈਰ ਦੀ ਜੁੱਤੀ ਸਮਝਿਆ, ਨੂੰ ਲਲਕਾਰਨਾ ਸ਼ੁਰੂ ਕਰ ਦਿੱਤਾ ਹੈ। ਉਹਨਾਂ ਵੱਲੋਂ ਬਣਾਏ ਗਏ ਸਮਾਜਿਕ ਨਿਯਮਾਂ ਨੂੰ ਉਲੰਘ ਕੇ ਆਪਣੀ ਥਾਂ ਨਿਸ਼ਚਿਤ ਕਰਨ ਲਈ ਯਤਨ ਆਰੰਭ ਕਰ ਦਿੱਤੇ ਹਨ। ਸਾਹਿਤ ਵਿਚ ਇਹ ਸਭ ਗੱਲਾਂ ਤੁਹਾਨੂੰ ਆਮ ਹੀ ਵੇਖਣ ਨੂੰ ਮਿਲ ਜਾਣਗੀਆਂ। ਸਾਹਿਤ ਇਕ ਸ਼ਕਤੀਸ਼ਾਲੀ ਮਾਧਿਅਮ ਹੈ, ਜੋ ਸਮਾਜ ਨੂੰ ਬਦਲਣ ਦੀ ਤਾਕਤ ਰੱਖਦਾ ਹੈ। ਭਾਵੇਂ ਇਹ ਜਾਦੂ ਦੀ ਛੜੀ ਵਾਂਗ ਸਭ ਕੁਝ ਰਾਤੋ-ਰਾਤ ਨਹੀਂ ਹੁੰਦਾ, ਪਰ ਹੁੰਦਾ ਜ਼ਰੂਰ ਹੈ। ਸਾਹਿਤ ਸਾਡੇ ਸਮਾਜ ਦੇ ਕੋਹਜ ਨੂੰ ਦਰਸਾਉਂਦਾ ਹੈ। ਉਸ ਦੀ ਗੰਦਗੀ ਨੂੰ ਨੰਗਾ ਕਰਦਾ ਹੈ। ਗਲਤ ਵਰਤਾਰਿਆ ਦੇ ਸੱਚ ਨੂੰ ਸਾਹਮਣੇ ਲਿਆਉਂਦਾ ਹੈ। ਮੇਰੀ ਸਿਰਜਣਾ ਵੀ ਇਸ ਸਭ ਤੋਂ ਅਛੂਤੀ ਨਹੀਂ ਹੈ। ਮੈਂ ਵੀ ਆਪਣੀਆਂ ਰਚਨਾਵਾਂ ਵਿਚ ਜੋ ਸਭ ਨਿੱਜੀ ਤੌਰ 'ਤੇ ਮਹਿਸੂਸ ਕਰਦੀ ਹਾਂ, ਉਸ ਨੂੰ ਕਲਾਤਮਿਕਤਾ ਨਾਲ ਆਪਣੀ ਰਚਨਾ ਵਿਚ ਉਤਾਰਨ ਦੀ ਕੋਸ਼ਿਸ਼ ਕਰਦੀ ਹਾਂ। ਔਰਤ ਹੋਣ ਦੇ ਨਾਤੇ ਔਰਤ ਦਾ ਦਰਦ, ਉਸ ਦੀ ਚਿੰਤਾ, ਉਸ ਦਾ ਤਣਾਅ ਉਸ ਦੀਆਂ ਭਾਵਨਾਵਾਂ ਨੂੰ ਬਾਖੂਬੀ ਸਮਝਦੀ ਹਾਂ। ਸਮਾਜ ਦੇ ਕੋਝੇ ਪੱਖਾਂ ਨੂੰ ਮਰਦ ਦੇ, ਔਰਤ ਪ੍ਰਤੀ ਨਜ਼ਰੀਏ ਨੂੰ ਮੈਂ ਆਪਣੀਆਂ ਕਹਾਣੀਆਂ ਵਿਚ ਬਾਖੂਬੀ ਚਿਤਰਿਆ ਹੈ। ਮੇਰੀਆਂ ਕਹਾਣੀਆਂ 'ਮਰੀਆਂ ਹੋਈਆਂ ਮਛਲੀਆਂ', 'ਕੰਧ 'ਤੇ ਟੰਗਿਆ ਸਕੈੱਚ', 'ਭਲਾ ਆਦਮੀ' ਸਵੈਨਥ ਸੈਂਸ ਇਸ ਦੀ ਮਿਸਾਲ ਹਨ। ਮੇਰੇ ਨਿੱਜੀ ਅਨੁਭਵ ਅਤੇ ਮੇਰੇ ਬਾਹਰੀ ਅਨੁਭਵ ਮੇਰੀ ਸਿਰਜਣਾ ਨਾਲ ਧੁਰ ਅੰਦਰ ਤੋਂ ਜੁੜੇ ਹੋਏ ਹਨ।

**? ਤੁਹਾਡੀਆਂ ਕਹਾਣੀਆਂ ਦੀ ਸਮਾਜਿਕ ਸਾਰਥਿਕਤਾ ਕੀ ਬਣਦੀ ਹੈ।**

-ਲੇਖਕ ਸਮਾਜ ਅੰਦਰ ਵਾਪਰ ਰਹੇ ਵਰਤਾਰਿਆਂ ਨੂੰ ਆਮ ਲੋਕਾਂ ਵਾਂਗ ਵੇਖ ਕੇ ਅੱਗੇ ਨਹੀਂ ਲੰਘ ਸਕਦਾ, ਬਲਕਿ ਸਮਾਜ ਨੂੰ ਜਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਦਾ ਚਿਤਰਣ ਆਪਣੀਆਂ ਰਚਨਾਵਾਂ ਵਿਚ ਕਰਦਾ ਹੈ। ਸਾਹਿਤ ਦਾ ਸਮਾਜ ਨਾਲ ਗਹਿਰਾ ਰਿਸ਼ਤਾ ਹੈ। ਕਿਸੇ ਵੀ ਭਾਸ਼ਾ ਦਾ ਸਾਹਿਤ ਉਸ ਖੇਤਰ ਵਿਚ ਵਾਪਰ ਰਹੇ ਨਾਲ ਹੀ ਬਾਵਸਤਾ ਹੁੰਦਾ ਹੈ। ਆਮ ਜੀਵਨ ਵਿੱਚੋਂ ਹੀ ਕਹਾਣੀ ਜਾਂ ਗਲਪ ਦੇ ਸਰੋਕਾਰ ਸਮਾਜ ਨਾਲ ਜੁੜਦੇ ਹਨ। ਸਾਹਿਤਕਾਰ ਸਮਾਜਿਕ ਤਾਣੇਬਾਣੇ ਵਿਚ ਵਾਪਰਦੀਆਂ ਤਬਦੀਲੀਆਂ ਨੂੰ ਬਹੁਤ ਪੈਨੀ ਨਜ਼ਰ ਨਾਲ ਵੇਖਦਾ ਹੈ। ਮੇਰੀ ਕਹਾਣੀ 'ਇਕ ਦਿਨ' ਵਿਚ ਤੁਸੀਂ ਇਸ ਨੂੰ ਬਾਖੂਬੀ ਵੇਖ ਸਕਦੇ ਹੋ। ਇਹ ਕਹਾਣੀ ਔਰਤ ਦੀਆਂ ਅਜੋਕੀਆਂ ਸਥਿਤੀਆਂ ਨਾਲ ਦੋ-ਚਾਰ ਹੁੰਦੀ ਔਰਤ ਨੂੰ ਅਗਰਭੂਮੀ ਵਿਚ ਰੱਖ ਕੇ ਉਸ ਦੀ ਸਥਿਤੀ ਦਾ ਬੋਧ ਕਰਵਾਉਂਦੀ ਹੈ ਅਤੇ ਨਾਲ ਹੀ ਮਰਦ ਦੀ ਮਾਨਸਿਕਤਾ ਤੋਂ ਪਰਦਾ ਚੁੱਕਦੀ ਹੈ। ਔਰਤ ਵੱਲੋਂ ਭੋਗੇ ਜਾਂਦੇ ਸੰਤਾਪ ਦੀ ਜ਼ਮੀਨੀ ਹਕੀਕਤ ਮੇਰੀਆਂ ਕਹਾਣੀਆਂ ਵਿਚ ਵੇਖੀ ਜਾ ਸਕਦੀ ਹੈ।

ਅਸਲ ਵਿਚ ਮੇਰੀਆਂ ਕਹਾਣੀਆਂ ਦੀ ਸਮਾਜਿਕ ਸਾਰਥਿਕਤਾ ਦਾ ਪਤਾ ਇਹਨਾਂ ਵਿਚ ਲੁਪਤ ਅੰਤਰਵਿਰੋਧੀ ਸੰਕਟ ਨੂੰ ਬੜੀ ਤੀਖਣਤਾ ਨਾਲ ਫੜਨ ਤੋਂ ਪਤਾ ਲੱਗਦਾ ਹੈ। ਜਿਸ ਵਿਚ ਪੇਸ਼ ਮਸਲੇ ਨਿੱਜ ਤੋਂ ਉਪਰ ਉੱਠ ਕੇ ਪਰ ਵੱਲ ਨੂੰ ਵਿਸਥਾਰਿਤ ਹੁੰਦੇ ਹਨ। ਸਮਾਜ ਵਿਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਪੇਸ਼ ਕਰਕੇ ਮਨੁੱਖ ਦੇ ਅੰਦਰਲੀ ਤਸਵੀਰਕਸ਼ੀ ਕਰਦੇ ਮੇਰੇ ਕਹਾਣੀਆਂ ਦੇ ਪਾਤਰ, ਔਰਤ ਦੇ ਸ਼ਕਤੀਸ਼ਾਲੀ ਬਿੰਬਾਂ ਨੂੰ ਉਭਾਰਦੇ ਹਨ। ਔਰਤ-ਮਰਦ ਦੇ ਰਿਸ਼ਤਿਆਂ ਦੇ ਬਦਲਦੇ ਸਮੀਕਰਣ ਅਤੇ ਉਹਨਾਂ ਦਾ ਬਦਲਦਾ ਸਵਰੂਪ ਮੇਰੀਆਂ ਕਹਾਣੀਆਂ 'ਚ ਵਿਚ ਪੇਸ਼ ਹੁੰਦਾ ਹੈ।

**? ਸਮਕਾਲੀ ਪੰਜਾਬੀ ਕਹਾਣੀ ਵਿਚ ਤੁਸੀਂ ਆਪਣੇ-ਆਪ ਨੂੰ ਕਿੱਥੇ ਖੜ੍ਹੇ ਮਹਿਸੂਸ ਕਰਦੇ ਹੋ।**

-ਪੰਜਾਬੀ ਕਥਾ ਜਗਤ ਵਿਚ ਜੇਕਰ ਮੈਂ ਆਪਣੇ ਸਥਾਨ ਬਾਰੇ ਗੱਲ ਕਰਾਂ ਤਾਂ ਇਹ ਗੱਲ ਮੈਨੂੰ ਵਾਜਿਬ ਨਹੀਂ ਲੱਗਦੀ। ਕਿਸੇ ਵੀ ਸਾਹਿਤਕਾਰ ਦਾ ਉਸ ਦੀ ਵਿਧਾ ਵਿਚ ਉਸ ਦਾ ਸਥਾਨ ਉਸ ਦੇ ਪਾਠਕ ਨਿਸ਼ਚਿਤ ਕਰਦੇ ਹਨ। ਮੈਂ ਸਿਰਫ ਏਨਾ ਕਹਿ ਸਕਦੀ ਹਾਂ ਕਿ ਮੈਂ ਅਜੇ ਬਹੁਤ ਥੋੜ੍ਹਾ ਲਿਖਿਆ ਹੈ। ਮੇਰੀ ਅਜੇ ਤੱਕ ਸਿਰਫ ਇਕ ਕਿਤਾਬ ਹੀ ਪਬਲਿਸ਼ ਹੋਈ ਹੈ। ਉਸ ਕਿਤਾਬ ਵਿਚ ਛਪੀਆਂ ਕਹਾਣੀਆਂ ਪਹਿਲਾਂ ਪੰਜਾਬੀ ਦੇ ਵੱਖ-ਵੱਖ ਮਿਆਰੀ ਪਰਚਿਆਂ ਵਿਚ ਛਪ ਕੇ ਚਰਚਿਤ ਰਹਿ ਚੁੱਕੀਆਂ ਹਨ। ਮੇਰੇ ਦੁਆਰਾ ਰਚਿਤ ਦੂਸਰੀ, ਤੀਸਰੀ ਕਹਾਣੀ ਤੋਂ ਹੀ ਮੈਨੂੰ ਪੰਜਾਬੀ ਕਥਾ ਜਗਤ ਵਿਚ ਪਹਿਚਾਣਿਆ ਅਤੇ ਪੜ੍ਹਿਆ ਜਾਣ ਲੱਗ ਪਿਆ ਸੀ। ਘੱਟ ਲਿਖਣਾ, ਪਰ ਮਿਆਰੀ ਲਿਖਣਾ ਮੇਰੀ ਪਹਿਲ ਰਹੀ ਹੈ। ਮੈਨੂੰ ਗਿਣਤੀ 'ਚ ਵਿਸ਼ਵਾਸ ਨਹੀਂ। ਮੈਂ ਗੁਣਾਤਮਕ ਪੱਖ ਦੀ ਹਾਮੀ ਹਾਂ। ਮੇਰੀਆਂ ਕਹਾਣੀਆਂ ਦੇ ਛਪਣ ਨਾਲ ਇਹਨਾਂ ਬਾਰੇ ਲਗਾਤਾਰ ਟਿੱਪਣੀਆਂ ਵੀ ਛਪਦੀਆਂ ਰਹੀਆਂ ਹਨ। ਕਹਾਣੀ ਦੇ ਵਿਦਵਾਨ ਆਲੋਚਕਾਂ ਵੱਲੋਂ ਮੇਰੀਆਂ ਕਹਾਣੀਆਂ ਦਾ ਨੋਟਿਸ ਵੀ ਲਿਆ ਜਾਂਦਾ ਹੈ। ਬਹੁਤ ਸਾਲ ਪਹਿਲਾਂ ਲਿਖੀਆਂ ਕਹਾਣੀਆਂ ਜਿਵੇਂ ਕਿ 'ਇਕ ਦਿਨ' (2012), 'ਬਿਨਾਂ ਧੁੱਪ ਪਰਛਾਵੇਂ' (2013), 'ਭਲਾ ਆਦਮੀ' (2014) ਅਤੇ 'ਸੁਪਨ ਸੰਸਾਰ' (2009) ਬਾਰੇ ਪਾਠਕ ਅੱਜ ਵੀ ਫੋਨ ਕਰਦੇ ਹਨ ਅਤੇ ਕਹਾਣੀਆਂ ਬਾਰੇ ਚਰਚਾ ਕਰਦੇ ਹਨ। ਮੈਨੂੰ ਖੁਸ਼ੀ ਹੁੰਦੀ ਹੈ ਕਿ ਮੇਰੇ ਸਮਕਾਲੀ ਕਹਾਣੀਕਾਰ ਚਾਹੇ ਉਹ ਮਰਦ ਹਨ ਜਾਂ ਔਰਤਾਂ ਬਹੁਤ ਅੱਛਾ ਲਿਖ ਰਹੇ ਹਨ ਅਤੇ ਮੈਨੂੰ ਉਹਨਾਂ ਦੇ ਨਾਲ-ਨਾਲ ਹੋਰ ਚੰਗਾ ਲਿਖਣ ਦੀ ਪ੍ਰੇਰਣਾ ਮਿਲਦੀ ਹੈ। ਜੇ ਮੈਂ ਆਪਣੀ ਕਹਾਣੀ ਨੂੰ ਆਪਣੇ ਸਮਕਾਲੀਆਂ ਤੋਂ ਥੋੜ੍ਹਾ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਾਂ ਤਾਂ ਵਿਦਵਾਨਾਂ ਮੁਤਾਬਿਕ ਮੇਰੀ ਕਹਾਣੀ ਮਨੋਵਿਗਿਆਨਕ ਛੋਹਾਂ ਵਾਲੀ ਅਲੰਕਾਰਾਂ ਤੋਂ ਮੁਕਤ ਹੈ ਅਤੇ ਮਨੁੱਖੀ ਅਵਚੇਤਨ ਤੱਕ ਪਹੁੰਚ ਬਣਾਉਣ ਦੇ ਕਾਬਿਲ ਹੈ। ਬਹੁਤ ਲੰਬੇ-ਚੌੜੇ ਭਾਸ਼ਣਨੁਮਾ ਬਿਰਤਾਂਤ ਮੈਂ ਨਹੀਂ ਸਿਰਜਦੀ। ਮੇਰੀ ਕਹਾਣੀ ਵਿਚ ਆਇਆ ਇੱਕ-ਇੱਕ ਫ਼ਿਕਰਾ ਆਪਣੀ ਨਿਸ਼ਚਿਤ ਜਗ੍ਹਾ 'ਤੇ ਹੁੰਦਾ ਹੈ। ਬਸ ਇਹੋ ਕੁਝ ਇਕ ਗੱਲਾਂ ਹਨ, ਜੋ ਮੇਰੀ ਕਹਾਣੀ ਨੂੰ ਵੱਖਰਾ ਤੇ ਨਿਵੇਕਲਾ ਬਣਾਉਂਦੀਆਂ ਹਨ।

**? ਤੁਹਾਡੇ ਅਨੁਸਾਰ ਇਕ ਸਾਹਿਤਕਾਰ ਦੀ ਰਚਨਾ ਵਿਚ ਕਿਹੜੇ ਗੁਣਾਂ ਦਾ ਹੋਣਾ ਜ਼ਰੂਰੀ ਹੈ।**

-ਕਿਸੇ ਵੀ ਸਾਹਿਤਕ ਰਚਨਾ ਵਿਚ ਬਹੁਤ ਸਾਰੇ ਗੁਣ ਹੁੰਦੇ ਹਨ, ਜੋ ਉਸ ਨੂੰ ਬੇਹਤਰੀਨ ਬਣਾਉਣ ਵਿਚ ਸਹਾਈ ਹੁੰਦੇ ਹਨ, ਪਰ ਤੁਹਾਡੇ ਸਵਾਲ ਦੇ ਜੁਆਬ ਵਿਚ ਮੈਂ ਉਹਨਾਂ ਗੁਣਾਂ ਦਾ ਜ਼ਿਕਰ ਨਹੀਂ ਕਰਾਂਗੀ ਪਰ ਇਕ ਲੇਖਕ ਦੇ ਨਾਲ-ਨਾਲ ਪਾਠਕ ਹੋਣ ਦੇ ਨਾਤੇ ਮੈਨੂੰ ਕਿਸੇ ਵੀ ਰਚਨਾ ਵਿਚ ਜਿਹੜੀਆਂ ਗੱਲਾਂ ਠੀਕ ਨਹੀਂ ਲੱਗਦੀਆਂ, ਉਹਨਾਂ ਦੀ ਗੱਲ ਕਰਾਂਗੀ। ਕੋਈ ਵੀ ਸਾਹਿਤਕ ਕਿਰਤ ਭਾਵੇਂ ਉਹ ਕਹਾਣੀ ਹੈ, ਨਾਵਲ ਹੈ, ਕਵਿਤਾ ਹੈ ਜਾਂ ਕੋਈ ਹੋਰ ਵਿਧਾ ਦੀ ਹੈ, ਉਸ ਦਾ ਮੰਤਵ ਹੈ ਪਾਠਕ ਦੇ ਦਿਲ ਨੂੰ ਟੁੰਬ ਉਸ ਤੱਕ ਆਪਣੀ ਗੱਲ ਨੂੰ ਕਲਾਤਮਿਕ ਢੰਗ ਨਾਲ ਪਹੁੰਚਾਉਣਾ। ਜਿਸ ਨਾਲ ਪਾਠਕ ਦੇ ਮਨ ਵਿਚ ਦੱਸੀ ਗਈ ਘਟਨਾ ਜਾਂ ਸਮੱਸਿਆ ਬਾਰੇ ਸਵਾਲ ਪੈਦਾ ਹੋਵੇ। ਸੂਚਨਾਤਮਕ ਟਿੱਪਣੀਆਂ ਨਾਲ ਰਚਨਾ ਦਾ ਮਿਆਰ ਡਿੱਗਦਾ ਹੈ ਤੇ ਅਜਿਹੀ ਰਚਨਾ ਮਹਿਜ਼ ਅਖਬਾਰ ਦੀ ਖਬਰ ਬਣ ਕੇ ਰਹਿ ਜਾਂਦੀ ਹੈ। ਰਚਨਾ ਚਾਹੇ ਲੰਬਾਈ ਵਿਚ ਜਿੰਨੀ ਮਰਜ਼ੀ ਵੀ ਲੰਬੀ ਕਿਉਂ ਨਾ ਹੋਵੇ, ਪਰ ਉਸ ਵਿਚ ਇਕ ਰਸ ਜ਼ਰੂਰ ਹੋਣਾ ਚਾਹੀਦਾ ਹੈ, ਜੋ ਪਾਠਕ ਨੂੰ ਬੰਨ੍ਹ ਕੇ ਬਿਠਾਉਣ ਦੇ ਸਮਰੱਥ ਹੋਵੇ। ਬੇਲੋੜੇ ਬਿਰਤਾਂਤ ਕਈ ਵਾਰ ਪਾਠਕ ਨੂੰ ਅਕਾਊ ਲੱਗਦੇ ਹਨ। ਭਾਸ਼ਾ ਸਰਲ ਅਤੇ ਸਪੱਸ਼ਟ ਹੋਵੇ, ਜਿਹੜੀ ਆਮ ਆਦਮੀ ਦੀ ਸਮਝ ਵਿਚ ਆਉਣ ਵਾਲੀ ਹੋਵੇ ਤੇ ਉਹ ਰਚਨਾ ਨੂੰ ਆਪਣੇ-ਆਪ ਨਾਲ ਜੋੜ ਕੇ ਵੇਖ ਸਕੇ। ਬਹੁਤੇ ਭਾਰੀ ਭਰਕਮ ਸ਼ਬਦ ਜਾਂ ਵਿਆਖਿਆ ਕਿਸੇ ਵੀ ਸਾਹਿਤਕ ਕਿਰਤ ਦੀ ਕਲਾਤਮਿਕਤਾ ਨੂੰ ਢਾਅ ਲਾਉਂਦੇ ਹਨ। ਰਚਨਾ ਦੀ ਸੁਰ ਨਾਹਰੇ ਵਾਲੀ ਨਹੀਂ ਹੋਣੀ ਚਾਹੀਦੀ। ਅਜਿਹੀ ਸੁਰ ਰਚਨਾ ਦੇ ਸੁਹਜ ਨੂੰ ਦਬਾ ਦਿੰਦੀ ਹੈ ਤੇ ਰਚਨਾ ਸਾਧਾਰਨ ਪੱਧਰ ਤੱਕ ਹੀ ਸੀਮਿਤ ਰਹਿ ਜਾਂਦੀ ਹੈ। ਉਪਰੋਕਤ ਸਭ ਗੱਲਾਂ ਕਿਸੇ ਵੀ ਰਚਨਾ ਨੂੰ ਮਿਆਰੀ ਬਣਾਉਣ ਵਿਚ ਸਹਾਈ ਹੁੰਦੀਆਂ ਹਨ। ਸਭ ਤੋਂ ਵੱਡੀ ਗੱਲ ਲੇਖਕ ਦਾ ਆਪਣਾ ਦ੍ਰਿਸ਼ਟੀਕੋਣ ਅਤੇ ਪੇਸ਼ਕਾਰੀ ਹੁੰਦੀ ਹੈ। ਉਸ ਦੀ ਸ਼ੈਲੀ ਉਸ ਦੀ ਪਹਿਚਾਣ ਬਣ ਜਾਂਦੀ ਹੈ।

(ਚਲਦਾ)

# ਬਾਪੂ ਪਾਰਸ ਦੇ ਪਿੰਡ 'ਚੋਂ ਲੰਘਦਿਆਂ !

## ਡਾਇਰੀ ਦਾ ਪੰਨਾ

### ਨਿੰਦਰ ਘੁਗਿਆਣਵੀ

ਹਾਲੇ ਪਰਸੋਂ ਚੌਥ ਹੀ ਰਾਮੂਵਾਲੇ ਵਿੱਚੋਂ ਦੀ ਲੰਘਿਆ ਮੈਂ। ਆਥਣ ਦਾ ਵੇਲਾ ਸੀ। ਕਾਲਜੇ ਧੂਹੀਂ ਪੈ ਗਈ ਮੇਰੇ, ਏਸ ਪਿੰਡ ਵਿਚਦੀ ਚੁੱਪ-ਚੁਪੀਤੇ ਤੇ ਕਸੀਸੀ ਵੱਟ ਕੇ ਲੰਘਦਿਆਂ। ਏਥੇ ਹੁਣ ਮੈਨੂੰ 'ਪੁੱਤਰਾ ਪੁੱਤਰਾ ਆਖ ਕੇ ਬੁਲਾਉਣ ਵਾਲਾ ਕੋਈ ਨਹੀਂ ਸੀ ਰਿਹਾ। ਮੈਨੂੰ ਪੂਰਨ ਦੀ ਮਾਂ ਇੱਛਰਾਂ ਚੇਤੇ ਆਈ,

"ਵੇ ਪੁੱਤਾ ਮੈਂ ਪੂਰਨ ਪੂਰਨ ਕਿਸ ਨੂੰ ਆਖ ਬੁਲਾਵਾਂਗੀ"।

"ਹੈ ਆਉਣ ਜਾਣ ਬਣਿਆ
ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ"

ਤੇ "ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਜਾਵੇ" ਇਨ੍ਹਾਂ ਅਮਰ ਬੋਲਾਂ ਦੇ ਲਿਖਾਰੀ ਬਾਪੂ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਦਾ ਘਰ ਸੁੰਨ ਦਾ ਮਾਰਿਆ ਹੋਇਆ ਜਾਪਿਆ। ਭੈਅ ਦਾ ਭਰਿਆ ਹੋਇਆ। ਘਰੇਲੂ ਕਲੇਸ਼ ਦਾ ਉਜਾੜਿਆ ਹੋਇਆ। ਇਥੇ ਕਦੀ ਰੌਣਕ ਮੁੱਕਿਆਂ ਨਹੀਂ ਸੀ ਮੁਕਦੀ, ਬੰਦਿਆਂ ਦੀ ਆਉਣੀ-ਜਾਣੀ ਟੁੱਟਿਆਂ ਨਹੀ ਸੀ ਟੁਟਦੀ। ਏਸ ਘਰ ਮੈਂ ਬਹੁਤ ਰਾਤਾਂ ਕੱਟੀਆਂ, ਅਣਗਿਣਤ ਰਾਤਾਂ ਤੇ ਦਿਨ, ਦੁਪਹਿਰਾਂ ਤੇ ਸਵੇਰਾਂ। ਬਾਪੂ ਪਾਰਸ ਦੀ ਜੀਵਨੀ ਲਿਖੀ, ਸਾਲ ਭਰ ਲੱਗਿਆ। ਬਾਪੂ ਨਾਲ ਬਹਿ ਕੇ ਪੈਗ ਪੀਤੇ। ਬੇਬੇ ਕੋਲ ਬਹਿ ਕੇ ਕੋਸੇ ਕੋਸੇ ਦੁੱਧ ਦੀਆਂ ਘੁੱਟਾਂ ਭਰੀਆਂ। ਬੜੇ-ਬੜੇ ਮਹਾਨ ਲੋਕੀ ਬਾਪੂ ਪਾਰਸ ਦੇ ਦੁਆਰ ਮੈਨੂੰ ਮਿਲੇ। ਪਿੰਡ ਵਿਚ ਸੈਰਾਂ ਵੀ ਖੂਬ ਕੀਤੀਆਂ। ਇਹ ਪਿੰਡ ਮੈਨੂੰ ਆਪਣੇ ਪਿੰਡ ਘੁਗਿਆਣੇ ਦਾ 'ਸਕਾ ਭਰਾ' ਹੀ ਜਾਪਦਾ। ਕਹਿੰਦੇ ਨੇ ਕਿ ਬੰਦਿਆਂ ਨਾਲ ਈ ਘਰ ਹੁੰਦੇ ਨੇ। ਬੰਦੇ ਬਦਲ ਜਾਣ ਤਾਂ ਘਰ ਵੀ ਪਲ ਵਿਚ ਹੀ ਬਦਲ ਜਾਂਦੇ ਨੇ। ਬੰਦੇ ਜਿਹਾ ਹੀ ਘਰ ਹੋ ਗਏ ਨੇ ਮੌਕਾਪ੍ਰਸਤ!

ਬਾਪੂ ਪਾਰਸ ਦਾ ਘਰ 'ਬਦਲਿਆ ਬਦਲਿਆ' ਲੱਗਿਆ। ਮੇਰਾ ਦਿਲ ਕਰੇ, ਬੂਹੇ ਮੂਹਰੇ ਖੜ ਕੇ ਰੋ ਲਵਾਂ ਦੋ ਘੜੀਆਂ। ਬੇਬੇ ਤੇ ਬਾਪੂ ਪਾਰਸ ਨੂੰ ਚੇਤੇ ਕਰਕੇ! ਮੈਨੂੰ ਕੋਈ ਅੰਦਰ ਵੱਲ ਹਾਕ ਮਾਰੇ, "ਨਿੰਦਰਾ ਲੰਘ ਆ ਲੰਘ ਆ, ਏਹ ਘਰ ਤੇਰਾ ਏ, ਸਾਡਾ ਚਾਹੇ ਦੂਰ ਰੈਣ ਬਸੇਰਾ ਏ।"

ਮੇਰੇ ਆਖਣ 'ਤੇ ਦੋਸਤ ਨੇ ਕਾਰ ਰੋਕੀ। ਉਤਰ ਕੇ ਮੈਂ ਬੂਹੇ ਕੋਲ ਗਿਆ। ਬੂਹਾ ਜਿਵੇਂ ਖਾਣ ਨੂੰ ਆਇਆ ਮੈਨੂੰ। ਰੋਣ ਨਿਕਲ ਗਿਆ ਮੇਰਾ। ਕਾਰ ਅਗਾਂਹ ਤੁਰੀ।



**ਇਹ ਫੋਟੋ ਬਾਪੂ ਪਾਰਸ ਨਾਲ ਮੇਰੀ ਪਹਿਲੀ ਕੈਨੇਡਾ ਫੇਰੀ ਵੇਲੇ ਟੋਰਾਂਟੋ ਉਨ੍ਹਾਂ ਦੀ ਬੇਟੀ ਚਰਨਜੀਤ ਕੌਰ ਦੇ ਘਰ, ਬੇਟੇ ਰਛਪਾਲ ਰਾਮੂਵਾਲੀਆ ਨਾਲ ਹੈ।**

"ਹੁਣ ਨਹੀਂ ਲੰਘਾਂਗਾ ਬਾਪੂ ਤੇਰੇ ਬੂਹੇ ਮੂਹਰ ਦੀ ਕਦੇ ਵੀ ਮੈਂ", ਮੇਰੇ ਮੂੰਹੋਂ ਨਿਕਲਿਆ। ਕਾਰ ਚਲਾਉਂਦਾ ਦੋਸਤ ਨੈਪਕਿਨ ਨਾਲ ਆਵਦੇ ਤੇ ਮੇਰੇ ਹੰਝੂ ਪੂੰਝਦਾ ਪੈਗ ਬਣਾਉਣ ਲੱਗਿਆ, "ਨਿੰਦਰਾ, ਹੌਸਲਾ ਰੱਖ, ਬਾਪੂ ਪਾਰਸ, ਫਿਰ ਆਵੇਗਾ! ਜ਼ਰੂਰ ਆਵੇਗਾ ਬਾਪੂ ਪਾਰਸ ਇਕ ਦਿਨ, ਚਲ—ਚਲ— ਚੱਕ ਇਕ ਬਾਪੂ ਦੇ ਨਾਂਅ ਦਾ—ਬਾਪੂ ਜ਼ਿੰਦਾਬਾਦ ਨਿੰਦਰਾ—!" ਸਾਡੀ ਕਾਰ ਰਾਮੂਵਾਲਿਓਂ ਬਾਹਰ ਹੋ ਗਈ ਸੀ ਤੇ ਹਨੇਰਾ ਹੋਰ ਗਾੜ੍ਹਾ ਹੋ ਗਿਆ ਸੀ।

ਸਫ਼ਾ 2 ਦੀ ਬਾਕੀ

## ਪੰਜਾਬ ਦੇ ਖ਼ਾਮੋਸ਼ ਉਜਾੜੇ ਦੀਆਂ ਤੈਹਾਂ ...

ਦੁਨੀਆ ਵਿੱਚ ਕੈਸੇ ਕੈਸੇ ਮਤਦਾਨ ਹੋਣ ਲੱਗੇ

ਏਨੇ ਬੇਜ਼ਮੀਰੇ ਸਮਿਆਂ ਵਿੱਚ ਅਸੂਲਾਂ, ਆਦਰਸ਼ਾਂ ਤੇ ਅਕਲਾਂ ਉਤੇ ਪਹਿਰਾ ਦੇਣਾ ਔਖਾ ਹੋ ਗਿਆ। ਰੁਤਬਾ ਤੇ ਰਹਿਮਤਾਂ ਵਫ਼ਾਦਾਰਾਂ ਨੂੰ ਮਿਲਦੀਆਂ ਹਨ। ਵਫ਼ਾਦਾਰੀਆਂ ਦੀ ਵੀ ਖਰੀਦੋ-ਫਰੋਖ਼ਤ ਹੁੰਦੀ ਹੈ। ਵਫ਼ਾਦਾਰੀਆਂ ਵਿੱਚ ਮੁਕਾਬਲੇਬਾਜ਼ੀ ਹੈ। ਵਫ਼ਾਦਾਰੀਆਂ ਮੁੱਲ ਵਿਕਦੀਆਂ ਹਨ। ਵਫ਼ਾਦਾਰੀਆਂ ਸਿੱਧ ਕਰਨੀਆਂ ਪੈਂਦੀਆਂ। ਵਫ਼ਾਦਾਰੀਆਂ ਦੀ ਗੁਲਾਮੀ ਅੰਗਰੇਜ਼ਾਂ ਨਾਲੋਂ ਵੀ ਮਾੜੀ। ਅਕਲਾਂ, ਅਸੂਲਾਂ ਤੇ ਆਦਰਸ਼ਾਂ ਅਨੁਕੂਲ ਜੀਵਨ ਜੀਉਣ ਵਾਲੇ ਬਹੁਤੇ ਲੋਕ ਅੰਤ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਮਰ-ਮੁੱਕ ਜਾਂਦੇ ਹਨ। ਬਾਕੀ ਬਚੇ ਅੱਤਵਾਦੀ, ਗੈਂਗਸਟਰ, ਨਸ਼ਈ ਤੇ ਨਿਕੰਮੇ ਬਣ ਜਾਂਦੇ ਹਨ। ਅੱਕ ਕੇ ਹੀ ਸਾਡੇ ਬੱਚੇ ਪੰਜਾਬ ਛੱਡ ਕੇ ਪਰਵਾਸ ਕਰ ਰਹੇ ਹਨ। ਪਰਵਾਸ ਸੌਖਾ ਵਰਤਾਰਾ ਨਹੀਂ। ਸ਼ਨਾਖ਼ਤ ਤੇ ਸੁਰਤ ਉੱਜੜ ਜਾਂਦੀ ਹੈ। ਅਜੋਕੇ ਬੇਲਗਾਮ ਮਾਹੌਲ ਵਿੱਚ ਜੀਉਣਾ ਅਤਿਅੰਤ ਔਖਾ ਹੈ। ਬੰਦਾ ਕੀ ਕਰੇ? ਮਾਹੌਲ ਬੰਦੇ ਨੂੰ ਕੀ ਦਾ ਕੀ ਬਣਾ ਦਿੰਦਾ ਹੈ। ਪ੍ਰਤਿਭਾ ਤੇ ਸੰਘਰਸ਼ ਦੇ ਸੀਤ ਹੋਣ ਨਾਲ ਨਿਰਾਸ਼ਾ ਉਤਪੰਨ ਹੁੰਦੀ ਹੈ ਜਾਂ ਫਿਰ ਤੱਤੀਆਂ ਗੱਲਾਂ ਚੰਗੀਆਂ ਲੱਗਦੀਆਂ ਹਨ। ਕੁਝ ਵੀ ਸੁਰੀਲਾ, ਸੁਚਵੰਤ ਤੇ ਸਾਜ਼ਿੰਦ ਨਹੀਂ ਰਿਹਾ। ਕਲਮਾਂ ਬੇਹੀਆਂ ਤੇ ਬੇਤਾਲ ਹੋ ਗਈਆਂ ਹਨ, ਕਵੀਆਂ, ਕਲਾਕਾਰਾਂ, ਸੰਗੀਤਕਾਰਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਵਿੱਚ ਜਾਨ ਤੇ ਜੁਬਿਸ਼ ਨਹੀਂ ਰਹੀ। ਹਰ ਕੋਈ ਬਚਦਾ-ਬਚਦਾ ਲਿਖਦਾ ਹੈ। ਹਰ ਕੋਈ ਡਰਦਾ-ਡਰਦਾ ਬੋਲਦਾ ਹੈ। ਨਾਨਕ ਕੌਣ ਬਣੇ?

ਆਪਣੀ ਜ਼ਹਿਰੀਲੀ ਕਣਕ ਖਾਣ ਦੀ ਥਾਂ ਪੈਸਾ ਖਰਚਣ ਵਾਲੇ ਪੰਜਾਬੀ ਹੁਣ ਮਹਾਂਰਾਸ਼ਟਰ ਦੀ ਮਹਿੰਗੀ ਕਣਕ ਖਾਣ ਲੱਗ ਪਏ ਹਨ। ਆਪਣੀਆਂ ਸਬਜ਼ੀਆਂ ਦੀ ਥਾਂ ਹਿਮਾਚਲ ਦੀਆਂ ਸਬਜ਼ੀਆਂ ਦੀ ਤਰਜੀਹ ਵਧ ਗਈ ਹੈ। ਇਸ ਪ੍ਰਕਾਰ ਦੇ ਵਰਤਾਰੇ ਪੰਜਾਬ ਦੀ ਸਿਰਜਣ ਸ਼ਕਤੀ ਤੇ ਸੰਵੇਦਨਾ ਦੇ ਸੁੰਨ ਤੇ ਅਸਤ ਹੋ ਜਾਣ ਦੀ ਨਿਸ਼ਾਨੀ ਹਨ। ਕੁਦਰਤੀ ਸਰੋਤਾਂ ਨੂੰ ਬਾਜ਼ਾਰ ਰੂਪ ਦੇਣ ਨਾਲ ਰਚਨਾਤਮਕ ਮਰਦਾਨਗੀ ਘਟ ਰਹੀ ਹੈ। ਕਾਰਪੋਰੇਟ ਨੇ ਹਰ ਬੰਦੇ ਨੂੰ ਆਪਣੀ ਚਾਟੇ ਲਾ ਲਿਆ ਹੈ। ਇਸ ਲਈ ਕਿਰਸਾਨ ਹੁਣ ਅਨਾਜ ਨਹੀਂ ਉਪਜਾਉਂਦਾ, ਸਗੋਂ ਮੰਡੀ ਦੀ ਵਸਤੂ ਪੈਦਾ ਕਰਦਾ ਹੈ। ਸਿੱਖਿਆ ਸੰਸਥਾਵਾਂ ਦਾ ਕੰਮ ਪੁਰਜ਼ੇ ਪੈਦਾ ਕਰਨੇ ਰਹਿ ਗਿਆ ਹੈ। ਅੰਦਰੂਨੀ ਸਿਰਜਣਾ ਦੇ ਸ੍ਰੋਤ ਖੀਣ ਹੋ ਰਹੇ ਹਨ। ਹਰ ਕੋਈ ਮੰਡੀ ਦੇ ਅਨੁਕੂਲ ਐਕਟ ਕਰ ਰਿਹਾ ਹੈ। ਸਿਆਸਤ ਦੇ ਸਾਰੇ ਮਾਡਲ ਬੁੱਚੜ ਤੇ ਬਚਗਾਨੇ ਹੋ ਗਏ ਹਨ। ਜਦੋਂ ਅਨਾਜ ਖਾਣਯੋਗ ਨਾ ਰਹੇ, ਜਦੋਂ ਕਿਤਾਬਾਂ ਗ਼ੈਰ ਮਿਆਰੀ ਤੇ ਮਸ਼ੀਨੀ ਹੋ ਜਾਣ, ਉਦੋਂ ਮਾਨਵੀ ਰੂਹਾਂ ਰੇਤਲੀਆਂ ਹੋ ਜਾਂਦੀਆਂ ਹਨ। ਮਾਹੌਲ ਨਸ਼ਈ ਹੋ ਜਾਂਦਾ ਹੈ। ਅੰਮ੍ਰਿਤਸਰ ਸ਼ਹਿਰ ਦਾ ਮਕਬੂਲਪੁਰ ਨਸ਼ੇ ਦਾ ਮਕਬੂਲ ਅੱਡਾ ਇੱਕ ਦਿਨ ਵਿੱਚ ਪਾਪੂਲਰ ਨਹੀਂ ਹੋਇਆ। ਹਰ ਸ਼ਹਿਰ ਵਿੱਚ ਮਕਬੂਲਪੁਰੇ ਹਨ। ਮੇਰੇ ਸ਼ਹਿਰ ਵਿੱਚ ਮਹਿਤਾਬਗੜ੍ਹ ਹੈ। ਮਹਿਤਾਬਗੜ੍ਹ ਦਾ ਵਸਨੀਕ ਅਰਵਿੰਦ ਮੇਰੇ ਘਰ ਹਰ ਮਹੀਨੇ ਟੈਲੀਫੋਨ ਦਾ ਬਿੱਲ ਲੈਣ ਆਉਂਦਾ ਹੈ। ਕਈ ਵਾਰ ਉਸ ਨਾਲ ਡਿਬੇਟ ਹੋ ਜਾਂਦੀ ਹੈ। ਉਹ ਆਖਦਾ ਹੈ ਸਾਡੇ ਇਲਾਕੇ ਵਿੱਚੋਂ ਨਸ਼ਿਆਂ ਦਾ ਧੰਦਾ ਖ਼ਤਮ ਹੋਣਾ ਮੁਸ਼ਕਲ ਹੈ। ਲੋਕ ਕਹਿੰਦੇ ਨੇ ਇਹ ਧੰਦਾ ਨਾ ਕਰੀਏ ਤਾਂ ਹੋਰ ਕੀ ਕਰੀਏ। ਹੋਰ ਕੋਈ ਬਦਲ ਨਹੀਂ ਹੈ। ਇਸ ਲਈ ਲੋਕ ਨਸ਼ਾ ਵੇਚ ਕੇ ਗੁਜ਼ਾਰਾ ਕਰਦੇ ਹਨ। ਜੇਲ੍ਹ ਕੱਟਦੇ ਹਨ ਤੇ ਫਿਰ ਆ ਕੇ ਉਹੀ ਧੰਦਾ ਆਰੰਭ ਕਰ ਦਿੰਦੇ ਹਨ। ਅਤਿਅੰਤ ਦਰਦਨਾਕ ਦ੍ਰਿਸ਼ ਏ ਪੰਜਾਬ ਦੇ ਮਕਬੂਲਪੁਰਿਆਂ ਦਾ। ਸਭ ਨਸ਼ਾ ਛੁਡਾਊ ਕੇਂਦਰ ਬੇਵੱਸ ਹਨ। ਸਭ ਸਰਵੇਖਣ ਕਾਗਜ਼ੀ ਹਨ।

ਕਲਮਕਾਰ ਤੇ ਕਲਾਕਾਰ ਇਨ੍ਹਾਂ ਅਣਹੋਏ ਤੇ ਅਪਾਹਜ ਲੋਕਾਂ ਤੱਕ ਪਹੁੰਚਦੇ ਨਹੀਂ। ਜਦੋਂ ਬੰਦੇ ਨੂੰ ਸਿਹਤਮੰਦ ਤੇ ਸੁਪਨਸਾਜ਼ ਮਾਹੌਲ ਨਾ ਮਿਲੇ ਤਾਂ ਉਹ ਕੁਝ ਵੀ ਬਣ ਸਕਦਾ ਹੈ। ਸੱਚ ਬਹੁਤ ਕੌੜਾ ਹੈ। ਨਿਪੁੰਸਕ ਤੇ ਨਜ਼ਰਹੀਣ ਪੰਜਾਬ ਕੋਲ ਉਜੜਨ ਤੋਂ ਬਿਨਾਂ ਕੋਈ ਰਾਹ ਨਹੀਂ। ਖੁੰਢੇ ਹਥਿਆਰਾਂ ਨਾਲ ਵਕਤ ਨਹੀਂ ਬਦਲਦਾ। ਚਲੋ ਅਰਜ਼ੋਈਆਂ ਕਰੀਏ। ਅਰਜ਼ੋਈਆਂ ਕਰਨ ਨਾਲ ਮਨ ਨੂੰ ਸਕੂਨ ਤੇ ਸੰਤੁਸ਼ਟੀ ਮਿਲਦੀ ਹੈ। ਵਕਤ ਭਾਵੇਂ ਬਦਲੇ ਜਾਂ ਨਾ ਬਦਲੇ।

ਖ਼ਾਬਾਂ ਨੂੰ ਅੰਬਰ ਤੇ ਖੰਭਾਂ ਨੂੰ ਪਰਵਾਜ਼ ਮਿਲੇ,
ਹਰ ਕਿਸੇ ਨੂੰ ਸੱਚ ਬੋਲਣ ਵਾਲੀ ਆਵਾਜ਼ ਮਿਲੇ।

ਜੋ ਦਿਸ ਰਿਹਾ ਹੈ ਉਹ ਸੱਚੀਂ-ਮੁੱਚੀਂ ਦਾ ਪੰਜਾਬ ਨਹੀਂ, ਅਸਲੀ ਪੰਜਾਬ ਮਕਬੂਲਪੁਰਿਆਂ ਵਿੱਚ ਰਹਿੰਦਾ ਹੈ, ਜਿਸ ਨੂੰ ਸਿਆਸਤਦਾਨ ਆਪਣੀਆਂ ਫਿਕਸਡ ਵੋਟਾਂ ਕਹਿੰਦੇ ਹਨ। ਚੈਨਲਾਂ ਵਾਲਾ ਪੰਜਾਬ ਮੇਰਾ ਪੰਜਾਬ ਨਹੀਂ। ਮੇਰੇ ਬਾਪ ਕੋਲ ਗੰਡਾਸੀ ਹੁੰਦੀ ਸੀ, ਆਟੋਮੈਟਿਕ ਸਟੇਨਗੰਨ ਨਹੀਂ ਸੀ ਹੁੰਦੀ। ਮੇਰੀਆਂ ਮਾਵਾਂ-ਭੈਣਾਂ ਇਸ ਪ੍ਰਕਾਸ਼ ਨੰਗੇਜ ਨਹੀਂ ਸੀ ਦਿਖਾਉਂਦੀਆਂ। ਸ਼ਰਮਹਯਾ ਪਤਾ ਨਹੀਂ ਕਿੱਥੇ ਚਲੇ ਗਈ। ਕੀ ਸੱਤਾਧਾਰੀਆਂ ਤੇ ਅਫ਼ਸਰਸ਼ਾਹਾਂ ਦੀਆਂ ਧੀਆਂ, ਭੈਣਾਂ, ਮਾਵਾਂ ਨਹੀਂ ਹੁੰਦੀਆਂ। ਗੁੱਸੇ ਨਹੀਂ ਹੋਣਾ ਅੰਤਰਝਾਤ ਮਾਰਨੀ....

ਸਫ਼ਾ 3 ਦੀ ਬਾਕੀ

## ਇੱਕ ਸਦੀ ਦਾ ਕਥਾ ਬਿਰਤਾਂਤ ...

ਉਸ ਦਾ ਆਧਾਰ ਕੋਈ ਵੀ ਹੋਵੇ, ਮੱਧਯੁਗੀ ਵਰਤਾਰਿਆਂ ਦੀ ਰਹਿੰਦ-ਖੂੰਹਦ ਦੇ ਰੂਪ ਵਿੱਚ ਪ੍ਰਚੱਲਤ ਸੀ।

ਪਰਵਾਰ ਵਿਚਲੀਆਂ ਉਨ੍ਹਾ ਵਿਡੰਬਨਾਵਾਂ ਦਾ ਜ਼ਿਕਰ ਕਰਦਾ ਹੈ, ਜੋ ਨਿਰੋਲ ਆਰਥਿਕ ਆਧਾਰ 'ਤੇ ਉਸਰੀਆਂ ਹਨ। ਰਾਂਝੇ ਦੇ ਭਰਾ ਬਾਹਵਾਂ ਵੀ ਹਨ, ਪਰ ਨਾਲ ਹੀ ਸ਼ਰੀਕ ਵੀ। ਇਹ ਵਰਤਾਰਾ ਸਦੀਆਂ ਤੋਂ ਚੱਲਦਾ ਆ ਰਿਹਾ ਹੈ, ਪਰ ਵਰਿਆਮ ਸਦੀਆਂ ਤੋਂ ਚੱਲਦਾ ਆ ਰਿਹਾ ਹੈ, ਪਰ ਵਰਿਆਮ ਦੀ ਕਹਾਣੀ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਸਮਾਜਿਕ ਵਖਰੇਵੇਂ ਖਾਸ ਕਰਕੇ ਜਾਤੀਗਤ ਨਫ਼ਰਤ, ਆਰਥਿਕ ਅਸਾਵੇਂਪਣ, ਪੰਜਾਬੀਅਤ ਦੀ ਪਛਾਣ ਦੀ ਕਾਇਮੀ-ਦਾਇਮੀ ਇਸ ਦੌਰ ਦੀ ਕਹਾਣੀ ਦਾ ਮੁੱਖ ਕੇਂਦਰ ਰਹੇ ਹਨ। ਅਤਰਜੀਤ ਦੀ 'ਮਾਸ ਖੋਰੇ' ਇਸ ਜਾਤੀ ਅਸਾਵੇਂਪਣ ਵਾਲੇ ਸਮਾਜ ਦੀ ਇੱਕ ਉਦਾਹਰਣ ਹੈ। ਕੁਲਫ਼ੀ ਆਰਥਿਕ ਅਸਾਵੇਂਪਣ ਦਾ ਵਿਖਿਆਨ ਹੈ। ਗੋਈ-ਖ਼ੂਨ ਅਤੇ ਅਜਿਹੀਆਂ ਹੋਰ ਕਹਾਣੀਆਂ ਨਵੇਂ ਸਮਾਜ ਵਿਚਲੇ ਪੈਦਾ ਹੋ ਰਹੇ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਕਰਦੀਆਂ ਹਨ, ਜਿਨ੍ਹਾ ਲਈ ਅਸੀਂ ਮਾਨਸਿਕ ਤੌਰ 'ਤੇ ਅਜੇ ਤਿਆਰ ਨਹੀਂ, ਪਰ ਉਹ ਸਾਰਾ ਕੁਝ ਵਾਪਰ ਰਿਹਾ ਹੈ। ਇਹ ਕਥਾ ਪੁਸਤਕ ਅਗਲੇ ਪੜਾਅ ਵਿੱਚ ਆਪਣਾ-ਆਪਣਾ ਹਿੱਸਾ (ਵਰਿਆਮ ਸਿੰਘ ਸੰਧੂ), ਹੁੰਮਸ (ਕਿਰਪਾਲ ਕਜ਼ਾਕ), ਇੱਕ ਸਟੀਲ ਫਰੇਮ (ਗੁਰਪਾਲ ਸਿੰਘ ਲਿਟ) ਨਾਲ ਅੱਗੇ ਵਧਦੀ ਹੈ। ਆਪਣਾ ਆਪਣਾ ਹਿੱਸਾ, ਵਰਿਆਮ ਦੀ ਅਜਿਹੀ ਕਹਾਣੀ ਹੈ, ਜੋ ਨਿੱਜੀ ਮਾਲਕੀ ਦੇ ਸੰਕਲਪ ਨਾਲ ਜੁੜੇ ਉਨ੍ਹਾਂ ਲੋਕਾਂ ਦਾ ਜ਼ਿਕਰ ਕਰਦੀ ਹੈ, ਜੋ ਸਦਾ ਹੀ ਰਿਸ਼ਤਿਆਂ ਨੂੰ ਪੈਸੇ ਦੀ ਤੱਕੜੀ ਵਿੱਚ ਤੋਲਦੇ ਆ ਰਹੇ ਹਨ। ਇਹ ਵਰਤਾਰਾ ਅੱਜ ਦਾ ਨਹੀਂ, ਸਗੋਂ ਸਦੀਆਂ ਤੋਂ ਚਲਿਆ ਆ ਰਿਹਾ ਹੈ, ਤਿੰਨ ਸਦੀਆਂ ਪਹਿਲਾਂ ਜਦੋਂ ਵਾਰਿਸ ਹੀਰ ਦਾ ਕਿੱਸਾ ਲਿਖ ਰਿਹਾ ਸੀ ਤਾਂ ਉਹ ਘੁੱਦੂ ਰਾਹੀਂ ਪੀੜਤ 'ਰਾਂਝਿਆਂ' ਦੀ ਆਵਾਜ਼ ਨੂੰ ਬਹੁਤ ਹੀ ਰੌਚਿਕ ਅਤੇ ਨਾਟਕੀ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਹੀ ਇਸ ਦੌਰ ਦੀਆਂ ਦੂਜੀਆਂ ਕਹਾਣੀਆਂ ਵੀ ਸਮੇਂ ਦੀ ਤੋਰ ਨੂੰ ਬਾਖ਼ੂਬੀ ਫੜਦੀਆਂ ਹਨ।

ਇਸ ਪੁਸਤਕ ਦੇ ਅਗਲੇ ਪੜਾਅ ਵਿੱਚ ਖੂਹ-ਖਾਤੇ (ਜਸਵਿੰਦਰ ਸਿੰਘ), ਜਿੱਤ (ਜਿੰਦਰ), ਅੰਤਰਾ (ਸੁਖਜੀਤ), ਕਿਰਲੀ (ਦੇਸ ਰਾਜ ਕਾਲੀ) ਅਤੇ ਹੋਰ ਕਹਾਣੀਆਂ ਹਨ, ਜੋ ਸਮਾਜ ਵਿਚਲੀ ਆਧੁਨਿਕ ਸੰਵੇਦਨਾ ਨੂੰ ਪਕੜਨ ਅਤੇ ਪੇਸ਼ ਕਰਨ ਲਈ ਯਤਨਸ਼ੀਲ ਨਜ਼ਰ ਆਉਂਦੀਆਂ ਹਨ। 'ਖੂਹ ਖਾਤੇ' ਵਿਚਲਾ ਸਰਦਾਰ ਭੁਪਿੰਦਰ ਸਿੰਘ ਗਰੇਵਾਲ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਰੋਜ਼ੀ ਪੂਰੀ ਤਰ੍ਹਾਂ ਭਰੇ-ਪੂਰੇ ਘਰ ਵਿੱਚ ਵੀ ਉਨ੍ਹਾਂ ਟਾਪੂਆਂ ਵਰਗੀ ਹੋਂਦ ਪਾਲੀ ਬੈਠੇ ਹਨ ਜੋ ਦੇਖਣ ਨੂੰ ਤਾਂ ਇੱਕ-ਦੂਜੇ ਨਾਲ ਜੁੜਵੇਂ ਨਜ਼ਰ ਆਉਂਦੇ ਹਨ, ਪਰ ਅਜਿਹਾ ਹੁੰਦਾ ਨਹੀਂ। ਆਧੁਨਿਕ ਯੁੱਗ ਦਾ ਮਾਨਵ ਸੰਵੇਦਨਸ਼ੀਲ ਹੁੰਦਾ ਹੋਇਆ ਵੀ ਅਜਿਹਾ ਕਿਰਦਾਰ ਨਿਭਾਉਣ/ਭੋਗਣ ਲਈ ਸਥਿਤੀਆਂ ਵਿਚਲੇ ਵਰਤਾਰੇ ਦੇ ਅਧੀਨ ਮਜਬੂਰ-ਬੇਵੱਸ ਨਜ਼ਰ ਆ ਰਿਹਾ ਹੈ।

ਜਸਵਿੰਦਰ ਵੱਲੋਂ ਸੰਪਾਦਤ ਇਨ੍ਹਾਂ ਇਕੱਤੀ ਕਹਾਣੀਆਂ ਨੂੰ ਇੱਕ ਸਦੀ ਦੀ ਪੰਜਾਬੀ ਕਹਾਣੀ ਦੀਆਂ ਪ੍ਰਤੀਨਿਧ ਕਹਾਣੀਆਂ ਕਿਹਾ ਜਾ ਸਕਦਾ ਹੈ। ਪਾਠਕਾਂ ਨੂੰ ਇਸ ਵਿੱਚੋਂ ਕੁਝ ਘਾਟਾਂ ਵੀ ਲੱਭ ਸਕਦੀਆਂ ਹਨ, ਪਰ ਇੱਕ ਸਦੀ ਨੂੰ ਸੀਮਤ ਸਫ਼ਿਆਂ ਵਿੱਚ ਸਮੇਟਣਾ ਏਡਾ ਸਹਿਜ ਨਹੀਂ ਹੁੰਦਾ। ਸੰਪਾਦਕ ਨੇ ਆਪਣੀ ਆਲੋਚਨਾਤਮਕ ਅਤੇ ਸੰਪਾਦਕੀ ਸੂਝ ਰਾਹੀਂ ਕਹਾਣੀ ਦਾ ਇੱਕ ਪਰਾਗਾ ਪੇਸ਼ ਕੀਤਾ ਹੈ, ਦੂਜੇ ਪਰਾਗੇ ਲਈ ਕੋਈ ਹੋਰ ਅੱਗੇ ਆ ਸਕਦਾ ਹੈ, ਇਸ ਉਮੀਦ ਨਾਲ ਇਸ ਮਹੱਤਵਪੂਰਨ ਅਤੇ ਸਾਂਭਣਯੋਗ ਕਥਾ ਸੰਗ੍ਰਹਿ ਦਾ ਸੁਆਗਤ।

ਮੋਬਾ. 98721-73475

ਪੈੜਾਂ

## ਮੁਲਾਕਾਤੀ : ਦੀਪਕ ਮਹਿਤਾ

# ਸਾਹਿਤ ਸਮਾਜ ਦੇ ਵਿਵਹਾਰ ਵਿੱਚੋਂ ਹੀ ਉਪਜਦਾ ਹੈ

# ਤ੍ਰਿਪਤਾ ਕੇ ਸਿੰਘ

ਹਰ ਰਚਨਾ ਦੀ ਇਕ ਖ਼ੁਦਮੁਖਤਿਆਰ ਹੋਂਦ ਹੁੰਦੀ ਹੈ, ਪਰ ਇਸ ਦੇ ਬਾਵਜੂਦ ਉਸ ਰਚਨਾ ਦੇ ਲੇਖਕ ਦਾ ਜੀਵਨ, ਉਸ ਦਾ ਦ੍ਰਿਸ਼ਟੀਕੋਣ ਰਚਨਾ ਨੂੰ ਪ੍ਰਭਾਵਿਤ ਕਰਦੇ ਹਨ। ਕਿਸੇ ਵੀ ਵਿਅਕਤੀ ਦੇ ਲੇਖਕ ਬਣਨ ਵਿਚ ਉਸ ਦੇ ਪਰਵਾਰਕ ਪਿਛੋਕੜ, ਦੇਖੀਆਂ-ਹੰਢਾਈਆਂ ਸਥਿਤੀਆਂ, ਪ੍ਰਸਥਿਤੀਆਂ, ਵੱਖ-ਵੱਖ ਸ਼ਖ਼ਸੀਅਤਾਂ ਅਤੇ ਸਾਹਿਤ ਤੋਂ ਸਿੱਧੇ ਕਬੂਲੇ ਪ੍ਰਭਾਵਾਂ ਦਾ ਮੁੱਖ ਯੋਗਦਾਨ ਹੁੰਦਾ ਹੈ। ਇਸ ਲਈ ਕਿਸੇ ਲੇਖਕ ਦੀਆਂ ਰਚਨਾਵਾਂ ਦੇ ਸਮੁੱਚੇ ਅਧਿਐਨ ਲਈ ਉਸ ਦੇ ਜੀਵਨ ਵੇਰਵੇ ਮਹੱਤਵਪੂਰਨ ਹੋ ਨਿੱਬੜਦੇ ਹਨ।

ਇਕ ਲੇਖਕ ਨੂੰ ਜਾ ਕੇ ਮਿਲਣਾ ਤੇ ਮੁਲਾਕਾਤ ਕਰਨਾ ਮੇਰੇ ਲਈ ਇਕ ਬਿਲਕੁਲ ਵੱਖਰੀ ਤਰ੍ਹਾਂ ਦਾ ਅਨੁਭਵ ਸੀ। ਮਨ ਵਿਚ ਬਹੁਤ ਸਾਰੇ ਸਵਾਲਾਂ ਦੇ ਨਾਲ-ਨਾਲ ਇਕ ਝਿਜਕ ਜਿਹੀ ਵੀ ਸੀ, ਪਰੰਤੂ ਤ੍ਰਿਪਤਾ ਕੇ. ਸਿੰਘ ਦੇ ਮਿਲਣਸਾਰ ਸੁਭਾਅ ਤੇ ਉਸ ਦੁਆਰਾ ਉਸਾਰੇ ਮਾਹੌਲ ਨੇ ਮੇਰੀ ਝਿਜਕ ਨੂੰ ਕਿਸ ਵਕਤ ਦੂਰ ਕਰ ਦਿੱਤਾ, ਇਸ ਦਾ ਮੈਨੂੰ ਪਤਾ ਵੀ ਨਾ ਲੱਗਿਆ। ਬਹੁਤ ਹੀ ਕੁਦਰਤੀ ਜਿਹੇ ਮਾਹੌਲ ਵਿਚ ਇਕ ਉਸਾਰੂ ਜਿਹੀ ਮੁਲਾਕਾਤ ਹੋਈ। ਇਸ ਮੁਲਾਕਾਤ ਦੌਰਾਨ ਤ੍ਰਿਪਤਾ ਕੇ. ਸਿੰਘ ਨੇ ਆਪਣੀ ਜ਼ਿੰਦਗੀ ਦੇ ਵੇਰਵਿਆਂ ਨੂੰ ਬੜੀ ਬੇਬਾਕੀ ਨਾਲ ਬਿਆਨ ਕੀਤਾ ਹੈ।

**? ਆਪਣੇ ਜੀਵਨ ਮੁਢਲੀ ਸਿੱਖਿਆ ਅਤੇ ਪਰਵਾਰਕ ਪਿਛੋਕੜ ਬਾਰੇ ਦੱਸੋ।**

-ਜਦੋਂ ਅੱਜ ਦੀ ਤਾਰੀਖ਼ 'ਚ ਮੈਂ ਆਪਣੇ ਪਿਛੋਕੜ ਵੱਲ ਝਾਤ ਮਾਰਦੀ ਹਾਂ ਤਾਂ ਮੈਂ ਇਹ ਸੋਚਣ ਲੱਗ ਜਾਂਦੀ ਹਾਂ ਕਿ ਉਹ ਕਿਹੜੀ ਚੀਜ਼ ਸੀ, ਜਿਸ ਨੇ ਮੈਨੂੰ ਲਿਖਣ ਵੱਲ ਪ੍ਰੇਰਿਤ ਕੀਤਾ। ਮੈਂ ਇਕ ਅਤਿ ਸਾਧਾਰਨ ਪਰਵਾਰ ਵਿਚ ਜਨਮ ਲਿਆ। ਮੇਰੇ ਆਲੇ-ਦੁਆਲੇ ਮੇਰੇ ਪਰਵਾਰ ਦੇ ਹੋਰ ਮੈਂਬਰ ਛੋਟੇ-ਵੱਡੇ, ਭੈਣ-ਭਰਾ (ਮਾਮੇਰੇ) ਸਭ ਸਾਧਾਰਨ ਬੁੱਧੀ ਵਾਲੇ ਸਨ ਤੇ ਸਾਰੇ ਹੀ ਖਿੱਚਧੂਹ ਕੇ ਅੱਠਵੀਂ-ਦਸਵੀਂ ਪਾਸ ਕਰ ਗਏ ਸਨ। ਮੈਂ ਵੀ ਉਹਨਾ ਦੇ ਨਾਲ ਹੀ ਦਸਵੀਂ ਪਾਸ ਕੀਤੀ। ਮੈਂ ਆਪਣੇ ਨਾਨਕਾ ਘਰ ਜਨਮ ਲਿਆ ਸੀ ਅਤੇ ਇੱਥੇ ਹੀ ਮੇਰੀ ਪਾਲਣਾ-ਪੋਸ਼ਣਾ ਹੋਈ ਸੀ। ਮੇਰੇ ਜਨਮ ਤੋਂ ਬਾਅਦ ਹਾਲਾਤ ਇਹ ਬਣੇ ਕਿ ਮੈਂ ਆਪਣੀ ਮਾਂ ਨਾਲ ਆਪਣੇ ਨਾਨਕੇ ਪਲੀ ਅਤੇ ਮੇਰੇ ਹੋਰ ਭੈਣ-ਭਰਾ ਜੋ ਮੇਰੇ ਤੋਂ ਵੱਡੇ ਸਨ, ਉਹ ਮੇਰੇ ਪਿਤਾ ਜੀ ਕੋਲ ਜਲੰਧਰ ਪਲੇ-ਵਧੇ। ਕੁਝ ਮਨ-ਮੁਟਾਵ ਜਾਂ ਵੱਡਿਆਂ ਦੇ ਅਹਿਕਾਰਾਂ ਨੇ ਮੈਨੂੰ ਇਕ ਆਸਾਧਾਰਨ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤਾ ਤੇ ਮੇਰੀ ਮਾਂ ਨੇ ਮੈਨੂੰ ਹੀ ਆਪਣਾ ਨਸੀਬ ਸਮਝ ਕੇ ਸਾਰੀ ਉਮਰ ਮੇਰੇ 'ਤੇ ਲਾ ਦਿੱਤੀ। ਆਸਾਧਾਰਨ ਪ੍ਰਸਥਿਤੀਆਂ ਨੇ ਮੈਨੂੰ ਅੰਤਰਮੁਖੀ ਸੁਭਾਅ ਦੀ ਬਣਾ ਦਿੱਤਾ। ਮੈਂ ਇਹਨਾਂ ਹਾਲਤਾਂ ਦਾ ਸਾਹਮਣਾ ਕਰਦਿਆਂ, ਜਿਹਨਾਂ ਵਿਚ ਪਿਤਾ ਹੋਣ ਦੇ ਬਾਵਜੂਦ ਮੈਂ ਪਿਤਾ ਪਿਆਰ ਤੋਂ ਸੱਖਣੀ ਰਹੀ ਅਤੇ ਭੈਣ-ਭਰਾ ਹੋਣ ਦੇ ਬਾਵਜੂਦ ਭੈਣ-ਭਾਈਆਂ ਨਾਲ ਉਹ ਸਾਂਝ ਨਾ ਪਾ ਸਕੀ, ਜੋ ਸਾਧਾਰਨ ਬੱਚਿਆਂ ਵਿਚ ਹੁੰਦੀ ਹੈ, ਇਕ ਵੱਖਰੀ ਤਰ੍ਹਾਂ ਦੇ ਮਾਹੌਲ ਵਿਚ ਆਪਣੇ-ਆਪ ਨੂੰ ਹਮੇਸ਼ਾ ਇਕੱਲਾ ਪਾਇਆ। ਸ਼ਾਇਦ ਮੇਰੀ ਇਹ ਇਕੱਲ ਅਤੇ ਮੇਰਾ ਅੰਤਰਮੁਖੀ ਹੋਣਾ ਮੈਨੂੰ ਕਿਤੇ ਧੁਰ ਅੰਦਰ ਤੋਂ ਲਿਖਣ ਲਈ ਪ੍ਰੇਰਿਤ ਕਰਦਾ ਰਿਹਾ ਹੋਵੇਗਾ। ਅਕਾਦਮਿਕ ਤੌਰ ਤੇ ਮੈਂ ਦਸਵੀਂ ਦੀ ਪ੍ਰੀਖਿਆ ਪਾਸ ਕਰਨ ਤੋਂ ਬਾਅਦ ਨਰਸਿੰਗ ਦਾ ਕੋਰਸ ਕਰ ਲਿਆ ਤੇ ਕੋਰਸ ਤੋਂ ਬਾਅਦ ਜਲਦੀ ਹੀ ਮੈਨੂੰ ਸਰਕਾਰੀ ਨੌਕਰੀ ਮਿਲ ਗਈ, ਪਰ ਮੇਰੇ ਹਾਲਾਤ ਨੇ ਮੈਨੂੰ ਸਮੇਂ ਤੋਂ ਪਹਿਲਾਂ ਪਰਪੱਕ ਕਰ ਦਿੱਤਾ ਸੀ। ਜਿਸ ਉਮਰ 'ਚ ਕੁੜੀਆਂ ਅੰਬਰੀਂ ਉੱਡਣ ਬਾਰੇ ਸੋਚਦੀਆਂ ਤੇ ਮੈਂ ਉਸ ਉਮਰ ਵਿਚ ਬਹੁਤ ਗੰਭੀਰ ਕਿਸਮ ਦੀਆਂ ਗੱਲਾਂ ਸੋਚਦੀ ਹੁੰਦੀ ਸੀ, ਪਰ ਮੇਰੀ ਸਮੱਸਿਆ ਇਹ ਹੁੰਦੀ ਸੀ ਕਿ ਮੇਰੀਆਂ ਇਹਨਾਂ ਗੱਲਾਂ ਬਾਰੇ ਕਿਸੇ ਨਾਲ ਕੋਈ ਸਾਂਝ ਨਹੀਂ ਸੀ ਬਣਦੀ। ਮੈਂ ਆਪੇ ਹੀ ਕੁਝ ਸੋਚਦੀ। ਆਪੇ ਹੀ ਖਿਆਲਾਂ 'ਚ ਕੁਝ ਢਾਹੁੰਦੀ ਤੇ ਕੁਝ ਬਣਾਉਂਦੀ ਰਹਿੰਦੀ। ਹਰ ਵੇਲੇ ਕਿਸੇ ਅਸੁਰੱਖਿਆ ਦੀ ਭਾਵਨਾ ਨਾਲ ਘਿਰੀ ਹੋਈ। ਕਈ ਵਾਰ ਮੈਂ ਆਪਣੇ ਪ੍ਰਛਾਵੇਂ ਤੋਂ ਵੀ ਡਰ ਜਾਂਦੀ ਸਾਂ। ਕੁੱਲ ਮਿਲਾ ਕੇ ਮੈਂ ਇਕੱਲੀ ਅੰਤਰਮੁਖੀ ਦੱਬੂ ਕਿਸਮ ਦੀ ਕੁੜੀ ਸਾਂ। ਮੇਰੀਆਂ ਇਹਨਾਂ ਪ੍ਰਸਥਿਤੀਆਂ ਨੇ ਮੇਰੀ ਜ਼ਿੰਦਗੀ ਨੂੰ ਬਹੁਤ ਹੱਦ ਤੱਕ ਪ੍ਰਭਾਵਿਤ ਕੀਤਾ। ਜ਼ਿੰਦਗੀ ਦੀ ਇਸੇ ਕਸ਼ਮਕਸ਼ ਵਿਚੋਂ ਹੀ ਮੇਰੇ ਅੰਦਰੋਂ ਸਾਹਿਤ ਸਿਰਜਣਾ ਦਾ ਸੋਮਾ ਫੁੱਟਿਆ ਹੋਵੇਗਾ।

**? ਤੁਸੀਂ ਸਾਹਿਤਕ ਸਿਰਜਣ ਪ੍ਰਭਾਵ ਨੂੰ ਕਦੋਂ ਕਬੂਲਿਆ ਤੇ ਤੁਹਾਡਾ ਮਾਰਗ ਦਰਸ਼ਕ ਕੌਣ ਹੈ।**

-ਅਸਲ ਵਿਚ ਸਾਹਿਤਕ ਚੇਟਕ ਮੈਨੂੰ ਬਹੁਤ ਛੋਟੀ ਉਮਰ ਵਿਚ ਲੱਗ ਗਈ ਸੀ। ਬਚਪਨ ਵਿਚ ਜਦੋਂ ਕਦੀ ਘਰ ਦੀ ਸਾਫ-ਸਫਾਈ ਕਰਦਿਆਂ ਮੈਨੂੰ ਕੋਈ ਕਾਗਜ਼ੀ ਲਿਫਾਫਾ ਜਾਂ ਅਖ਼ਬਾਰ ਦਾ ਕੋਈ ਟੁਕੜਾ ਮਿਲ ਜਾਂਦਾ ਤਾਂ ਮੈਂ ਸਭ ਕੰਮ ਛੱਡ ਕੇ ਉਸ ਨੂੰ ਪੜ੍ਹਨ ਬੈਠ ਜਾਂਦੀ। ਕੋਈ ਕਵਿਤਾ, ਕੋਈ ਕਹਾਣੀ ਜੋ ਅਕਸਰ ਅਧੂਰੀ ਹੁੰਦੀ ਤਾਂ ਮੈਂ ਆਪਣੀ ਕਲਪਨਾ ਵਿਚ ਉਸ ਨੂੰ ਆਪਣੀ ਸੋਚ ਨਾਲ ਪੂਰਾ ਕਰਨ ਦਾ ਯਤਨ ਕਰਦੀ। ਇਸ ਨਾਲ ਮੈਨੂੰ ਖ਼ੁਸ਼ੀ ਮਿਲਦੀ। ਪ੍ਰਾਇਮਰੀ ਵਿਚ ਪੜ੍ਹਦਿਆਂ ਮੈਨੂੰ ਜਿਹੜੇ ਖਰਚੇ ਲਈ ਚਾਰ ਆਨੇ ਜਾਂ ਪੰਜਾਹ ਪੈਸੇ ਮਿਲਦੇ ਸਨ, ਮੈਂ ਉਹਨਾਂ ਦੇ ਕਿੱਸੇ ਖਰੀਦ ਲੈਂਦੀ ਸੀ। ਉਹਨਾਂ ਕਿੱਸਿਆਂ ਵਿਚ ਫਿਲਮਾਂ ਦੇ ਗਾਣੇ ਹੁੰਦੇ ਸਨ ਤੇ ਉਹ ਗਾਣੇ ਮੈਨੂੰ ਜ਼ੁਬਾਨੀ ਯਾਦ ਕਰਨ ਵਿਚ ਬੜਾ ਮਜ਼ਾ ਆਉਂਦਾ, ਪਰ ਇਕ ਵਾਰ ਫਿਲਮੀ ਗਾਣਿਆਂ ਵਾਲਾ ਕਿੱਸਾ ਮੇਰੇ ਸਕੂਲ ਦੇ ਮਾਸਟਰ ਦੇ ਹੱਥ ਲੱਗਾ ਤਾਂ ਉਸ ਨੇ ਮੈਨੂੰ ਚੰਗਾ ਕੁੱਟਿਆ ਤੇ ਘਰ ਸ਼ਿਕਾਇਤ ਹੋਣ 'ਤੇ ਮਾਂ ਵੱਲੋਂ ਵੀ ਕੁੱਟ ਦੀ ਬਖਸ਼ਿਸ਼ ਮਿਲੀ, ਪਰ ਮੈਂ ਆਪਣੀ ਇਹ ਪੜ੍ਹਨ ਦੀ ਆਦਤ ਬਦਲ ਨਾ ਸਕੀ। ਹੁਣ ਲੁਕਵੇਂ ਢੰਗ ਨਾਲ ਪੜ੍ਹਨ ਦਾ ਭੁਸ ਪੂਰਾ ਕਰਦੀ। ਅੱਠਵੀਂ 'ਚ ਪੜ੍ਹਦਿਆਂ ਮੈਨੂੰ ਕਿਸੇ ਸਹੇਲੀ ਦੇ ਘਰੋਂ ਇਕ ਨਾਵਲ ਮਿਲ ਗਿਆ। ਜਿਸ ਦੇ ਅਗਲੇ-ਪਿਛਲੇ ਪੰਨੇ ਗਾਇਬ ਸਨ। ਮੈਂ ਉਹ ਨਾਵਲ ਛੁਪਾ ਕੇ ਘਰ ਲਿਆ ਕੇ ਬਸਤੇ ਵਿਚ ਲੁਕੋ ਲਿਆ ਤੇ ਚੋਰੀ-ਚੋਰੀ ਬੜੀ ਰੀਝ ਨਾਲ ਪੜ੍ਹਿਆ। ਫਿਰ ਮੈਨੂੰ ਕਿਤੋਂ ਪਤਾ ਲੱਗ ਗਿਆ ਕਿ ਬਸ ਸਟੈਂਡ 'ਤੇ ਪੰਜਾਹ ਪੈਸੇ ਕਿਰਾਏ 'ਤੇ ਨਾਵਲ ਮਿਲ ਜਾਂਦੇ ਹਨ। ਬਸ ਫਿਰ ਇਹ ਕਿਰਾਏ 'ਤੇ ਨਾਵਲ ਲਿਆ ਕੇ ਪੜ੍ਹਨ ਦਾ ਸਿਲਸਿਲਾ ਚੱਲ ਨਿਕਲਿਆ। ਗੁਲਸ਼ਨ ਨੰਦਾ, ਰਾਜਹੰਸ, ਰਾਜਵੰਸ਼ ਤੇ ਹੋਰ ਪਤਾ ਨਹੀਂ ਕਿਹੜੇ-ਕਿਹੜੇ ਲੇਖਕਾਂ ਦੇ ਮੈਂ ਨਾਵਲ ਪੜ੍ਹ ਮਾਰੇ। ਥੋੜ੍ਹੇ ਸਮੇਂ ਬਾਅਦ ਪੈਸੇ ਜੋੜ ਕੇ ਇਹ ਨਾਵਲ ਖਰੀਦਣ ਲੱਗ ਪਈ ਤੇ ਮੇਰੇ ਕੋਲ ਚੰਗੀ ਕੁਲੈਕਸ਼ਨ ਹੋ ਗਈ, ਪਰ ਚੋਰੀ ਕਿੱਥੇ ਛਿਪਦੀ ਹੈ। ਮਾਂ ਨੇ ਇਕ ਦਿਨ ਸਾਰੇ ਨਾਵਲ ਚੁੱਲ੍ਹੇ 'ਚ ਪਾ ਕੇ ਬਾਲਣ ਦੀ ਧਮਕੀ ਦਿੱਤੀ। ਮਸੀਂ ਮਿੰਨਤਾਂ ਕਰਕੇ ਮੈਂ ਉਹ ਨਾਵਲ ਛੁਡਾਏ। ਮੇਰੀ ਇਸ ਪੜ੍ਹਨ ਦੀ ਲਗਨ ਨੂੰ ਫੜਨ ਵਾਲਾ ਸਾਡੇ ਘਰ ਦੇ ਆਲੇ-ਦੁਆਲੇ ਵੀ ਕੋਈ ਨਹੀਂ ਸੀ। ਉਸ ਸਮੇਂ ਤੱਕ ਮੈਨੂੰ ਸਾਹਿਤਕ ਅਤੇ ਅਸਾਹਿਤਕ ਕਿਤਾਬਾਂ ਬਾਰੇ ਕੋਈ ਗਿਆਨ ਨਹੀਂ ਸੀ। ਬਸ ਮੈਨੂੰ ਜੋ ਵੀ ਮਿਲਦਾ, ਉਹ ਪੜ੍ਹ ਲੈਂਦੀ।

ਫਿਰ ਇਕ ਵਾਰ ਕਿਸੇ ਨੇ ਮੇਰੀ ਹੱਥ ਵਿਚ ਮਨੋਹਰ ਕਹਾਣੀਆਂ ਦੀ ਕਿਤਾਬ ਵੇਖ ਕੇ ਕਿਹਾ ਕਿ ਇਹ ਕੀ ਗੰਦਮੰਦ ਪੜ੍ਹਦੀ ਰਹਿੰਦੀ ਹੈਂ। ਜੇ ਪੜ੍ਹਨਾ ਹੀ ਹੈ ਤਾਂ ਨਾਨਕ ਸਿੰਘ ਪੜ੍ਹ, ਮੁਨਸ਼ੀ ਪ੍ਰੇਮ ਚੰਦ ਪੜ੍ਹ। ਗੱਲ ਮੇਰੇ ਦਿਲ ਦੇ ਕਿਸੇ ਕੋਨੇ ਵਿਚ ਘਰ ਕਰ ਗਈ।

ਕਾਲਜ ਪੜ੍ਹਦਿਆਂ ਫਸਟ ਯੀਅਰ 'ਚ ਮੈਂ ਜੋ ਨਾਵਲ ਕਾਲਜ ਦੀ ਲਾਇਬ੍ਰੇਰੀ 'ਚੋਂ ਇਸ਼ੂ ਕਰਵਾਇਆ ਸੀ, ਉਹ ਸੀ ਨਾਨਕ ਸਿੰਘ ਦਾ ਨਾਵਲ 'ਨਾਸੂਰ'। ਬਹੁਤ ਜ਼ੋਰ ਲਗਾ ਕੇ ਪੜ੍ਹਨਾ ਪਿਆ। ਮੈਨੂੰ ਕੋਈ ਸਮਝ ਨਾ ਆਇਆ ਤੇ ਨਾ ਹੀ ਕੋਈ ਸੁਆਦ, ਕਿਉਂਕਿ ਅਜੇ ਤੱਕ ਸੜਕਛਾਪ ਸਾਹਿਤ ਨਾਲ ਹੀ ਮੇਰਾ ਵਾਹ ਪਿਆ ਸੀ, ਪਰ ਹੌਲੀ-ਹੌਲੀ ਸਾਹਿਤਕ ਕਿਤਾਬਾਂ ਨਾਲ ਜੁੜਦੀ ਗਈ ਤੇ ਅਸਲੀ ਸਾਹਿਤ ਬਾਰੇ ਜਾਨਣ ਲੱਗ ਪਈ। ਮੇਰਾ ਇੱਥੋਂ ਤੱਕ ਦਾ ਸਫ਼ਰ ਸਾਹਿਤ ਪੜ੍ਹਨ ਤੱਕ ਹੀ ਸੀਮਿਤ ਸੀ।

ਸਾਹਿਤ ਸਿਰਜਣਾ ਬਾਰੇ ਤਾਂ ਮੈਂ ਬਹੁਤ ਬਾਅਦ ਜਾਣੀ ਕਿ ਆਪਣੇ ਵਿਆਹ ਤੋਂ ਵੀ ਬਹੁਤ ਸਾਲ ਬਾਅਦ ਸੋਚਿਆ। ਉਦੋਂ ਤੱਕ ਮੈਂ ਕਾਫ਼ੀ ਮਿਆਰੀ ਸਾਹਿਤਕ ਕਿਤਾਬਾਂ-ਰਸਾਲੇ ਪੜ੍ਹ ਚੁੱਕੀ ਸੀ। ਵਿਆਹ ਤੋਂ ਬਾਅਦ ਆਪਣੀ ਅਧੂਰੀ ਪੜ੍ਹਾਈ ਜਿਹੜੀ ਕਿ ਦਸਵੀਂ ਤੱਕ ਹੀ ਸੀ, ਨੂੰ ਅੱਗੇ ਤੋਰਿਆ, ਜਿਸ ਵਿਚ ਮੇਰੇ ਪਤੀ ਦਾ ਬਹੁਤ ਵੱਡਾ ਹੱਥ ਹੈ। ਉਹਨਾਂ ਨੇ ਮੈਨੂੰ ਬਹੁਤ ਸਹਿਯੋਗ ਦਿੱਤਾ ਤੇ ਮੈਂ ਪੀ.ਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। 2007 ਵਿਚ ਮੈਂ ਆਪਣੀ ਪਹਿਲੀ ਕਹਾਣੀ ਲਿਖੀ 'ਸ਼ੀਸ਼ੇ ਵਿਚਲਾ ਆਦਮੀ' ਜਿਹੜੀ ਕਿਸੇ ਨੂੰ ਪੜ੍ਹਾਏ ਬਿਨਾਂ 'ਲਕੀਰ' ਨੂੰ ਭੇਜ ਦਿੱਤੀ। ਮੈਂ ਪ੍ਰੇਮ ਪ੍ਰਕਾਸ਼ ਜੀ ਨੂੰ ਕਦੇ ਵੀ ਨਹੀਂ ਸੀ ਮਿਲੀ। ਨਾ ਕਦੀ ਕੋਈ ਫੋਨ 'ਤੇ ਗੱਲਬਾਤ ਹੋਈ ਸੀ। ਕਹਾਣੀ ਛਾਪਣ ਬਾਰੇ ਜਦੋਂ ਉਹਨਾਂ ਦਾ ਫੋਨ ਆਇਆ ਤਾਂ ਮੈਂ ਦੱਸ ਨਹੀਂ ਸਕਦੀ ਕਿ ਮੈਨੂੰ ਕਿੰਨੀ ਖ਼ੁਸ਼ੀ ਹੋਈ। ਇੱਥੋਂ ਹੀ ਮੇਰੀ ਸਿਰਜਣਾ ਦੀ ਸ਼ੁਰੂਆਤ ਹੋਈ। ਬਾਕੀ ਰਹੀ ਮੇਰੇ ਮਾਰਗ ਦਰਸ਼ਕ ਦੀ ਗੱਲ ਤਾਂ ਉਪਰੋਕਤ ਸਾਰੀ ਗੱਲਬਾਤ ਤੋਂ ਤੁਸੀਂ ਜਾਣ ਹੀ ਗਏ ਹੋਵੋਗੇ ਕਿ ਮੇਰੀ ਜ਼ਿੰਦਗੀ ਵਿਚ ਮੇਰੇ ਹਾਲਾਤ ਹੀ ਮੇਰੇ ਮਾਰਗ ਦਰਸ਼ਕ ਰਹੇ ਹਨ। ਕਿਸੇ ਵਿਅਕਤੀ ਵਿਸ਼ੇਸ਼ ਦਾ ਮੇਰੀ ਸਿਰਜਣਾ ਦੇ ਸ਼ੁਰੂਆਤੀ ਦੌਰ ਵਿਚ ਕੋਈ ਖਾਸ ਰੋਲ ਨਹੀਂ ਰਿਹਾ। ਹਾਂ ਬਾਅਦ ਵਿਚ ਬਹੁਤ ਸਾਰੇ ਸਾਹਿਤਕ ਦੋਸਤ ਬਣੇ, ਜਿਹਨਾਂ ਨਾਲ ਸਾਹਿਤਕ ਸਾਂਝ ਬਣੀ। ਜਿਹੜੀ ਕਿ ਅੱਜ ਵੀ ਕਾਇਮ ਹੈ।

**? ਤੁਹਾਨੂੰ ਸਾਹਿਤ ਲਿਖਣ ਲਈ ਪਰਵਾਰ ਵੱਲੋਂ ਕਿੱਥੋਂ ਤੱਕ ਸਹਿਯੋਗ ਮਿਲਿਆ।**



ਪੰਜਾਬੀ ਕਹਾਣੀਕਾਰ ਜਰਨੈਲ ਸਿੰਘ ਅਤੇ ਚਿੰਤਕ ਡਾ. ਕਰਮਜੀਤ ਸਿੰਘ ਨਾਲ ਤ੍ਰਿਪਤਾ

-ਗੱਲ ਇਸ ਤਰ੍ਹਾਂ ਹੈ ਕਿ ਸਾਹਿਤ ਵਿਚ ਔਰਤ ਲੇਖਿਕਾਵਾਂ ਬਹੁਤ ਹੀ ਘੱਟ ਹਨ। ਔਰਤਾਂ ਲਈ ਸਾਹਿਤ ਸਿਰਜਣਾ ਕਰਨਾ ਦੋ ਧਾਰੀ ਤਲਵਾਰ ਉੱਪਰ ਤੁਰਨ ਬਰਾਬਰ ਹੁੰਦਾ ਹੈ। ਸਾਡਾ ਸਮਾਜਿਕ ਢਾਂਚਾ ਅਜੇ ਤੱਕ ਅਜਿਹਾ ਹੀ ਹੈ ਕਿ ਪੜ੍ਹ-ਲਿਖ ਕੇ ਔਰਤ ਬੇਸ਼ੱਕ ਮਰਦ ਦੇ ਬਰਾਬਰ ਕਮਾ ਕੇ ਗ੍ਰਹਿਸਥੀ ਚਲਾਉਣ ਵਿਚ ਆਪਣਾ ਯੋਗਦਾਨ ਪਾਉਂਦੀ ਹੈ, ਪਰ ਉਸ ਨੂੰ ਨੌਕਰੀ ਦੇ ਨਾਲ-ਨਾਲ ਗ੍ਰਹਿਸਥੀ ਦੀ ਗੱਡੀ ਵੀ ਆਪਣੇ ਮੋਢਿਆਂ 'ਤੇ ਚਲਾਉਣੀ ਪੈਂਦੀ ਹੈ ਤੇ ਜੇ ਕਿਤੇ ਔਰਤ ਲਿਖਣ, ਪੜ੍ਹਨ ਜਾਂ ਕੁਝ ਸਾਹਿਤ ਸਿਰਜਣ ਦੀ ਰੁਚੀ ਰੱਖਦੀ ਹੋਏ ਤਾਂ ਪਰਵਾਰ ਵੱਲੋਂ ਹੁੰਗਾਰਾ ਨਾਂਹ-ਪੱਖੀ ਹੀ ਵੇਖਣ ਨੂੰ ਮਿਲਦਾ ਹੈ। ਸਾਹਿਤ ਦੇ ਖੇਤਰ ਵਿਚ ਵਿਚਰਨਾ ਸਾਡੀਆਂ ਔਰਤਾਂ ਵਾਸਤੇ ਅਜੇ ਓਨਾ ਸਹਿਜ ਨਹੀਂ ਹੋਇਆ, ਜਿਵੇਂ ਮਰਦਾਂ ਲਈ ਹੈ। ਮੈਂ ਉਹਨਾਂ ਸਾਰੀਆਂ ਔਰਤਾਂ ਨੂੰ ਨਮਨ ਕਰਦੀ ਹਾਂ, ਜੋ ਘਰ ਦੇ ਨਾਲ-ਨਾਲ ਆਪਣੀ ਰਚਨਾ ਦਾ ਸਫ਼ਰ ਵੀ ਨਾਲ-ਨਾਲ ਤੈਅ ਕਰਦੀਆਂ ਹਨ।

ਜੇਕਰ ਤੁਸੀਂ ਮੇਰੀ ਗੱਲ ਕਰੋ ਤਾਂ ਮੈਂ ਉਹਨਾਂ ਕੁਝ ਕੁ ਖੁਸ਼ਕਿਸਮਤ ਔਰਤਾਂ ਵਿੱਚੋਂ ਹਾਂ, ਜਿਹਨਾਂ ਨੂੰ ਪਰਵਾਰ ਵੱਲੋਂ ਪੂਰਾ ਸਹਿਯੋਗ ਮਿਲਿਆ। ਮੇਰੇ ਪਤੀ ਨੇ ਹੀ ਮੈਨੂੰ ਪਹਿਲਾਂ ਆਪਣੀ ਅਧੂਰੀ ਪੜ੍ਹਾਈ ਪੂਰੀ ਕਰਨ ਲਈ ਉਤਸ਼ਾਹਿਤ ਕੀਤਾ ਤੇ ਜਦੋਂ ਮੈਂ ਲਿਖਣਾ ਸ਼ੁਰੂ ਕੀਤਾ ਤਾਂ ਉਹਨਾਂ ਨੇ ਮੇਰਾ ਪੂਰਾ ਸਾਥ ਦਿੱਤਾ। ਮੈਨੂੰ ਕਦੇ ਕਿਤੇ ਵੀ ਆਣ-ਜਾਣ ਤੋਂ ਨਹੀਂ ਰੋਕਿਆ। ਮੇਰੀਆਂ ਕਹਾਣੀਆਂ ਦੇ ਪਹਿਲੇ ਪਾਠਕ ਹੋਣ ਦੇ ਨਾਤੇ ਵੀ ਉਹਨਾਂ ਮੇਰੀਆਂ ਕਹਾਣੀਆਂ ਦੇ ਵਿਸ਼ਿਆਂ ਨੂੰ ਲੈ ਕੇ ਕਦੇ ਕੋਈ ਕਿੰਤੂ-ਪਰੰਤੂ ਨਹੀਂ ਕੀਤਾ। ਸਾਡਾ ਪਰਵਾਰਕ ਮਾਹੌਲ ਏਦਾਂ ਦਾ ਰਿਹਾ ਹੈ ਕਿ ਇੱਥੇ ਹਰ ਗੱਲ ਖੁੱਲ੍ਹ ਕੇ ਕਰਨ ਦੀ ਆਜ਼ਾਦੀ ਹੈ। ਮੇਰੇ ਬੱਚੇ ਵੀ ਮੇਰੀ ਸੋਚ ਤੇ ਸਿਰਜਣਾ ਨਾਲ ਸਹਿਮਤੀ ਰੱਖਦੇ ਸਨ ਤੇ ਮੈਨੂੰ ਮੇਰੀ ਬਣਦੀ ਸਪੇਸ ਮੁਹੱਈਆ ਕਰਵਾਉਂਦੇ ਸਨ। ਮੈਂ ਆਪਣੀਆਂ ਬਹੁਤ ਸਾਰੀਆਂ ਲੇਖਕ ਸਹੇਲੀਆਂ ਨੂੰ ਜਾਣਦੀ ਹਾਂ, ਜਿਹਨਾਂ ਨੂੰ ਪਰਵਾਰ ਵੱਲੋਂ ਬਹੁਤ ਰੋਕ-ਟੋਕ ਦਾ ਸਾਹਮਣਾ ਕਰਨਾ ਪੈਂਦਾ। ਉਸ ਦੀ ਲੇਖਣੀ 'ਤੇ ਪਹਿਰੇ ਰੱਖੇ ਜਾਂਦੇ ਨੇ। ਉਹ ਕੀ ਲਿਖੇਗੀ ਤੇ ਕੀ ਨਹੀਂ, ਇਹ ਵੀ ਪਰਵਾਰ ਜਾਂ ਪਤੀ ਵੱਲੋਂ ਨਿਸ਼ਚਿਤ ਕੀਤਾ ਜਾਂਦਾ। ਐਹੋ ਜਿਹੇ ਘੁਟਨ ਵਾਲੇ ਮਾਹੌਲ ਵਿਚ ਸਿਰਜਣਾ ਕਿੰਨੀ ਮੁਸ਼ਕਿਲ ਹੁੰਦੀ ਹੋਵੇਗੀ, ਤੁਸੀਂ ਆਪ ਹੀ ਅੰਦਾਜ਼ਾ ਲਗਾ ਸਕਦੇ ਹੋ।



ਕਹਾਣੀਕਾਰ ਗੁਰਦੇਵ ਰੁਪਾਣਾ ਨਾਲ ਕੀਤੀ ਲੰਮੀ ਗੱਲਬਾਤ ਸਮੇਂ ਤ੍ਰਿਪਤਾ

ਪਰ ਮੈਂ ਹਮੇਸ਼ਾ ਆਪਣੀ ਮਰਜ਼ੀ ਨਾਲ ਲਿਖਿਆ ਹੈ। ਕੋਈ ਬੰਧਨ ਨਹੀਂ, ਕੋਈ ਬੰਦਿਸ਼ ਨਹੀਂ। ਜਦੋਂ ਮੈਂ ਸਿਰਜਣਾ ਦੇ ਪਲਾਂ 'ਚ ਹੁੰਦੀ ਹਾਂ ਤਾਂ ਮੈਨੂੰ ਕੋਈ ਡਿਸਟਰਬ ਨਹੀਂ ਕਰਦਾ, ਸਗੋਂ ਮੇਰਾ ਖਾਸ ਖਿਆਲ ਰੱਖਿਆ ਜਾਂਦਾ ਹੈ। ਸੋ ਪਰਵਾਰਕ ਸਹਿਯੋਗ ਤੋਂ ਬਿਨਾਂ ਲਿਖਣਾ ਜਾਂ ਸਾਹਿਤ ਸਿਰਜਣਾ ਕਰਨਾ ਸੱਚਮੁੱਚ ਬਹੁਤ ਮੁਸ਼ਕਿਲ ਹੈ। ਬਹੁਤ ਸਾਰੀਆਂ ਕਲਮਾਂ ਇਹਨਾਂ ਬੰਧਨਾਂ ਕਰਕੇ ਚੁੱਪ ਹੋ ਗਈਆਂ ਹੋਣਗੀਆਂ ਜਾਂ ਫਿਰ ਅਜਿਹੀ ਘੁਟਨ ਵਿੱਚੋਂ ਕੁਝ ਲਾਵਾ ਬਣ ਕੇ ਵੀ ਫੁੱਟਦਾ ਹੋਵੇਗਾ, ਪਰ ਸਾਹਿਤ ਲੇਖਣੀ ਲਈ ਪਰਵਾਰ ਦਾ ਸਹਿਯੋਗ ਬਹੁਤ ਜ਼ਰੂਰੀ ਹੈ।

**? 'ਇਕ ਦਿਨ' ਕਹਾਣੀ ਸੰਗ੍ਰਹਿ ਵਿਚ ਔਰਤ-ਮਰਦ ਦੇ ਬਾਹਰੀ ਰਿਸ਼ਤਿਆਂ ਦੀ ਪੇਸ਼ਕਾਰੀ ਕੀਤੀ ਹੈ। ਇਹ ਕਿੱਥੋਂ ਤੱਕ ਸਮਾਜਿਕ ਯਥਾਰਥ ਨਾਲ ਸੰਬੰਧਤ ਹੈ।**

-ਜਦੋਂ ਵੀ ਕੋਈ ਸਾਹਿਤਕਾਰ ਸਿਰਜਣਾ ਕਰ ਰਿਹਾ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਸਮਾਜਿਕ ਯਥਾਰਥ ਤਾਂ ਚੱਲ ਹੀ ਰਿਹਾ ਹੁੰਦਾ ਹੈ, ਪਰੰਤੂ ਜੇਕਰ ਸਮਾਜਿਕ ਵਰਤਾਰਿਆਂ ਦੀ ਹੂਬਹੂ ਚਿਤਰਨ ਉਹ ਆਪਣੀ ਰਚਨਾ ਵਿਚ ਕਰੇਗਾ ਤਾਂ ਉਹ ਰਚਨਾ ਮਹਿਜ਼ ਇੱਕ ਸੂਚਨਾ ਬਣ ਕੇ ਰਹਿ ਜਾਵੇਗੀ, ਜਿਹੜੀ ਕਿ ਤੁਹਾਨੂੰ ਅਖਬਾਰ, ਟੀ ਵੀ, ਰੇਡੀਓ ਜਾਂ ਕਿਸੇ ਹੋਰ ਵਸੀਲੇ ਤੋਂ ਵੀ ਮਿਲ ਸਕਦੀ ਹੈ। ਅਸਲ ਵਾਪਰੀ ਗੱਲ ਨੂੰ ਜਦੋਂ ਸਾਹਿਤਕਾਰ ਆਪਣੇ ਸ਼ਬਦਾਂ ਦੀ ਕਲਾਤਮਿਕਤਾ ਅੰਦਰ ਢਾਲ ਕੇ ਸਿਰਜਣਾ ਕਰਦਾ ਹੈ ਤਾਂ ਉਹ ਪਾਠਕ ਨੂੰ ਆਨੰਦ ਦਿੰਦੀ ਹੈ। ਪਾਠਕ ਰਚਨਾ ਨਾਲ ਖੁਦ ਨੂੰ ਜੁੜਿਆ ਮਹਿਸੂਸ ਕਰਦਾ ਹੈ। ਸਮਾਜ ਵਿਚ ਜੋ ਵਾਪਰ ਰਿਹਾ ਹੁੰਦਾ ਹੈ, ਉਹ ਅਸੀਂ ਸਭ ਜਾਣਦੇ ਹਾਂ। ਪਰ ਲੇਖਕ ਆਪਣੀ ਸੂਖ਼ਮ ਦ੍ਰਿਸ਼ਟੀ ਨਾਲ ਵਾਪਰ ਰਹੇ ਦੇ ਕਾਰਨ ਲੱਭਦਾ ਹੈ ਤੇ ਜੋ ਉਸ ਅੰਦਰ ਇਕ ਤੜਪ ਪੈਦਾ ਕਰਦੇ ਹਨ ਤੇ ਉਸ ਨੂੰ ਲਿਖਣ ਲਈ ਮਜਬੂਰ ਕਰਦੇ ਹਨ।

ਮੇਰੇ ਕਹਾਣੀ ਸੰਗ੍ਰਹਿ 'ਇਕ ਦਿਨ' ਵਿਚ ਸਾਰੀਆਂ ਤਾਂ ਨਹੀਂ, ਪਰ ਕਾਫੀ ਸਾਰੀਆਂ ਕਹਾਣੀਆਂ ਵਿਚ ਔਰਤ-ਮਰਦ ਅੰਦਰੂਨੀ ਅਤੇ ਬਾਹਰੀ ਸੰਬੰਧਾਂ ਦੇ ਮਨੋਵਿਸ਼ਲੇਸ਼ਣ ਨਾਲ ਸੰਬੰਧਤ ਹਨ। ਚਾਹੇ ਉਹ ਪਰਵਾਰਕ ਰਿਸ਼ਤਿਆਂ ਦੀ ਘੁਟਨ ਹੋਵੇ, ਵਿਆਹ ਬਾਹਰੇ ਸੰਬੰਧਾਂ ਲਈ ਮਰਦ ਜਾਂ ਔਰਤ ਦੀ ਮਾਨਸਿਕਤਾ ਨੂੰ ਦਰਸਾਉਣਾ ਹੋਵੇ ਜਾਂ ਉਮਰ ਵਿਹਾਅ ਚੁੱਕੇ ਜਾਂ ਉਮਰ ਦਰਾਜ ਚੁੱਕੇ ਮਰਦਾਂ ਦੀਆਂ ਮਾਨਸਿਕ ਸਰੀਰਕ ਲੋੜਾਂ ਦੀ ਗੱਲ ਹੋਵੇ। ਇਹਨਾਂ ਸਾਰੇ ਮੁੱਦਿਆਂ ਨੂੰ ਸਿਰਜਣਾਤਮਕ ਕਿਰਤਾਂ ਵਿਚ ਬੰਨ੍ਹਣਾ ਬਹੁਤ ਚੁਣੌਤੀ ਭਰਪੂਰ ਕੰਮ ਹੈ। ਬੋਲਡ ਤੇ ਵਲਗਰ ਵਿਚ ਬਹੁਤ ਮਹੀਨ ਰੇਖਾ ਹੁੰਦੀ ਹੈ। ਮੈਂ ਸੁਚੇਤ ਰੂਪ ਵਿਚ ਹਮੇਸ਼ਾ ਇਸ ਰੇਖਾ ਦਾ ਖਿਆਲ ਰੱਖਿਆ ਹੈ ਤਾਂ ਕਿ ਕਿਰਤ ਦੀ ਕਲਾਤਮਿਕਤਾ ਨੂੰ ਢਾਅ ਨਾ ਲੱਗੇ ਤੇ ਮੈਂ ਆਪਣੀ ਗੱਲ ਵੀ ਬਾਖ਼ੂਬੀ ਕਹਿ ਸਕਾਂ। ਮੈਂ ਆਪਣੀਆਂ ਕਹਾਣੀਆਂ ਵਿਚ ਔਰਤ ਮਨ ਦੇ ਹਨੇਰੇ ਕੋਨਿਆਂ ਨੂੰ ਫਰੋਲਣ ਦਾ ਯਤਨ ਕੀਤਾ ਹੈ ਤੇ ਮੈਂ ਕਾਫ਼ੀ ਹੱਦ ਤੱਕ ਸਫ਼ਲ ਵੀ ਰਹੀ ਹਾਂ। ਮੁੱਢ-ਕਦੀਮ ਤੋਂ ਹੀ ਔਰਤ ਨੂੰ ਸਮਾਜ ਵਿਚ ਦੁਜੈਲੇ ਸਥਾਨ 'ਤੇ ਹੀ ਰੱਖਿਆ ਗਿਆ ਹੈ। ਮੇਰੀਆਂ ਕਹਾਣੀਆਂ ਦੀਆਂ ਪਾਤਰ ਔਰਤਾਂ ਆਪਣੀ ਸਵੈ ਦੀ ਤਲਾਸ਼ ਕਰਦੀਆਂ ਵਿਖਾਈ ਦਿੰਦੀਆਂ ਹਨ। ਉਹ ਇਹ ਦਰਸਾਉਣ ਲਈ ਯਤਨਸ਼ੀਲ ਹਨ ਕਿ ਉਹ ਕੋਈ ਵਸਤੂ ਨਹੀਂ, ਸਗੋਂ ਹੱਡਮਾਸ ਦੀਆਂ ਬਣੀਆਂ ਇਨਸਾਨ ਹਨ। ਜਿਹਨਾਂ ਅੰਦਰ ਦਿਲ ਧੜਕਦਾ ਹੈ। ਜਜ਼ਬੇ ਠਾਠਾਂ ਮਾਰ ਰਹੇ ਹਨ! ਉਹਨਾਂ ਦੀਆਂ ਵੀ ਸਰੀਰਕ ਤੇ ਮਾਨਸਿਕ ਲੋੜਾਂ ਹਨ। ਜਿਹਨਾਂ ਨੂੰ ਸਮਝਿਆ ਜਾਣਾ ਚਾਹੀਦਾ ਹੈ। ਮੇਰੀਆਂ ਕਹਾਣੀਆਂ ਨਾਰੀਵਾਦ ਦਾ ਨਾਹਰਾ ਨਹੀਂ ਮਾਰਦੀਆਂ, ਬਲਕਿ ਬਹੁਤ ਸੂਖਮ ਤੇ ਕਲਾਤਮਿਕਤਾ ਨਾਲ ਔਰਤ ਦੀ ਹੋਂਦ ਨੂੰ ਦਰਸਾਉਂਦੀਆਂ ਹਨ। ਉਹ ਪਿੱਤਰੀ ਸੱਤਾ ਦੇ ਦਾਬੇ ਨੂੰ ਅਤੇ ਉਸ ਲਈ ਸਮਾਜ ਵੱਲੋਂ ਸਿਰਜੀਆਂ ਮਰਿਆਦਾਵਾਂ ਨੂੰ ਤੋੜਨਾ ਚਾਹੁੰਦੀਆਂ ਹਨ, ਪਰ ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਉਹ ਘਰ ਤੋੜਨ ਦੀਆਂ ਹਾਮੀ ਹਨ।

**? ਕੀ ਤੁਸੀਂ ਇਹ ਸਮਝਦੇ ਹੋ ਸਿਰਜਣਾਤਮਕ ਅਮਲ ਲਈ ਕਿਸੇ ਇਕ ਵਿਸ਼ੇਸ਼ ਵਿਚਾਰਧਾਰਾ ਨਾਲ ਬੱਝਣਾ ਜ਼ਰੂਰੀ ਹੈ ? ਜੇ ਹਾਂ ਤਾਂ ਤੁਹਾਡੀ ਵਿਚਾਰਧਾਰਾ ਕੀ ਹੈ ?**

-ਕਿਸੇ ਵੀ ਸਾਹਿਤਕਾਰ ਨੂੰ ਉਸ ਦੀ ਵਿਚਾਰਧਾਰਾ ਨਾਲੋਂ ਅਲੱਗ ਕਰਕੇ ਨਹੀਂ ਸਮਝਿਆ ਜਾ ਸਕਦਾ। ਕੋਈ ਵੀ ਚੇਤਨਸ਼ੀਲ ਵਿਅਕਤੀ ਮੈਂ ਆਪਣੀ ਸਿਰਜਣਾ ਸਮੇਂ ਭਾਵੁਕ ਨਹੀਂ ਹੁੰਦੀ, ਸਗੋਂ ਬਾਹਰਮੁਖੀ ਹੋ ਕੇ ਪਰਿਵਰਤਨਸ਼ੀਲ ਯਥਾਰਥ ਦਾ ਬੋਧ ਆਪਣੀ ਰਚਨਾ ਅੰਦਰ ਕਰਵਾਉਂਦੀ ਹੈ।

**? ਤੁਹਾਡੇ ਅਨੁਸਾਰ ਸਮਾਜਿਕ ਅਤੇ ਸਾਹਿਤਕ ਯਥਾਰਥ ਵਿਚ ਕੀ ਫਰਕ ਹੈ।**

-ਸਾਹਿਤ ਸਮਾਜ ਦੇ ਵਿਵਹਾਰ ਵਿੱਚੋਂ ਹੀ ਉਤਪੰਨ ਹੁੰਦਾ ਹੈ। ਅਸੀਂ ਅੱਜ ਦੀ ਤਾਰੀਖ਼ ਵਿਚ ਜਿਹਨਾਂ ਸਮਿਆਂ ਵਿੱਚੋਂ ਲੰਘ ਰਹੇ ਹਾਂ, ਇਸ ਦੇ ਸਮਾਜਿਕ ਢਾਂਚੇ ਵਿਚ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ, ਮਾਨਸਿਕ ਤਣਾਓ 'ਚ ਉਲਝਿਆ ਮਨੁੱਖ ਸਾਡੇ ਸਨਮੁੱਖ ਹੁੰਦਾ ਹੈ। ਮਨੁੱਖੀ ਮਨ ਦੇ ਜਟਿਲ ਬਿਰਤਾਂਤ ਨੂੰ ਸਹਿਜ ਰੂਪ ਵਿਚ ਆਪਣੀ ਲਿਖਤ ਵਿਚ ਉਤਾਰਨਾ ਹੀ ਲੇਖਕ ਦਾ ਧਰਮ ਹੋ ਜਾਂਦਾ ਹੈ। ਸਾਹਿਤਕ ਯਥਾਰਥ ਸਮਾਜਿਕ ਯਥਾਰਥ ਦਾ ਹੀ ਪ੍ਰਛਾਵਾਂ ਹੈ, ਜੋ ਕਿ ਲੇਖਕ ਦੀ ਸਿਰਜਣਾ ਵਿਚ ਇਕ ਕਲਾਤਮਿਕਤਾ ਨਾਲ ਪੇਸ਼ ਹੁੰਦਾ ਹੈ। ਕਈ ਵਾਰ ਸਮਾਜਿਕ ਯਥਾਰਥ ਏਨਾ ਕਰੂਰ ਹੁੰਦਾ ਹੈ ਕਿ ਲੇਖਕ ਲਈ ਉਸ ਨੂੰ ਸਾਹਿਤਕ ਯਥਾਰਥ ਵਿਚ ਉਤਾਰਨਾ ਬਹੁਤ ਚੁਣੌਤੀ ਭਰਪੂਰ ਕੰਮ ਹੋ ਜਾਂਦਾ ਹੈ। ਸਾਡੇ ਸਮਾਜਿਕ ਢਾਂਚੇ ਵਿਚ ਮਰਦ ਅਤੇ ਔਰਤ ਦੋਵੇਂ ਹੀ ਮਰਿਆਦਾ ਅਤੇ ਅਕਾਂਖਿਆਂ ਦੇ ਤਣਾਅ ਨੂੰ ਭੋਗ ਰਹੇ ਹਨ। ਮੈਂ ਆਪਣੇ ਪਾਤਰਾਂ ਰਾਹੀਂ ਸਮਾਜ ਦੇ ਜਟਿਲ ਵਰਤਾਰਿਆਂ ਨੂੰ ਬੜੇ ਸੂਖਮ ਸੰਕੇਤਾਂ ਰਾਹੀਂ ਫੜਨ ਦੀ ਕੋਸ਼ਿਸ਼ ਕੀਤੀ ਹੈ। ਔਰਤ ਅਤੇ ਮਰਦ ਦੀ ਕਸ਼ਮਕਸ਼ ਦੇ ਨਾਲ-ਨਾਲ ਉਸ ਨੂੰ ਸਮਾਜਿਕ ਵਿਰੋਧਾਭਾਸ਼ ਵਿਚ ਖੜੇ ਵਿਖਾ ਕੇ ਆਪਣੀ ਮਨਚਾਹੀ ਜ਼ਿੰਦਗੀ ਜਿਉਣ ਲਈ ਸੰਘਰਸ਼ ਕਰਦਿਆਂ ਵਿਖਾਇਆ ਹੈ।

ਸਾਹਿਤ ਸਿਰਜਣ ਲਈ ਪ੍ਰਾਪਤ ਸਮੱਗਰੀ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੋਵਾਂ ਰੂਪਾਂ ਵਿਚ ਸਮਾਜ ਵਿੱਚੋਂ ਹੀ ਮਿਲਦੀ ਹੈ। ਸਾਹਿਤ ਸਮਾਜ ਨੂੰ ਸੇਧ ਦੇਣ ਦਾ ਸਿਧਾਂਤਕ ਕਾਰਜ ਵੀ ਕਰਦਾ ਹੈ। ਮੈਂ ਵੀ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਦੇ ਯਥਾਰਥ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਸਾਹਿਤ ਆਪਣੇ ਅਸਤਿਤਵ ਸਮਾਜ ਉੱਤੇ ਨਿਰਭਰ ਕਰਦਾ ਹੈ। ਇੱਕ ਚੇਤਨ ਪ੍ਰਾਣੀ ਦੇ ਰੂਪ ਵਿਚ ਸਾਹਿਤਕਾਰ ਆਪਣੀ ਕਿਰਤ ਲਈ ਰਚਨਾਤਮਿਕ ਵਸਤੂ ਦਾ ਆਧਾਰ ਸਮਾਜ ਵਿੱਚੋਂ ਹੀ ਚੁਣਦਾ ਹੈ। ਸਾਹਿਤ ਮਨੁੱਖ ਦੇ ਜੀਵਨ ਦੇ ਵਰਤਾਰਿਆਂ ਦੀ ਪੇਸ਼ਕਾਰੀ ਕਰਦਾ ਹੈ। ਇਸ ਤਰ੍ਹਾਂ ਆਖ ਸਕਦੇ ਹਾਂ ਕਿ ਸਮਾਜ ਅਤੇ ਸਾਹਿਤ ਦਾ ਆਪਸੀ ਗੂੜ੍ਹਾ ਰਿਸ਼ਤਾ ਹੈ।



ਆਪਣੇ ਆਲੇ-ਦੁਆਲੇ ਵਾਪਰ ਰਹੇ ਵਰਤਾਰਿਆਂ ਨੂੰ ਜਦੋਂ ਆਪਣੀ ਅੰਤਰ ਦ੍ਰਿਸ਼ਟੀ ਨਾਲ ਸਮਝਣ ਦੀ ਚੇਸ਼ਟਾ ਕਰਦਾ ਹੈ ਤਾਂ ਉਸ ਦੀ ਚੇਤਨਾ ਜਾਗ੍ਰਿਤ ਹੁੰਦੀ ਹੈ ਤੇ ਉਹ ਕਿਸੇ ਨਾ ਕਿਸੇ ਵਿਚਾਰਧਾਰਾ ਦੇ ਅਧੀਨ ਹੀ ਸਿਰਜਣਾ ਕਰਦਾ ਹੈ। ਹਰੇਕ ਸਾਹਿਤਕਾਰ ਦਾ ਬੀਤ ਚੁੱਕੇ ਨਾਲ ਅਤੇ ਸਮਕਾਲੀ ਪ੍ਰਸਥਿਤੀਆਂ ਨਾਲ ਡੂੰਘਾ ਸਰੋਕਾਰ ਹੁੰਦਾ ਹੈ। ਉਹ ਆਪਣੀ ਵਿਚਾਰਧਾਰਕ ਦ੍ਰਿਸ਼ਟੀ ਰਾਹੀਂ ਹੀ ਆਮ ਲੋਕਾਂ ਨੂੰ ਸਧਾਰਨ ਲੱਗਦੀ ਗੱਲ ਵਿੱਚੋਂ ਆਸਾਧਾਰਨ ਲੱਭਣ ਦਾ ਯਤਨ ਕਰਦਾ ਹੈ। ਉਹ ਉਸ ਵਿਚੋਂ ਕੀ ਲੱਭਦਾ ਹੈ, ਇਹੀ ਉਸ ਦੀ ਵਿਚਾਰਧਾਰਾ ਹੁੰਦੀ ਹੈ। ਸਾਹਿਤਕਾਰ ਜਿੰਨਾ ਵਿਚਾਰਧਾਰਾ ਤੋਂ ਖੁਦ ਪ੍ਰਭਾਵਿਤ ਹੁੰਦਾ ਹੈ, ਉਹੀ ਉਸ ਦੀ ਰਚਨਾ ਵਿਚ ਉਜਾਗਰ ਹੁੰਦੀ ਹੈ।

ਸਾਹਿਤ ਦੇ ਸੰਦਰਭ ਵਿਚ ਵਿਚਾਰਧਾਰਾ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਅਜੋਕਾ ਸਾਹਿਤ ਸਾਨੂੰ ਭਾਵਨਾ ਦੇ ਪੱਧਰ 'ਤੇ ਏਨਾ ਅੰਦੋਲਿਤ ਨਹੀਂ ਕਰਦਾ, ਜਿੰਨਾ ਵਿਚਾਰਧਾਰਕ ਪੱਧਰ 'ਤੇ ਕਰਦਾ ਹੈ।

ਕਿਸੇ ਵੀ ਰਚਨਾ ਵਿਚ ਪੇਸ਼ ਵਸਤੂ, ਯਥਾਰਥ ਦੀ ਸਮਝਣ ਦੀ ਵਿਧੀ ਨੂੰ ਰਚਨਾ ਦਾ ਵਿਚਾਰਧਾਰਕ ਪਰਿਪੇਖ ਕਿਹਾ ਜਾ ਸਕਦਾ ਹੈ।

ਸੋ ਜੇ ਮੈਂ ਆਪਣੀ ਰਚਨਾ ਦੇ ਸੰਦਰਭ ਵਿਚ ਗੱਲ ਕਰਨੀ ਹੋਵੇ ਤਾਂ ਸਿਰਫ ਏਨਾ ਹੀ ਕਹਾਂਗੀ ਕਿ ਮੇਰੀ ਵਿਚਾਰਧਾਰਾ ਉਸ ਧਿਰ ਨਾਲ ਖੜੀ ਹੈ, ਜਿਸ ਨੂੰ ਸਦੀਆਂ ਤੋਂ ਦਬਾਇਆ ਜਾ ਰਿਹਾ ਹੈ, ਦੁਜੈਲੇ ਸਥਾਨ 'ਤੇ ਰੱਖਿਆ ਜਾ ਰਿਹਾ ਹੈ। ਖੁਦ ਇਕ ਔਰਤ ਹੋਣ ਕਰਕੇ ਜੋ ਮੈਂ ਮਹਿਸੂਸ ਕੀਤਾ ਹੈ, ਆਪਣੀ ਰਚਨਾ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ। ਤੁਸੀਂ ਇਸ ਨੂੰ ਨਾਰੀਵਾਦੀ ਵਿਚਾਰਧਾਰਾ ਨਾਲ ਜੋੜ ਕੇ ਵੀ ਦੇਖ ਸਕਦੇ ਹੋ।

**? ਤੁਸੀਂ ਆਪਣੀਆਂ ਕਹਾਣੀਆਂ ਵਿਚ ਔਰਤ ਨੂੰ ਕੇਂਦਰ ਵਿਚ ਰੱਖ ਕੇ ਪੇਸ਼ ਕੀਤਾ ਹੈ। ਪਰੰਪਰਕ ਦੌਰ ਨਾਲੋਂ ਅਤੇ ਆਧੁਨਿਕ ਦੌਰ ਵਿਚ ਔਰਤ ਦੀ ਸਥਿਤੀ ਵਿਚ ਕੀ ਫਰਕ ਹੈ ? ਕੀ ਤੁਹਾਡੀ ਕਹਾਣੀ ਵਿਚ ਪੇਸ਼ ਔਰਤ ਜੋ ਲੋਚਦੀ ਹੈ, ਉਹ ਸਮਕਾਲੀ ਸਮਾਜ ਵਿਚ ਹੋਣਾ ਸੰਭਵ ਹੈ।**

-ਵੈਸੇ ਮੇਰੀਆਂ ਕਹਾਣੀਆਂ ਦੇ ਕੇਂਦਰ ਵਿਚ ਔਰਤ ਅਤੇ ਮਰਦ ਦੋਵਾਂ ਦੇ ਹੀ ਸਰੋਕਾਰ ਜੁੜੇ ਹੋਏ ਹਨ। ਮੇਰੀਆਂ ਕਹਾਣੀਆਂ ਵਿਚਲੀ ਵਿਸ਼ੇਸ਼ਤਾ ਇਹ ਹੈ ਕਿ ਮੇਰੀਆਂ ਕਹਾਣੀਆਂ ਵਿਚ ਔਰਤ ਨਾਹਰਾ ਨਹੀਂ ਮਾਰਦੀ ਜਾਂ ਮਰਦ ਦੇ ਖਿਲਾਫ਼ ਕੁੱਝ ਨਹੀਂ ਬੋਲਦੀ, ਬਲਕਿ ਮੇਰੀਆਂ ਬਹੁਤੀਆਂ ਕਹਾਣੀਆਂ ਉੱਤਮ-ਪੁਰਖੀ ਹਨ ਅਤੇ ਇਹਨਾਂ ਦੇ ਮੁੱਖ ਪਾਤਰ ਮਰਦ ਹਨ। ਮਰਦ ਦੀ ਮਾਨਸਿਕਤਾ ਵਿੱਚੋਂ ਹੀ ਤੁਸੀਂ ਔਰਤ ਦੀ ਅਜੋਕੀ ਸਥਿਤੀ ਨੂੰ ਫੜ ਸਕਦੇ ਹੋ। ਉਹ ਭਾਵੇਂ 'ਮਰੀਆਂ ਹੋਈਆਂ ਮਛਲੀਆਂ' ਦਾ ਮੈਂ ਪਾਤਰ ਹੋਵੇ ਜਾਂ ਫਿਰ 'ਇਕ ਦਿਨ' ਦਾ ਮੈਂ ਪਾਤਰ ਤੇ ਜਾਂ ਭਲਾ ਆਦਮੀ ਦਾ ਮੈਂ ਪਾਤਰ। ਇਹਨਾਂ ਪਾਤਰਾਂ ਰਾਹੀਂ ਹੀ ਕਹਾਣੀ ਅੱਗੇ ਤੁਰਦੀ ਹੈ ਤੇ ਇਹਨਾਂ ਦਾ ਮਨੋਵਿਸ਼ਲੇਸ਼ਣ ਕਰਦੀ ਹੋਈ ਕਹਾਣੀ ਆਪਣੀ ਗੱਲ ਕਹਿਣ ਵਿਚ ਸਫਲ ਹੁੰਦੀ ਹੈ। ਪ੍ਰੰਪਰਕ ਦੌਰ ਤੇ ਆਧੁਨਿਕ ਦੌਰ ਦੀ ਜੇਕਰ ਗੱਲ ਕਰੀਏ ਤਾਂ ਪਹਿਲਾਂ ਜਿਹੜੀਆਂ ਪ੍ਰਸਥਿਤੀਆਂ ਦਾ ਸਾਹਮਣਾ ਔਰਤਾਂ ਨੂੰ ਬਾਪ, ਭਰਾ, ਪਤੀ ਜਾਂ ਪੁੱਤਰ ਦੇ ਦਾਬੇ ਹੇਠ ਪ੍ਰਤੱਖ ਰੂਪ ਵਿਚ ਕਰਨਾ ਪੈਂਦਾ ਸੀ, ਹੁਣ ਅਪ੍ਰਤੱਖ ਰੂਪ ਵਿਚ ਹੁੰਦਾ ਹੈ। ਉਪਰੋਂ ਵੇਖਣ ਨੂੰ ਕੁਝ ਠੀਕ-ਠਾਕ ਲੱਗਦਾ ਹੈ, ਪਰ ਅੰਦਰੂਨੀ ਤੌਰ 'ਤੇ ਅਜੇ ਬਹੁਤ ਕੁੱਝ ਬਦਲਣਾ ਬਾਕੀ ਹੈ।

ਸਾਹਿਤ ਕੋਈ ਅਲਾਦੀਨ ਦਾ ਚਿਰਾਗ ਨਹੀਂ ਹੁੰਦਾ, ਜਿਸ ਨਾਲ ਪ੍ਰਸਥਿਤੀਆਂ ਰਾਤੋ-ਰਾਤ ਬਦਲ ਜਾਣ, ਪਰ ਏਨਾ ਜ਼ਰੂਰ ਹੈ ਕਿ ਪ੍ਰਸਥਿਤੀਆਂ ਨੂੰ ਬਦਲਣ ਦੀ ਜੋ ਤਾਕਤ ਸਾਹਿਤ ਕੋਲ ਹੈ, ਉਹ ਸ਼ਾਇਦ ਹੋਰ ਕਿਤੇ ਨਹੀਂ। ਸਾਹਿਤ ਅਪ੍ਰਤੱਖ ਰੂਪ ਵਿਚ ਲੋਕਾਂ ਦੀ ਮਾਨਸਿਕਤਾ ਨੂੰ ਬਦਲਣ ਦਾ ਮਾਦਾ ਰੱਖਦਾ ਹੈ। ਸੋ ਮੇਰੀਆਂ ਕਹਾਣੀਆਂ ਵਿਚ ਪੇਸ਼ ਔਰਤ ਆਪਣੀ ਜ਼ਿੰਦਗੀ ਨੂੰ ਚੰਗੇਰਾ ਬਣਾਉਣ ਲਈ ਮਰਦ ਦੇ ਮੋਢੇ ਨਾਲ ਮੋਢਾ ਲਾ ਕੇ ਉਸ ਦੇ ਬਰਾਬਰ ਤੁਰਨਾ ਲੋਚਦੀ ਹੈ ਤੇ ਸਾਂਵੇਂ ਸੰਬੰਧਾਂ ਦੀ ਹਾਮੀ ਭਰਦੀ ਹੈ। ਉਹ ਨਾ ਤਾਂ ਪਿੱਛੇ ਰਹਿਣਾ ਲੋਚਦੀ ਹੈ ਤੇ ਨਾ ਹੀ ਅੱਗੇ ਹੋਣਾ ਲੋਚਦੀ ਹੈ। ਮੇਰੀਆਂ ਕਹਾਣੀਆਂ ਵਿਚ ਜ਼ਿੰਦਗੀ ਦੀ ਤਸਵੀਰ ਨਜ਼ਰ ਆਉਂਦੀ ਹੈ। ਉਹ ਜ਼ਿੰਦਗੀ ਜਿਹੋ ਜਿਹੀ ਔਰਤ ਜੀਉਣਾ ਲੋਚਦੀ ਹੈ, ਜੇ ਉਹ ਲੋਚਦੀ ਹੈ ਤਾਂ ਇਕ ਦਿਨ ਕਾਮਯਾਬ ਵੀ ਹੋ ਜਾਏਗੀ। ਮੈਂ ਇਸ ਲਈ ਬਹੁਤ ਆਸਵੰਦ ਹਾਂ।

**? ਵਿਸ਼ਵੀਕਰਨ ਦੇ ਦੌਰ ਵਿਚ ਰਿਸ਼ਤਿਆਂ 'ਤੇ ਪੈ ਰਹੇ ਪ੍ਰਭਾਵ ਬਾਰੇ ਤੁਸੀਂ ਆਪਣੀਆਂ ਕਹਾਣੀਆਂ ਦੇ ਹਵਾਲੇ ਨਾਲ ਕੀ ਦੱਸਣਾ ਚਾਹੋਗੇ।**

-ਪੂੰਜੀਵਾਦੀ ਵਿਸ਼ਵੀਕਰਨ ਇੰਟਰਨੈੱਟ ਦੇ ਇਸ ਦੌਰ ਵਿਚ ਕੋਈ ਵੀ ਮਨੁੱਖ ਇਸ ਦੀ ਗ੍ਰਿਫ਼ਤ ਤੋਂ ਬਾਹਰ ਨਹੀਂ ਹੈ। ਛੋਟੇ ਬੱਚਿਆਂ ਤੋਂ ਲੈ ਕੇ ਕਿਸ਼ੋਰ ਜਵਾਨ ਬੁੱਢੇ ਸਭ ਡਿਜੀਟਲ ਦੁਨੀਆ ਵਿਚ ਗੁਆਚੇ ਹੋਏ ਹਨ। ਇਸ ਦਾ ਪ੍ਰਭਾਵ ਫਿਰ ਰਿਸ਼ਤਿਆਂ 'ਤੇ ਕਿਵੇਂ ਨਹੀਂ ਪਵੇਗਾ। ਵਿਸ਼ਵੀਕਰਨ ਦੇ ਇਸ ਦੌਰ ਵਿਚ ਮਨੁੱਖ ਮੰਡੀ ਦਾ ਗੁਲਾਮ ਬਣ ਕੇ ਰਹਿ ਗਿਆ ਹੈ। ਸੋਸ਼ਲ ਮੀਡੀਆ ਨੇ ਮਨੁੱਖ ਨੂੰ ਇਕੱਲਤਾ ਵੱਲ ਧਕੇਲ ਦਿੱਤਾ ਹੈ। ਜਿਸ ਦੇ ਚੱਲਦਿਆਂ ਉਹ ਤਣਾਅਪੂਰਣ ਜ਼ਿੰਦਗੀ ਹੰਢਾ ਰਿਹਾ ਹੈ। ਅਜਿਹੇ ਹਾਲਾਤ ਵਿਚ ਰਿਸ਼ਤਿਆਂ ਵਿਚ ਸਾਵਾਂਪਨ ਰਹਿਣ ਦੀ ਗੁੰਜਾਇਸ਼ ਬਹੁਤ ਘੱਟ ਬਚਦੀ ਹੈ।

ਪ੍ਰਾਈਵੇਸੀ ਦੇ ਨਾਂਅ 'ਤੇ ਪਤੀ-ਪਤਨੀ ਦੇ ਮੋਬਾਇਲ ਨੂੰ ਛੂਹ ਲੈਣਾ ਵੀ ਜੁਰਮ ਬਣਿਆ ਪਿਆ ਹੈ। ਬੱਚੇ ਆਪਣੇ-ਆਪਣੇ ਕਮਰੇ ਵਿਚ ਅਲੱਗ ਦੁਨੀਆ ਵਿਚ ਜੀ ਰਹੇ ਹਨ। ਆਪਣੇ-ਆਪਣੇ ਮੋਬਾਇਲ ਵਿਚ ਰੁੱਝਿਆ ਮਨੁੱਖ ਆਪਣੇ ਆਲੇ-ਦੁਆਲੇ ਤੋਂ ਬੇਖਬਰ ਹੈ। ਬਜ਼ੁਰਗਾਂ ਨਾਲ ਬੈਠ ਕੇ ਦੋ ਘੜੀ ਸਮਾਂ ਬਿਤਾਉਣ ਦਾ ਵੀ ਕਿਸੇ ਕੋਲ ਸਮਾਂ ਨਹੀਂ ਹੈ। ਵਿਆਹ-ਸ਼ਾਦੀਆਂ ਵਰਗੇ ਪਰਵਾਰਕ ਫੰਕਸ਼ਨ ਵਿਚ ਵੀ ਹੁਣ ਗੱਲ ਸਿਰਫ ਸ਼ਗਨ ਦੇ ਲਿਫਾਫੇ ਤੇ ਰੋਟੀ ਵਾਲੀ ਥਾਲੀ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ।

ਅਜਿਹੀਆਂ ਬਦਲ ਰਹੀਆਂ ਪ੍ਰਸਥਿਤੀਆਂ ਵਿਚ ਸਾਹਿਤ ਅਛੂਤਾ ਕਿਵੇਂ ਰਹਿ ਸਕਦਾ ਹੈ। ਜਿਵੇਂ-ਜਿਵੇਂ ਮਨੁੱਖ ਮਾਨਸਿਕ ਗੁੰਝਲਾਂ ਵਿਚ ਉਲਝਦਾ ਜਾਂਦਾ ਹੈ, ਤਿਵੇਂ-ਤਿਵੇਂ ਹਾਲਾਤ ਬਦ ਤੋਂ ਬਦਤਰ ਹੋ ਰਹੇ ਹਨ। ਵਿਸ਼ਵੀਕਰਨ ਦਾ ਇਹ ਰੁਝਾਨ ਪਰਵਾਰਕ ਦੂਰੀਆਂ, ਵਿਸੰਗਤੀਆਂ, ਦਵੰਦ ਅਤੇ ਤਣਾਓ ਵਰਗੀਆਂ ਅਲਾਮਤਾਂ ਨੂੰ ਜਨਮ ਦੇ ਰਿਹਾ ਹੈ। ਜੋ ਕਿ ਇਕ ਚੰਗੇ ਅਤੇ ਨਰੋਏ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ। ਜੋ ਕਿ ਇਸ ਸਾਰੇ ਦਾ ਪ੍ਰਗਟਾਵਾ ਸਾਹਿਤ ਵਿਚ ਵੀ ਹੋ ਰਿਹਾ ਹੈ। ਨਾਵਲ, ਕਹਾਣੀ, ਕਵਿਤਾ ਵਿਚ ਇਸ ਦੇ ਪ੍ਰਭਾਵ ਵੇਖਣ ਨੂੰ ਮਿਲ ਰਹੇ ਹਨ। ਸੋਸ਼ਲ ਮੀਡੀਆ 'ਤੇ ਬਣਦੇ ਉਸਰਦੇ ਰਿਸ਼ਤਿਆਂ ਦੀ ਜੇਕਰ ਗੱਲ ਕਰੀਏ ਤਾਂ ਇਹ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ



ਲਾਹੌਰ ਇੰਟਰਨੈਸ਼ਨਲ ਪੰਜਾਬੀ ਕਾਂਗਰਸ ਦੇ ਸਮਾਗਮ ਵਿੱਚ ਸਨਮਾਨ ਹਾਸਲ ਕਰਦੇ ਹੋਏ ਤ੍ਰਿਪਤਾ

## ਬਾਲ ਕੋਨਾ




ਸਨਾਇਤ ਕੈਲੇ, ਤੀਜੀ, ਸਤਪਾਲ ਮਿੱਤਲ ਸਕੂਲ, ਲੁਧਿਆਣਾ



ਜਸਮੀਤ ਕੌਰ, ਪੰਜਵੀਂ, ਇਮੇਜ ਇੰਗਲਿਸ਼ ਸਕੂਲ, ਅਹਿਮਦਾਬਾਦ




ਖੁਸ਼ਦੀਪ ਸਿੰਘ, ਚੌਥੀ, ਸਰਕਾਰੀ ਪ੍ਰਾਇਮਰੀ ਸਕੂਲ ਸੰਗਰਾਹੂਰ, ਫਰੀਦਕੋਟ

### ਕਵਿਤਾ

ਪਾਣੀ ਨੂੰ ਸੰਭਾਲ ਬੰਦਿਆਂ
ਪਾਣੀ ਨੂੰ ਸੰਭਾਲ ਓਏ
ਮੁੱਕ ਜਾਣਾ ਇਹ ਭਲਕੇ
ਥੋੜ੍ਹਾ ਕਰ ਖਿਆਲ ਓਏ
ਪਾਣੀ ਨਾਲ ਜੀਵਨ ਚੱਲਦਾ
ਬਿਨ ਇਸ ਦੇ ਬੁਰਾ ਹਾਲ ਓਏ
ਖੇਤੀ 'ਤੇ ਪੈਣਾ ਅਸਰ ਮਾੜਾ
ਪੈ ਜਾਣਾ ਇੱਥੇ ਕਾਲ ਓਏ
ਜੇ ਮੁੱਕ ਗਿਆ ਜਲਦੀ ਪਾਣੀ
ਪੁੱਛਣਗੇ ਬੱਚੇ ਸਵਾਲ ਓਏ
ਪਾਣੀ ਪਿੱਛੇ ਹੋਵੇਗੀ ਲੜਾਈ
ਖੜ੍ਹਾ ਹੋਵੇਗਾ ਬਵਾਲ ਓਏ
ਵਕਤ ਹੈ ਹੁਣ ਵੀ ਸੰਭਲਣ ਦਾ

—ਨਵਦੀਪ ਸਿੰਘ ਭਾਟੀਆ
(ਲੈਕ.) ਖਰੜ ਮੁਹਾਲੀ